# ਚਿਰਾਗ

ਜਨਵਰੀ-ਜੂਨ 2010

**January-June 2010**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼

## ਦੁਖਾਂਤ ਸੰਨ ਸੰਤਾਲੀ - ਵਿਸ਼ੇਸ਼ ਅੰਕ



50 ਰੁਪਏ **71-72** ਜਨਵਰੀ - ਜੂਨ 2010

**ਸੰਪਾਦਕ – ਹਰਭਜਨ ਸਿੰਘ ਹੁੰਦਲ**

# ਚਿਰਾ.ਗ ਤਿਮਾਹੀ

ਜਨਵਰੀ - ਜੂਨ 2010

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ - ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਸੁਲੱਖਣ ਸਰਹੱਦੀ, ਲਾਲ ਸਿੰਘ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)



- ਸੰਪਾਦਕੀ – ਭਾਰਤ-ਪਾਕਿ ਵੰਡ ਤੇ ਪੰਜਾਬੀ ਸਾਹਿਤ — ਸੰਪਾਦਕੀ ਮੰਡਲ
- ਅੱਜ ਆਖਾਂ ਵਾਰਿਸ ਸ਼ਾਹ ਨੂੰ (ਕਵਿਤਾ) — ਅੰਮ੍ਰਿਤਾ ਪ੍ਰੀਤਮ
- ਟੋਭਾ ਟੇਕ ਸਿੰਘ (ਕਹਾਣੀ) — ਸੁਅਦਤ ਹਸਨ ਮੰਟੋ

ਭਾਗ - ਪਹਿਲਾ

- ਦੇਸ਼ ਦੀ ਵੰਡ :ਇੱਕ ਪਿੱਛਲ ਝਾਤ — ਪਰੇਮ ਸਿੰਘ (ਡਾ.)
- ਯਾਦਾਂ ਸੰਨ-ਸੰਤਾਲੀ — ਇੰਟਰਵਿਊ, ਕ੍ਰਿਸ਼ਨਾ ਸੋਬਤੀ
- ਪਾਕਿਸਤਾਨ ਦੀ ਸਥਾਪਨਾ ਤੇ ਦੇਸ਼ ਦੀ ਵੰਡ — ਤਾਰਕ ਅਲੀ
- ਦੇਸ਼-ਵੰਡ ਤੇ ਕਮਿਊਨਿਸਟ — ਸੁਰਜੀਤ ਗਿੱਲ
- ਜਿਨਾਹ, ਇਤਿਹਾਸ ਦੇ ਰੂਬਰੂ — ਕੁਲਦੀਪ ਨੱਈਅਰ
- ਦੇਸ਼-ਵੰਡਾਂ, ਅੰਤਰ-ਰਾਸ਼ਟਰੀ ਪਰਿਪੇਖ ਵਿਚ — ਅਨੀਤਾ ਇੰਦਰ ਸਿੰਘ
- ਸੰਤਾਲੀ ਦੀ ਵੰਡ ਪਿੱਛੇ ਪਏ ਅਣਉਤਰਿਤ ਪ੍ਰਸ਼ਨ — ਡਾ. ਮਨਮੋਹਨ
- ਦੇਸ਼ ਦੀ ਵੰਡ – ਉੱਜੜੇ ਘਰ ਅਤੇ ਕਬਰਾਂ — ਸੂਫ਼ੀ ਅਮਰਜੀਤ
- ਅੰਗਰੇਜ਼ੀ ਕਵਿਤਾ — ਡਬਲਯੂ. ਐਚ. ਆਡਨ

ਭਾਗ - ਦੂਜਾ (ਯਾਦਾਂ)

ਖੁਸ਼ਵੰਤ ਸਿੰਘ, ਪ੍ਰਿੰ. ਪ੍ਰੀਤਮ ਸਿੰਘ, ਡਾ. ਪ੍ਰੇਮ ਸਿੰਘ, ਡਾ. ਆਤਮਜੀਤ ਸਿੰਘ, ਹਰਭਜਨ ਸਿੰਘ ਹੁੰਦਲ, ਅਫ਼ਜ਼ਲ ਤੌਸੀਫ਼, ਹਰਚਰਨ ਸਿੰਘ, ਸੋਮ ਆਨੰਦ, ਮੁਖਤਿਆਰ ਸਿੰਘ, ਅਵਤਾਰ ਸਿੰਘ ਬਿਲਿੰਗ, ਡਾ. ਕਰਮਜੀਤ ਸਿੰਘ ਨਡਾਲਾ, ਡਾ. ਤੇਜਿੰਦਰ ਵਿਰਲੀ, ਦਿਲਜੀਤ ਕੌਰ ਦਾਊ



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242, 94636-84511



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 282-ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਕ ਮਿਤੀ - 31 ਜਨਵਰੀ 2010


ਸੰਪਾਦਕੀ

## ਭਾਰਤ-ਪਾਕਿ ਵੰਡ ਤੇ ਪੰਜਾਬੀ ਸਾਹਿਤ

ਰਾਜ/ਦੇਸ਼ ਬਣਨ ਦੀ ਇਕ ਇਤਿਹਾਸਕ ਪ੍ਰਕਿਰਿਆ ਹੈ। ਕਬੀਲਿਆਂ ਤੋਂ ਬਾਅਦ ਵੱਡੇ ਰਾਜਾਂ ਦੀ ਹੋਂਦ, ਰਾਜਿਆਂ, ਜਾਗੀਰਦਾਰਾਂ ਦਾ ਉਦਭਵ ਤੇ ਰਾਜਾਸ਼ਾਹੀ ਦੇ ਖ਼ਾਤਮੇ ਤੋਂ ਬਾਅਦ ਬੁਰਜ਼ੂਆ ਡੈਮੋਕਰੇਸੀ, ਸਮਾਜਵਾਦੀ ਡੈਮੋਕਰੇਸੀ। ਇਸ ਪ੍ਰਕਿਰਿਆ ਦੌਰਾਨ ਮਾਨਵਤਾ ਦਾ ਘਾਣ ਵੀ ਹੁੰਦਾ ਰਿਹਾ ਹੈ। ਸਾਮਰਾਜ ਅਧੀਨ ਰਾਜਾਂ/ਦੇਸ਼ਾਂ ਦਾ ਰਲੇਵਾਂ/ਵੱਖਰੇਵਾਂ ਅਤੇ ਵੰਡ ਲਗਾਤਾਰ ਹੁੰਦੀ ਰਹੀ ਹੈ। ਭਾਰਤ-ਪਾਕਿ ਵੰਡ ਵੀ ਇਸੇ ਦ੍ਰਿਸ਼ਟੀ ਤੋਂ ਦੇਖਣੀ ਚਾਹੀਦੀ ਹੈ। ਭਾਰਤ-ਪਾਕਿ ਵੰਡ ਬਾਰੇ ਹੁਣ ਤੱਕ ਜਿੰਨਾ ਕੁਝ ਵੀ ਲਿਖਿਆ ਗਿਆ ਹੈ ਉਹ ਭਾਵੁਕ ਤੇ ਇਕ ਪਾਸੜ ਹੀ ਕਿਹਾ ਜਾਵੇਗਾ। ਪਾਕਿਸਤਾਨ ਤੇ ਭਾਰਤੀ ਰਾਜਨੀਤਿਕ ਨੇਤਾਵਾਂ ਨੇ ਵੀ ਆਪਣੇ ਪੱਖ ਤੋਂ ਲਿਖਣਾ ਹੀ ਲਿਖਣਾ ਸੀ, ਸਿੱਖ ਲੇਖਕਾਂ ਨੇ ਵੀ ਵੱਖਰੇ ਦੇਸ਼/ਕੌਮ ਦੇ ਮੁੱਦੇ ਨੂੰ ਧਿਆਨ ਵਿਚ ਰੱਖਕੇ ਆਪਣਾ ਪੱਖ ਪੇਸ਼ ਕੀਤਾ ਗਿਆ ਹੈ। ਖੁਸ਼ਵੰਤ ਸਿੰਘ ਵਰਗੇ ਇੱਕ-ਅੱਧ ਲੇਖਕ ਨੇ ਬਾਹਰਮੁਖੀ ਹੋ ਕੇ ਇਸ ਸਮੱਸਿਆ ਨੂੰ ਨਜਿੱਠਣ ਦਾ ਯਤਨ ਕੀਤਾ ਹੈ ਭਾਵੇਂ ਉਸਦਾ ਰਵੱਈਆ ਵੀ ਕਿਤੇ-ਕਿਤੇ ਅੰਗਰੇਜ਼ ਪੱਖੀ ਲੱਗਣ ਲੱਗ ਜਾਂਦਾ ਹੈ। ਇੱਥੇ ਅਸੀਂ ਉਸਦੀ ਪੁਸਤਕ **'ਸਿੱਖ ਹਿਸਟਰੀ'** ਦੇ ਤੀਜੇ ਭਾਗ 'ਬਟਵਾਰੇ ਦੀ ਸਿਆਸਤ : ਸੁਤੰਤਰਤਾ ਅਤੇ ਸਿੱਖ ਹੋਮਲੈਂਡ ਦੀ ਮੰਗ' ਵਿਚੋਂ ਵੰਡ ਦੀ ਸਿਆਸਤ 'ਤੇ ਭਿਆਨਕਤਾ ਬਾਰੇ ਕੁਝ ਅੰਸ਼ ਦੇਣਾ ਚਾਹਾਂਗੇ। ਖੁਸ਼ਵੰਤ ਸਿੰਘ 1946-47 ਤੋਂ ਪਹਿਲਾਂ ਦੇ ਦੰਗਿਆਂ ਤੇ ਇਸ ਤੋਂ ਬਾਅਦ ਦੇ ਦੰਗਿਆਂ ਵਿਚ ਇਕ ਅੰਤਰ ਕਰਦਾ ਦਿਖਾਈ ਦਿੰਦਾ ਹੈ। ਉਹ ਲਿਖਦਾ ਹੈ -

"... ਜੋ ਕੁਝ 1946-47 ਵਿਚ ਵਾਪਰਿਆ ਉਸਨੂੰ ਘੱਲੂਘਾਰਾ ਜਾਂ ਕਤਲੇ-ਆਮ ਕਹਾ ਜਾ ਸਕਦਾ ਹੈ। ਲਿੰਗ-ਭੇਦ ਜਾਂ ਉਮਰ ਦੇ ਲਿਹਾਜ਼ ਛਿੱਕੇ ਤੇ ਟੰਗੇ ਗਏ। ਅਤੀਤ ਦੇ ਗਿਆਂ ਵਿਚ ਗੁੰਡੇ ਪ੍ਰਧਾਨ ਹੁੰਦੇ। ਪਰ 1947 ਦੇ ਫਸਾਦਾਂ ਦੀ ਵਿਉਂਤ ਸਿਆਸਤਦਾਨਾਂ ਦੇ ਦਿਮਾਗ ਦੀ ਕਾਢ ਸੀ ਅਤੇ ਇਸ ਤੇ ਅਮਲ ਕਰਨ ਵਾਲੇ ਜੱਥੇ ਹਰ ਜਮਾਤ ਦੇ ਸਨ, ਜਿਹੜੇ ਹਰ ਪ੍ਰਕਾਰ ਦੇ ਆਧੁਨਿਕ ਹਥਿਆਰਾਂ ਨਾਲ ਲੈਸ ਸਨ। ਕੋਈ ਵੀ ਧਿਰ ਦੰਗਾ-ਫਸਾਦ ਅਰੰਭ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਨਾ ਲੈਂਦੀ ਅਤੇ ਇਹ ਦਲੀਲ ਦੇ ਕੇ ਆਪਣੇ ਪੱਖ ਦੀ ਸਫ਼ਾਈ ਦਿੱਤੀ ਜਾਂਦੀ ਕਿ ਉਨ੍ਹਾਂ ਤਾਂ ਆਪਣੀ ਸੁਰੱਖਿਆ ਲਈ ਮੁਕਾਬਲਾ ਕਰਨ ਲਈ ਅਮਲ ਕੀਤਾ ਸੀ। ਇੱਥੇ ਇੱਕ ਗੱਲ ਕਰਨੀ ਉਚਿਤ ਹੈ ਕਿ ਭਵਿੱਖ ਦੇ ਇਤਿਹਾਸਕਾਰ ਜਦੋਂ ਬਟਵਾਰੇ ਦੇ ਦਸਤਾਵੇਜ਼ ਵਾਚਣਗੇ ਤਾਂ ਉਨ੍ਹਾਂ ਨੂੰ ਕਈ ਚੀਜ਼ਾਂ ਜਾਂ ਘਟਨਾਵਾਂ ਸਵੈ-ਵਿਰੋਧੀ ਜਾਪਣਗੀਆਂ। ਇਸ ਲਈ ਉਨ੍ਹਾਂ ਨੂੰ ਸਹੀ ਤਸਵੀਰ ਜਾਂ ਹਾਲਾਤ ਦਾ ਜਾਇਜ਼ ਲੈਣ ਲਈ ਪੱਖ-ਪਾਤ ਤੋਂ ਉੱਚਾ ਉੱਠਣਾ ਪਵੇਗਾ। ਅੱਛਾ ਤਾਂ ਇਹ ਹੋਵੇਗਾ ਕਿ ਉਹ ਹਿੰਦੂ-ਸਿੱਖ ਅਤੇ

ਮੁਸਲਮਾਨਾਂ ਦੇ ਸਾਹਿਤ ਨੂੰ ਅਧਿਐਨ ਕਰਕੇ ਨਿਰਪੱਖ ਧਾਰਨਾ ਬਣਾਉਣ।" (ਸਿੱਖ ਹਿਸਟਰੀ, ਪੰਨਾ 396)

ਦੰਗਿਆਂ ਵਿਚ ਜੋ ਤਬਾਹੀ ਹੋਈ ਉਸ ਵਿਚ 'ਸੱਠ ਹਜ਼ਾਰ' ਤੋਂ ਉੱਪਰ ਲੋਕ ਮਾਰੇ ਗਏ। ਇਸਦਾ ਬਿਊਰਾ ਸੰਖੇਪ ਵਿਚ ਇਉਂ ਦਿੱਤਾ ਜਾ ਸਕਦਾ ਹੈ -

"ਪਾਕਿਸਤਾਨ ਅਤੇ ਭਾਰਤ ਦੋਵੇਂ ਪਾਸਿਆਂ ਤੇ ਅਤਿ ਦੇ ਜ਼ੁਲਮ ਢਾਏ ਗਏ। ਪੈਦਲ ਚਲ ਰਹੇ ਸ਼ਰਨਾਰਥੀਆਂ ਦੀ ਹੱਤਿਆ ਅਜਿਹੀ ਕੀਤੀ ਗਈ ਕਿ ਲੋਥਾਂ ਨਾਲ ਸੜਕਾਂ ਰੁਕ ਗਈਆਂ। ਗੱਡੀਆਂ ਦੇ ਮੁਸਾਫਰਾਂ ਦੀ ਹੱਤਿਆ ਕੀਤੀ ਗਈ ਅਤੇ ਲਾਸ਼ਾਂ ਨਾਲ ਲੱਦੇ ਡੱਬੇ ਇਧਰ ਆਉਂਦੇ ਅਤੇ ਇਧਰੋਂ ਉਧਰ ਜਾਂਦੇ। ਬੁੱਢਿਆਂ, ਬਿਮਾਰਾਂ ਅਤੇ ਬੱਚਿਆਂ ਪ੍ਰਤੀ ਵੀ ਕੋਈ ਦਇਆ ਨਹੀਂ ਦਿਖਾਈ ਗਈ। ਮੁਟਿਆਰਾਂ ਨੂੰ ਕੁਝ ਨਾ ਕਿਹਾ ਜਾਂਦਾ। ਪਰ ਅੱਗੋਂ ਉਨ੍ਹਾਂ ਦੀ ਬੇਪਤੀ ਅਤੇ ਹੱਤਿਆ ਕਰ ਦਿੱਤੀ ਜਾਂਦੀ। ਵਿਸ਼ਵ ਭਰ ਦੇ ਇਤਿਹਾਸ ਵਿਚ ਆਬਾਦੀ ਦੀ ਅਦਲਾ-ਬਦਲੀ ਨਾਲ ਐਨਾ ਖ਼ੂਨ-ਖ਼ਰਾਬਾ ਕਦੇ ਨਾ ਹੋਇਆ। ਪੰਜਾਬ ਦੇ ਦੰਗੇ-ਫਸਾਦਾਂ ਵਿਚ ਮਾਰੇ ਗਏ ਲੋਕਾਂ ਦੀ ਗਿਣਤੀ ਪਹਿਲਾਂ ਦੋ ਲੱਖ ਤੋਂ ਉਪਰ ਦੱਸੀ ਜਾਂਦੀ ਸੀ, ਪਰ 'ਪੇਂਦਰੇਲ ਮੂਲ' ਅਤੇ ਪੱਛਮੀ ਪੰਜਾਬ ਦੇ ਰਾਜਪਾਲ ਸਰ 'ਫਰਾਂਸਿਸ ਮੂਡੀ' ਅਨੁਸਾਰ ਬਹਾਵਲਪੁਰ ਅਤੇ ਉਸਦੇ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਅਤੇ ਪੂਰਬੀ ਪੰਜਾਬ ਵਿਚ 60,000 ਦੇ ਲਗਭਗ ਦੋਵੇਂ ਪਾਸੇ ਮਾਰੇ ਗਏ। ਪੂਰਬੀ ਪੰਜਾਬ ਵਿਚ ਕੁਝ ਥੋੜ੍ਹੇ ਵੱਧ ਹੋਣਗੇ।" (ਉਹੀ ਪੰਨਾ, 406)

ਦੁਨੀਆਂ ਵਿਚ ਅਜਿਹੀ ਤਬਾਹੀ ਨਹੀਂ ਦੇਖੀ ਗਈ, ਇਹ ਹਰ ਕੋਈ ਮੰਨਦਾ ਹੈ। ਇਹੀ ਕਾਰਨ ਹੈ ਕਿ ਇਸ ਤਬਾਹੀ ਨੂੰ ਅੱਜ 62 ਸਾਲਾਂ ਬਾਅਦ ਵੀ ਭੁਲਾਇਆ ਨਹੀਂ ਜਾ ਸਕਿਆ। ਤਬਾਹੀ ਦੀਆਂ ਦਿਲ ਕੰਬਾਊ ਯਾਦਾਂ, ਮਰਿਆਂ ਦੀ ਯਾਦ, ਆਰਥਿਕ ਉਜਾੜੇ ਅਤੇ ਸਭ ਤੋਂ ਵੱਧ ਮਾਤ-ਭੂਮੀ ਤੋਂ ਵੱਖ ਹੋਣ ਦਾ ਸੰਤਾਪ ਉਸ ਪੀੜ੍ਹੀ ਨੂੰ ਨਹੀਂ ਭੁੱਲ ਸਕਿਆ, ਜਿਸਨੇ ਇਹ ਸਾਰਾ ਕੁਝ ਅੱਖੀਂ ਦੇਖਿਆ ਤੇ ਹੰਢਾਇਆ ਸੀ। ਨਵੀਂ ਪੀੜ੍ਹੀ ਨੂੰ ਇਸ ਸੇਕ ਦਾ ਅੰਦਾਜ਼ਾ 1984 ਦੇ ਸਿੱਖ ਕਤਲੇਆਮ ਨੇ ਕਰਵਾ ਦਿੱਤਾ। ਦੋਹਰੇ ਉਜਾੜੇ ਦੇ ਸ਼ਿਕਾਰ ਹੋਇਆਂ ਦਾ ਦਰਦ ਅਨੁਭਵ ਹੀ ਕੀਤਾ ਜਾ ਸਕਦਾ ਹੈ। ਪੰਜਾਬੀਆਂ ਨੇ ਹਮੇਸ਼ਾ ਕਾਮਨਾ ਕੀਤੀ ਹੈ ਕਿ ਅਜਿਹਾ ਕੁਝ ਨਾ ਵਾਪਰੇ। ਪਰ ਉਨ੍ਹਾਂ ਨੇ 1978 ਤੋਂ 1992 ਦਾ ਅੱਤਵਾਦੀ ਦੌਰ ਵੀ ਵੇਖਿਆ ਹੈ। ਇਨ੍ਹਾਂ ਸਾਰੇ ਦੁਖਾਂਤਾਂ ਦੇ ਪ੍ਰਭਾਵ ਸਾਹਿਤ ਉੱਪਰ ਪੈਣੇ ਹੀ ਪੈਣੇ ਸਨ। ਇਸੇ ਲਈ ਪੰਜਾਬੀ ਸਾਹਿਤ ਇਨ੍ਹਾਂ ਤੋਂ ਕਦੇ ਵੀ ਅਵੇਸਲਾ ਨਹੀਂ ਸੀ ਰਹਿ ਸਕਦਾ ਤੇ ਨਾ ਹੀ ਰਿਹਾ ਹੈ।ਅਜੋਕੇ ਦੌਰ ਵਿਚ ਵੰਡ ਨਾਲ ਸੰਬੰਧਿਤ ਅਨੇਕਾਂ ਕਹਾਣੀਆਂ ਸਾਹਮਣੇ ਆ ਰਹੀਆਂ ਹਨ। ਸੰਪ੍ਰਦਾਇਕ ਸਿਆਸਤ ਤੋਂ ਬਚਾਅ ਲਈ ਭੂਤਕਾਲ ਦੀਆਂ ਕਾਲੀਆਂ ਰਾਤਾਂ ਨੂੰ ਧਿਆਉਣਾ ਜ਼ਰੂਰੀ ਹੋ ਜਾਂਦਾ ਹੈ, ਤਾਂ ਕਿ ਇਨ੍ਹਾਂ ਰਾਤਾਂ ਦੀ ਦੁਬਾਰਾ ਵਾਪਸੀ ਨਾ ਹੋਵੇ।



ਸੰਤਾਲੀ ਦੀ ਵੰਡ ਨੂੰ ਪੰਜਾਬੀ ਸਾਹਿਤਕਾਰਾਂ ਨੇ ਜਿਵੇਂ ਮਹਿਸੂਸਿਆ ਤੇ ਸਮਝਿਆ ਹੈ ਉਵੇਂ ਹੀ ਭਾਵ ਪੱਧਰ 'ਤੇ ਜ਼ੁਬਾਨ ਦਿੱਤੀ ਹੈ ਅਤੇ ਉਸਦਾ ਵਿਸ਼ਲੇਸ਼ਣ ਕੀਤਾ ਹੈ। ਪੰਜਾਬੀ ਕਵਿਤਾ, ਨਾਵਲ, ਕਹਾਣੀ, ਨਾਟਕ, ਸਵੈ-ਜੀਵਨੀ ਆਦਿ ਸਾਹਿਤ ਰੂਪਾਂ ਵਿਚ ਸੰਤਾਲੀ ਦਾ ਸਾਇਆ ਦੇਖਿਆ ਜਾ ਸਕਦਾ ਹੈ। ਇਥੋਂ ਤੱਕ ਕਿ ਬੀਤ (ਗੜ੍ਹਸ਼ੰਕਰ ਦਾ ਸਤਲੁਜ ਦੇ ਨੇੜੇ ਦਾ ਇਲਾਕਾ) ਵਿਚ ਅੱਜ ਵੀ ਮੁਸਲਮਾਨ ਗੁੱਜਰਾਂ ਦੇ ਲੋਕ ਗੀਤਾਂ ਵਿਚ ਇਸ ਵੰਡ ਦਾ ਦਰਦ ਦੇਖਿਆ ਜਾ ਸਕਦਾ ਹੈ। ਮੋਹਨ ਸਿੰਘ ਰਚਿਤ ਪੰਜਾਬ ਦੀ ਵਾਰ, ਅੰਮ੍ਰਿਤਾ ਪ੍ਰੀਤਮ ਦੀ 'ਮੈਂ ਤਵਾਰੀਖ ਹਾਂ ਹਿੰਦ ਦੀ', ਹਰਿੰਦਰ ਸਿੰਘ ਰੂਪ ਦੀ 'ਸੰਤਾਲੀ ਦੀ ਵਾਰ', ਸ਼ਰੀਫ ਕੁੰਜਾਹੀ ਦੀ 'ਸੋਚਨਾ', ਅਹਿਮਦ ਰਾਹੀ ਦੀ 'ਤਿਰੰਜਣ' ਰਚਨਾਵਾਂ ਤੋਂ ਇਲਾਵਾ ਲਾਲ ਸਿੰਘ ਕੰਵਰ, ਹਰਿਭਜਨ ਸਿੰਘ ਅਤੇ ਹਰਭਜਨ ਸਿੰਘ ਹੁੰਦਲ ਤੇ ਹੋਰ ਬਹੁਤ ਸਾਰੇ ਆਧੁਨਿਕ ਕਵੀਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਸੰਤਾਲੀ ਦੀ ਵੰਡ ਉੱਪਰ ਹੰਝੂ ਕੇਰੇ ਹਨ।

ਸੰਤ ਸਿੰਘ ਸੇਖੋਂ ਸੰਤਾਲੀ ਦੇ ਪ੍ਰਭਾਵਾਂ ਨੂੰ ਇਕ ਹੋਰ ਦ੍ਰਿਸ਼ਟੀ ਤੋਂ ਵੀ ਦੇਖਦਾ ਹੈ। ਉਸ ਅਨੁਸਾਰ "ਇਨ੍ਹਾਂ ਭਿਆਨਕ ਸਾਕਿਆਂ ਦੇ ਕਾਰਣ ਪੰਜਾਬੀਆਂ ਵਿਚ ਸੁਤੰਤਰਤਾ ਨਾਲ ਕੋਈ ਰਾਸ਼ਟਰਵਾਦੀ ਹੁਲਾਸ ਉਤਪੰਨ ਨਾ ਹੋਇਆ, ਸਗੋਂ ਸਾਮਰਾਜ ਦੀ ਗੁਲਾਮੀ ਤੋਂ ਪਿੱਛੋਂ ਲੋਕਾਂ ਨੂੰ ਵੰਡ ਤੋਂ ਉਪਜਦੀ ਬਰਬਾਦੀ ਤੇ ਖੇਹ ਖੁਆਰੀ ਦਾ ਉਸਤੋਂ ਵਧੇਰੇ ਦੁਖਦਾਈ ਅਨੁਭਵ ਹੋਇਆ। ਪੰਜਾਬ ਦੇ ਲੋਕਾਂ ਤੇ ਬੁੱਧੀਮਾਨਾਂ ਨੇ ਇਸ ਬਰਬਾਦੀ ਨੂੰ ਸਾਮਰਾਜ ਦਾ ਕਾਰਨਾਮਾ ਹੀ ਸਮਝਿਆ ਅਤੇ ਇਸ ਕਾਰਣ ਉਹਨਾਂ ਦੇ ਮਨਾਂ ਵਿਚ ਸਾਮਰਾਜ ਦਾ ਵਿਰੋਧ ਮੱਧਮ ਨਾ ਪਿਆ। ਰਾਸ਼ਟਰਵਾਦੀ ਭਾਵਨਾ ਤੇ ਹੁਲਾਰ ਦੀ ਅਣਹੋਂਦ ਜਾਂ ਕਮਜ਼ੋਰੀ ਦੇ ਕਾਰਨ, ਪੰਜਾਬੀ ਬੁੱਧੀਮਾਨ ਸਮਾਜਵਾਦ ਤੋਂ ਵੀ ਉਸ ਤਰ੍ਹਾਂ ਅਣਗਹਿਲੇ ਨਾ ਹੋਏ, ਜਿਸ ਤਰ੍ਹਾਂ ਹਿੰਦੀ ਆਦਿ ਬੋਲੀਆਂ ਦੇ ਕਈ ਰਾਸ਼ਟਰਵਾਦੀ ਸਾਹਿਤਕਾਰ ਹੋ ਗਏ ਹਨ।" (ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ 600) ਪੰਜਾਬੀ ਕਵਿਤਾ ਵਿਚ ਵੀ ਆਜ਼ਾਦੀ ਦੇ ਹੁਲਾਸ ਵਰਗੀ ਕੋਈ ਪ੍ਰਵਿਰਤੀ ਪੈਦਾ ਨਾ ਹੋ ਸਕੀ। ਪੰਜਾਬੀ ਦੇ ਦੂਸਰੇ ਸਾਹਿਤ ਰੂਪਾਂ ਬਾਰੇ ਵੀ ਇਹੀ ਕੁਝ ਕਿਹਾ ਜਾ ਸਕਦਾ ਹੈ।

ਨਾਨਕ ਸਿੰਘ ਦੇ ਨਾਵਲ **'ਅੱਗ ਦੀ ਖੇਡ'** ਅਤੇ **'ਖ਼ੂਨ ਦੇ ਸੋਹਿਲੇ'** ਸਿੱਧੇ ਤੌਰ ਤੇ ਸੰਤਾਲੀ ਦੀ ਵੰਡ ਨਾਲ ਜੁੜੇ ਹੋਏ ਹਨ। ਉਸਦੇ ਕਈ ਹੋਰ ਨਾਵਲਾਂ ਵਿਚ ਵੀ ਸੰਤਾਲੀ ਦੀ ਵੰਡ ਦੀਆਂ ਝਲਕੀਆਂ ਅਤੇ ਪ੍ਰਭਾਵ ਦੇਖੇ ਜਾ ਸਕਦੇ ਹਨ। ਇਹ ਪ੍ਰਭਾਵ ਸੁਰਿੰਦਰ ਸਿੰਘ ਨਰੂਲਾ ਦੇ ਨਾਵਲਾਂ **'ਦੀਨ ਦੁਨੀਆਂ'** ਅਤੇ **'ਦਿਲ ਦਰਿਆ'** ਵਿਚ ਵੀ ਵੇਖਿਆ ਜਾ ਸਕਦਾ ਹੈ। ਨਰਿੰਦਰ ਪਾਲ ਦੇ **'ਸ਼ਕਤੀ'**, **'ਤ੍ਰੀਆ ਜਾਲ'**, **'ਅਮਨ ਦੇ ਰਾਹ'** ਅਤੇ **'ਇਕ ਰਾਹ ਇਕ ਪੜਾਅ'**, ਅੰਮ੍ਰਿਤਾ ਪ੍ਰੀਤਮ ਦਾ 'ਪਿੰਜਰ', ਖ਼ੁਸ਼ਵੰਤ ਸਿੰਘ ਦਾ 'ਟਰੇਨ ਟੂ ਪਾਕਿਸਤਾਨ' ਕੇਵਲ ਕਲੋਟੀ ਦਾ 'ਹੋਣੀ ਇੱਕ ਦੇਸ਼ ਦੀ' (ਭਾਗ-ਪਹਿਲਾ) ਦੀ ਵੰਡ ਦੀ ਭਿਆਨਕਤਾ ਨੂੰ ਉਘਾੜਦੇ

ਹਨ। ਸਮੁੱਚੇ ਤੌਰ ਤੇ ਪੰਜਾਬੀ ਸਾਹਿਤਕਾਰ ਸਾਮਰਾਜ ਨੂੰ ਕੋਸਦਾ ਹੈ ਜਾਂ ਫਿਰ ਹਰ ਤਰ੍ਹਾਂ ਦੀ ਸੰਪ੍ਰਦਾਇਕਤਾ ਨੂੰ ਨਿੰਦਦਾ ਹੈ। ਇਸ ਵਿਚੋਂ ਹੀ ਉਸਦਾ ਮਾਨਵਵਾਦੀ ਦ੍ਰਿਸ਼ਟੀਕੋਣ ਉੱਭਰ ਕੇ ਸਾਹਮਣੇ ਆਉਂਦਾ ਹੈ। ਖੁਸ਼ਵੰਤ ਸਿੰਘ ਦਾ ਨਾਵਲ ਅੰਗਰੇਜ਼ੀ ਵਿਚ ਹੈ। 'ਪਿੰਜਰ' ਅਤੇ 'ਟਰੇਨ ਟੂ ਪਾਕਿਸਤਾਨ' ਉਪਰ ਬੜੀਆਂ ਭਾਵਪੂਰਤ ਅਤੇ ਕਲਾਤਮਿਕ ਫਿਲਮਾਂ ਵੀ ਬਣੀਆਂ ਹਨ। ਜਿਨ੍ਹਾਂ ਨੇ ਸਮਕਾਲੀ ਸਮਾਜ ਨੂੰ ਸੰਤਾਲੀ ਦੇ ਭੂਤਨਾਚ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਦੇ ਹਿੰਦੀ ਲੇਖਕਾਂ ਨੇ ਇਸ ਵਿਸ਼ੇ ਨੂੰ ਹੁਣ ਤੱਕ ਨਿਭਾਇਆ ਹੈ। 'ਝੂਠਾ ਸੱਚ' ਇਸ ਦ੍ਰਿਸ਼ਟੀ ਤੋਂ ਹਿੰਦੀ ਦੀ ਕਲਾਸੀਕਲ ਰਚਨਾ ਹੈ। ਭੀਸ਼ਮ ਸਾਹਨੀ ਦੇ 'ਤਮਸ' ਨਾਵਲ ਦੇ ਟੀ. ਵੀ. ਸੀਰੀਅਲ ਨੇ ਵੀ ਸੰਪ੍ਰਦਾਇਕ ਤੱਤਾਂ ਨੂੰ ਡੀਫੈਂਸ ਤੇ ਲਿਆਂਦਾ ਹੈ। ਮੋਹਨ ਰਾਕੇਸ਼ ਦੀਆਂ ਕਹਾਣੀਆਂ ਵੀ ਆਪਣੀ ਵੱਖਰੀ ਪਛਾਣ ਰੱਖਦੀਆਂ ਹਨ।

ਕਹਾਣੀਕਾਰਾਂ ਵਿਚੋਂ ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਗੁਰਬਖਸ਼ ਸਿੰਘ ਪ੍ਰੀਤਲੜੀ, ਡਾ. ਮੋਹਨ ਸਿੰਘ ਸਰਨਾ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਦੇਵੇਂਦਰ ਸਤਿਆਰਥੀ ਆਦਿ ਪ੍ਰਮੁੱਖ ਹਨ। ਕਰਤਾਰ ਸਿੰਘ ਦੁੱਗਲ ਦੇ ਤਾਂ 'ਨਵਾਂ ਘਰ', 'ਇਨਸਾਨੀਅਤ' ਅਤੇ 'ਅੱਗ ਖਾਣ ਵਾਲੇ' ਸਾਰੇ ਦੇ ਸਾਰੇ ਕਹਾਣੀ ਸੰਗ੍ਰਹਿ ਸੰਤਾਲੀ ਨਾਲ ਜੁੜੀਆਂ ਕਹਾਣੀਆਂ ਨਾਲ ਸੰਬੰਧਿਤ ਹਨ। ਹਰਚਰਨ ਸਿੰਘ, ਕਰਤਾਰ ਸਿੰਘ ਦੁੱਗਲ, ਗੁਰਦਿਆਲ ਸਿੰਘ ਖੋਸਲਾ ਆਦਿ ਨਾਟਕਕਾਰਾਂ ਨੇ ਆਪਣੀਆਂ ਨਾਟਕੀ ਰਚਨਾਵਾਂ ਵਿਚ ਸੰਤਾਲੀ ਦੇ ਅਮਾਨਵੀ ਵਰਤਾਰਿਆਂ ਨੂੰ ਰੰਗਮੰਚ ਉਪਰ ਲਿਆਂਦਾ। 'ਆਤਮਜੀਤ' ਦੁਆਰਾ ਸਆਦਤ ਹਸਨ ਮੰਟੋ ਦੀ ਕਹਾਣੀ 'ਟੋਭਾ ਟੇਕ ਸਿੰਘ' ਉਪਰ ਰਚਿਤ ਨਾਟਕ ਵੀ ਕਲਾਸੀਕਲ ਰਚਨਾ ਬਣ ਗਈ ਹੈ। ਲੇਖਕਾਂ ਨੇ ਆਪਣੀਆਂ ਸਵੈ-ਜੀਵਨੀਆਂ ਲਿਖਦਿਆਂ ਉਜਾੜੇ ਦੇ ਉਨ੍ਹਾਂ ਦਿਨਾਂ ਨੂੰ ਅਵੱਸ਼ ਯਾਦ ਕੀਤਾ ਹੈ, ਜਿਨ੍ਹਾਂ ਚੋਂ ਨਿਕਲ ਕੇ ਉਹ ਇਧਰਲੀ ਧਰਤੀ 'ਤੇ ਪਹੁੰਚੇ। ਸਫ਼ਰਨਾਮਿਆਂ ਵਿਚ ਵੀ ਜੰਮਣ ਭੌਂ ਪ੍ਰਤੀ ਭਾਵੁਕਤਾ ਦੀ ਤੀਬਰਤਾ ਮਨ ਨੂੰ ਹਿਲਾਉਣ ਵਾਲੀ ਹੈ। ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਇਸ ਦੀ ਮਿਸਾਲ ਹੈ। ਉਪਰੋਕਤ ਰਚਨਾਵਾਂ ਤੋਂ ਇਲਾਵਾ ਅਣਗਿਣਤ ਹੋਰ ਰਚਨਾਵਾਂ ਹਨ ਜਿਨ੍ਹਾਂ ਦਾ ਸ਼ਾਇਦ ਅਸੀਂ ਨਾਮ ਨਹੀਂ ਲੈ ਸਕੇ ਹੋਵਾਂਗੇ।

ਸਪੱਸ਼ਟ ਹੀ ਪੰਜਾਬੀ ਸਾਹਿਤ ਦੇ ਹਜ਼ਾਰਾਂ ਸਫ਼ੇ ਸੰਤਾਲੀ ਦੀ ਵੰਡ ਦੇ ਦੁਖਾਂਤ ਨਾਲ ਭਰੇ ਪਏ ਹਨ। 'ਚਿਰਾਗ਼' ਆਪਣੀ ਦ੍ਰਿਸ਼ਟੀ ਤੋਂ ਇਸ ਵੰਡ ਦੇ ਸਾਹਿਤ ਨੂੰ ਪ੍ਰਸਤੁਤ ਕਰਨ ਜਾ ਰਿਹਾ ਹੈ। ਇਸ ਵਿਚ ਇਹ ਕਿੰਨਾ ਕੁ ਸਫ਼ਲ ਹੋ ਸਕੇਗਾ ਇਸਦਾ ਨਿਰਣਾ ਪਾਠਕਾਂ ਦੇ ਹੁੰਗਾਰੇ ਤੋਂ ਹੀ ਹੋ ਸਕੇਗਾ। ਉਮੀਦ ਹੀ 'ਚਿਰਾਗ਼' ਦੇ ਪਹਿਲੇ ਵਿਸ਼ੇਸ਼ ਅੰਕਾਂ ਵਾਂਗ ਪਾਠਕ ਇਸ ਅੰਕ ਨੂੰ ਵੀ ਸਵੀਕਾਰ ਕਰਨਗੇ। •

– ਸੰਪਾਦਕੀ ਮੰਡਲ





## ਅੱਜ ਆਖਾਂ ਵਾਰਿਸ ਸ਼ਾਹ ਨੂੰ

- ਅੰਮ੍ਰਿਤਾ ਪ੍ਰੀਤਮ

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਉੱਠ ਦਰਦਮੰਦਾਂ ਦਿਆ ਦਰਦੀਆ, ਉੱਠ ਤੱਕ ਆਪਣਾ ਪੰਜਾਬ,
ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ, ਵਿਚ ਦਿੱਤੀ ਜ਼ਹਿਰ ਮਿਲਾ,
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।
ਇਸ ਜਰਖੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ,
ਗਿੱਠ ਗਿੱਠ ਚੜ੍ਹੀਆਂ ਲਾਲੀਆਂ, ਫੁੱਟ ਫੁੱਟ ਚੜ੍ਹਿਆ ਕਹਿਰ।
ਵਿਹੁ, ਵਲਿੱਸੀ ਵਾਅ ਫਿਰ ਵਣ-ਵਣ ਵਗੀ ਜਾ,
ਉਹਨੇ ਹਰ ਇੱਕ ਬਾਂਸ ਦੀ ਵੰਝਲੀ ਦਿੱਤੀ ਨਾਗ ਬਣਾ।
ਪਹਿਲਾ ਡੰਗ ਮਦਾਰੀਆਂ, ਮੰਦਰ ਗਏ ਗੁਆਚ,
ਦੂਜੇ ਡੰਗ ਦੀ ਲੱਗ ਗਈ, ਜਣੇ ਖਣੇ ਨੂੰ ਲਾਗ।
ਨਾਗਾਂ ਕੀਲੇ ਲੋਕ ਮੂੰਹ, ਬਸ ਫਿਰ ਡੰਗ ਹੀ ਡੰਗ,
ਪਲੋ-ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ।
ਗਲਿਉਂ ਟੁੱਟੇ ਗੀਤ ਫਿਰ, ਤੱਕਲਿਉਂ ਟੁੱਟੀ ਤੰਦ,
ਤ੍ਰਿੰਞਣੋਂ ਟੁੱਟੀਆਂ ਸਹੇਲੀਆਂ, ਚਰਖੜੇ ਘੂਕਰ ਬੰਦ।
ਸਣੇ ਸੇਜ ਦੇ ਬੇੜੀਆਂ, ਲੁੱਡਣ ਦਿੱਤੀਆਂ ਰੋੜ੍ਹ,
ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ।
ਜਿੱਥੇ ਵੱਜਦੀ ਸੀ ਫੂਕ ਪਿਆਰ ਦੀ, ਉਹ ਵੰਝਲੀ ਗਈ ਗੁਆਚ,
ਰਾਂਝੇ ਦੇ ਸਭ ਵੀਰ ਅੱਜ, ਭੁੱਲ ਗਏ ਉਹਦੀ ਜਾਂਚ।
ਧਰਤੀ ਤੇ ਲਹੂ ਵਸਿਆ, ਕਬਰਾਂ ਪਈਆਂ ਚੋਣ,
ਪ੍ਰੀਤ ਦੀਆਂ ਸ਼ਹਿਜ਼ਾਦੀਆਂ, ਅੱਜ ਵਿਚ ਮਜ਼ਾਰਾਂ ਰੋਣ।
ਅੱਜ ਸੱਭੇ ਕੈਦੋ ਬਣ ਗਏ, ਹੁਸਨ ਇਸ਼ਕ ਦੇ ਚੋਰ,
ਅੱਜ ਕਿੱਥੋਂ ਲਿਆਈਏ ਲੱਭ ਕੇ, ਵਾਰਸ ਸ਼ਾਹ ਇੱਕ ਹੋਰ। •

(ਲੰਮੀਆਂ ਵਾਟਾਂ ਕਾਵਿ-ਸੰਗ੍ਰਹਿ ਵਿਚੋਂ)

ਲਾਹੌਰ ਦਾ ਇੱਕ ਨੌਜਵਾਨ ਹਿੰਦੂ ਵਕੀਲ ਮੁਹੱਬਤ ਵਿਚ ਅਸਫਲ ਹੋ ਕੇ ਪਾਗਲ ਹੋ ਗਿਆ ਸੀ, ਜਦੋਂ ਉਹਨੇ ਸੁਣਿਆ ਕਿ ਅੰਮ੍ਰਿਤਸਰ ਹਿੰਦੁਸਤਾਨ ਵਿਚ ਚਲਿਆ ਗਿਆ ਹੈ ਤਾਂ ਉਹਨੂੰ ਬਹੁਤ ਦੁੱਖ ਹੋਇਆ। ਅੰਮ੍ਰਿਤਸਰ ਦੀ ਇੱਕ ਹਿੰਦੂ ਕੁੜੀ ਨਾਲ ਉਹਨੂੰ ਮੁਹੱਬਤ ਸੀ, ਜਿਸਨੇ ਉਹਨੂੰ ਠੁਕਰਾ ਦਿੱਤਾ ਪਰ ਦੀਵਾਨਗੀ ਦੀ ਹਾਲਤ ਵਿਚ ਵੀ ਉਹ ਕੁੜੀ ਨੂੰ ਨਹੀਂ ਸੀ ਭੁੱਲਿਆ। ਉਹ ਉਨ੍ਹਾਂ ਸਾਰੇ ਹਿੰਦੂ ਅਤੇ ਮੁਸਲਮਾਨ ਲੀਡਰਾਂ ਨੂੰ ਗਾਲ੍ਹਾਂ ਦੇਣ ਲੱਗ ਪਿਆ। ਜਿਨ੍ਹਾਂ ਨੇ ਮਿਲ-ਮਿਲਾ ਕੇ ਹਿੰਦੁਸਤਾਨ ਦੇ ਦੋ ਟੁਕੜੇ ਕਰ ਦਿੱਤੇ ਨੇ ਅਤੇ ਉਹਦੀ ਮਹਿਬੂਬਾ ਹਿੰਦੁਸਤਾਨੀ ਬਣ ਗਈ ਹੈ ਅਤੇ ਉਹ ਪਾਕਿਸਤਾਨੀ। ਜਦ ਤਬਾਦਲੇ ਦੀ ਗੱਲ ਸ਼ੁਰੂ ਹੋਈ ਤਾਂ ਉਸ ਵਕੀਲ ਨੂੰ ਕਈ ਪਾਗਲਾਂ ਨੇ ਸਮਝਾਇਆ ਕਿ ਉਹ ਦਿਲ ਥੋੜ੍ਹਾ ਨਾ ਕਰੇ, ਉਹਨੂੰ ਹਿੰਦੁਸਤਾਨ ਭੇਜ ਦਿੱਤਾ ਜਾਵੇਗਾ। ਉਸੇ ਹਿੰਦੁਸਤਾਨ ਵਿਚ ਜਿੱਥੇ ਉਹਦੀ ਮਹਿਬੂਬਾ ਰਹਿੰਦੀ ਹੈ - ਪਰ ਉਹ ਲਾਹੌਰ ਛੱਡਣਾ ਨਹੀਂ ਚਾਹੁੰਦਾ ਸੀ, ਉਸਦਾ ਖ਼ਿਆਲ ਸੀ ਕਿ ਅੰਮ੍ਰਿਤਸਰ ਵਿਚ ਉਸਦੀ ਪ੍ਰੈਕਟਿਸ ਨਹੀਂ ਚੱਲੇਗੀ।

ਯੂਰਪੀਅਨ ਵਾਰਡ ਵਿਚ ਦੋ ਐਂਗਲੋ ਇੰਡੀਅਨ ਪਾਗਲ ਸਨ। ਉਨ੍ਹਾਂ ਨੂੰ ਜਦੋਂ ਪਤਾ ਲੱਗਿਆ ਕਿ ਹਿੰਦੁਸਤਾਨ ਨੂੰ ਆਜ਼ਾਦ ਕਰਕੇ ਅੰਗਰੇਜ਼ ਚਲੇ ਗਏ ਨੇ ਤਾਂ ਉਨ੍ਹਾਂ ਨੂੰ ਬੜਾ ਸਦਮਾ ਲੱਗਿਆ। ਉਹ ਲੁਕ-ਲੁਕ ਕੇ ਘੰਟਿਆਂ ਬੱਧੀ ਇਸ ਅਹਿਮ ਮਸਲੇ ਉੱਤੇ ਗੱਲਬਾਤ ਕਰਦੇ ਰਹਿੰਦੇ ਕਿ ਪਾਗਲਖ਼ਾਨੇ ਵਿਚ ਹੁਣ ਉਨ੍ਹਾਂ ਦੀ ਹੈਸੀਅਤ ਕਿਸ ਕਿਸਮ ਦੀ ਹੋਵੇਗੀ। ਯੂਰਪੀਅਨ ਵਾਰਡ ਰਹੇਗਾ ਜਾਂ ਉਡਾ ਦਿੱਤਾ ਜਾਵੇਗਾ। ਬ੍ਰੇਕਫਾਸਟ ਮਿਲਿਆ ਕਰੇਗਾ ਜਾਂ ਨਹੀਂ, ਕੀ ਉਨ੍ਹਾਂ ਨੂੰ ਡਬਲ ਰੋਟੀ ਤਾਂ ਨਹੀਂ ਛੱਡਣੀ ਪਵੇਗੀ।

ਇੱਕ ਸਿੱਖ ਸੀ, ਜਿਸਨੂੰ ਪਾਗਲਖ਼ਾਨੇ ਵਿਚ ਦਾਖ਼ਲ ਹੋਇਆ ਪੰਦਰਾਂ ਵਰ੍ਹੇ ਹੋ ਚੁੱਕੇ ਸਨ। ਹਰ ਵੇਲੇ ਉਹਦੇ ਮੂੰਹੋਂ ਇਹ ਅਜੀਬ ਲਫ਼ਜ ਸੁਣਾਈ ਦਿੰਦੇ ਸਨ, "ਔਪੜ ਦਿ ਗੜ ਗੜ ਅਨੈਕਸ ਦੀ ਬੇਧਿਆਨਾ ਦਿ ਮੂੰਗ ਕਿ ਦਾਲ ਆਫ ਦੀ ਲਾਲਟੈਨ......" ਉਹ ਨਾ ਦਿਨ 'ਚ ਸੌਂਦਾ ਸੀ ਨਾ ਰਾਤ ਨੂੰ। ਪਹਿਰੇਦਾਰਾਂ ਦਾ ਇਹ ਕਹਿਣਾ ਸੀ ਕਿ ਪੰਦਰਾਂ ਵਰ੍ਹਿਆਂ ਦੇ ਲੰਬੇ ਅਰਸੇ ਵਿਚ ਉਹ ਇਕ ਪਲ ਵੀ ਨਹੀਂ ਸੁੱਤਾ ਸੀ, ਉਹ ਲੇਟਦਾ ਵੀ ਨਹੀਂ ਸੀ। ਬਲਕਿ ਕਦੇ-ਕਦੇ ਕੰਧ ਨਾਲ ਟੇਕ ਲਾ ਲੈਂਦਾ ਸੀ, ਚੱਤੋ ਪਹਿਰ ਖੜ੍ਹਾ ਰਹਿਣ ਕਰਕੇ ਉਸਦੇ ਪੈਰ ਸੁੱਜ ਗਏ ਸਨ ਅਤੇ ਪਿੰਜਣੀਆਂ ਵੀ ਫੁੱਲ ਗਈਆਂ ਸਨ, ਮਗਰ ਸਰੀਰਕ ਤਕਲੀਫ ਦੇ ਬਾਵਜੂਦ ਉਹ ਲੰਮਾ ਪੈ ਕੇ ਆਰਾਮ ਨਹੀਂ ਕਰਦਾ।

ਹਿੰਦੁਸਤਾਨ, ਪਾਕਿਸਤਾਨ ਅਤੇ ਪਾਗਲਾਂ ਦੇ ਤਬਾਦਲੇ ਬਾਰੇ ਜਦ ਕਦੇ ਗੱਲਬਾਤ ਹੁੰਦੀ ਸੀ ਤਾਂ ਉਹ ਧਿਆਨ ਨਾਲ ਸੁਣਦਾ ਸੀ। ਕੋਈ ਉਹਨੂੰ ਪੁੱਛਦਾ ਕਿ ਉਸਦਾ ਕੀ ਖ਼ਿਆਲ ਹੈ ਤਾਂ ਉਹ ਬੜੀ ਗੰਭੀਰਤਾ ਨਾਲ ਜਵਾਬ ਦਿੰਦਾ, "ਔਪੜ ਦੀ ਗੜ-ਗੜ ਦਿ ਅਨੈਕਸ ਕਿ ਬੇਧਿਆਨਾ ਕਿ ਮੂੰਗ ਦੀ ਦਾਲ ਆਫ ਪਾਕਿਸਤਾਨ ਗਵਰਨਮੈਂਟ।" ਪਰੰਤੂ ਬਾਅਦ ਵਿਚ 'ਆਫ਼ ਦੀ ਪਾਕਿਸਤਾਨ' ਦੀ ਥਾਂ 'ਆਫ਼ ਦੀ ਟੋਭਾ ਟੇਕ ਸਿੰਘ ਗਵਰਨਮੈਂਟ' ਨੇ ਲੈ ਲਈ ਅਤੇ ਉਹਨੇ ਦੂਜੇ ਪਾਗਲਾਂ ਤੋਂ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਟੋਭਾ ਟੇਕ ਸਿੰਘ ਕਿੱਥੇ ਹੈ, ਜਿੱਥੇ ਦਾ ਉਹ ਰਹਿਣ ਵਾਲਾ ਹੈ। ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਟੋਭਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ। ਜੋ ਦੱਸਣ ਦੀ ਕੋਸ਼ਿਸ਼ ਕਰਦੇ ਸਨ ਉਹ ਆਪ



ਇਸ ਉਲਝਣ ਵਿਚ ਫਸ ਜਾਂਦੇ ਸਨ ਕਿ ਸਿਆਲਕੋਟ ਪਹਿਲ ਹਿੰਦੁਸਤਾਨ ਵਿਚ ਹੁੰਦਾ ਸੀ ਪਰ ਹੁਣ ਸੁਣਿਐ ਕਿ ਪਾਕਿਸਤਾਨ ਵਿਚ ਹੈ ...... ਕੀ ਪਤਾ ਹੈ ਕਿ ਲਾਹੌਰ ਜੋ ਅੱਜ ਪਾਕਿਸਤਾਨ ਵਿਚ ਹੈ, ਕੱਲ੍ਹ ਹਿੰਦੁਸਤਾਨ ਵਿਚ ਚਲਿਆ ਜਾਵੇ ...... ਜਾਂ ਸਾਰਾ ਹਿੰਦੁਸਤਾਨ ਹੀ ਪਾਕਿਸਤਾਨ ਬਣ ਜਾਵੇ...... ਅਤੇ ਇਹ ਵੀ ਕੌਣ ਛਾਤੀ ਉੱਤੇ ਹੱਥ ਰੱਖ ਕੇ ਕਹਿ ਸਕਦਾ ਹੈ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਦੋਨੋਂ ਕਿਸੇ ਦਿਨ ਸਿਰੇ ਤੋਂ ਗਾਇਬ ਹੋ ਜਾਣ।

ਇਸ ਸਿੱਖ ਪਾਗਲ ਦੇ ਕੇਸ ਛਿਦਰੇ ਹੋ ਕੇ ਬਹੁਤ ਘੱਟ ਰਹਿ ਗਏ ਸਨ, ਕਿਉਂਕਿ ਉਹ ਨਹਾਉਂਦਾ ਕਦੇ ਕਦਾਈਂ ਸੀ, ਇਸ ਲਈ ਦਾੜ੍ਹੀ ਅਤੇ ਵਾਲ ਆਪਸ ਵਿਚ ਜੰਮ ਗਏ ਸਨ। ਜਿਸਦੇ ਕਾਰਨ ਉਹਦੀ ਸ਼ਕਲ ਬੜੀ ਭਿਆਨਕ ਹੋ ਗਈ ਸੀ ਪਰ ਆਦਮੀ ਨਿਡਰ ਸੀ। ਪੰਦਰਾਂ ਵਰ੍ਹਿਆਂ ਵਿਚ ਉਹਨੇ ਕਦੇ ਵੀ ਕਿਸੇ ਨਾਲ ਝਗੜਾ-ਫਸਾਦ ਨਹੀਂ ਕੀਤਾ ਸੀ। ਪਾਗਲਖ਼ਾਨੇ ਦੇ ਜੋ ਪੁਰਾਣੇ ਨੌਕਰ ਸਨ, ਉਹ ਉਹਦੇ ਬਾਰੇ ਏਨਾ ਕੁ ਜਾਣਦੇ ਸਨ ਕਿ ਟੋਭਾ ਟੇਕ ਸਿੰਘ ਵਿਚ ਉਹਦੀ ਕਾਫ਼ੀ ਜ਼ਮੀਨ ਸੀ। ਚੰਗਾ ਖਾਂਦਾ ਪੀਂਦਾ ਜ਼ਿਮੀਂਦਾਰ ਸੀ ਕਿ ਅਚਾਨਕ ਦਿਮਾਗ ਹਿਲ ਗਿਆ, ਉਹਦੇ ਰਿਸ਼ਤੇਦਾਰ ਉਹਨੂੰ ਲੋਹੇ ਦੇ ਮੋਟੇ-ਮੋਟੇ ਸੰਗਲਾਂ ਨਾਲ ਬੰਨ ਕੇ ਲਿਆਏ ਅਤੇ ਪਾਗਲਖ਼ਾਨੇ ਦਾਖ਼ਲ ਕਰਾ ਗਏ।

ਮਹੀਨੇ 'ਚ ਇੱਕ ਵੇਰਾਂ ਮੁਲਾਕਾਤ ਲਈ ਉਹ ਲੋਕ ਆਉਂਦੇ ਸਨ ਅਤੇ ਉਸਦੀ ਸੁੱਖ-ਸਾਂਦ ਦਾ ਪਤਾ ਕਰਕੇ ਚਲੇ ਜਾਂਦੇ ਸਨ, ਬੜੀ ਦੇਰ ਤੱਕ ਇਹ ਸਿਲਸਿਲਾ ਜਾਰੀ ਰਿਹਾ ਪਰ ਜਦੋਂ ਪਾਕਿਸਤਾਨ, ਹਿੰਦੁਸਤਾਨ ਦੀ ਗੜਬੜ ਸ਼ੁਰੂ ਹੋਈ ਤਾਂ ਉਨ੍ਹਾਂ ਦਾ ਆਉਣਾ-ਜਾਣਾ ਬੰਦ ਹੋ ਗਿਆ।

ਉਹਦਾ ਨਾਂ ਬਿਸ਼ਨ ਸਿੰਘ ਸੀ ਪਰ ਸਾਰੇ ਜਣੇ ਉਸਨੂੰ ਟੋਭਾ ਟੇਕ ਸਿੰਘ ਕਹਿੰਦੇ ਸਨ। ਉਹਨੂੰ ਇਹ ਕਤਈ ਮਾਲੂਮ ਨਹੀਂ ਸੀ ਦਿਨ ਕਿਹੜਾ ਹੈ, ਮਹੀਨਾ ਕਿਹੜਾ ਹੈ ਜਾਂ ਕਿੰਨੇ ਸਾਲ ਬੀਤ ਚੁੱਕੇ ਨੇ ਪਰੰਤੂ ਹਰ ਮਹੀਨੇ ਜਦ ਉਸਦੇ ਸਕੇ-ਸਬੰਧੀ ਉਸਨੂੰ ਮਿਲਣ ਵਾਸਤੇ ਆਉਣ ਵਾਲੇ ਹੁੰਦੇ ਤਾਂ ਉਹਨੂੰ ਆਪਣੇ ਆਪ ਪਤਾ ਲੱਗ ਜਾਂਦਾ। ਇਸ ਲਈ ਉਹ ਦਫੇਦਾਰ ਨੂੰ ਕਹਿੰਦਾ ਕਿ ਉਹਦੀ ਮੁਲਾਕਾਤ ਆ ਰਹੀ ਹੈ। ਉਸ ਦਿਨ ਉਹ ਮਲ-ਮਲ ਕੇ ਨਹਾਉਂਦਾ, ਬਦਨ ਉੱਤੇ ਖ਼ੂਬ ਤੇਲ ਸਾਬਣ ਘਸਾਇਆ ਜਾਂਦਾ ਅਤੇ ਵਾਲਾਂ 'ਚ ਤੇਲ ਲਾ ਕੇ ਕੰਘਾ ਕਰਦਾ, ਆਪਣੇ ਉਹ ਕੱਪੜੇ ਜੋ ਉਹ ਕਦੀਂ ਵਰਤਦਾ ਨਹੀਂ ਸੀ, ਕੱਢਵਾ ਕੇ ਪਾਉਂਦਾ ਅਤੇ ਇਉਂ ਬਣ-ਫੱਬ ਕੇ ਮਿਲਣ ਵਾਲਿਆਂ ਕੋਲ ਜਾਂਦਾ। ਉਹ ਉਸਨੂੰ ਕੁਝ ਪੁੱਛਦੇ ਤਾਂ ਉਹ ਚੁੱਪ ਰਹਿੰਦਾ ਜਾਂ ਕਦੇਂ-ਕਦਾਈਂ "ਔਪੜ ਦਿ ਗੜ ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਦੀ ਲਾਲਟੈਨ....... ਕਹਿ ਦਿੰਦਾ।

ਉਹਦੀ ਇੱਕ ਕੁੜੀ ਸੀ। ਜੋ ਹਰ ਮਹੀਨੇ ਇੱਕ ਉਂਗਲੀ ਵਧਦੀ-ਵਧਦੀ ਪੰਦਰਾਂ ਵਰ੍ਹਿਆਂ 'ਚ ਮੁਟਿਆਰ ਹੋ ਗਈ ਸੀ। ਬਿਸ਼ਨ ਸਿੰਘ ਉਹਨੂੰ ਪਛਾਣਦਾ ਹੀ ਨਹੀਂ ਸੀ। ਉਹ ਬੱਚੀ ਸੀ, ਉਦੋਂ ਵੀ ਆਪਣੇ ਆਪ ਨੂੰ ਦੇਖ ਕੇ ਰੋਂਦੀ ਸੀ, ਮੁਟਿਆਰ ਹੋਈ ਤਦ ਵੀ ਉਹਦੀਆਂ ਅੱਖਾਂ ਚੋਂ ਹੰਝੂ ਵਹਿੰਦੇ ਸਨ।

ਪਾਕਿਸਤਾਨ ਅਤੇ ਹਿੰਦੁਸਤਾਨ ਦਾ ਕਿੱਸਾ ਸ਼ੁਰੂ ਹੋਇਆ ਤਾਂ ਉਹਨੇ ਦੂਜੇ ਪਾਗਲਾਂ ਤੋਂ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਟੋਭਾ ਟੇਕ ਸਿੰਘ ਕਿੱਥੇ ਹੈ। ਜਦ ਉਹਨੂੰ ਤਸੱਲੀਬਖਸ਼ ਜਵਾਬ

ਨਾ ਮਿਲਿਆ, ਉਹਦੀ ਟੋਹ ਦਿਨ ਪ੍ਰਤੀ ਦਿਨ ਵੱਧਦੀ ਗਈ। ਹੁਣ ਉਸਦੀ ਲੜਕੀ ਮੁਲਾਕਾਤ ਨੂੰ ਵੀ ਨਹੀਂ ਆਉਂਦੀ ਸੀ, ਪਹਿਲਾਂ ਤਾਂ ਉਹਨੂੰ ਆਪਣੇ ਆਪ ਪਤਾ ਲੱਗ ਜਾਂਦਾ ਸੀ ਕਿ ਮਿਲਣ ਵਾਲੇ ਆ ਰਹੇ ਨੇ ਪਰ ਹੁਣ ਜਿਵੇਂ ਉਹਦੇ ਦਿਲ ਦੀ ਅਵਾਜ਼ ਵੀ ਬੰਦ ਹੋ ਗਈ ਸੀ। ਜੋ ਉਹਨੂੰ ਉਨ੍ਹਾਂ ਦੇ ਆਉਣ-ਜਾਣ ਦੀ ਖ਼ਬਰ ਦੇ ਦਿਆ ਕਰਦੀ ਸੀ- ਉਹਦੀ ਬੜੀ ਇੱਛਾ ਸੀ ਕਿ ਉਹ ਲੋਕ ਆਉਣ ਜੋ ਉਸ ਨਾਲ ਹਮਦਰਦੀ ਪ੍ਰਗਟ ਕਰਦੇ ਸਨ ਅਤੇ ਉਹਦੇ ਵਾਸਤੇ ਫਲ, ਮਿਠਾਈਆਂ ਅਤੇ ਕੱਪੜੇ ਲਿਆਉਂਦੇ ਸਨ। ਉਹ ਆਉਣ ਤਾਂ ਉਹ ਉਨ੍ਹਾਂ ਤੋਂ ਪੁੱਛੇ ਕਿ ਟੋਬਾ ਟੇਕ ਸਿੰਘ ਕਿੱਥੇ ਹੈ...... ਉਹ ਉਹਨੂੰ ਪੱਕੇ ਤੌਰ ਤੇ ਦੱਸ ਦੇਣਗੇ ਕਿ ਟੋਬਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ। ਉਹਦਾ ਖ਼ਿਆਲ ਸੀ ਕਿ ਟੋਬਾ ਟੇਕ ਸਿੰਘ ਤੋਂ ਹੀ ਆਉਂਦੇ ਨੇ, ਜਿੱਥੇ ਉਹਦੀਆਂ ਜ਼ਮੀਨਾਂ ਨੇ।

ਪਾਗਲਖਾਨੇ ਵਿਚ ਇੱਕ ਪਾਗਲ ਅਜਿਹਾ ਵੀ ਸੀ ਜੋ ਆਪਣੇ ਆਪ ਨੂੰ ਖ਼ੁਦਾ ਕਹਿੰਦਾ ਸੀ। ਬਿਸ਼ਨ ਸਿੰਘ ਨੇ ਉਸ ਤੋਂ ਜਦੋਂ ਇਕ ਦਿਨ ਪੁੱਛਿਆ ਕਿ ਟੋਬਾ ਟੇਕ ਸਿੰਘ ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ ਤਾਂ ਉਹਨੇ ਆਪਣੀ ਆਦਤ ਅਨੁਸਾਰ ਠਹਾਕਾ ਮਾਰਿਆ ਅਤੇ ਕਿਹਾ, ਉਹ ਨਾ ਪਾਕਿਸਤਾਨ ਵਿਚ ਹੈ ਨਾ ਹਿੰਦੁਸਤਾਨ ਵਿਚ, ਕਿਉਂਕਿ ਅਸੀਂ ਅਜੇ ਤੱਕ ਹੁਕਮ ਹੀ ਨਹੀਂ ਦਿੱਤਾ......।"

ਬਿਸ਼ਨ ਸਿੰਘ ਨੇ ਉਸਨੂੰ ਖ਼ੁਦਾ ਨੂੰ ਕਈ ਵਾਰੀ ਬੜੀ ਮਿੰਨਤ ਅਤੇ ਆਜਜ਼ੀ ਨਾਲ ਕਿਹਾ ਕਿ ਉਹ ਹੁਕਮ ਦੇ ਦੇਵੇ ਤਾਂ ਕਿ ਝੰਜਟ ਮੁੱਕੇ, ਪਰ ਖ਼ੁਦਾ ਬਹੁਤ ਰੁਝਿਆ ਹੋਇਆ ਸੀ ਕਿਉਂਕਿ ਉਹਨੇ ਹੋਰ ਬਥੇਰੇ ਹੁਕਮ ਦੇਣੇ ਸਨ।

ਇੱਕ ਦਿਨ ਦੁਖੀ ਹੋ ਕੇ ਬਿਸ਼ਨ ਸਿੰਘ ਖ਼ੁਦਾ ਨੂੰ ਟੁੱਟ ਕੇ ਪਿਆ, "ਔਪੜ ਦਿ ਗੜ ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਵਾਹਿਗੁਰੂ ਜੀ ਦਾ ਖਾਲਸਾ ਐਂਡ ਵਾਹਿਗੁਰੂ ਜੀ ਦੀ ਫਤਹਿ.....।" ਇਸਦਾ ਸ਼ਾਇਦ ਮਤਲਬ ਸੀ ਕਿ ਤੂੰ ਮੁਸਲਮਾਨਾਂ ਦਾ ਖ਼ੁਦਾ ਹੈ, ਸਿੱਖਾਂ ਦਾ ਖ਼ੁਦਾ ਹੁੰਦਾ ਤਾਂ ਜ਼ਰੂਰ ਮੇਰੀ ਸੁਣਦਾ।

ਤਬਾਦਲੇ ਤੋਂ ਕੁਝ ਦਿਨ ਪਹਿਲਾਂ ਟੋਬਾ ਟੇਕ ਸਿੰਘ ਦਾ ਇਕ ਮੁਸਲਮਾਨ ਜੋ ਬਿਸ਼ਨ ਸਿੰਘ ਦਾ ਮਿੱਤਰ ਸੀ, ਮੁਲਾਕਾਤ ਲਈ ਆਇਆ, ਮੁਸਲਮਾਨ ਮਿੱਤਰ ਪਹਿਲਾਂ ਕਦੇ ਨਹੀਂ ਆਇਆ ਸੀ। ਜਦੋਂ ਬਿਸ਼ਨ ਸਿੰਘ ਨੇ ਉਹਨੂੰ ਦੇਖਿਆ ਤਾਂ ਇਕ ਪਾਸੇ ਹੱਟ ਗਿਆ, ਫਿਰ ਵਾਪਸ ਜਾਣ ਲੱਗਾ ਪਰ ਸਿਪਾਹੀਆਂ ਨੇ ਉਹਨੂੰ ਰੋਕਿਆ,

"ਇਹ ਤੈਨੂੰ ਮਿਲਣ ਆਇਐ..... ਤੇਰਾ ਮਿੱਤਰ ਫਜ਼ਲਦੀਨ ਐ......।"

ਬਿਸ਼ਨ ਸਿੰਘ ਨੇ ਫਜ਼ਲਦੀਨ ਨੂੰ ਇੱਕ ਨਜ਼ਰ ਦੇਖਿਆ ਅਤੇ ਕੁਝ ਬੁੜਬੁੜਾਉਣ ਲੱਗਾ। ਫਜ਼ਲਦੀਨ ਨੇ ਅੱਗੇ ਵੱਧ ਕੇ ਉਹਦੇ ਮੋਢੇ ਉੱਪਰ ਹੱਥ ਰੱਖਿਆ, "ਮੈਂ ਕਈ ਦਿਨਾਂ ਤੋਂ ਸੋਚ ਰਿਹਾ ਸੀ ਕਿ ਤੈਨੂੰ ਮਿਲਾਂ ਪਰ ਵਿਹਲ ਹੀ ਨਾ ਮਿਲੀ...... ਤੇਰੇ ਸਭ ਆਦਮੀ ਖ਼ੈਰੀਅਤ ਨਾਲ ਹਿੰਦੁਸਤਾਨ ਚਲੇ ਗਏ ਸਨ ...... ਮੈਥੋਂ ਜਿੰਨੀ ਮਦਦ ਹੋ ਸਕੀ, ਮੈਂ ਕੀਤੀ...... ਤੇਰੀ ਧੀ ਰੂਪ ਕੌਰ ......।" ਉਹ ਬੋਲਦਿਆਂ ਬੋਲਦਿਆਂ ਰੁਕ ਗਿਆ।

ਬਿਸ਼ਨ ਸਿੰਘ ਕੁਝ ਯਾਦ ਕਰਨ ਲੱਗਿਆ, "ਧੀ ਰੂਪ ਕੌਰ......।"

ਫਜ਼ਲਦੀਨ ਨੇ ਰੁਕ ਕੇ ਕਿਹਾ, "ਹਾਂ...... ਉਹ...... ਉਹ ਵੀ ਠੀਕ ਠਾਕ ਐ...... ਉਨ੍ਹਾਂ ਨਾਲ ਹੀ ਚਲੀ ਗਈ ਸੀ......।"



ਬਿਸ਼ਨ ਸਿੰਘ ਚੁੱਪ ਰਿਹਾ।

ਫਜ਼ਲਦੀਨ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਉਨ੍ਹਾਂ ਨੇ ਮੈਨੂੰ ਕਿਹਾ ਸੀ ਕਿ ਤੇਰੀ ਖ਼ੈਰ ਖ਼ੈਰੀਅਤ ਪੁੱਛਦਾ ਰਹਾਂ ...... ਹੁਣ ਮੈਂ ਸੁਣਿਆ ਤੂੰ ਹਿੰਦੁਸਤਾਨ ਜਾ ਰਿਹੈਂ ...... ਭਾਈ ਬਲਵੀਰ ਸਿੰਘ ਅਤੇ ਭਾਈ ਵਧਾਵਾ ਸਿੰਘ ਨੂੰ ਮੇਰਾ ਸਲਾਮ ਕਹਿਣਾ ਅਤੇ ਭੈਣ ਅੰਮ੍ਰਿਤ ਕੌਰ ਨੂੰ ਵੀ...... ਭਾਈ ਬਲਵੀਰ ਸਿੰਘ ਨੂੰ ਕਹਿਣਾ ਕਿ ਫਜ਼ਲਦੀਨ ਰਾਜ਼ੀ ਖ਼ੁਸ਼ੀ ਐ ...... ਦੋ ਬੂਰੀਆਂ ਮੈਸਾਂ ਜੋ ਉਹ ਛੱਡ ਗਏ ਸੀ, ਉਨ੍ਹਾਂ 'ਚੋਂ ਇੱਕ ਨੇ ਕੱਟਾ ਦਿੱਤਾ...... ਦੂਜੀ ਦੇ ਕੱਟੀ ਹੋਈ ਸੀ ਪਰ ਉਹ ਛੇ ਦਿਨਾਂ ਦੀ ਹੋ ਕੇ ਮਰ ਗਈ......ਹੋਰ ...... ਮੇਰੇ ਲਾਇਕ ਜੋ ਖਿਦਮਤ ਹੋਵੇ, ਕਹੀਂ ਮੈਂ ਹਰ ਵਕਤ ਤਿਆਰ ਆਂ...... ਔਰ ਆਹ ਤੇਰੇ ਲਈ ਥੋੜ੍ਹੇ ਜਿਹੇ ਮਰੂੰਡੇ ਲਿਆਇਆ......।"

ਬਿਸ਼ਨ ਨੇ ਮਰੂੰਡਿਆਂ ਦੀ ਪੋਟਲੀ ਲੈ ਕੇ ਕੋਲ ਖੜ੍ਹੇ ਸਿਪਾਹੀ ਦੇ ਹਵਾਲੇ ਕਰ ਦਿੱਤੀ ਤੇ ਫਜ਼ਲਦੀਨ ਨੂੰ ਪੁੱਛਿਆ, "ਟੋਬਾ ਟੇਕ ਸਿੰਘ ਕਿੱਥੇ ਐ......?"

ਫਜ਼ਲਦੀਨ ਨੇ ਥੋੜ੍ਹਾ ਹੈਰਾਨ ਹੁੰਦਿਆ ਕਿਹਾ, "ਕਿੱਥੇ ਐ......?"

"ਉਥੇ ਈ ਐ, ਜਿੱਥੇ ਸੀ.....।"

ਬਿਸ਼ਨ ਸਿੰਘ ਨੇ ਫੇਰ ਪੁੱਛਿਆ, "ਪਾਕਿਸਤਾਨ ਵਿਚ ਹੈ ਜਾਂ ਹਿੰਦੁਸਤਾਨ ਵਿਚ......? ...... ਹਿੰਦੁਸਤਾਨ ਵਿਚ...... ਨਹੀਂ ਨਹੀਂ ਪਾਕਿਸਤਾਨ ਵਿਚ ......।' ਫਜ਼ਲਦੀਨ ਬੌਂਦਲ ਜਿਹਾ ਗਿਆ। ਬਿਸ਼ਨ ਸਿੰਘ ਬੁੜਬੁੜਾਉਂਦਾ ਹੋਇਆ ਚਲਾ ਗਿਆ, "ਔਪੜ ਦਿ ਗੜ ਗੜ ਦਿ ਅਨੈਕਸ ਦੇ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਦੀ ਪਾਕਿਸਤਾਨ ਐਂਡ ਹਿੰਦੁਸਤਾਨ ਆਫ਼ ਦੀ ਦੁਰ ਫਿੱਟੇ ਮੂੰਹ......।"

ਤਬਾਦਲੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ, ਇਧਰੋਂ ਉਧਰ ਅਤੇ ਉਧਰੋਂ ਇਧਰ ਆਉਣ ਵਾਲੇ ਪਾਗਲਾਂ ਦੀਆਂ ਸੂਚੀਆਂ ਪੁੱਜ ਚੁੱਕੀਆਂ ਸਨ ਅਤੇ ਤਬਾਦਲੇ ਦਾ ਦਿਨ ਵੀ ਨਿਸ਼ਚਿਤ ਹੋ ਗਿਆ।

ਕੜਾਕੇ ਦੀ ਠੰਡ ਸੀ ਜਦੋਂ ਲਾਹੌਰ ਦੇ ਪਾਗਲਖਾਨੇ 'ਚੋਂ ਹਿੰਦੂ ਸਿੱਖ ਪਾਗਲਾਂ ਨਾਲ ਭਰੀਆਂ ਹੋਈਆਂ ਲਾਰੀਆਂ ਪੁਲਿਸ ਦੀ ਰੱਖਿਆ ਦੇ ਨਾਲ ਰਵਾਨਾ ਹੋਈਆਂ, ਸਬੰਧਿਤ ਅਫ਼ਸਰ ਵੀ ਨਾਲ ਸਨ। ਵਾਹਗਾ ਦੇ ਬਾਰਡਰ ਉੱਤੇ ਦੋਨਾਂ ਪਾਸੇ ਸੁਪਰਡੈਂਟ ਇਕ-ਦੂਜੇ ਨੂੰ ਮਿਲੇ ਅਤੇ ਮੁੱਢਲੀ ਕਾਰਵਾਈ ਮੁੱਕਣ ਪਿੱਛੋਂ ਤਬਾਦਲਾ ਸ਼ੁਰੂ ਹੋ ਗਿਆ, ਜੋ ਰਾਤ ਭਰ ਜਾਰੀ ਰਿਹਾ।

ਪਾਗਲਾਂ ਨੂੰ ਲਾਰੀਆਂ 'ਚੋਂ ਕੱਢਣਾ ਅਤੇ ਦੂਜੇ ਅਫਸਰਾਂ ਦੇ ਹਵਾਲੇ ਕਰਨਾ ਬੜਾ ਔਖਾ ਕੰਮ ਸੀ। ਕਈ ਤਾਂ ਬਾਹਰ ਨਿਕਲਦੇ ਹੀ ਨਹੀਂ ਸੀ, ਜੋ ਨਿਕਲਣ ਲਈ ਰਜ਼ਾਮੰਦ ਹੁੰਦੇ ਸਨ, ਉਨ੍ਹਾਂ ਨੂੰ ਸੰਭਾਲਣਾ ਮੁਸ਼ਕਿਲ ਹੋ ਜਾਂਦਾ ਸੀ। ਕਿਉਂਕਿ ਉਹ ਇਧਰ-ਉਧਰ ਭੱਜ ਉੱਠਦੇ ਸਨ, ਜੋ ਨੰਗੇ ਸਨ, ਉਨ੍ਹਾਂ ਨੂੰ ਕੱਪੜੇ ਪੁਆਏ ਜਾਂਦੇ ਤਾਂ ਉਹ ਉਨ੍ਹਾਂ ਪਾੜ ਕੇ ਆਪਣੇ ਬਦਨ ਤੋਂ ਲਾਹ ਸੁੱਟਦੇ-ਕੋਈ ਗਾਲ੍ਹਾਂ ਕੱਢ ਰਿਹਾ ਹੈ ...... ਕੋਈ ਗਾ ਰਿਹਾ ਹੈ...... ਕੁਝ ਆਪਸ ਵਿਚ ਝਗੜ ਰਹੇ ਨੇ, ਵਿਲਕ ਰਹੇ ਨੇ-ਕੰਨ ਪਈ ਆਵਾਜ਼ ਸੁਣਾਈ ਨਹੀਂ ਦਿੰਦੀ

ਸੀ- ਪਾਗਲ ਔਰਤਾਂ ਦਾ ਸ਼ੋਰ ਸ਼ਰਾਬਾ ਅਲੱਗ ਸੀ ਅਤੇ ਠੰਡ ਏਨੀ ਸਖ਼ਤ ਸੀ ਕਿ ਦੰਦ ਵੱਜ ਰਹੇ ਸਨ।

ਪਾਗਲਾਂ ਦੀ ਬਹੁ-ਗਿਣਤੀ ਇਸ ਬਟਵਾਰੇ ਦੇ ਹੱਕ ਵਿਚ ਨਹੀਂ ਸੀ, ਇਸ ਵਾਸਤੇ ਕਿ ਉਨ੍ਹਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਉਨ੍ਹਾਂ ਨੂੰ ਆਪਣੀ ਜਗ੍ਹਾ ਤੋਂ ਪੁੱਟ ਕੇ ਕਿੱਥੇ ਸੁੱਟਿਆ ਜਾ ਰਿਹਾ ਹੈ, ਉਹ ਥੋੜ੍ਹੇ ਜਿਹੇ ਜੋ ਕੁਝ ਸੋਚ ਸਮਝ ਸਕਦੇ ਸਨ, 'ਪਾਕਿਸਤਾਨ ਜ਼ਿੰਦਾਬਾਦ ਅਤੇ ਪਾਕਿਸਤਾਨ ਮੁਰਦਾਬਾਦ" ਦੇ ਨਾਅਰੇ ਲਾ ਰਹੇ ਸਨ, ਦੋ ਤਿੰਨ ਵਾਰ ਫਸਾਦ ਹੁੰਦਾ-ਹੁੰਦਾ ਬਚਿਆ, ਕਿਉਂਕਿ ਕਈ ਮੁਸਲਮਾਨਾਂ ਅਤੇ ਸਿੱਖਾਂ ਨੂੰ ਇਹ ਨਾਅਰੇ ਸੁਣ ਕੇ ਤੈਸ਼ ਆ ਗਿਆ ਸੀ।

ਜਦ ਬਿਸ਼ਨ ਸਿੰਘ ਦੀ ਵਾਰੀ ਆਈ ਅਤੇ ਵਾਹਗਾ ਦੇ ਉਸ ਪਾਰ ਸਬੰਧਿਤ ਅਫਸਰ ਉਹਦਾ ਨਾਂ ਰਜਿਸਟਰ ਵਿਚ ਦਰਜ ਕਰਨ ਲੱਗਾ ਤਾਂ ਉਸਨੇ ਪੁੱਛਿਆ, "ਟੋਭਾ ਟੇਕ ਸਿੰਘ ਕਿੱਥੇ ਐ......? ਪਾਕਿਸਤਾਨ ਵਿਚ ਜਾਂ ਹਿੰਦੁਸਤਾਨ ਵਿਚ......?"

ਸਬੰਧਤ ਅਫਸਰ ਹੱਸਿਆ, "ਪਾਕਿਸਤਾਨ ਵਿਚ......।"

ਇਹ ਸੁਣ ਕੇ ਬਿਸ਼ਨ ਸਿੰਘ ਉੱਛਲ ਕੇ ਇਕ ਪਾਸੇ ਹਟਿਆ ਅਤੇ ਦੌੜ ਕੇ ਆਪਣੇ ਬਾਕੀ ਸਾਥੀਆਂ ਦੇ ਕੋਲ ਪੁੱਜ ਗਿਆ।

ਪਾਕਿਸਤਾਨੀ ਸਿਪਾਹੀਆਂ ਨੇ ਉਸਨੂੰ ਫੜ ਲਿਆ ਅਤੇ ਦੂਜੇ ਪਾਸੇ ਲਿਜਾਣ ਲੱਗੇ ਪਰ ਉਹਨੇ ਜਾਣ ਤੋਂ ਇਨਕਾਰ ਕਰ ਦਿੱਤਾ, "ਟੋਭਾ ਟੇਕ ਸਿੰਘ ਇਥੇ ਐ......।" ਅਤੇ ਜ਼ੋਰ-ਜ਼ੋਰ ਨਾਲ ਚਿਲਾਉਣ ਲੱਗਿਆ, "ਔਪੜ ਦਿ ਗੜ-ਗੜ ਦਿ ਅਨੈਕਸ ਦਿ ਬੇਧਿਆਨਾ ਦਿ ਮੂੰਗ ਦੀ ਦਾਲ ਆਫ਼ ਦੀ ਟੋਭਾ ਟੇਕ ਸਿੰਘ ਐਂਡ ਪਾਕਿਸਤਾਨ......।"

ਉਹਨੂੰ ਬਹੁਤ ਸਮਝਾਇਆ ਗਿਆ ਕਿ ਦੇਖੋ, ਹੁਣ ਟੋਭਾ ਟੇਕ ਸਿੰਘ ਹਿੰਦੁਸਤਾਨ ਵਿਚ ਚਲਿਆ ਗਿਆ ਹੈ...... ਜੇ ਨਹੀਂ ਗਿਆ ਤਾਂ ਬਹੁਤ ਜਲਦੀ ਭੇਜ ਦਿੱਤਾ ਜਾਵੇਗਾ, ਪਰ ਉਹ ਨਾ ਮੰਨਿਆ। ਜਦੋਂ ਉਹਨੂੰ ਜਬਰਦਸਤੀ ਦੂਜੇ ਪਾਸੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਵਿਚਕਾਰ ਇਕ ਥਾਂ ਇਸ ਢੰਗ ਨਾਲ ਆਪਣੀਆਂ ਸੁੱਜੀਆਂ ਹੋਈਆਂ ਟੰਗਾਂ ਉੱਤੇ ਖੜ੍ਹਾ ਹੋ ਗਿਆ ਜਿਵੇਂ ਉਹਨੂੰ ਹੁਣ ਕੋਈ ਤਾਕਤ ਨਹੀਂ ਹਿਲਾ ਸਕੇਗੀ...... ਆਦਮੀ ਨਿਡਰ ਸੀ, ਇਸ ਲਈ ਉਹਦੇ ਨਾਲ ਕੋਈ ਜ਼ਿਆਦਾ ਜ਼ਬਰਦਸਤੀ ਨਾ ਕੀਤੀ ਗਈ, ਉਹਨੂੰ ਉੱਥੇ ਈ ਖੜ੍ਹਾ ਰਹਿਣ ਦਿੱਤਾ ਗਿਆ ਅਤੇ ਤਬਾਦਲੇ ਦਾ ਬਾਕੀ ਕੰਮ ਹੁੰਦਾ ਰਿਹਾ।

ਸੂਰਜ ਨਿਕਲਣ ਤੋਂ ਪਹਿਲਾਂ ਚੁੱਪ ਚੁਪੀਤੇ ਬਿਸ਼ਨ ਸਿੰਘ ਦੇ ਹਲਕ ਵਿਚੋਂ ਇੱਕ ਅਸਮਾਨ ਨੂੰ ਚੀਰਦੀ ਚੀਕ ਨਿਕਲੀ।

ਇਧਰ-ਉਧਰ ਕਈ ਅਫਸਰ ਭੱਜੇ ਆਏ ਅਤੇ ਉਨ੍ਹਾਂ ਨੇ ਦੇਖਿਆ ਕਿ ਉਹ ਆਦਮੀ ਜੋ ਪੰਦਰ੍ਹਾਂ ਵਰਿਆਂ ਤੱਕ ਦਿਨ ਰਾਤ ਆਪਣੀਆਂ ਟੰਗਾਂ ਉੱਤੇ ਖੜ੍ਹਾ ਰਿਹਾ ਸੀ, ਮੂਧੇ ਮੂੰਹ ਪਿਆ ਸੀ।

ਉਧਰ ਕੰਡਿਆਲੀਆਂ ਤਾਰਾਂ ਦੇ ਪਿੱਛੇ ਹਿੰਦੁਸਤਾਨ ਸੀ, ਇਧਰ ਇਹੋ ਜਿਹੀਆਂ ਤਾਰਾਂ ਦੇ ਪਿੱਛੇ ਪਾਕਿਸਤਾਨ, ਵਿਚਕਾਰ ਜ਼ਮੀਨ ਦੇ ਉਸ ਟੁਕੜੇ ਉੱਤੇ ਜਿਸਦਾ ਕੋਈ ਨਾਂ ਨਹੀਂ ਸੀ ਟੋਭਾ ਟੇਕ ਸਿੰਘ ਪਿਆ ਸੀ। •





# ਦੇਸ਼ ਦੀ ਵੰਡ :ਇੱਕ ਪਿੱਛਲ ਝਾਤ

**ਪਰੇਮ ਸਿੰਘ (ਡਾ.)**

ਅੱਜ ਤੋਂ 62 ਸਾਲ ਪਹਿਲਾਂ ਹੋਈ ਦੇਸ਼ ਦੀ ਵੰਡ ਜਿਹੇ ਇਤਿਹਾਸਕ ਵਰਤਾਰੇ ਉੱਤੇ ਵਿਚਾਰ ਕਰਦਿਆਂ ਇਹ ਤੱਥ ਤਾਂ ਸੁਤੇ-ਸਿੱਧ ਹੀ ਪ੍ਰਤੱਖ ਹੈ ਕਿ ਇਸ ਵੰਡ ਦੇ ਮੌਕੇ ਉੱਤੇ ਨਾ ਕੇਵਲ ਲੱਖਾਂ ਬੇਕਸੂਰ ਲੋਕ ਮੌਤ ਦੇ ਮੂੰਹ ਵਿਚ ਸੁੱਟ ਦਿੱਤੇ ਗਏ, ਸਗੋਂ ਇਹ ਤੱਥ ਵੀ ਕਿ ਇਸ ਵੰਡ ਦੇ ਨਤੀਜੇ ਵਜੋਂ ਬਣਨ ਵਾਲੇ ਦੋ ਦੇਸ਼-ਭਾਰਤ ਅਤੇ ਪਾਕਿਸਤਾਨ ਚੰਗੇ ਗਵਾਂਢੀਆਂ ਦੀ ਤਰ੍ਹਾਂ ਅਮਨ-ਚੈਨ ਨਾਲ ਨਹੀਂ ਵਿਚਰ ਸਕੇ। ਇਨ੍ਹਾਂ ਵਿਚਕਾਰ ਛੋਟੀਆਂ ਅਤੇ ਵੱਡੀਆਂ ਕਈ ਜੰਗਾਂ ਹੋਈਆਂ ਜਿਨ੍ਹਾਂ ਕਾਰਣ ਦੋਹਾਂ ਧਿਰਾਂ ਦਾ ਬੇਓੜਕ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਸਤੰਬਰ 1965 ਵਿਚ ਦੋਹਾਂ ਵਿਚਕਾਰ ਇਕ ਵੱਡੀ ਜੰਗ ਹੋਈ, ਜਿਹੜੀ ਭਾਵੇਂ ਲੰਮਾ ਸਮਾਂ ਤਾਂ ਨਾ ਚੱਲੀ ਪਰ ਜਿਸਦੇ ਨਤੀਜੇ ਵਜੋਂ ਤਲਖ਼ੀ ਬਹੁਤ ਵੱਧ ਗਈ। ਉਸ ਸਮੇਂ ਦੇ ਸੋਵੀਅਤ ਯੂਨੀਅਨ ਦੇ ਦਖ਼ਲ ਨਾਲ ਇਸ ਜੰਗ ਦਾ ਨਿਬੇੜਾ ਤਾਸ਼ਕੰਦ ਸਮਝੌਤੇ ਰਾਹੀਂ ਹੋਇਆ। ਭਾਰਤ ਦੀਆਂ ਫੌਜਾਂ ਜਿਨ੍ਹਾਂ ਨੇ ਪਾਕਿਸਤਾਨ ਦਾ ਇਲਾਕਾ ਕਬਜ਼ੇ ਹੇਠ ਲਿਆ ਸੀ, ਵਾਪਸ ਹੋਇਆ। ਇਵੇਂ ਹੀ ਪਾਕਿਸਤਾਨੀ ਫੌਜਾਂ ਵੀ ਭਾਰਤ ਦਾ ਮੱਲਿਆ ਹੋਇਆ ਇਲਾਕਾ ਛੱਡ ਗਈਆਂ। ਫਿਰ ਵੀ ਦੋਹਾਂ ਦੇਸ਼ਾਂ ਵਿਚਕਾਰ ਸਾਧਾਰਨ ਹਾਲਾਤ ਦੀ ਸਥਾਪਨਾ ਸੰਭਵ ਨਾ ਹੋਈ। ਇਸ ਤੋਂ ਕੁਝ ਮਹੀਨੇ ਪਹਿਲਾਂ ਅਪ੍ਰੈਲ 1965 ਵਿਚ ਗੁਜਰਾਤ ਪ੍ਰਾਂਤ ਦੀ ਕੱਛ ਦੀ ਖਾੜੀ ਉੱਤੇ ਝਗੜਾ ਹੋਇਆ ਜਿਹੜਾ ਅਖ਼ੀਰ 1968 ਵਿਚ 'ਇਨਸਾਫ਼ ਦੀ ਕੌਮਾਂਤਰੀ ਕਚਹਿਰੀ' ਵਿਚ ਨਿਬੜਿਆ।

1971 ਵਿਚ ਦੋਹਾਂ ਦੇ ਵਿਚਕਾਰ ਇਕ ਹੋਰ ਜੰਗ ਹੋਈ। ਇਸਦਾ ਮੁੱਢ ਪੂਰਬੀ ਬੰਗਾਲ ਵਿਚ ਉੱਠੇ ਇਕ ਜਨਤਕ ਅੰਦੋਲਨ ਤੋਂ ਬੱਝਾ ਸੀ। ਪੂਰਬੀ ਬੰਗਾਲ ਉਸ ਸਮੇਂ ਪਾਕਿਸਤਾਨ ਦਾ ਹੀ ਅੰਗ ਸੀ। ਪਾਕਿਸਤਾਨ ਨੇ ਫੌਜੀ ਤਾਕਤ ਨਾਲ ਇਸਨੂੰ ਦਬਾਉਣ ਦਾ ਯਤਨ ਕੀਤਾ। ਫੌਜ ਦੇ ਤਸ਼ੱਦਦ ਕਾਰਨ ਇਕ ਕਰੋੜ ਦੇ ਕਰੀਬ ਪੂਰਬੀ ਬੰਗਾਲੀ ਆਪਣੇ ਘਰ-ਬਾਰ ਛੱਡ ਕੇ ਸਰਹੱਦ ਪਾਰ ਕਰਕੇ ਭਾਰਤ ਵਿਚ ਦਾਖ਼ਲ ਹੋ ਗਏ। ਅਗਸਤ 1971 ਵਿਚ ਭਾਰਤ ਨੇ ਸੋਵੀਅਤ ਯੂਨੀਅਨ ਨਾਲ ਅਮਨ, ਦੋਸਤੀ ਅਤੇ ਸਹਿਯੋਗ ਦੀ ਇਕ ਸੰਧੀ ਕਰ ਲਈ, ਜਿਸਨੇ ਭਾਰਤ ਨੂੰ ਇਸ ਯੋਗ ਬਣਾਇਆ ਕਿ ਇਹ ਪੂਰਬੀ ਬੰਗਾਲ ਵਿਚ ਫੌਜੀ ਦਖ਼ਲ ਦੇ ਸਕੇ। ਇਉਂ ਭਾਰਤ ਨੇ ਪਾਕਿਸਤਾਨੀ ਫੌਜ ਨੂੰ ਹਰਾਇਆ ਅਤੇ ਉਨ੍ਹਾਂ ਦੇ 90,000 ਸਿਪਾਹੀ ਅਤੇ ਅਫ਼ਸਰ ਕੈਦੀ ਬਣਾ ਲਏ। ਇਕ ਨਵੇਂ ਦੇਸ਼ ਬੰਗਲਾ ਦੇਸ਼ ਦੀ ਕਾਇਮੀ ਦਾ ਐਲਾਨ ਕਰ ਦਿੱਤਾ ਗਿਆ। ਪਹਿਲਾਂ ਹੋਈਆਂ ਚੋਣਾਂ ਵਿਚ ਪ੍ਰਭਾਵੀ ਜਨਤਕ ਸਮਰਥਨ ਜਿੱਤ ਚੁੱਕੀ ਅਵਾਮੀ ਲੀਗ ਦੇ ਆਗੂ ਸ਼ੇਖ਼ ਮੁਜੀਬੁਰ ਰਹਿਮਾਨ ਨੇ ਇਸ ਦੀ ਅਗਵਾਈ ਸੰਭਾਲ ਲਈ। ਇਹ ਪਾਕਿਸਤਾਨ ਜੀ ਰਣਨੀਤਕ ਟੁੱਟ-ਭੱਜ ਸੀ ਅਤੇ ਆਜ਼ਾਦੀ ਆਉਣ

ਵੇਲੇ ਦੇ ਭਾਰਤ ਦੀ ਦੂਜੀ ਵੰਡ।

ਕਸ਼ਮੀਰ ਦੇ ਸਵਾਲ ਉੱਤੇ ਦੋਹਾਂ ਦੇਸ਼ਾਂ ਵਿਚਕਾਰ ਚਲੇ ਆਉਂਦੇ ਵਿਵਾਦ ਅਤੇ ਝਗੜੇ ਜਿਨ੍ਹਾਂ ਵਿਚ ਫੌਜੀ ਟੱਕਰਾਂ ਵੀ ਸ਼ਾਮਿਲ ਹਨ, ਦੇਸ਼ ਦੀ ਵੰਡ ਦਾ ਸਭ ਤੋਂ ਵੱਡਾ ਤ੍ਰਾਸਦਿਕ ਪਹਿਲੂ ਹੈ। ਇਹ ਵਿਵਾਦ ਆਜ਼ਾਦੀ ਆਉਣ ਦੇ ਨਾਲ ਹੀ ਆਰੰਭ ਹੋ ਗਿਆ ਸੀ ਅਤੇ ਅਜੇ ਤੱਕ ਅਣ-ਨਜਿੱਠਿਆ ਪਿਆ ਹੈ। ਅਗਸਤ 1947 ਵਿਚ ਹੀ ਪਾਕਿਸਤਾਨ ਵਾਲੇ ਪਾਸਿਉਂ ਹਮਲਾਵਰ ਭਾਰਤੀ ਇਲਾਕੇ ਵਿਚ ਦਾਖ਼ਲ ਹੋ ਗਏ ਸਨ ਅਤੇ ਕਸ਼ਮੀਰ ਉੱਤੇ ਕਬਜ਼ੇ ਦੀ ਲੜਾਈ ਸ਼ੁਰੂ ਹੋ ਗਈ ਸੀ। ਇਸ ਚੱਲਦੇ ਟਕਰਾਉ ਵਿਚ ਅੱਜ ਤੋਂ ਦਸ ਸਾਲ ਪਹਿਲਾਂ 1999 ਵਿਚ ਪਾਕਿਸਤਾਨ ਦੀ ਹਮਾਇਤ ਪ੍ਰਾਪਤ ਜਹਾਦੀ ਅਸਲ ਕੰਟਰੋਲ ਦੀ ਰੇਖਾ (ਐਲ.ਓ.ਸੀ.) ਨੂੰ ਪਾਰ ਕਰਕੇ ਭਾਰਤੀ ਕਸ਼ਮੀਰ ਵਿਚ ਦਾਖ਼ਲ ਹੋ ਗਏ ਸਨ। ਪਿਛਲਾ ਇਕ ਦਹਾਕਾ ਵੀ ਅਮਨ-ਚੈਨ ਨਾਲ ਨਹੀਂ ਬੀਤਿਆ। ਉਸ ਸਾਲ ਦੇ ਮਈ, ਜੂਨ ਅਤੇ ਜੁਲਾਈ ਮਹੀਨਿਆਂ ਵਿਚ ਕਾਰਗਿਲ ਦੇ ਪਹਾੜੀ ਇਲਾਕੇ ਵਿਚ ਫੌਜੀ ਟੱਕਰਾਂ ਹੋਈਆਂ ਸਨ। ਪਾਕਿਸਤਾਨ ਦਾ ਕਸ਼ਮੀਰ ਉੱਤੇ ਦਾਅਵਾ ਬਰਕਰਾਰ ਹੈ। ਜਦ ਤੱਕ ਇਸ ਵਿਵਾਦ ਦਾ ਨਿਬੇੜਾ ਨਾ ਹੋ ਜਾਵੇ ਅਤੇ ਦੋਵੇਂ ਦੇਸ਼ ਅਮਨ ਅਤੇ ਭਾਈਚਾਰੇ ਦੇ ਕਿਸੇ ਨਵੇਂ ਅਹਿਦ-ਨਾਮੇ ਉੱਤੇ ਦਸਖ਼ਤ ਨਾ ਕਰ ਲੈਣ, ਝਗੜੇ ਅਤੇ ਹਿੰਸਕ ਟੱਕਰਾਂ ਬੰਦ ਨਹੀਂ ਹੋਣਗੀਆਂ। ਭਾਰਤੀ ਵਿਧਾਨ ਦੀ ਧਾਰਾ 370 ਦਾ, ਜਿਸ ਅਧੀਨ ਜੰਮੂ ਅਤੇ ਕਸ਼ਮੀਰ ਰਾਜ ਨੂੰ ਉਚੇਚੇ ਅਧਿਕਾਰ ਪ੍ਰਾਪਤ ਹਨ, ਵੀ ਇਸੇ ਅਨੁਸਾਰ ਨਿਬੇੜਾ ਕਰਨਾ ਪਵੇਗਾ। ਭਾਵੇਂ ਭਾਰਤ ਵਿਚ ਇਸਦਾ ਤਕੜਾ ਵਿਰੋਧ ਹੋਣ ਦੀ ਸੰਭਾਵਨਾ ਹੈ। ਇਸ ਵਿਰੋਧ ਨੂੰ ਨਜਿੱਠ ਲੈਣਾ ਭਾਰਤ ਦੇ ਲੰਮੇ ਸਮੇਂ ਦੇ ਹਿੱਤਾਂ ਵਿਚ ਹੋਵੇਗਾ। ਇਸੇ ਤਰ੍ਹਾਂ ਸਿਆਚਿਨ ਗਲੇਸ਼ੀਅਰ ਉੱਤੇ ਕਬਜ਼ੇ ਬਾਰੇ ਦੋਹਾਂ ਦੇਸ਼ਾਂ ਵਿਚ ਖਿੱਚੋ-ਤਾਣ ਬਣੀ ਹੋਈ ਹੈ। ਇਥੇ ਸਰਗਰਮ ਫੌਜੀ ਟੱਕਰਾਂ ਦੀ ਉੱਝ ਭਾਵੇਂ ਗੁੰਜਾਇਸ਼ ਘੱਟ ਹੈ ਕਿਉਂਕਿ ਉੱਚੀ ਚੜ੍ਹਾਈ ਕਾਰਨ ਫੌਜਾਂ ਅਤੇ ਜੰਗੀ ਸਮਾਨ ਮੋਰਚਿਆਂ ਤੱਕ ਪਹੁੰਚਾਉਣਾ ਆਸਾਨ ਨਹੀਂ।

1987 ਵਿਚ ਦੋਹਾਂ ਦੇਸ਼ਾਂ ਦੇ ਸੰਬੰਧਾਂ ਵਿਚ ਇਕ ਬਹੁਤ ਵੱਡਾ ਵਿਗਾੜ ਪੈ ਗਿਆ ਜਦੋਂ 'ਬਰਾਸਟੈਕਸ' ਨਾਂ ਦੀ ਫੌਜੀ ਮਸ਼ਕ ਭਾਰਤ ਨੇ ਕੀਤੀ। ਇਹ ਇਕ ਸਾਲ ਚੱਲਦੀ ਰਹੀ। ਉਸ ਸਮੇਂ ਹਾਲਾਤ ਇਕ ਵਾਰ ਫਿਰ ਜੰਗ ਦੀਆਂ ਬਰੂਹਾਂ ਉੱਤੇ ਜਾ ਪੁੱਜੇ ਸਨ। ਜੰਗ ਭਾਵੇਂ ਨਾ ਹੋਈ ਪਰ ਇਸੇ ਸਮੇਂ ਵਿਚ ਦੋਹਾਂ ਦੇਸ਼ਾਂ ਨੇ ਆਪਣੇ ਨਿਊਕਲਿਆਈ ਪ੍ਰੋਗਰਾਮਾਂ ਨੂੰ ਬਹੁਤ ਵਿਕਸਿਤ ਕਰ ਲਿਆ। 'ਬਰਾਸਟੈਕਸ' ਬਾਰੇ ਪਾਕਿਸਤਾਨੀ ਅਧਿਕਾਰੀਆਂ ਦਾ ਖ਼ਿਆਲ ਸੀ ਕਿ ਭਾਰਤੀ ਫੌਜ ਪਾਕਿਸਤਾਨ ਦੇ ਦੋ ਟੁਕੜੇ ਕਰ ਦੇਵੇਗੀ। ਇਸ ਲਈ ਪਾਕਿਸਤਾਨ ਨੇ ਆਪਣੀਆਂ ਦੋ 'ਕੋਰਾਂ' ਸਰਹੱਦ ਉੱਤੇ ਤਾਇਨਾਤ ਕਰ ਦਿੱਤੀਆਂ। ਪੰਜਾਬ ਉੱਤੇ ਪਾਕਿਸਤਾਨੀ ਹਮਲੇ ਦਾ ਖ਼ਤਰਾ ਹਕੀਕੀ ਬਣ ਗਿਆ ਸੀ। ਭਾਵੇਂ ਵਾਸਤਵ ਵਿਚ ਅਜਿਹਾ ਹੋਣੋ ਰਹਿ ਗਿਆ।

ਪਾਕਿਸਤਾਨ ਅਤੇ ਭਾਰਤ ਦਾ ਨਿਊਕਲਿਆਈ ਹਥਿਆਰਾਂ ਦੀਆਂ ਮਾਲਕ ਸ਼ਕਤੀਆਂ ਬਣ ਜਾਣਾ ਜਿੱਥੇ ਦੋਹਾਂ ਦੇਸ਼ਾਂ ਦੀਆਂ ਸਮਰੱਥਾਵਾਂ ਦਾ ਲਖਾਇਕ ਹੈ, ਉਥੇ ਨਾਲ ਹੀ ਇਹ



ਭਾਰੀ ਮਾਲੀ ਸੋਮਿਆਂ ਦੀ ਖਪਤ ਦਾ ਸੋਮਾ ਵੀ ਹੈ। ਇਹ ਅਮਲ 1974 ਤੋਂ ਸ਼ੁਰੂ ਹੋ ਚੁੱਕਾ ਸੀ ਜਦੋਂ ਭਾਰਤ ਨੇ ਪਹਿਲਾਂ ਨਿਊਕਲਿਆਈ ਵਿਸਫੋਟ ਕੀਤਾ ਸੀ। ਭਾਵੇਂ ਹੁਣ ਤੱਕ ਦੋਹਾਂ ਦੇਸ਼ਾਂ ਵਿਚਕਾਰ ਨਿਊਕਲਿਆਈ ਟੱਕਰ ਨਹੀਂ ਹੋਈ ਅਤੇ ਵਧੇਰੇ ਸੰਭਾਵਨਾ ਵੀ ਇਸਦੇ ਨਾ ਹੋਣ ਦੀ ਹੈ। ਫਿਰ ਵੀ ਇਸ ਖ਼ਤਰੇ ਨੂੰ ਪੂਰੀ ਤਰ੍ਹਾਂ ਅੱਖੋ-ਪਰੋਖੇ ਨਹੀਂ ਕੀਤਾ ਜਾ ਸਕਦਾ। ਜੇ ਅਜਿਹੀ ਜੰਗ ਵਾਕਈ ਹੀ ਜਾਏ ਤਾਂ ਹੋਣ ਵਾਲਾ ਜਾਨੀ ਅਤੇ ਮਾਲੀ ਨੁਕਸਾਨ ਬੇਓੜਕ ਹੋਵੇਗਾ। ਭਾਰਤ ਦੀ ਅਤੇ ਉਸ ਤੋਂ ਵੀ ਵੱਧ ਪਾਕਿਸਤਾਨ ਦੀ ਆਰਥਿਕਤਾ ਕਈ ਦਹਾਕੇ ਪਛੜ ਜਾਵੇਗੀ।

ਪਿਛਲੇ ਛੇ ਦਹਾਕਿਆਂ ਵਿਚ ਇਨ੍ਹਾਂ ਦੋ ਗਵਾਂਢੀ ਦੇਸ਼ਾਂ ਵਿਚ ਦੋਸਤੀ ਦੇ ਸੰਬੰਧ ਕਾਇਮ ਨਹੀਂ ਹੋ ਸਕੇ। ਜੰਗਾਂ ਹੋਣ ਤੋਂ ਬਾਅਦ ਜੇ ਸਮਝੌਤੇ ਵੀ ਹੋਏ ਹਨ ਤਾਂ ਕੁਝ ਸਮੇਂ ਬਾਅਦ ਹੀ ਨਵੀਆਂ ਜੰਗਾਂ ਛਿੜ ਪਈਆਂ ਹਨ ਅਤੇ ਜੰਗ-ਬੰਦੀ ਦੀ ਕੋਈ ਜ਼ਾਮਨੀ ਨਹੀਂ ਹੋਈ। ਦੋਹਾਂ ਦੇਸ਼ਾਂ ਵਿਚ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ, ਜਿਹੜੇ ਪਾਏਦਾਰ ਅਮਨ ਸਥਾਪਤੀ ਨੂੰ ਕੇਵਲ ਇਕ ਸੁਖਾਵਾਂ ਸੁਪਨਾ ਮੰਨਦੇ ਹਨ। ਜਿਹੜਾ ਕਦੇ ਸਾਕਾਰ ਨਹੀਂ ਹੋ ਸਕੇਗਾ। ਭਾਰਤ ਵਿਚ ਭਾਵੇਂ ਸਾਰੀਆਂ ਰਾਜਸੀ ਪਾਰਟੀਆਂ ਅਤੇ ਲੋਕ ਰਾਏ ਦੀਆਂ ਹੋਰ ਧਿਰਾਂ ਅਮਨ ਅਤੇ ਖ਼ੁਸ਼ਹਾਲੀ ਚਾਹੁੰਦੀਆਂ ਹਨ ਪਰ ਕੁਝ ਧਿਰਾਂ ਪਾਕਿਸਤਾਨ ਨੂੰ ਦਬਾ ਕੇ ਰੱਖਣਾ ਜ਼ਰੂਰੀ ਸਮਝਦੀਆਂ ਹਨ। ਉਨ੍ਹਾਂ ਦਾ ਤਰਕ ਇਹ ਹੈ ਕਿ ਪਾਕਿਸਤਾਨ ਉੱਤੇ ਜਦ ਤੱਕ ਇਹ ਡਰ ਸਵਾਰ ਰਹੇਗਾ ਕਿ ਵਧੇਰੇ ਸ਼ਕਤੀਸ਼ਾਲੀ ਭਾਰਤ ਇਸਨੂੰ ਹਰਾ ਦੇਵੇਗਾ, ਓਨਾ ਚਿਰ ਅਮਨ ਕਾਇਮ ਰਹੇਗਾ। ਅਜਿਹੀ ਰਾਏ ਫੌਜੀ ਅਫ਼ਸਰਾਂ ਵਿਚ ਵਿਆਪਕ ਦੱਸੀ ਜਾਂਦੀ ਹੈ।

ਉੱਪਰ ਅਸਾਂ 1947 ਦੀ ਦੇਸ਼ ਵੰਡ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਕਾਰ ਰਿਸ਼ਤਿਆਂ ਦਾ ਸੰਖੇਪ ਖਾਕਾ ਪੇਸ਼ ਕੀਤਾ ਹੈ। ਵੰਡ ਕਾਰਨ ਬਣੇ ਦੋ ਦੇਸ਼ ਅਮਨ-ਚੈਨ ਦੇ ਸੰਖੇਪ ਦੌਰਾਂ ਤੋਂ ਇਲਾਵਾ ਤਿੱਖੀਆਂ ਟੱਕਰਾਂ ਵਿਚੋਂ ਵੀ ਲੰਘੇ ਹਨ, ਜਿਨ੍ਹਾਂ ਕਾਰਨ ਹੋਇਆ ਨੁਕਸਾਨ ਬੇਬਹਾ ਹੈ। ਇਸ ਲਈ ਇਸ ਸਵਾਲ ਨੂੰ ਵਿਚਾਰਨਾ ਯੋਗ ਹੈ ਕਿ ਕੀ ਇਹ ਵੰਡ ਰੁਕ ਸਕਦੀ ਸੀ? ਬੇਸ਼ੱਕ ਇਹ ਨਿਰੋਲ ਇਕ ਅਕਾਦਮਿਕ ਯਤਨ ਹੈ। ਇਸ ਦਾ ਮੰਤਵ ਆਜ਼ਾਦੀ ਪ੍ਰਾਪਤੀ ਨਾਲ ਨੇੜਿਉਂ ਜੁੜੇ ਹੋਏ ਵਾਰਤਾਲਾਪਾਂ ਦੀ ਨਿਸ਼ਾਨਦੇਹੀ ਅਤੇ ਜੋਖ-ਪਰਖ ਹੈ ਤਾਂ ਜੋ ਇਹ ਨਿਤਾਰਾ ਕੀਤਾ ਜਾ ਸਕੇ ਕਿ ਵੰਡ ਦੀ ਵਿਰੋਧਤਾ ਕਰਨ ਵਾਲੀਆਂ ਧਿਰਾਂ ਕਿਹੜੀਆਂ ਸਨ, ਉਨ੍ਹਾਂ ਦੀ ਸਮਰੱਥਾ ਕਿੰਨੀ ਸੀ ਅਤੇ ਉਹ ਕਿਹੜੀਆਂ ਸ਼ਕਤੀਆਂ ਸਨ, ਜਿਨ੍ਹਾਂ ਨੇ ਵੰਡ ਨੂੰ ਇਕ ਅਟੱਲ ਸੱਚਾਈ ਬਣਾ ਦਿੱਤਾ?

ਵੰਡ ਨੂੰ ਟਾਲ ਸਕਣ ਦੀ ਸੰਭਾਵਨਾ ਬਾਰੇ ਸਿੱਧੇ ਤੌਰ ਉੱਤੇ ਟਿੱਪਣੀ ਕੀਤੇ ਬਗ਼ੈਰ ਪ੍ਰਸਿੱਧ ਇਤਿਹਾਸਕਾਰ ਪ੍ਰੋ. ਬਿਪਿਨ ਚੰਦਰਾ ਅਤੇ ਉਨ੍ਹਾਂ ਦੇ ਚਾਰ ਸਹਿਯੋਗੀਆਂ ਨੇ ਉਨ੍ਹਾਂ ਹਾਲਾਤ ਦਾ ਮੁਲੰਕਣ ਕੀਤਾ ਹੈ, ਜਿਨ੍ਹਾਂ ਕਾਰਨ ਇਹ ਵੰਡ ਲਾਜ਼ਮੀ ਬਣ ਗਈ। ਉਨ੍ਹਾਂ

ਅਨੁਸਾਰ –

"ਕਾਂਗਰਸ ਨੇ ਵੰਡ ਨੂੰ ਕਿਉਂ ਅਤੇ ਕਿਵੇਂ ਪ੍ਰਵਾਨ ਕਰ ਲਿਆ? ਲੀਗ ਨੇ ਜ਼ੋਰਦਾ ਮੰਗ ਕੀਤੀ ਅਤੇ ਆਪਣਾ ਹਿੱਸਾ ਧੱਕੇ ਨਾਲ (ਸਾਈਲਾਕੀਅਨ ਪੌਂਡ ਆਫ਼ ਫਲੈਸ਼) ਲਿਆ, ਜਾਂ ਅੰਗਰੇਜ਼ਾਂ ਨੇ ਮੰਨ ਲਿਆ ਸਮਝ ਵਿਚ ਆਉਂਦਾ ਹੈ। ਪਰ ਕਾਂਗਰਸ ਨੇ ਜਿਸ ਇਕ ਭਾਰਤੀ ਕੌਮ ਵਿਚ ਵਿਸ਼ਵਾਸ ਸੀ, ਦੇਸ਼ ਦੀ ਵੰਡ ਕਿਉਂ ਮੰਨੀ। ਇਸ ਸਵਾਲ ਜਵਾਬ ਦੇਣਾ ਔਖਾ ਹੈ। ਨਹਿਰੂ ਅਤੇ ਪਟੇਲ ਨੇ 3 ਜੂਨ ਦੀ ਯੋਜਨਾ ਨੂੰ ਪ੍ਰਵਾਨ ਕਰਨ ਵਕਾਲਤ ਕਿਉਂ ਕੀਤੀ ਅਤੇ ਕਾਂਗਰਸ ਵਰਕਿੰਗ ਕਮੇਟੀ ਅਤੇ ਆਲ ਇੰਡੀਆ ਕਾਂਗਰ ਕਮੇਟੀ ਨੇ ਇਸਦੇ ਹੱਕ ਵਿਚ ਪ੍ਰਸਤਾਵ ਕਿਉਂ ਪਾਸ ਕੀਤਾ? ਸਭ ਤੋਂ ਵੱਧ ਹੈਰਾਨੀ ਦੀ ਗੱ ਇਹ ਹੈ ਕਿ ਗਾਂਧੀ ਨੇ ਇਸਨੂੰ ਕਿਵੇਂ ਮੰਨ ਲਿਆ? ਨਹਿਰੂ ਅਤੇ ਪਟੇਲ ਵਲੋਂ ਵੰਡ ਨੂੰ ਮੰ ਲੈਣਾ ਆਮ ਤੌਰ ਉੱਤੇ ਉਨ੍ਹਾਂ ਵਲੋਂ ਫੌਰੀ ਅਤੇ ਸੌਖੀ ਸੱਤਾ, ਪ੍ਰਾਪਤੀ ਵਿਚੋਂ ਉਪਜਿਆ ਮੰਨਿਆ ਜਾਂਦਾ ਹੈ, ਜਿਸ ਕਾਰਨ ਉਨ੍ਹਾਂ ਨੇ ਲੋਕਾਂ ਨਾਲ ਗੱਦਾਰੀ ਕੀਤੀ। ਗਾਂਧੀ ਜੀ ਮਸ਼ਵਰੇ ਅੱਖੋਂ-ਪਰੋਖੇ ਕੀਤੇ ਗਏ ਦੱਸੇ ਜਾਂਦੇ ਹਨ ਅਤੇ ਦਲੀਲ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਆਪਣੇ ਚੇਲਿਆਂ ਵਲੋਂ ਦਗਾ ਦਿੱਤੇ ਜਾਣ ਨੂੰ ਮਹਿਸੂਸ ਕੀਤਾ ਅਤੇ ਆਪਣੇ ਜੀਵਨ ਦ ਅੰਤ ਕਰਨ ਦੀ ਇੱਛਾ ਕੀਤੀ ਪਰ ਉਹ ਇਕੱਲੇ ਹੀ ਬਹਾਦਰੀ ਨਾਲ ਫਿਰਕੂ ਜਨੂੰਨ ਵਿਰੁੱ ਲੜੇ। ਉਹ 'ਇਕੱਲਾ ਹੀ ਸਰਹੱਦੀ ਫੌਜ' ਸੀ।

ਇਹ ਗੱਲ ਭੁਲਾ ਦਿੱਤੀ ਜਾਂਦੀ ਹੈ ਕਿ 1947 ਵਿਚ ਨਹਿਰੂ, ਪਟੇਲ ਅਤੇ ਗਾਂਧੀ ਜ ਉਹੋ ਕੁਝ ਪ੍ਰਵਾਨ ਕਰ ਰਹੇ ਸਨ ਜਿਹੜਾ ਮੁਸਲਿਮ ਅਵਾਮ ਨੂੰ ਕੌਮੀ ਲਹਿਰ ਵਿਚ ਨਾਲ ਲੈਣ ਵਿਚ ਅਤੇ ਮੁਸਲਿਮ ਫਿਰਕਾਪ੍ਰਸਤੀ ਦੀਆਂ ਉੱਠ ਰਹੀਆਂ ਲਹਿਰਾਂ ਨੂੰ ਠੱਲ੍ਹਣ ਵਿਚ ਕਾਂਗਰ ਦੀ ਅਸਫਲਤਾ ਨੇ ਲਾਜ਼ਮੀ ਬਣਾ ਦਿੱਤਾ ਸੀ। 1946 ਦੀਆਂ ਚੋਣਾਂ ਨੇ ਇਸ ਅਸਫਲਤਾ ਨੂੰ ਬਹੁਤ ਉਘੜਵੇਂ ਰੂਪ ਵਿਚ ਸਾਹਮਣੇ ਲਿਆਂਦਾ ਜਦੋਂ ਲੀਗ ਨੇ ਮੁਸਲਿਮ ਸੀਟਾਂ ਦਾ 9 ਫੀਸਦੀ ਜਿੱਤ ਲਿਆ ਸੀ।

ਪ੍ਰੋ. ਬਿਪਿਨ ਚੰਦਰਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਅੱਗੇ ਲਿਖਿਆ –

"1947 ਵਿਚ ਵੰਡ ਨੂੰ ਪ੍ਰਵਾਨ ਕਰਨਾ ਇਉਂ ਉਸ ਅਮਲ ਦਾ ਆਖ਼ਰੀ ਕਦਮ ਸ ਜਿਸ ਵਿਚ ਪੈਰੋ-ਪੈਰ ਮੁਸਲਿਮ ਲੀਗ ਦੀ ਖੁਦਮੁਖਤਿਆਰ ਮੁਸਲਿਮ ਰਾਜ ਦੀ ਲੜਾਕੂ ਮੁਹਿੰਮ ਨਾਲ ਰਿਆਇਤ ਕੀਤੀ ਗਈ ਸੀ। ਮੁਸਲਿਮ ਬਹੁ-ਗਿਣਤੀ ਵਾਲੇ ਸੂਬਿਆਂ ਦੀ ਖ਼ੁਦ-ਅਖ਼ਤਿਆਰੀ ਹੈਸੀਅਤ (ਅਟਾਨੋਮੀ) ਕਰਿਪਸ ਮਿਸ਼ਨ ਵੇਲੇ ਮੰਨ ਲਈ ਗਈ ਸੀ ਗਾਂਧੀ ਜੀ ਇਕ ਕਦਮ ਅੱਗੇ ਗਏ ਅਤੇ 1944 ਵਿਚ ਜਿਨਾਹ ਨਾਲ ਗੱਲਬਾਤ ਵਿਚ ਉਨ੍ ਮੁਸਲਿਮ ਬਹੁ-ਗਿਣਤੀ ਦੇ ਸੂਬਿਆਂ ਦਾ ਆਤਮ-ਨਿਰਣੇ ਦਾ ਹੱਕ ਪ੍ਰਵਾਨ ਕੀਤਾ। ਜੂਨ 1946 ਵਿਚ ਕਾਂਗਰਸ ਨੇ ਮੁਸਲਿਮ ਬਹੁ-ਗਿਣਤੀ ਵਾਲੇ ਸੂਬਿਆਂ (ਜਿਹੜੇ ਕੈਬਨਿ ਮਿਸ਼ਨ ਪਲੈਨ ਦੇ ਗਰੁੱਪ 'ਬੀ' ਅਤੇ 'ਸੀ' ਸਨ) ਦੀ ਇਕ ਵੱਖਰੀ ਵਿਧਾਨਕਾਰ ਅਸੈਂਬਲੀ ਦ



ਭਾਵਨਾ ਨੂੰ ਕਬੂਲ ਕੀਤਾ ਪਰ ਲਾਜ਼ਮੀ ਗਰੁੱਪਬੰਦੀ ਦਾ ਵਿਰੋਧ ਕੀਤਾ ਅਤੇ ਉੱਤਰ-ਛਮੀ ਸਰਹੱਦੀ ਸੂਬੇ ਅਤੇ ਆਸਾਮ ਦਾ, ਜੇ ਉਹ ਚਾਹੁਣ ਤਾਂ ਭਾਵੇਂ ਕਿਸੇ ਗਰੁੱਪ ਵਿਚ ਸ਼ਾਮਿਲ ਨਾ ਹੋਣ ਦਾ ਹੱਕ ਮੰਨਿਆ। ਪਰ ਸਾਲ ਦੇ ਅਖ਼ੀਰ ਵਿਚ ਨਹਿਰੂ ਨੇ ਕਿਹਾ ਕਿ ਉਹ ਗਰੁੱਪ ਦੇ ਲਾਜ਼ਮੀ ਹੋਣ ਜਾਂ ਨਾ ਹੋਣ ਬਾਰੇ ਫੈਡਰਲ ਕੋਰਟ ਦਾ ਫੈਸਲਾ ਮੰਨਣਗੇ। ਦਸੰਬਰ 1946 ਵਿਚ ਕਾਂਗਰਸ ਨੇ ਚੂੰ-ਚਰਾਂ ਕੀਤੇ ਬਗੈਰ ਬਰਤਾਨਵੀ ਸਰਕਾਰ ਦਾ ਸਪੱਸ਼ਟੀਕਰਨ ਮੰਨ ਲਿਆ ਕਿ ਗਰੁੱਪਬੰਦੀ ਲਾਜ਼ਮੀ ਹੈ। ਕਾਂਗਰਸ ਨੇ ਸਰਕਾਰੀ ਤੌਰ ਉੱਤੇ ਵੰਡ ਦੀ ਗੱਲ ਦਾ ਹਵਾਲਾ ਮਾਰਚ 1947 ਵਿਚ ਦਿੱਤਾ ਜਦੋਂ ਕਾਂਗਰਸ ਵਰਕਿੰਗ ਕਮੇਟੀ ਨੇ ਕਿਹਾ ਕਿ ਪੰਜਾਬ (ਅਤੇ ਇਵੇਂ ਹੀ ਬੰਗਾਲ) ਦੀ ਵੰਡ ਲਾਜ਼ਮੀ ਹੈ। ਜੇਕਰ ਦੇਸ਼ ਵੰਡਿਆ ਜਾਂਦਾ ਹੈ। ਲੀਗ ਦੀ ਮੰਗ ਦੇ ਸਾਹਮਣੇ ਝੁਕਣ ਦੀ ਆਖ਼ਰੀ ਕਾਰਵਾਈ 3 ਜੂਨ 1947 ਦੀ ਯੋਜਨਾ ਨੂੰ ਕਾਂਗਰਸ ਵਲੋਂ ਮਨਜ਼ੂਰ ਕੀਤੇ ਜਾਣ ਨਾਲ ਸਿਰੇ ਚੜ੍ਹੀ।"[1]

ਪ੍ਰੋ. ਬਿਪਿਨ ਚੰਦਰ ਅਤੇ ਉਨ੍ਹਾਂ ਦੇ ਸਹਿਯੋਗੀ ਇਤਿਹਾਸਕਾਰਾਂ ਨੇ ਕਾਂਗਰਸ ਵਲੋਂ ਮੁਸਲਿਮ ਲੀਗ ਦੇ ਸਾਹਮਣੇ ਝੁਕਣ ਦੀ ਪ੍ਰਕਿਰਿਆ ਦੀ ਕੇਵਲ ਤੱਥ ਆਧਾਰਿਤ ਵਿਆਖਿਆਆ ਕੀਤੀ ਹੈ, ਪਰ ਮੁਸਲਿਮ ਅਵਾਮ ਨੂੰ ਆਪਣੇ ਨਾਲ ਲੈ ਸਕਣ ਵਿਚ ਕਾਂਗਰਸ ਦੀ ਅਸਫਲਤਾ ਦੇ ਕਾਰਨਾਂ ਦੀ ਪੜਤਾਲ ਨਹੀਂ ਕੀਤੀ।

ਇਥੇ ਮੌਲਾਨਾ ਆਜ਼ਾਦ ਦੀ ਬਹੁ-ਚਰਚਿਤ ਪੁਸਤਕ 'ਇੰਡੀਆ ਵਿਨਜ਼ ਫ਼ਰੀਡਮ' ਵਿਚੋਂ ਲੰਮਾ ਹਵਾਲਾ ਦੇਣਾ ਉਚਿਤ ਹੈ। ਉਹ ਉਸ ਅਤਿ ਦੇ ਨਾਜ਼ੁਕ ਸਮੇ ਵਿਚ ਛੇ ਸਾਲ ਲਈ ਕਾਂਗਰਸ ਦੇ ਪ੍ਰਧਾਨ ਸਨ। ਇਸੇ ਹੈਸੀਅਤ ਵਿਚ ਉਹ ਬਰਤਾਨਵੀ ਸਰਕਾਰ ਨਾਲ ਆਜ਼ਾਦੀ ਦੀ ਪ੍ਰਾਪਤੀ ਲਈ ਜਾਂ ਜਿਸਨੂੰ ਸਰਕਾਰ ਦੀ ਸ਼ਬਦਾਵਲੀ ਵਿਚ 'ਸੱਤਾ ਦਾ ਤਬਾਦਲਾ' ਕਿਹਾ ਗਿਆ ਸੀ, ਹੁੰਦੇ ਵਾਰਤਾਲਾਪਾਂ ਵਿਚ ਕਾਂਗਰਸ ਦੇ ਅਧਿਕਾਰਿਤ ਪ੍ਰਤੀਨਿਧ ਸਨ। ਉਨ੍ਹਾਂ ਅਨੁਸਾਰ ਦੇਸ਼ ਇਕ ਰਹਿੰਦਾ-ਰਹਿੰਦਾ ਦੋ ਟੁਕੜੇ ਹੋਇਆ ਅਤੇ ਇਸ ਸਥਿਤੀ ਲਈ ਜ਼ਿੰਮੇਵਾਰੀ ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਵਾਂਗ ਸੋਚਣ ਵਾਲੇ ਕਾਂਗਰਸੀ ਆਗੂਆਂ ਦੀ ਸੀ। ਮੌਲਾਨਾ ਨੇ ਲਿਖਿਆ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੀ ਮੀਟਿੰਗ ਮੁੰਬਈ ਵਿਚ 7 ਜੁਲਾਈ 1946 ਨੂੰ ਸੱਦ ਲਈ ਗਈ ਸੀ। 6 ਜੁਲਾਈ ਨੂੰ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਅਗਲੇ ਦਿਨ ਪਾਸ ਕੀਤੇ ਜਾਣ ਵਾਲੇ ਪ੍ਰਸਤਾਵ ਤਿਆਰ ਕੀਤੇ ਗਏ। ਪਹਿਲਾ ਪ੍ਰਸਤਾਵ ਕੈਬਨਿਟ ਮਿਸ਼ਨ ਪਲੈਨ ਬਾਰੇ ਸੀ। ਮੌਲਾਨਾ ਅਨੁਸਾਰ ਉਨ੍ਹਾਂ ਨੇ ਵਜ਼ਾਹਤ ਕਰਦਿਆਂ ਕਿਹਾ ਕਿ ਕੈਬਨਿਟ ਮਿਸ਼ਨ ਪਲੈਨ ਭਾਰਤ ਨੂੰ ਇੱਕ ਰੱਖਣ ਦੀ ਜ਼ਾਮਨੀ ਕਰਦਾ ਹੈ ਅਤੇ ਨਾਲ ਹੀ ਘੱਟ-ਗਿਣਤੀਆਂ ਨੂੰ ਲੋੜੀਂਦੀਆਂ ਜ਼ਾਮਨੀਆਂ ਵੀ ਦਿੰਦਾ ਹੈ ਅਤੇ ਫੁੱਟ-ਪਾਊ ਰੁਝਾਨਾਂ ਦਾ ਵਿਰੋਧ ਕਰਦਾ ਹੈ। ਜਦੋਂ ਇਸ ਪ੍ਰਸਤਾਵ ਬਾਰੇ ਵੋਟਾਂ

1. ਇੰਡੀਆਜ਼ ਸਟਰਗਲ ਫ਼ਾਰ ਇੰਡੀਪੈਂਨਡੈਂਸ, ਬਿਪਿਨ ਚੰਦਰਾ, ਸਿਰਟੁਲਾ ਮੁਖਰਜੀ ਅਦਿਤਿਆ ਮੁਖਰਜੀ ਕੇ. ਐਮ. ਪਾਨੀਕਰ, ਸੁਚੇਤਾ ਮਹਾਜਨ, ਪੈਂਗੁਇਨ ਬੁਕਸ, ਨਿਊ-ਦਿੱਲੀ, ਪੰਨੇ 500-501

ਲਈਆਂ ਤਾਂ ਭਾਰੀ ਬਹੁ-ਗਿਣਤੀ ਨੇ ਪ੍ਰਸਤਾਵ ਦੇ ਹੱਕ ਵਿਚ ਵੋਟ ਪਾਏ। ਮੌਲਾਨਾ ਨੇ ਲਿਖਿਆ -

"ਹੁਣ ਇਕ ਅਜਿਹੀ ਬਦਨਸੀਬ ਘਟਨਾ ਵਾਪਰੀ ਜਿਸਨੇ ਇਤਿਹਾਸ ਦਾ ਰਾਹ ਦਿੱਤਾ। 10 ਜੁਲਾਈ ਨੂੰ ਜਵਾਹਰ ਲਾਲ ਨੇ ਮੁੰਬਈ ਵਿਚ ਇਕ ਪ੍ਰੈਸ ਕਾਨਫਰੰਸ ਕੀਤੀ ਵਿਚ ਉਸਨੇ ਹੈਰਾਨ ਕਰਨ ਵਾਲਾ ਬਿਆਨ ਦਿੱਤਾ। ਕੁਝ ਪ੍ਰੈਸ ਵਾਲਿਆਂ ਨੇ ਉਸਨੂੰ ਪੁੱ ਕਿ ਕੀ ਆਲ ਇੰਡੀਆ ਕਾਂਗਰਸ ਕਮੇਟੀ ਵਲੋਂ ਇਸ ਪ੍ਰਸਤਾਵ ਦੇ ਪਾਸ ਕੀਤੇ ਜਾਣ ਕਾਂਗਰਸ ਨੇ ਇਸ ਯੋਜਨਾ ਨੂੰ ਪੂਰੀ ਤਰ੍ਹਾਂ ਮੰਨ ਲਿਆ ਹੈ, ਸਮੇਤ ਅੰਤਰਿਮ ਸਰਕਾ ਬਣਤਰ ਦੇ।"

ਜਵਾਹਰ ਲਾਲ ਨਹਿਰੂ ਨੇ ਜਵਾਬ ਵਿਚ ਕਿਹਾ ਕਿ ਕਾਂਗਰਸ, ਵਿਧਾਨਕਾਰ ਅਸੈਂ ਵਿਚ, ਇਕਰਾਰਨਾਮਿਆਂ ਦੀ ਬੰਦਿਸ਼ ਤੋਂ ਮੁਕਤ ਹੋਵੇਗੀ ਅਤੇ ਹਰ ਅਵਸਥਾ ਦਾ ਮੁਕਾ ਕਰਨ ਲਈ ਤਿਆਰ ਹੋਵੇਗੀ।"

"ਪ੍ਰੈਸ ਵਾਲਿਆਂ ਨੇ ਹੋਰ ਪੁੱਛਿਆ ਕਿ ਕੀ ਇਸ ਦਾ ਮਤਲਬ ਹੈ ਕਿ ਕੈਬਨਿਟ ਮਿ ਦੀ ਪਲੈਨ ਸੋਧੀ ਜਾ ਸਕਦੀ ਹੈ।"

ਜਵਾਹਰ ਲਾਲ ਨੇ ਠੋਕ ਕੇ ਕਿਹਾ ਕਿ "ਕਾਂਗਰਸ ਨੇ ਕੇਵਲ ਵਿਧਾਨਕਾਰ ਅਸੈਂ ਵਿਚ ਜਾਣਾ ਮੰਨਿਆ ਹੈ। ਇਹ ਕੈਬਨਿਟ ਮਿਸ਼ਨ ਪਲੈਨ ਨੂੰ ਆਪਣੀ ਸੋਚ ਅਨੁਸਾਰ ਸਕਦੀ ਹੈ।"

ਮੌਲਾਨਾ ਨੇ ਲਿਖਿਆ ਕਿ ਮੁਸਲਿਮ ਲੀਗ ਨੇ ਕੈਬਨਿਟ ਮਿਸ਼ਨ ਪਲੈਨ ਨੂੰ ਇਸ ਭ ਉੱਤੇ ਪ੍ਰਵਾਨ ਕੀਤਾ ਸੀ ਕਿ ਕਾਂਗਰਸ ਨੇ ਵੀ ਇਸ ਸਕੀਮ ਨੂੰ ਮੰਨ ਲਿਆ ਸੀ ਅਤੇ ਭਾ ਦਾ ਭਵਿੱਖ ਵਿਚ ਬਣਨ ਵਾਲਾ ਵਿਧਾਨ ਇਸੇ ਉੱਤੇ ਅਧਾਰਿਤ ਹੋਣਾ ਸੀ। ਹੁਣ ਕਿਉ ਕਾਂਗਰਸ ਪ੍ਰਧਾਨ ਨੇ ਐਲਾਨ ਕੀਤਾ ਸੀ ਕਿ ਵਿਧਾਨਕਾਰ ਅਸੈਂਬਲੀ ਵਿਚ ਆਪਣੀ ਬ ਗਿਣਤੀ ਦੇ ਆਧਾਰ ਉੱਤੇ ਕਾਂਗਰਸ ਇਸਨੂੰ ਬਦਲ ਸਕਦੀ ਹੈ, ਇਸਦਾ ਮਤਲਬ ਇਹ ਕਿ ਘੱਟ ਗਿਣਤੀਆਂ, ਬਹੁ-ਗਿਣਤੀ ਦੇ ਰਹਿਮ ਉੱਤੇ ਹੋਣਗੀਆਂ। ਜਿਨਾਹ ਦਾ ਵਿਚ ਸੀ ਕਿ ਜਵਾਹਰ ਲਾਲ ਦੇ ਐਲਾਨ ਦਾ ਮਤਲਬ ਹੈ ਕਿ ਕਾਂਗਰਸ ਨੇ ਕੈਬਨਿਟ ਮਿਸ਼ਨ ਨੂੰ ਕਰ ਦਿੱਤਾ ਹੈ। ਇਸ ਲਈ ਹੁਣ ਵਾਇਸਰਾਏ ਨੂੰ, ਮੁਸਲਿਮ ਲੀਗ ਨੂੰ, ਜਿਸਨੇ ਪਲੈਨ ਮੰਨਿਆ ਹੈ, ਸਰਕਾਰ ਬਣਾਉਣ ਦਾ ਸੱਦਾ ਦੇਣਾ ਚਾਹੀਦਾ ਹੈ। 27 ਜੁਲਾਈ ਦੀ ਮੁਸਲਿ ਲੀਗ ਕੌਂਸਲ ਦੀ ਮੀਟਿੰਗ ਵਿਚ ਜਿਨਾਹ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਪਾਕਿਸਤਾ ਦੀ ਮੰਗ ਦੁਹਰਾਈ ਸੀ ਅਤੇ ਕਿਹਾ ਸੀ ਕਿ ਮੁਸਲਿਮ ਲੀਗ ਦੇ ਸਾਹਮਣੇ ਇਕੋ ਰਾਹ ਹੈ। ਤਿ ਦਿਨਾਂ ਦੀ ਬਹਿਸ ਤੋਂ ਬਾਅਦ ਕੌਂਸਲ ਨੇ ਪ੍ਰਸਤਾਵ ਪਾਸ ਕਰਕੇ ਕੈਬਨਿਟ ਮਿਸ਼ਨ ਪਲੈਨ ਰੱਦ ਕਰ ਦਿੱਤਾ ਸੀ।

ਇਉਂ ਜਿਨਾਹ ਦੀ ਪੁਜੀਸ਼ਨ ਆਪਾ-ਵਿਰੋਧੀ ਸੀ। ਉਹ ਕੈਬਨਿਟ ਮਿਸ਼ਨ ਪਲੈਂ



ਅਧੀਨ ਸਰਕਾਰ ਬਣਾਉਣ ਲਈ ਸੱਦੇ ਜਾਣ ਲਈ ਕਹਿ ਰਿਹਾ ਸੀ ਪਰ ਨਾਲ ਹੀ ਕੌਂਸਲ ਵਲੋਂ ਪਲੈਨ ਨੂੰ ਰੱਦ ਕਰਨ ਦਾ ਮਤਾ ਪਾਸ ਕਰਵਾ ਰਿਹਾ ਸੀ।

ਮੌਲਾਨਾ ਨੇ ਲਿਖਿਆ ਹੈ ਕਿ 8 ਅਗਸਤ ਨੂੰ ਕਾਂਗਰਸ ਵਰਕਿੰਗ ਕਮੇਟੀ ਦੀ ਫੇਰ ਮੀਟਿੰਗ ਹੋਈ। ਉਨ੍ਹਾਂ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਹਾਲਾਤ ਨੂੰ ਸੰਭਾਲਣਾ ਹੈ ਤਾਂ ਸਾਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਕਾਂਗਰਸ ਪ੍ਰਧਾਨ ਦਾ ਮੁੰਬਈ ਦੀ ਪ੍ਰੈਸ ਕਾਨਫਰੰਸ ਵਿਚ ਦਿੱਤਾ ਬਿਆਨ ਉਸਦੀ ਜ਼ਾਤੀ ਰਾਏ ਹੈ ਅਤੇ ਇਹ ਕਾਂਗਰਸ ਦੇ ਫੈਸਲੇ ਅਨੁਸਾਰ ਨਹੀਂ। ਜਵਾਹਰ ਲਾਲ ਨੇ ਦਲੀਲ ਦਿੱਤੀ ਕਿ ਉਸਨੂੰ ਇਸ ਗੱਲ ਉੱਤੇ ਕੋਈ ਇਤਰਾਜ਼ ਨਹੀਂ। ਜੇਕਰ ਇਹ ਕਿਹਾ ਜਾਵੇ ਕਿ ਕਾਂਗਰਸ ਨੇ ਪਲੈਨ ਨੂੰ ਪ੍ਰਵਾਨ ਕਰ ਲਿਆ ਹੈ ਪਰ ਜੇ ਵਰਕਿੰਗ ਕਮੇਟੀ ਇਹ ਪ੍ਰਸਤਾਵ ਪਾਸ ਕਰੇ ਕਿ ਕਾਂਗਰਸ ਪ੍ਰਧਾਨ ਦਾ ਬਿਆਨ ਕਾਂਗਰਸ ਦੀ ਨੀਤੀ ਦੇ ਅਨੁਕੂਲ ਨਹੀਂ ਤਾਂ ਇਹ ਉਸਦੇ ਆਪਣੇ ਲਈ ਅਤੇ ਪਾਰਟੀ ਲਈ ਨਿਰਾਦਰ ਭਰਿਆ ਹੋਵੇਗਾ।

ਮੌਲਾਨਾ ਨੇ ਲਿਖਿਆ ਕਿ ਵਰਕਿੰਗ ਕਮੇਟੀ ਦੁਚਿੱਤੀ ਵਿਚ ਸੀ। ਇਕ ਪਾਸੇ ਕਾਂਗਰਸ ਪ੍ਰਧਾਨ ਦੀ ਇੱਜ਼ਤ ਦਾ ਸਵਾਲ ਸੀ ਪਰ ਦੂਜੇ ਪਾਸੇ ਉਸ ਫੈਸਲੇ ਦਾ ਭਵਿੱਖ ਖ਼ਤਰੇ ਵਿਚ ਸੀ ਜਿਸ ਉੱਤੇ ਮੁਸ਼ਕਿਲ ਨਾਲ ਪੁੱਜੇ ਸਾਂ। ਮੌਲਾਨਾ ਨੇ ਪ੍ਰਸਤਾਵ ਦਾ ਹਵਾਲਾ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ ਪ੍ਰਾਂਤਕ ਖ਼ੁਦ-ਅਖ਼ਤਿਆਰੀ ਇਕ ਬੁਨਿਆਦੀ ਸੱਟ ਸੀ ਅਤੇ ਹਰ ਪ੍ਰਾਂਤ ਨੂੰ ਇਸ ਗੱਲ ਦੀ ਖੁੱਲ੍ਹ ਸੀ ਕਿ ਉਹ ਕਿਸੇ ਗਰੁੱਪ ਵਿਚ ਸ਼ਾਮਿਲ ਹੋਵੇ ਜਾਂ ਨਾ। ਪਰ ਕਾਂਗਰਸ ਵਲੋਂ ਪ੍ਰਾਂਤਕ ਖ਼ੁਦ-ਅਖ਼ਤਿਆਰੀ ਵਿਚ ਨਿਸ਼ਚਾ ਪ੍ਰਗਟ ਕਰ ਦੇਣ ਤੋਂ ਬਾਅਦ ਵੀ ਜਿਨਾਹ ਨੇ ਰਜ਼ਾਮੰਦੀ ਜ਼ਾਹਿਰ ਨਾ ਕੀਤੀ ਅਤੇ ਕਿਹਾ ਕਿ ਕਾਂਗਰਸ ਜੇ ਉਸ ਵਕਤ ਆਪਣਾ ਇਰਾਦਾ ਬਦਲ ਸਕਦੀ ਹੈ ਜਦੋਂ ਅੰਗਰੇਜ਼ ਅਜੇ ਇਥੇ ਹਨ ਅਤੇ ਸੱਤਾ ਇਸਦੇ ਹੱਥ ਨਹੀਂ ਆਈ ਤਾਂ ਜਦੋਂ ਅੰਗਰੇਜ਼ ਚਲੇ ਗਏ ਤਾਂ ਇਸ ਗੱਲ ਦਾ ਘੱਟ-ਗਿਣਤੀਆਂ ਨੂੰ ਕੀ ਯਕੀਨ ਹੋ ਸਕਦਾ ਹੈ ਕਿ ਕਾਂਗਰਸ ਫਿਰ ਜਵਾਹਰ ਲਾਲ ਨਹਿਰੂ ਵਾਲੀ ਪੁਜੀਸ਼ਨ ਉੱਤੇ ਨਹੀਂ ਆ ਜਾਵੇਗੀ? ਮੌਲਾਨਾ ਅਨੁਸਾਰ ਜਵਾਹਰ ਲਾਲ ਨਹਿਰੂ ਨੇ ਇਹ ਗਲਤੀ ਪਹਿਲੀ ਵਾਰੀ ਨਹੀਂ ਕੀਤੀ ਸੀ। ਇਸੇ ਤਰ੍ਹਾਂ ਦੀ ਗਲਤੀ ਉਸਨੇ 1937 ਵਿਚ ਵੀ ਕੀਤੀ ਸੀ ਜਦੋਂ 1935 ਦੇ ਐਕਟ ਅਧੀਨ ਪਹਿਲੀਆਂ ਚੋਣਾਂ ਹੋਈਆਂ ਸਨ। ਇਨ੍ਹਾਂ ਚੋਣਾਂ ਵਿਚ ਮੁਸਲਿਮ ਲੀਗ ਨੂੰ ਮੁੰਬਈ ਅਤੇ ਉੱਤਰ ਪ੍ਰਦੇਸ਼ ਤੋਂ ਸਿਵਾ ਸਾਰੇ ਦੇਸ਼ ਵਿਚ ਵੱਡਾ ਧੱਕਾ ਲੱਗਾ ਸੀ। ਵਜਾਰਤ-ਸਾਜ਼ੀ ਲਈ ਕੁਲੀਸਨ ਸਰਕਾਰ ਬਣਾਉਂਦਿਆਂ ਕਾਂਗਰਸ ਲੀਡਰਸ਼ਿਪ ਵਲੋਂ ਮੁਸਲਿਮ ਲੀਗ ਨੂੰ ਦੋ ਦੀ ਥਾਂ ਉੱਤੇ ਇਕ ਵਜ਼ਾਰਤੀ ਪਦਵੀ ਦੇਣ ਨਾਲ ਲੀਗ ਦੀ ਨਾਰਾਜ਼ਗੀ ਵੱਧ ਗਈ ਸੀ। ਇਸਦੇ ਪ੍ਰਤੀਕਰਮ ਵਜੋਂ ਹੀ ਉੱਤਰ ਪ੍ਰਦੇਸ਼ ਤੋਂ ਲੀਗ ਫੇਰ ਦੋਬਾਰਾ ਜਥੇਬੰਦ ਹੋਣੀ ਸ਼ੁਰੂ ਹੋ ਗਈ ਸੀ। ਗਲਤੀ ਤਾਂ 1937 ਵਾਲੀ ਵੀ ਕਾਫ਼ੀ ਬੁਰੀ ਸੀ ਪਰ 1946 ਵਾਲੀ ਇਸ ਨਾਲੋਂ ਕਿਤੇ ਵੱਧ ਮਹਿੰਗੀ ਪਈ। ਬੇਸ਼ੱਕ ਜਵਾਹਰ ਲਾਲ ਨੇ ਇਕ ਵਾਰ ਫਿਰ ਲੀਗ ਨੂੰ ਮਿਲਵਰਤਣ

ਦੇਣ ਦੀ ਪੇਸ਼ਕਸ਼ ਕੀਤੀ ਪਰ ਜਿਨਾਹ ਨੇ ਆਪਣੀ ਅੜੀ ਜਾਰੀ ਰੱਖੀ। ਜਵਾਹਰ ਲਾਲ ਨਾਲ ਸਹਿਮਤ ਨਾ ਹੋਇਆ ਅਤੇ ਉਸਦਾ ਖ਼ਿਆਲ ਸੀ ਕਿ ਉਸਦਾ ਫੈਸਲਾ ਸਹੀ ਹੈ। ਉ ਦਲੀਲ ਦਿੱਤੀ ਕਿ ਕੇਵਲ 26 ਮੈਂਬਰਾਂ ਦੀ ਤਾਕਤ ਨਾਲ ਮੁਸਲਿਮ ਲੀਗ ਇਕ ਤੋਂ ਸੀਟ ਕੈਬਨਿਟ ਵਿਚ ਨਹੀਂ ਲੈ ਸਕੇਗੀ। ਜਦੋਂ ਮੈਂ ਇਹ ਵੇਖਿਆ ਕਿ ਜਵਾਹਰ ਲਾਲ ਅ ਹੋਇਆ ਹੈ ਤਾਂ ਮੈਂ ਵਾਰਧਾ ਗਿਆ ਅਤੇ ਗਾਂਧੀ ਜੀ ਨੂੰ ਸਾਰੀ ਅਵਸਥਾ ਬਾਰੇ ਜਾਣਕ ਦਿੱਤੀ। ਉਹ ਮੇਰੇ ਨਾਲ ਸਹਿਮਤ ਹੋਏ ਅਤੇ ਕਿਹਾ ਕਿ ਉਹ ਜਵਾਹਰ ਲਾਲ ਨੂੰ ਆਪ ਸਟੈਂਡ ਬਦਲਣ ਲਈ ਕਹਿਣਗੇ। ਮੈਂ ਇਹ ਗੱਲ ਰਿਕਾਰਡ ਉੱਤੇ ਲਿਆਉਣਾ ਚਾਹੁੰਦਾ ਕਿ ਜਦੋਂ ਜਵਾਹਰ ਲਾਲ ਨੇ ਇਸ ਮਸਲੇ ਨੂੰ ਬਦਲਵੇਂ ਰੂਪ ਵਿਚ ਪੇਸ਼ ਕੀਤਾ, ਗਾਂਧੀ ਜਵਾਹਰ ਲਾਲ ਦੇ ਸਾਹਮਣੇ ਝੁਕ ਗਏ ਅਤੇ ਉਨ੍ਹਾਂ ਇਸ ਸਵਾਲ ਉੱਤੇ ਇਸ ਰੂਪ ਵਿਚ ਨਾ ਦਿੱਤਾ ਜਿਸ ਵਿਚ ਦੇਣਾ ਚਾਹੀਦਾ ਸੀ। ਨਤੀਜਾ ਇਹ ਨਿਕਲਿਆ ਕਿ ਉੱਤਰ ਪ੍ਰ ਵਿਚ ਕੋਈ ਫੈਸਲਾ ਨਾ ਹੋ ਸਕਿਆ। ਜਿਨਾਹ ਨੇ ਇਸ ਅਵਸਥਾ ਦਾ ਪੂਰਾ ਲਾਭ ਉਠਾਇ ਅਤੇ ਸਾਰੀ ਲੀਗ ਨੂੰ ਹੀ ਕਾਂਗਰਸ ਦੇ ਖ਼ਿਲਾਫ਼ ਕਰ ਦਿੱਤਾ।

ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਭਾਵੇਂ ਜਿਨਾਹ ਨੇ 27 ਜੁਲਾਈ 194 ਨੂੰ ਮੁਸਲਿਮ ਲੀਗ ਕੌਂਸਲ ਮੀਟਿੰਗ ਦੇ ਉਦਘਾਟਨੀ ਭਾਸ਼ਣ ਵਿਚ ਕੈਬਨਿਟ ਮਿਸ਼ਨ ਪਲੈ ਨੂੰ ਰੱਦ ਕੀਤਾ ਅਤੇ ਕੌਂਸਲ ਤੋਂ ਇਸ ਮੰਤਵ ਦਾ ਮਤਾ ਵੀ ਪਾਸ ਕਰਵਾਇਆ ਸੀ। ਮਿਸ਼ ਪਲੈਨ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਗਈ ਸੀ। ਸੰਭਵ ਹੈ ਕਿ ਸਰਕਾਰ ਅਤੇ ਮੁਸਲਿਮ ਲੀ ਵਿਚਕਾਰ ਪਰਦੇ ਪਿੱਛੇ ਸੰਪਰਕ ਜਾਰੀ ਸਨ। ਮੌਲਾਨਾ ਅਨੁਸਾਰ ਵਾਇਸਰਾਏ ਲਾਰਡ ਵੇਵ ਨੇ ਜਿਨਾਹ ਨੂੰ ਦਿੱਲੀ ਸੱਦ ਭੇਜਿਆ ਅਤੇ ਉਸ ਨਾਲ ਕਈ ਮੀਟਿੰਗਾਂ ਕੀਤੀਆਂ। ਆਖ਼ਰ 1 ਅਕਤੂਬਰ ਨੂੰ ਮੁਸਲਿਮ ਲੀਗ ਨੇ ਅੰਤ੍ਰਿਮ ਸਰਕਾਰ ਵਿਚ ਸ਼ਾਮਿਲ ਹੋਣ ਦਾ ਫੈਸਲਾ ਕ ਲਿਆ। ਪਰ ਅੰਤ੍ਰਿਮ ਸਰਕਾਰ ਕਾਂਗਰਸ ਅਤੇ ਮੁਸਲਿਮ ਲੀਗ ਦਰਮਿਆਨ ਸ਼ੱਕ ਅਤੇ ਬੇ ਵਿਸ਼ਵਾਸੀ ਦੇ ਮਾਹੌਲ ਵਿਚ ਜੰਮੀ ਸੀ। ਲੀਗ ਵਲੋਂ ਸਰਕਾਰ ਵਿਚ ਸ਼ਾਮਲ ਹੋਣ ਤੋਂ ਪਹਿਲ ਹੀ ਇਸਦੀ ਬੇ-ਵਿਸ਼ਵਾਸੀ ਨੇ ਨਵੀਂ ਸਰਕਾਰ ਦੀ ਬਣਤਰ ਉੱਤੇ ਅਸਰ ਪਾਇਆ ਸੀ। ਜ ਸਤੰਬਰ 1946 ਵਿਚ ਵਜਾਰਤ ਬਣਾਈ ਗਈ, ਰੱਖਿਆ ਮੰਤਰੀ ਦਾ ਸਵਾਲ ਸਾਹਮ ਆਇਆ। ਕਾਂਗਰਸ ਦੀ ਇੱਛਾ ਸੀ ਕਿ ਇਸ ਪਦਵੀ ਉੱਤੇ ਇਸਦੇ ਭਰੋਸੇ ਵਾਲਾ ਬੰਦਾ ਹੋਵ ਪਰ ਲਾਰਡ ਵੇਵਲ ਨੇ ਕਿਹਾ ਕਿ ਇਸ ਨਾਲ ਮੁਸ਼ਕਿਲਾਂ ਪੈਦਾ ਹੋਣਗੀਆਂ। ਉਹ ਰੱਖਿਆ ਫਿਰਕੂ ਰਾਜਨੀਤੀ ਤੋਂ ਲਾਂਭੇ ਰੱਖਣਾ ਚਾਹੁੰਦਾ ਸੀ। ਉਸ ਵਲੋਂ ਸ. ਬਲਦੇਵ ਸਿੰਘ ਨੂੰ ਜਿਹੜਾ ਪੰਜਾਬ ਵਿਚ ਵਜ਼ੀਰ ਸੀ, ਲੈਣ ਦਾ ਸੁਝਾਅ ਆਇਆ ਜਿਹੜਾ ਕਾਂਗਰਸ ਨੇ ਮੰ ਲਿਆ।

ਮੌਲਾਨਾ ਨੇ ਇਥੇ ਕੁਝ ਛੋਟੀਆਂ ਅਤੇ ਵੱਡੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹ ਜਿਨ੍ਹਾਂ ਤੋਂ ਜ਼ਾਹਿਰ ਹੈ ਕਿ ਅੰਤ੍ਰਿਮ ਸਰਕਾਰ ਵਿਚ ਨਿਤਾ-ਪ੍ਰਤੀ ਰਾਜ ਪ੍ਰਬੰਧਕ ਸਵਾਲਾਂ ਉੱਤੇ



ਗਰਸ ਅਤੇ ਲੀਗ ਦਰਮਿਆਨ ਖਟ-ਪਟੀ ਚੱਲਦੀ ਰਹੀ ਸੀ। ਉਨ੍ਹਾਂ ਅਨੁਸਾਰ ਕਾਂਗਰਸ ਸੰਦੇਹ ਪ੍ਰਗਟ ਕਰਨਾ ਨਾ ਸਿਆਣਪ ਸੀ ਅਤੇ ਨਾ ਹੀ ਇਹ ਠੀਕ ਸੀ। ਜੇ ਇਹ ਦੇਸ਼ ਦੀ ਕਤਾ ਚਾਹੁੰਦੀ ਸੀ ਤਾਂ ਇਸਨੂੰ ਕੈਬਨਿਟ ਮਿਸ਼ਨ ਸਕੀਮ ਨੂੰ ਨਿਰਸੰਕੋਚ ਢੰਗ ਨਾਲ ਮੰਨ ਣਾ ਚਾਹੀਦਾ ਸੀ। ਇਸਦੇ ਡਾਵਾਂਡੋਲਪਨ ਨੇ ਜਿਨਾਹ ਨੂੰ ਮੌਕਾ ਦਿੱਤਾ ਕਿ ਦੇਸ਼ ਦੀ ਵੰਡ ਰ ਸਕੇ।

ਮੌਲਾਨਾ ਅਨੁਸਾਰ ਕਾਂਗਰਸ ਅਤੇ ਲੀਗ ਵਿਚਕਾਰ ਵੱਡਾ ਮੱਤਭੇਦ ਕੈਬਨਿਟ ਮਿਸ਼ਨ ਲੈਨ ਵਿਚਲੀਆਂ ਪ੍ਰਾਂਤਾਂ ਦੇ ਗਰੁੱਪ ਬਣਾਉਣ ਨਾਲ ਸੰਬੰਧਿਤ ਮੱਦਾਂ ਬਾਰੇ ਸੀ। ਜਿਨਾਹ ਦਾ ਚਾਰ ਸੀ ਕਿ ਗਰੁੱਪ ਬਣਾਉਣ ਬਾਰੇ ਕੀਤੀ ਗਈ ਕੋਈ ਤਬਦੀਲੀ ਪਲੈਨ ਦੇ ਢਾਂਚੇ ਨੂੰ ਦਲ ਦੇਵੇਗੀ। ਪਰ ਆਸਾਮ ਦੇ ਕਾਂਗਰਸੀ ਆਗੂ ਇਹ ਸਮਝਦੇ ਸਨ ਕਿ ਆਰੰਭ ਵਿਚ ਈ ਪ੍ਰਾਂਤ ਵੀ ਕਿਸੇ ਗਰੁੱਪ ਤੋਂ ਬਾਹਰ ਰਹਿ ਸਕਦਾ ਹੈ। ਇਹ ਚਾਹੇ ਤਾਂ ਕਿਸੇ ਗਰੁੱਪ ਵਿਚ ਰਲੇ ਅਤੇ ਆਪਣਾ ਵੱਖਰਾ ਵਿਧਾਨ ਆਜ਼ਾਦੀ ਨਾਲ ਬਣਾ ਲਵੇ। ਇਥੇ ਧਿਆਨ ਦੇਣ ਾਲੀ ਗੱਲ ਇਹ ਹੈ ਕਿ ਜੇ ਕੈਬਨਿਟ ਮਿਸ਼ਨ ਪਲੈਨ ਦੇਸ਼ ਨੂੰ ਇਕ ਰੱਖਣਾ ਸੀ ਅਤੇ ਜਿਨਾਹ ਸ ਪ੍ਰਤੀ ਵਚਨਬੱਧ ਸੀ, ਜਦ ਤੱਕ ਕਿ ਉਸਨੇ ਇਸਨੂੰ ਰੱਦ ਨਹੀਂ ਕੀਤਾ ਸੀ ਤਾਂ ਕਾਂਗਰਸ ਈ ਉਸ ਵਕਤ ਤੱਕ ਇਹੋ ਰਾਹ ਯੋਗ ਸੀ ਕਿ ਜਿਨਾਹ ਨੂੰ ਨਾਲ ਰੱਖਣ ਲਈ ਉਹ ਆਸਾਮ ਕਾਂਗਰਸੀ ਆਗੂਆਂ ਨੂੰ ਜਾਂ ਮਨਾ ਲੈਂਦੀ ਜਾਂ ਉਨ੍ਹਾਂ ਉੱਤੇ ਡਸਿਪਲਿਨ ਲਾਗੂ ਕਰਕੇ ਾਪਣੀ ਸਰਬ-ਹਿੰਦ ਪਹੁੰਚ ਅਨੁਸਾਰ ਤੁਰਦੀ। ਪਰ ਹੋਇਆ ਇਸਦੇ ਉਲਟ। ਮੌਲਾਨਾ ਨੁਸਾਰ ਗਾਂਧੀ ਜੀ ਨੇ ਆਸਾਮ ਦੇ ਕਾਂਗਰਸੀ ਆਗੂਆਂ ਵਲੋਂ ਦਿੱਤੀ ਗਈ ਵਿਆਖਿਆ ਾ ਸਮਰਥਨ ਕੀਤਾ। 6 ਦਸੰਬਰ ਨੂੰ ਬਰਤਾਨਵੀ ਕੈਬਨਿਟ ਨੇ ਇਕ ਬਿਆਨ ਦਿੱਤਾ ਜਿਸ ਵਿਚ ਉਸਨੇ ਗਰੁੱਪ ਬਣਾਉਣ ਬਾਰੇ ਲੀਗ ਦੇ ਵਿਚਾਰ ਦਾ ਸਮਰਥਨ ਕੀਤਾ।

ਮੌਲਾਨਾ ਆਜ਼ਾਦ ਨੇ ਮੰਨਿਆ ਹੈ ਕਿ ਉਨ੍ਹਾਂ ਮਹਿਸੂਸ ਕੀਤਾ ਕਿ ਕਾਂਗਰਸ ਅਤੇ ਸਲਿਮ ਲੀਗ ਦੇ ਮੱਤਭੇਦ ਇਕ ਅਜਿਹੇ ਪੜਾਅ ਉੱਤੇ ਪੁੱਜ ਗਏ ਸਨ ਕਿ ਇਨ੍ਹਾਂ ਵਿਚਕਾਰ ਮਝੌਤਾ ਕੇਵਲ ਇਕ ਤੀਜੀ ਧਿਰ ਦੀ ਵਿਚੋਲਗੀ ਰਾਹੀਂ ਹੀ ਹੋ ਸਕਦਾ ਸੀ। ਉਨ੍ਹਾਂ ਦੀ ਰਾਏ ੀ ਕਿ ਇਹ ਕੰਮ ਮਾਊਂਟ ਬੇਟਨ ਉੱਤੇ ਛੱਡ ਦਿੱਤਾ ਜਾਵੇ। ਪਰ ਇਸ ਰਾਏ ਨਾਲ ਨਹਿਰੂ ਅਤੇ ਟੇਲ ਸਹਿਮਤ ਨਾ ਹੋਏ। ਇਸ ਅਵਸਥਾ ਦਾ ਮਾਊਂਟ ਬੇਟਨ ਨੇ ਲਾਭ ਉਠਾਇਆ ਅਤੇ ਹਿਜੇ-ਸਹਿਜੇ ਉਸਨੇ ਸਾਰੀ ਸੱਤਾ ਆਪਣੇ ਹੱਥ ਵਿਚ ਲੈ ਲਈ ਅਤੇ ਕਾਂਗਰਸ ਅਤੇ ਲੀਗ ਦੋਹਾਂ ਧਿਰਾਂ ਨੂੰ ਦੇਸ਼ ਦੀ ਵੰਡ ਦੇ ਅਟੱਲ ਹੋਣ ਬਾਰੇ ਸਹਿਮਤ ਕਰ ਲਿਆ। ਮੌਲਾਨਾ ਅਨੁਸਾਰ ਮੈਂ ਇਹ ਗੱਲ ਰਿਕਾਰਡ ਉੱਤੇ ਲਿਆਉਣੀ ਜ਼ਰੂਰੀ ਸਮਝਦਾ ਹਾਂ ਕਿ ਸਰਦਾਰ ਪਟੇਲ ਸਭ ਤੋਂ ਪਹਿਲਾਂ ਮਾਊਂਟ ਬੇਟਨ ਦੇ ਵਿਚਾਰ ਦੇ ਪਿੱਛੇ ਲੱਗਾ। ਸ਼ਾਇਦ ਅਖ਼ੀਰ ਤੱਕ ਪਾਕਿਸਤਾਨ ਜਿਨਾਹ ਲਈ ਸੌਦੇਬਾਜ਼ੀ ਦਾ ਪੈਂਤੜਾ ਸੀ ਪਰ ਪਾਕਿਸਤਾਨ ਲਈ ਲੜਦਿਆਂ ਉਸਨੇ ਵਿਤੋਂ ਬਾਹਰਾ ਜ਼ੋਰ ਲਾਇਆ। ਉਸ ਦੀਆਂ ਕਾਰਵਾਈਆਂ ਨੇ ਸਰਦਾਰ ਪਟੇਲ ਨੂੰ ਐਨਾ ਨਾਰਾਜ਼

ਕੀਤਾ ਕਿ ਉਹ (ਸਰਦਾਰ ਪਟੇਲ) ਹੁਣ ਵੰਡ ਵਿਚ ਵਿਸ਼ਵਾਸ ਕਰਨ ਲੱਗ ਪਿਆ। ਅਸਲ ਵਿਚ ਸਰਦਾਰ ਪਟੇਲ ਮਾਊਂਟ ਬੇਟਨ ਦੇ ਆਉਣ ਤੋਂ ਪਹਿਲਾਂ ਹੀ 50 ਫ਼ੀਸਦੀ ਵੰਡ ਦੇ ਹੱਕ ਵਿਚ ਸੀ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੰਡ ਦੀ ਬੁਨਿਆਦ ਰੱਖਣ ਵਾਲਾ ਪਟੇਲ ਹੀ ਸੀ। ਮੈਂ ਅਕਸਰ ਹੈਰਾਨ ਹੋਇਆ ਹਾਂ ਕਿ ਜਵਾਹਰ ਲਾਲ ਨੂੰ ਮਾਊਂਟ ਬੇਟਨ ਨੇ ਕਿਵੇਂ ਆਪਣੇ ਪੱਖ ਵਿਚ ਕਰ ਲਿਆ। ਉਹ ਅਸੂਲ ਵਾਲਾ ਬੰਦਾ ਹੈ ਪਰ ਉਹ ਜਜ਼ਬਾਤੀ ਹੈ ਅਤੇ ਜ਼ਾਤੀ ਅਸਰ ਕਬੂਲ ਕਰ ਲੈਂਦਾ ਹੈ। ਮੇਰਾ ਖ਼ਿਆਲ ਹੈ ਕਿ ਇਕ ਅੰਸ਼ ਇਸ ਤਬਦੀਲੀ ਲਈ ਲੇਡੀ ਮਾਊਂਟਬੇਟਨ ਦੀ ਸ਼ਖ਼ਸੀਅਤ ਸੀ। ਮੈਂ ਵੇਖਿਆ ਕਿ ਪਟੇਲ ਵੰਡ ਦੇ ਏਨਾ ਹੱਕ ਵਿਚ ਸੀ ਕਿ ਉਹ ਕਿਸੇ ਦੂਜੇ ਵਿਚਾਰ ਨੂੰ ਸੁਣਨ ਲਈ ਵੀ ਤਿਆਰ ਨਹੀਂ ਸੀ। ਮੈਂ ਦੋ ਘੰਟੇ ਤੋਂ ਵੱਧ ਉਸ ਨਾਲ ਵਿਚਾਰ ਕਰ ਰਿਹਾ। ਮੈਂ ਕਿਹਾ ਕਿ ਜੇ ਅਸਾਂ ਵੰਡ ਨੂੰ ਪ੍ਰਵਾਨ ਕਰ ਲਿਆ ਅਸੀਂ ਭਾਰਤ ਲਈ ਇੱਕ ਸਦੀਵੀ ਸਮੱਸਿਆ ਪੈਦਾ ਕਰ ਲਵਾਂਗੇ। ਵੰਡ ਨਾਲ ਫਿਰਕੂ ਸਮੱਸਿਆ ਹੱਲ ਨਹੀਂ ਹੋਵੇਗੀ ਸਗੋਂ ਦੇਸ਼ ਦਾ ਪੱਕਾ ਭਵਿੱਖ ਬਣਾ ਦੇਵੇਗੀ। ਜਿਨਾਹ ਨੇ ਦੋ ਕੌਮਾਂ ਦਾ ਨਾਅਰਾ ਉਠਾਇਆ ਸੀ। ਵੰਡ ਨੂੰ ਪ੍ਰਵਾਨ ਕਰ ਲੈਣ ਦਾ ਮਤਲਬ ਸੀ ਕਿ ਉਸ ਨਾਅਰੇ ਨੂੰ ਮੰਨ ਲਿਆ ਗਿਆ ਹੈ। ਦੇਸ਼ ਨੂੰ ਹਿੰਦੂ, ਮੁਸਲਮਾਨ ਦੇ ਆਧਾਰ ਉੱਤੇ ਕਿਵੇਂ ਵੰਡਿਆ ਜਾ ਸਕਦਾ ਹੈ। ਫ਼ਿਰਕੂ ਡਰਾਂ ਨੂੰ ਖ਼ਤਮ ਕਰਨ ਦੀ ਥਾਂ ਫ਼ਿਰਕੂ ਨਫ਼ਰਤ ਉੱਤੇ ਆਧਾਰਿਤ ਦੋ ਰਾਜ ਪੈਦਾ ਕਰਕੇ ਵੰਡ ਇਨ੍ਹਾਂ ਨੂੰ ਸਦੀਵੀ ਬਣਾ ਦੇਵੇਗੀ। ਇਕ ਵਾਰ ਨਫ਼ਰਤ ਉੱਤੇ ਆਧਾਰਿਤ ਰਾਜ ਹੋਂਦ ਵਿਚ ਆ ਗਏ ਤਾਂ ਕੋਈ ਨਹੀਂ ਜਾਣਦਾ ਕਿ ਹਾਲਾਤ ਕਿਧਰ ਨੂੰ ਜਾਣਗੇ।"[2]

ਮੌਲਾਨਾ ਆਜ਼ਾਦ ਨੇ ਗਾਂਧੀ ਜੀ ਦੇ ਸਟੈਂਡ ਬਾਰੇ ਵੀ ਇਥੇ ਕਈ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਦਾ ਸਾਰੰਸ਼ ਇਹ ਹੈ ਕਿ ਜਵਾਹਰ ਲਾਲ ਅਤੇ ਪਟੇਲ ਦੇ ਵੰਡ ਦੇ ਹੱਕ ਵਿਚ ਹੋ ਜਾਣ ਤੋਂ ਬਾਅਦ ਗਾਂਧੀ ਜੀ ਹੀ ਉਨ੍ਹਾਂ ਦੀ ਇਕੋ ਉਮੀਦ ਸਨ। ਉਹ ਪਹਿਲਾਂ ਕੁਝ ਮਹੀਨੇ ਨੌਆਖਲੀ ਵਿਚ ਲਾ ਚੁੱਕੇ ਸਨ ਅਤੇ ਉਨ੍ਹਾਂ ਨੇ ਹਿੰਦੂ ਮੁਸਲਿਮ ਏਕਤਾ ਦਾ ਮਾਹੌਲ ਪੈਦਾ ਕੀਤਾ ਸੀ। ਮੌਲਾਨਾ ਨੂੰ ਆਸ ਸੀ ਕਿ ਉਹ ਦਿੱਲੀ ਆਉਣਗੇ ਅਤੇ ਮਾਊਂਟਬੇਟਨ ਨੂੰ ਮਿਲਣਗੇ। ਉਹ ਤਾਂ ਮਾਰਚ 1947 ਨੂੰ ਦਿੱਲੀ ਗਏ। ਜਦੋਂ ਮੌਲਾਨਾ ਉਹਨਾਂ ਨੂੰ ਮਿਲੇ ਤਾਂ ਮੌਲਾਨਾ ਅਨੁਸਾਰ ਉਨ੍ਹਾਂ ਦਾ ਪਹਿਲਾ ਕਥਨ ਹੀ ਇਹ ਸੀ ਕਿ ਵੰਡ ਹੁਣ ਖ਼ਤਰਾ ਬਣ ਗਈ ਹੈ। ਇਉਂ ਪਰਤੀਤ ਹੁੰਦਾ ਹੈ ਕਿ ਵਿਠਲ ਭਾਈ ਅਤੇ ਜਵਾਹਰ ਲਾਲ ਵੀ ਹਥਿਆਰ ਸੁੱਟ ਬੈਠੇ ਸਨ। ਹੁਣ ਤੂੰ ਕੀ ਕਰੇਂਗਾ? ਕੀ ਤੂੰ ਮੇਰਾ ਸਾਥ ਦੇਵੇਂਗਾ ਜਾਂ ਤੂੰ ਵੀ ਬਦਲ ਗਿਆ ਹੈ", ਮੌਲਾਨਾ ਨੂੰ ਗਾਂਧੀ ਜੀ ਨੇ ਪੁੱਛਿਆ। ਗਾਂਧੀ ਜੀ ਨੇ ਇਹ ਵੀ ਕਿਹਾ ਕਿ ਜੇ ਕਾਂਗਰਸ ਵੰਡ ਨੂੰ ਪ੍ਰਵਾਨ ਕਰਨਾ ਚਾਹੁੰਦੀ ਹੈ ਤਾਂ ਇਹ ਮੇਰੀ ਲਾਸ਼ ਉੱਤੇ ਹੋਵੇਗਾ। ਜਿੰਨਾ ਚਿਰ ਮੈਂ ਜਿਊਂਦਾ ਹਾਂ ਮੈਂ ਦੇਸ਼ ਦੀ ਵੰਡ ਨਹੀਂ ਮੰਨਾਂਗਾ। ਜੇ ਮੈਂ ਕਰ ਸਕਿਆ ਤਾਂ ਕਾਂਗਰਸ ਨੂੰ ਵੀ ਇਹ ਮੰਨਣ ਨਹੀਂ ਦਿਆਂਗਾ।" ਮੌਲਾਨਾ ਅਨੁਸਾਰ ਮਾਊਂਟਬੇਟਨ ਨੂੰ ਦੋਬਾਰਾ ਦੋ ਅਪ੍ਰੈਲ ਨੂੰ ਮਿਲਣ ਤੋਂ ਬਾਅਦ ਗਾਂਧੀ ਜੀ ਬਦਲ ਚੁੱਕੇ ਸਨ। ਜਦੋਂ ਮੌਲਾਨਾ ਉਨ੍ਹਾਂ ਨੂੰ ਮਿਲੇ ਤਾਂ ਉਨ੍ਹਾਂ ਨੇ ਆਪਣੇ ਸ਼ਬਦਾਂ



ਉਨ੍ਹਾਂ ਨੂੰ ਇਹ ਜਾਣ ਕੇ "ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਦਮਾ ਲੱਗਾ।" ਹੁਣ ...ੀ ਜੀ ਉਹੋ ਦਲੀਲਾਂ ਦੁਹਰਾ ਰਹੇ ਸਨ ਜਿਹੜੀਆਂ ਪਟੇਲ ਪਹਿਲਾਂ ਦੇ ਚੁੱਕਾ ਸੀ।

ਮੌਲਾਨਾ ਆਜ਼ਾਦ ਦੇ ਪੇਸ਼ਕਾਰੀ ਵਿਚ ਦੇਸ਼ ਦੀ ਵੰਡ ਇਸ ਕਾਰਨ ਲਾਜ਼ਮੀ ਬਣ ਗਈ ...ਂਕਿ ਕਾਂਗਰਸ ਅਤੇ ਲੀਗ ਵਿਚਕਾਰ ਕੋਈ ਸਮਝੌਤਾ ਨਹੀਂ ਹੋ ਰਿਹਾ ਸੀ ਅਤੇ ਗਾਂਧੀ ਜੀ ...ਤ ਕਾਂਗਰਸ ਲੀਡਰਸ਼ਿਪ ਵੰਡ ਦੇ ਹੱਕ ਵਿਚ ਹੋ ਗਈ ਸੀ। ਮੌਲਾਨਾ ਨੇ ਫੈਸਲੇ ਨੂੰ ...ਤਵੀ ਕਰਨ ਦਾ ਸੁਝਾਅ ਵੀ ਦਿੱਤਾ ਅਤੇ ਕਿਹਾ ਕਿ ਅਸਲ ਸੱਤਾ ਤਾਂ ਭਾਰਤੀ ਹੱਥਾਂ ...ਤ ਹੈ ਅਤੇ ਜੇ ਸੱਤਾ ਦਾ ਕਾਨੂੰਨੀ ਤਬਾਦਲਾ ਦੋ ਸਾਲਾਂ ਲਈ ਮੁਲਤਵੀ ਕਰ ਦਿੱਤਾ ਜਾਵੇ ਮੁਸਲਿਮ ਲੀਗ ਸੁਲਹ ਕਰਨ ਲਈ ਮਜਬੂਰ ਹੋ ਜਾਵੇਗੀ। ਪਰ ਮਾਊਂਟਬੇਟਨ ਨੇ ਆਪਣਾ ... ਬਣਾਇਆ ਹੋਇਆ ਸੀ ਅਤੇ ਉਸਨੇ ਵੰਡ ਦੇ ਫੈਸਲੇ ਨੂੰ ਤਿੰਨ ਜੂਨ ਦੇ ਸਰਕਾਰੀ ...ਮਾਨ ਦੇ ਰੂਪ ਵਿਚ ਨਸ਼ਰ ਕਰ ਦਿੱਤਾ।

ਦੇਸ਼ ਦੀ ਵੰਡ ਨੂੰ ਰੋਕਣ ਦੇ ਯਤਨਾਂ ਵਿਚ ਮਹਾਤਮਾ ਗਾਂਧੀ ਦੀ ਭੂਮਿਕਾ ਦਾ, ਜਿਹੜੀ ਕਿਸੇ ਵੀ ਕਾਂਗਰਸੀ ਆਗੂ ਨਾਲੋਂ ਵੱਧ ਸੀ ਕਿਉਂਕਿ ਉਹ ਆਪ ਹੀ ਇਸ ਦੇ ਸਿਰਮੌਰ ...ਗੂ ਰਹੇ ਸਨ, ਜ਼ਿਕਰ ਵੀ ਇਥੇ ਪ੍ਰਸੰਗਿਕ ਹੈ। ਉਨ੍ਹਾਂ ਨੇ ਨਾਮਿਲਵਰਤਣ ਲਹਿਰ, ਸਿਵਲ ...-ਫੁਰਮਾਨੀ ਲਹਿਰ ਅਤੇ 1942 ਦੀ 'ਭਾਰਤ ਛੱਡੋ' ਲਹਿਰ ਵਿਚ ਹਿੰਦੂ-ਮੁਸਲਿਮ ਏਕਤਾ ...ਮਾਸ਼ੇ ਅਤੇ ਨਾਅਰੇ ਨੂੰ ਕੇਂਦਰ ਵਿਚ ਰੱਖਿਆ ਸੀ। ਪਰ ਹੁਣ ਜਦੋਂ ਆਜ਼ਾਦੀ ਦੀ ਘੜੀ ... ਆਈ ਤਾਂ ਉਹ ਨਾ ਮੁਸਲਿਮ ਲੀਗ ਨੂੰ ਨਾਲ ਲੈ ਸਕੇ ਅਤੇ ਨਾ ਹੀ ਮੁਸਲਿਮ ਅਵਾਮ ...ਕਾਂਗਰਸ ਦੀ ਧਰਮ-ਨਿਰਪੇਖ ਨੀਤੀ ਪਿੱਛੇ ਲਾਮਬੰਦ ਕਰ ਸਕੇ। ਕਾਰਨ ਇਹ ਸੀ ਕਿ ...ਵਾਏ ਵੀਹਵੀਂ ਸਦੀ ਦੇ ਆਰੰਭਿਕ ਵਰ੍ਹਿਆਂ ਵਿਚ ਖ਼ਿਲਾਫਤ ਤਹਿਰੀਕ ਨੂੰ ਅਪਣਾ ਲੈਣ ਮੁਸਲਮਾਨਾਂ ਦੇ ਵਿਸ਼ੇਸ਼ ਸਰੋਕਾਰਾਂ ਨੂੰ ਜਿਨ੍ਹਾਂ ਵਿਚ ਉਨ੍ਹਾਂ ਦੇ ਆਰਥਿਕ, ਵਿਦਿਅਕ ਅਤੇ ...ਆਚਾਰਕ ਪਛੜੇਪਣ ਦੇ ਮੁੱਦੇ ਮੁੱਖ ਸਨ, ਕਾਂਗਰਸ ਨੇ ਨਹੀਂ ਅਪਣਾਇਆ ਸੀ। ਘੱਟ-...ਣਤੀਆਂ ਨਿਸ਼ਚਿਤ ਰੂਪ ਵਿਚ ਮਨੋਵਿਗਿਆਨਕ ਤੌਰ ਉੱਤੇ ਕੰਪਲੈਕਸ ਦਾ ਸ਼ਿਕਾਰ ...ੀਆਂ ਹਨ। ਉਨ੍ਹਾਂ ਨੂੰ ਬਰਾਬਰੀ ਤੇ ਲਿਆਉਣ ਲਈ ਵਿਸ਼ੇਸ਼ ਯਤਨਾਂ ਦੀ ਲੋੜ ਹੁੰਦੀ ਹੈ।

ਵਾਇਸਰਾਏ ਲਾਰਡ ਮਾਊਂਟਬੇਟਨ ਦੀ ਮਹਾਤਮਾ ਗਾਂਧੀ ਨਾਲ ਪਹਿਲੀ ਮੀਟਿੰਗ 1 ...ੈਲ ਨੂੰ ਦਿੱਲੀ ਵਿਚ ਹੋਈ ਸੀ। ਇਸ ਮੀਟਿੰਗ ਲਈ ਕਾਂਗਰਸੀ ਆਗੂਆਂ ਨੇ ਮਹਾਤਮਾ ...ਧੀ ਨੂੰ ਸੱਦਿਆ ਸੀ ਜਾਂ ਲਾਰਡ ਮਾਊਂਟਬੇਟਨ ਨੇ ਸਿੱਧੇ ਤੌਰ ਉੱਤੇ ਸੱਦਿਆ ਸੀ ਜਾਂ ਦੋਹਾਂ ...ਸਿਆਂ ਤੋਂ ਕਿਹਾ ਗਿਆ ਸੀ, ਮੀਟਿੰਗ ਦਾ ਸੁਨੇਹਾ ਸੁਧੀਰ ਘੋਸ਼ ਲੈ ਕੇ ਗਿਆ ਸੀ। ਸੁਧੀਰ ... ਮਹਾਤਮਾ ਦੇ ਭਰੋਸੇਯੋਗ ਸਹਾਇਕ ਵਜੋਂ ਕੰਮ ਕਰਦਾ ਆ ਰਿਹਾ ਸੀ ਅਤੇ ਅੰਤ੍ਰਿਮ ...ਕਾਰ ਵਲੋਂ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਵਿਚ ਨਿਯੁਕਤ ਕੀਤਾ ਗਿਆ ਸੀ। ...ਹ ਨਿਯੁਕਤੀ ਵੀ ਮਹਾਤਮਾ ਜੀ ਦੀ ਰਜ਼ਾਮੰਦੀ ਨਾਲ ਹੋਈ ਹੋਵੇਗੀ। ਸੁਧੀਰ ਘੋਸ਼ ਨੇ ...ਪਣੀ ਪੁਸਤਕ 'ਗਾਂਧੀਜ਼ ਐਮਿਸ਼ਰੀ' ਵਿਚ ਲਿਖਿਆ ਕਿ ਕਿਵੇਂ ਐਨ ਉਨ੍ਹਾਂ ਦਿਨਾਂ ਵਿਚ

ਜਦੋਂ ਦਿੱਲੀ ਵਿਚ ਆਜ਼ਾਦੀ ਬਾਰੇ ਵਾਰਤਾਲਾਪ ਚੱਲ ਰਹੇ ਸਨ ਜਿਨ੍ਹਾਂ ਵਿਚ ਕਾਂਗਰ ਲੀਡਰਸ਼ਿਪ ਪੇਸ਼ ਸੀ, ਗਾਂਧੀ ਜੀ ਨਵਾਖਲੀ ਵਿਚ ਫ਼ਿਰਕੂ ਫਸਾਦਾਂ ਉੱਤੇ ਕਾਬੂ ਪਾਉਣ ਅ ਫਿਰਕੂ ਸਦਭਾਵਨਾ ਦਾ ਮਾਹੌਲ ਪੈਦਾ ਕਰਨ ਵਿਚ ਲੱਗੇ ਹੋਏ ਸਨ, ਕਿਵੇਂ ਉਹ ਦਿੱਲੀ ਜਾ ਲਈ ਮਸਾਂ ਹੀ ਤਿਆਰ ਹੋਏ ਸਨ ਕਿਉਂਕਿ ਉਹ ਨਹਿਰੂ, ਪਟੇਲ ਅਤੇ ਹੋਰ ਕਾਂਗਰਸ ਆਗੂਆਂ ਨਾਲ ਮੱਤਭੇਦ ਰੱਖਦੇ ਸਨ। ਸਰਕਾਰ ਨਾਲ ਵਾਰਤਾਲਾਪ ਬਾਰੇ ਉਨ੍ਹਾਂ ਦੀ ਪਹੁੰ ਵੱਖਰੀ ਸੀ। ਗਾਂਧੀ ਜੀ ਦੇ ਆਪਣੇ ਲਿਖਣ ਅਨੁਸਾਰ ਉਹ ਇਸ ਵਿਚਾਰ ਦੇ ਸਨ ਕਿ ਦੇਸ਼ ਦੀ ਵੰਡ ਦਾ ਫੈਸਲਾ ਅੰਗਰੇਜ਼ ਨਾ ਕਰਨ। ਇਹ ਕੰਮ ਭਾਰਤੀ ਧਿਰਾਂ ਉੱਤੇ ਛੱਡ ਦਿੱਤਾ ਜਾਵੇ ਗਾਂਧੀ ਜੀ ਨੇ ਲਿਖਿਆ-

"ਮੇਰੇ ਯਤਨਾਂ ਦੀ ਪਵਿੱਤਰਤਾ ਦੀ ਅਜ਼ਮਾਇਸ਼ ਹੁਣ ਹੋਵੇਗੀ। ਅੱਜ ਮੈਂ ਆਪਣੇ ਆਪ ਨੂੰ ਬਿਲਕੁਲ ਇਕੱਲਾ ਮਹਿਸੂਸ ਕਰ ਰਿਹਾ ਹਾਂ। ਸਰਦਾਰ ਅਤੇ ਜਵਾਹਰ ਲਾਲ ਵੀ ਸੋਚਦੇ ਹਨ ਕਿ ਰਾਜਸੀ ਹਾਲਾਤ ਬਾਰੇ ਮੇਰੀ ਸਮਝ ਗਲਤ ਹੈ ਅਤੇ ਜੇ ਵੰਡ ਨੂੰ ਮੰਨ ਲਿਆ ਜਾਵੇ ਤਾਂ ਅਮਨ ਲਾਜ਼ਮੀ ਤੌਰ ਉੱਤੇ ਪਰਤ ਆਵੇਗਾ। ਉਨ੍ਹਾਂ ਨੂੰ ਮੇਰਾ ਵਾਇਸਰਾਏ ਨੂੰ ਇਹ ਕਹਿਣਾ ਚੰਗਾ ਨਹੀਂ ਲੱਗਾ ਕਿ ਜੇ ਵੰਡ ਹੋਣੀ ਹੀ ਹੈ ਇਹ ਬਰਤਾਨੀਆ ਦੀ ਮੁਦਾਖਲਤ ਨਾਲ ਜਾਂ ਉਨ੍ਹਾਂ ਦੀ ਹਕੂਮਤ ਅਧੀਨ ਨਾ ਹੋਵੇ। ਉਹ ਹੈਰਾਨ ਹਨ ਕਿ ਕਿਤੇ ਉਮਰ ਨਾਲ ਮੈਂ ਸੋਚ ਸ਼ਕਤੀ ਤਾਂ ਨਹੀਂ ਗੁਆ ਬੈਠਾ।"

ਪਰ ਫਿਰ ਵੀ ਜੇ ਮੈਂ ਕਾਂਗਰਸ ਅਤੇ ਬਰਤਾਨਵੀ ਲੋਕਾਂ ਦਾ ਸੱਚਾ ਅਤੇ ਵਫ਼ਾਦਾਰ ਮਿੱਤਰ ਸਾਬਤ ਹੋਣਾ ਹੋਵੇ ਜਿਵੇਂ ਕਿ ਮੇਰਾ ਦਾਅਵਾ ਹੈ, ਤਾਂ ਮੈਨੂੰ ਉਹੋ ਕੁਝ ਕਹਿਣਾ ਚਾਹੀਦਾ ਹੈ ਜੋ ਮੈਂ ਮਹਿਸੂਸ ਕਰਦਾ ਹਾਂ ਭਾਵੇਂ ਮੇਰੀ ਸਲਾਹ ਮੰਨੀ ਜਾਵੇ ਜਾਂ ਨਾ। ਮੈ ਸਾਫ਼ ਵੇਖ ਰਿਹਾ ਹਾਂ ਕਿ ਅਸੀਂ ਇਸ ਕੰਮ ਨੂੰ ਗਲਤ ਢੰਗ ਨਾਲ ਲੈ ਰਹੇ ਹਾਂ। ਸਾਨੂੰ ਇਸਦਾ ਪੂਰਾ ਅਸਰ ਫੌਰਨ ਭਾਵੇਂ ਮਹਿਸੂਸ ਨਾ ਹੋਵੇ ਪਰ ਮੈਨੂੰ ਸਾਫ਼ ਦਿਸਦਾ ਹੈ ਕਿ ਇਹ ਕੀਮਤ ਦੇ ਕੇ ਹਾਸਿਲ ਕੀਤੀ ਜਾ ਰਹੀ ਆਜ਼ਾਦੀ ਦਾ ਭਵਿੱਖ ਹਨ੍ਹੇਰਾ ਹੋਵੇਗਾ। ਮੇਰੀ ਪ੍ਰਾਰਥਨਾ ਹੈ ਕਿ ਰੱਬ ਮੈਨੂੰ ਇਹ ਵੇਖਣ ਲਈ ਜਿਉਂਦਾ ਨਾ ਰੱਖੇ ਤਾਂ ਜੋ ਉਹ ਮੈਨੂੰ ਚੌਤਰਫ਼ੀ ਮੁਖਾਲਫ਼ਤ ਵਿਚ ਤਾਕਤ ਅਤੇ ਸਮਝ ਦੇਵੇ ਕਿ ਮੈਂ ਪੂਰਾ ਸੱਚ ਬੋਲ ਸਕਾਂ, ਮੈਨੂੰ ਉਹ ਸਾਰੀ ਤਾਕਤ ਚਾਹੀਦੀ ਹੈ ਜਿਹੜੀ ਪਵਿੱਤਰਤਾ ਤੋਂ ਮਿਲ ਸਕਦੀ ਹੈ।"

"ਪਰ ਬਾਵਜੂਦ ਇਸ ਗੱਲ ਦੇ ਕਿ ਮੈਂ ਆਪਣੇ ਵਿਚਾਰਾਂ ਵਿਚ ਬਿਲਕੁਲ ਇਕੱਲਾ ਹਾਂ ਮੈਨੂੰ ਬਿਆਨ ਤੋਂ ਬਾਹਰੀ ਖੁਸ਼ੀ ਅਤੇ ਮਨ ਦੀ ਤਾਜ਼ਗੀ ਮਹਿਸੂਸ ਹੋ ਰਹੀ ਹੈ। ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਜਿਵੇਂ ਰੱਬ ਆਪ ਮੇਰਾ ਰਾਹ ਰੁਸ਼ਨਾ ਰਿਹਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਮੈਂ ਇਕੱਲਾ ਹੀ ਲੜ ਰਿਹਾ ਹਾਂ। ਲੋਕ ਮੈਨੂੰ ਕਹਿੰਦੇ ਹਨ ਕਿ ਮੈਂ ਸੇਵਾ-ਮੁਕਤ ਹੋ ਕੇ ਕਾਸ਼ੀ ਜਾਂ ਹਿਮਾਲੀਆ ਵਿਚ ਚਲਾ ਜਾਵਾਂ। ਮੈਂ ਹੱਸਦਾ ਹਾਂ ਅਤੇ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਮੇਰੇ ਪ੍ਰਾਸ਼ਚਿਤ ਦਾ ਹਿਮਾਲੀਆ ਉਥੇ ਹੈ, ਜਿੱਥੇ ਦੁੱਖ ਘਟਾਉਣ ਦੀ ਲੋੜ ਹੈ, ਜਿਥੇ ਜਬਰ ਨੂੰ



ਖ਼ਤਮ ਕਰਨ ਦੀ ਲੋੜ ਹੈ। ਜਿੰਨਾ ਚਿਰ ਭਾਰਤ ਦੇ ਇਕ ਸ਼ਖ਼ਸ ਨੂੰ ਵੀ ਜੀਵਨ ਦੀਆਂ ਲੋੜਾਂ ਦੀ ਥੁੜ੍ਹ ਹੈ, ਮੇਰੇ ਲਈ ਕੋਈ ਆਰਾਮ ਨਹੀਂ। ਮੈਥੋਂ ਬਾਦਸ਼ਾਹ ਖਾਨ ਦਾ ਦੁੱਖ ਵੇਖਿਆ ਨਹੀਂ ਜਾਂਦਾ। ਉਸਦੇ ਮਨ ਦਾ ਦਰਦ ਮੇਰੇ ਦਿਲ ਨੂੰ ਤੜਪਾਉਂਦਾ ਹੈ। ਪਰ ਜੇ ਮੈਂ ਰੋਣ ਲੱਗ ਜਾਵਾਂ ਤਾਂ ਇਹ ਮੇਰੀ ਕਾਇਰਤਾ ਹੋਵੇਗੀ ਅਤੇ ਉਹ ਪਠਾਣ ਯੋਧਾ ਦਿਲ ਢਾਹ ਲਵੇਗਾ। ਇਸ ਲਈ ਮੈਂ ਅਡੋਲ ਆਪਣਾ ਕੰਮ ਕਰੀ ਜਾਂਦਾ ਹਾਂ। ਇਹ ਵੀ ਮਾਮੂਲੀ ਗੱਲ ਨਹੀਂ ਹੈ।

"ਪਰ ਸ਼ਾਇਦ ਉਹ ਸਾਰੇ ਠੀਕ ਹਨ ਅਤੇ ਕੇਵਲ ਮੈਂ ਹੀ ਹਨ੍ਹੇਰੇ ਵਿਚ ਭਟਕ ਰਿਹਾ ਹਾਂ। ਮੈਂ ਸ਼ਾਇਦ ਇਹ ਵੇਖਣ ਲਈ ਜਿਊਂਦਾ ਨਾ ਰਹਾਂ ਪਰ ਜੇ ਉਹ ਭਾਰਤ ਉੱਤੇ ਗਲਬਾ ਪਾ ਲਵੇ ਜਿਸਦਾ ਮੈਨੂੰ ਡਰ ਹੈ ਅਤੇ ਇਸਦੀ ਆਜ਼ਾਦੀ ਖ਼ਤਰੇ ਵਿਚ ਪੈ ਜਾਵੇ ਤਾਂ ਆਉਣ ਵਾਲੇ ਲੋਕਾਂ ਨੂੰ ਇਹ ਦੱਸਿਆ ਜਾਵੇ ਕਿ ਇਸ ਬਿਰਧ ਆਤਮਾ ਨੇ ਇਸਦਾ ਚਿਤਵਨ ਕਰਦਿਆਂ ਕੀ ਕੁਝ ਭੋਗਿਆ। ਇਹ ਨਾ ਕਿਹਾ ਜਾਵੇ ਕਿ ਗਾਂਧੀ ਭਾਰਤ ਦੀ ਵੰਡ ਕਰਨ ਵਿਚ ਭਾਗੀਦਾਰ ਸੀ। ਪਰ ਅੱਜ ਹਰ ਕੋਈ ਆਜ਼ਾਦੀ ਲਈ ਉਤਾਵਲਾ ਹੈ। ਇਸ ਲਈ ਹੁਣ ਹੋਰ ਕੋਈ ਰਾਹ ਨਹੀ।"3

ਉਪਰੋਕਤ ਤੋਂ ਮਹਾਤਮਾ ਗਾਂਧੀ ਦੀ ਉਸ ਸਮੇਂ ਦੀ ਮਨੋ ਅਵਸਥਾ ਜ਼ਾਹਿਰ ਹੁੰਦੀ ਹੈ। ਉਨ੍ਹਾਂ ਨੇ ਵੰਡ ਨੂੰ ਰੋਕਣ ਲਈ ਪੂਰੀ ਵਾਹ ਲਾਈ। ਪਰ ਫਿਰ ਖ਼ੁਦ ਹੀ ਵੰਡ ਦੇ ਪ੍ਰਸਤਾਵ ਨੂੰ ਵਰਕਿੰਗ ਕਮੇਟੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਤੋਂ ਪਾਸ ਕਰਵਾਇਆ, ਕਿਉਂਕਿ ਉਹ ਕਾਂਗਰਸ ਨੂੰ ਦੋਫਾੜ ਹੋਇਆ ਵੇਖਣਾ ਨਹੀਂ ਚਾਹੁੰਦੇ ਸਨ ਅਤੇ ਨਾ ਹੀ ਕਾਂਗਰਸ ਨੂੰ ਦੋਫਾੜ ਕਰਨ ਦੀ ਜ਼ਿੰਮੇਵਾਰੀ ਆਪਣੇ ਉੱਤੇ ਲੈਣ ਨੂੰ ਤਿਆਰ ਸਨ। ਉਹ ਜਵਾਹਰ ਲਾਲ ਨਹਿਰੂ, ਪਟੇਲ ਅਤੇ ਦੂਜੇ ਕਾਂਗਰਸੀ ਆਗੂਆਂ ਨੂੰ, ਜਿਨ੍ਹਾਂ ਨੇ ਉਨ੍ਹਾਂ ਦੀ ਸਰਪ੍ਰਸਤੀ ਅਧੀਨ ਆਪਣਾ ਸਿਆਸੀ ਜੀਵਨ ਬਿਤਾਇਆ ਸੀ, ਛੱਡ ਨਹੀਂ ਸਕਦੇ ਸਨ। ਪਰ ਜੇ ਗਾਂਧੀ ਜੀ ਕਾਂਗਰਸ ਦੀਆਂ ਕਮੇਟੀਆਂ ਤੋਂ ਇਹ ਪ੍ਰਸਤਾਵ ਪਾਸ ਨਾ ਕਰਵਾਉਂਦੇ ਅਤੇ ਹੋਰ ਕਿਸੇ ਵਲੋਂ ਪੇਸ਼ ਕੀਤਾ ਗਿਆ ਪ੍ਰਸਤਾਵ ਕਾਂਗਰਸੀ ਆਗੂਆਂ ਨੂੰ ਕਬੂਲ ਨਾ ਹੁੰਦਾ, ਤਾਂ ਕੀ ਅਵਸਥਾ ਬਣਦੀ, ਕਹਿਣਾ ਔਖਾ ਹੈ। ਪਰ ਇਹ ਗੱਲ ਜ਼ਰੂਰ ਹੈ ਕਿ ਕੈਬਨਿਟ ਮਿਸ਼ਨ ਪਲੈਨ ਅਨੁਸਾਰ ਦੇਸ਼ ਇਕ ਰਹਿ ਸਕਦਾ ਸੀ ਅਤੇ ਘੱਟ-ਗਿਣਤੀਆਂ ਦੇ ਹੱਕਾਂ ਦੀ ਸੁਰੱਖਿਆ ਵੀ ਹੋ ਸਕਦੀ ਸੀ। ਮੁਸਲਿਮ ਲੀਗ ਇਸ ਲਈ ਸਹਿਮਤੀ ਪ੍ਰਗਟ ਕਰਕੇ ਫਿਰ ਮੁੱਕਰੀ ਕਿਉਂਕਿ ਜਵਾਹਰ ਲਾਲ ਨੇ ਕਾਂਗਰਸ ਪ੍ਰਧਾਨ ਦੀ ਹੈਸੀਅਤ ਵਿਚ ਵਿਧਾਨਕਾਰ ਅਸੈਂਬਲੀ ਦੇ ਅਖ਼ਤਿਆਰਾਂ ਨੂੰ ਸੀਮਿਤ ਰੱਖਣ ਦਾ ਸਪੱਸ਼ਟ ਐਲਾਨ ਕਰ ਦਿੱਤਾ ਸੀ। ਪਰ ਕੀ ਜਵਾਹਰ ਲਾਲ ਦੇ ਇਸ ਬਿਆਨ ਤੋਂ ਬਗ਼ੈਰ ਵੀ ਮੁਸਲਿਮ ਲੀਗ ਪਾਕਿਸਤਾਨ ਦੇ ਮੁਤਾਲਬੇ ਉੱਤੇ ਅੜੀ ਰਹਿ ਸਕਦੀ ਸੀ, ਕਹਿਣਾ ਔਖਾ ਹੈ। •

**ਤੇਂਦੁਲਕਰ ਡੀ. ਜੀ. ਮਹਾਤਮਾ - ਲਾਈਫ ਆਫ ਮੋਹਨਦਾਸ ਕਰਮ ਚੰਦ ਗਾਂਧੀ- ਜਿਲਦ ਸੱਤ (1945-47) ਪੰਨੇ 414-415, ਜੂਨ-1947 ਪ੍ਰਾਰਥਨਾ ਤੋਂ ਅੱਧਾ ਘੰਟਾ ਪਹਿਲਾਂ ਦੇ ਵਿਚਾਰ**

# ਯਾਦਾਂ ਸੰਨ-ਸੰਤਾਲੀ

## ਹਿੰਦੀ ਗਲਪਕਾਰ ਕ੍ਰਿਸ਼ਨਾ ਸੋਬਤੀ ਨਾਲ ਗੁਫ਼ਤਗੂ)

**ਪ੍ਰਸ਼ਨ ਕਰਤਾ - ਅਸ਼ੋਕ ਭੱਲਾ**

**ਅਸ਼ੋਕ ਭੱਲਾ :-** ਬਹੁਤ ਸਾਰੇ ਨਾਵਲਕਾਰ, ਜਿਹਨਾਂ ਨੇ ਦੇਸ਼ ਦੀ ਵੰਡ ਬਾਰੇ ਲਿਖਿਆ ਹੈ, ਉਹ ਜਾਂ ਤੇ ਉਹਨਾਂ ਭਿਆਨਕ ਦਿਨਾਂ ਦੀਆਂ ਨਿਜੀ ਯਾਦਾਂ ਨੂੰ ਵਰਤਦੇ ਹਨ ਤੇ ਜਾਂ ਫਿਰ ਦੂਸਰਿਆਂ ਦੇ ਤਜਰਬਿਆਂ ਦੀਆਂ ਸੁਣਾਈਆਂ ਕਹਾਣੀਆਂ ਨੂੰ ਵਰਤਦੇ ਹਨ। ਇਸ ਕਾਰਨ ਦੇਸ਼ ਦੀ ਵੰਡ ਬਾਰੇ ਬਹੁਤੇ ਨਾਵਲ ਸਵੈ-ਜੀਵਨੀ ਮੂਲਕ ਹਨ। ਇਸ ਕਾਰਨ ਕਈ ਦਿਲਚਸਪ ਸਵਾਲ ਉੱਠਦੇ ਹਨ। ਖ਼ੌਫ ਦੇ ਰੂਬਰੂ, ਇਕ ਲੇਖਕ ਉਸ ਚੀਜ਼ ਬਾਰੇ ਕਿਵੇਂ ਲਿਖ ਸਕਦਾ ਹੈ, ਜੋ ਬਿਆਨ ਨਹੀਂ ਕੀਤੀ ਜਾ ਸਕਦੀ? ਕੋਈ ਜਣਾ ਕਿਸੇ ਚੀਜ਼ ਬਾਰੇ ਕਿਹੜੀ ਸੁਰ ਵਰਤਦਾ ਹੈ, ਜੋ ਕਿ ਭਾਸ਼ਾ ਦੇ ਕਾਬੂ ਵਿਚ ਨਹੀਂ ਆਉਂਦੀ, ਪਰ ਫਿਰ ਵੀ ਲਿਖੇ ਜਾਣ ਦੀ ਮੰਗ ਕਰਦੀ ਹੈ? ਕੋਈ ਲੇਖਕ ਕਿਸ ਭਾਂਤ ਦੀ ਭਾਸ਼ਾ ਵਰਤਦਾ ਹੈ, ਤਾਂ ਕਿ ਉਹ ਜੋ ਲਿਖੇ, ਉਹ ਸਿਰਫ਼ ਖ਼ੌਫ਼ ਦਾ ਰਸਮੀ ਰਿਕਾਰਡ ਹੀ ਨਾ ਹੋਵੇ ਸਗੋਂ ਸਾਡੇ ਆਪਣੇ ਬਾਰੇ ਕੋਈ ਚੀਜ਼ ਸਮਝਣ ਦੀ ਕੋਸ਼ਿਸ਼ ਹੋਵੇ? ਨਾਲ ਹੀ ਜਦ ਦੇਸ਼-ਵੰਡ ਬਾਰੇ ਲਿਖੇ ਗਏ ਬਹੁਤੇ ਨਾਵਲ 1947 ਤੋਂ ਕਾਫੀ ਦੇਰ ਬਾਅਦ ਲਿਖੇ ਗਏ ਸਨ, ਮਿਸਾਲ ਵਜੋਂ ਭੀਸ਼ਮ ਸਾਹਨੀ ਦਾ ਨਾਵਲ 'ਤਮਸ' ਕੋਈ 25 ਸਾਲ ਪਿਛੋਂ ਲਿਖਿਆ ਗਿਆ ਸੀ ਤਾਂ ਫਿਰ ਕਿਹੜੀਆਂ ਯਾਦਾਂ ਹਨ, ਜੋ ਬਿਰਤਾਂਤਾਂ ਵਿਚ ਰਹਿ ਜਾਂਦੀਆਂ ਹਨ? ਤੇ ਉਹ ਕਿਹੜਾ ਤਰੀਕਾ ਹੈ, ਜਿਸ ਨਾਲ ਨਾਵਲ ਵਿਚ ਵਰਤੀਆਂ ਗਈਆਂ ਯਾਦਾਂ ਅਜੋਕੇ ਸਰੋਕਾਰਾਂ ਦੇ ਅਨੁਕੂਲ ਬੈਠਦੀਆਂ ਹਨ? ਦੂਸਰੇ ਸ਼ਬਦਾਂ ਵਿਚ ਗਾਲਪਨਿਕ ਪੁਸਤਕ ਵਿਚ ਇਹ ਯਾਦਾਂ ਕਾਲਪਨਿਕ ਤੌਰ ਤੇ ਕਿਵੇਂ ਢਾਲੀਆਂ ਜਾਂਦੀਆਂ ਹਨ?

ਤੇ ਅਖ਼ੀਰ ਉੱਤੇ ਤੁਹਾਡੇ ਖ਼ਿਆਲ ਵਿਚ ਦੇਸ਼ ਦੀ ਵੰਡ ਹੋਈ ਕਿਉਂ? ਮੈਨੂੰ ਅਜੇ ਤੀਕ ਵੀ ਇਸ ਦੇ ਕਾਰਨਾਂ ਦੀ ਸਮਝ ਨਹੀਂ ਆਈ। ਮੈਂ ਕਈ ਲੋਕਾਂ ਨੂੰ ਇਹ ਸਵਾਲ ਪਾਇਆ ਹੈ। ਮੈਨੂੰ ਅਜੇ ਵੀ ਉਸ ਬੰਦੇ ਦੀ ਤਲਾਸ਼ ਹੈ, ਜਿਹੜਾ ਦਾਅਵੇ ਨਾਲ ਕਹਿ ਸਕੇ ਕਿ ਹਿੰਦੂਆਂ ਤੇ ਮੁਸਲਮਾਨਾਂ ਦੋਵਾਂ ਬਰਾਦਰੀਆਂ ਵਿਚ ਐਨੀ ਦੁਸ਼ਮਣੀ ਨਹੀਂ ਸੀ ਕਿ ਉਹ ਇੱਕ ਦੂਜੇ ਨਾਲ ਇਕੱਠੇ ਨਹੀਂ ਸੀ ਰਹਿ ਸਕਦੇ।

ਜਦੋਂ ਆਪਾਂ ਕਿਸੇ ਦਿਨ ਗੱਲਾਂ ਕਰ ਰਹੇ ਸੀ, ਤੁਸਾਂ ਮੈਨੂੰ ਇਕ ਘਟਨਾ ਦੱਸੀ ਸੀ, ਜੋ 1947 ਤੋਂ ਕੁਝ ਸਾਲ ਪਹਿਲਾਂ ਵਾਪਰੀ ਸੀ, ਜਦੋਂ ਤੁਸਾਂ ਪਹਿਲੀ (Whisper) ਘੁਸਰ-ਮੁਸਰ ਸੁਣੀ ਸੀ, 'ਆਹਟ' ਸੀ ਤੁਹਾਡਾ ਸ਼ਬਦ ਆਉਣ ਵਾਲੀਆਂ ਔਕੜਾਂ ਬਾਰੇ। ਸ਼ਾਇਦ ਸ਼ੁਰੂ ਕਰਨ ਲਈ ਤੁਸੀਂ ਕਹਾਣੀ ਨੂੰ ਦੁਹਰਾਉਗੇ।



**ਕ੍ਰਿਸ਼ਨਾ ਸੋਬਤੀ :-** ਭਾਰਤ ਦੀ ਵੰਡ ਤਿੰਨ ਪੀੜ੍ਹੀਆਂ ਪੁਰਾਣੀ ਹੈ। ਮੇਰੀ ਪੀੜ੍ਹੀ ਦੇ ਲੇਖਕਾਂ ਲਈ ਇਹ ਕੋਈ ਅਜਿਹੀ ਘਟਨਾ ਨਹੀਂ ਸੀ ਜਾਂ ਜਿਉਂਦੇ ਇਤਿਹਾਸ ਦੀ ਕੋਈ ਇਤਿਹਾਸਕ ਘਟਨਾ, ਜੋ ਵੱਡੇ ਪੱਧਰ ਉੱਤੇ ਵਾਪਰੀ ਹੋਵੇ। ਮਨੁੱਖ ਤੇ ਯਥਾਰਥ ਵਿਚ ਟੱਕਰ, ਰਾਜਸੀ ਏਜੰਡੇ ਤੇ ਅਨੇਕਤਾ ਦੀ ਲੰਮੀ ਪਰੰਪਰਾ ਵਿਚਕਾਰ ਟੱਕਰਾਂ। ਦੋਵਾਂ ਪਾਸਿਆਂ ਦੇ ਲੇਖਕਾਂ ਨੇ ਛੇਤੀ ਹੀ ਅਨੁਭਵ ਕਰ ਲਿਆ ਕਿ ਏਨੀ ਘ੍ਰਿਣਾ, ਹਿੰਸਾ ਤੇ ਕਤਲਾਂ ਤੋਂ ਬਾਅਦ, ਮਨੁੱਖੀ ਕਦਰਾਂ-ਕੀਮਤਾਂ ਨੂੰ ਦੁਬਾਰਾ ਕਾਇਮ ਕਰਨ ਤੇ ਬਹਾਲ ਕਰਨ ਦੀ ਲੋੜ ਸੀ।

ਮਹਾਨ-ਵੰਡ ਤੋਂ ਪਿਛੋਂ ਹਿੰਦੂਆਂ ਤੇ ਮੁਸਲਮਾਨਾਂ ਦੇ ਸਭਿਆਚਾਰਾਂ ਦੇ ਪਾੜੇ ਬਾਰੇ ਬਹੁਰ ਕੁਝ ਲਿਖਿਆ ਗਿਆ ਹੈ, ਪਰ ਸਾਡੇ ਵਿਚੋਂ ਹਰ ਕੋਈ ਇਹ ਮੰਨੇਗਾ ਕਿ ਰਾਜਸੀ ਅੰਦਰਲੀਆਂ ਵਿੱਥਾਂ ਤੇ ਧਾਰਮਿਕ ਉਪਰਲੀਆਂ ਸੁਰਾਂ ਦੇ ਬਾਵਜੂਦ, ਦੋਵੇਂ ਭਾਈਚਾਰੇ ਸਦੀਆਂ ਤੀਕ ਚਾਚੇ-ਤਾਏ ਦੇ ਪੁੱਤਾਂ ਵਾਂਗ ਕੰਮ-ਚਲਾਊ ਇਕਸੁਰਤਾ ਨਾਲ ਰਹਿੰਦੇ ਰਹੇ ਹਨ। ਵੰਡ ਤੋਂ ਬਾਅਦ ਦੇ ਗਲਪ ਲੇਖਕਾਂ ਨੇ ਆਪਣੇ ਨਾਵਲਾਂ 'ਝੂਠਾ ਸੱਚ', 'ਤਮਸ', 'ਕਾਲੇ ਕੋਸ ਤੇ ਉਦਾਸ ਨਸਲੇਂ' ਵਿਚ ਇਸ ਸੱਚ ਪ੍ਰਮਾਣਿਤ ਕੀਤਾ ਹੈ।

ਅਸੀਂ ਸਮਾਜ-ਵਿਗਿਆਨੀਆਂ ਦੀ ਦਬਾਊ ਤੇ ਸਮਝ ਨਾ ਆਉਣ ਵਾਲੀ ਬੋਲੀ ਤੋਂ ਚੰਗੀ ਤਰ੍ਹਾਂ ਵਾਕਿਫ਼ ਹਾਂ। ਰਾਜਨੀਤੀਵਾਨ ਵੀ ਯਥਾਰਥ ਨੂੰ ਗਲਪ ਦਾ ਰੰਗ ਚਾੜ੍ਹ ਦਿੰਦੇ ਹਨ। ਉਹਨਾਂ ਵੇਲਿਆਂ ਦੀ ਯਾਦ ਨੂੰ ਵਿਚਾਰਧਾਰਕ ਉਲਾਰ ਵੀ ਹਮੇਸ਼ਾਂ ਤੋੜ-ਮਰੋੜ ਸਕਦੇ ਹਨ। ਇਹੋ ਕਾਰਨ ਸੀ ਕਿ ਲੇਖਕਾਂ ਨੇ ਆਪਣੇ ਮੁੱਖ ਨਾਵਲ ਉਦੋਂ ਹੀ ਲਿਖੇ ਜਦੋਂ ਉਹ ਆਪਣੇ ਮਾਨਸਿਕ ਤੇ ਮਨੋਵਿਗਿਆਨਕ ਮੁਖੇਰਲਿਆਂ ਨੂੰ ਲਾਹ ਕੇ, ਦੇਸ਼ ਵੰਡ ਨੂੰ ਸਾਫ਼ ਨਜ਼ਰ ਨਾਲ ਵੇਖਣ ਦੇ ਕਾਬਿਲ ਹੋ ਗਏ।

ਇਕ ਰਚਨਾਤਮਿਕ ਲੇਖਕ ਆਪਣੇ ਤਜਰਬੇ ਨੂੰ ਅਜਿਹੀ ਚੀਜ਼ ਵਿਚ ਤਬਦੀਲ ਕਰ ਸਕਦਾ ਹੈ, ਜੋ ਹੇਠੋਂ ਇਤਿਹਾਸ ਹੁੰਦਾ ਹੈ। ਜਦ ਰਾਜਨੀਤੀ ਧਰਮ ਅਤੇ ਮਨੁੱਖਵਾਦ ਸਾਹਿਤ ਵਿਚ ਪੇਸ਼ ਹੁੰਦੇ ਹਨ ਤਾਂ ਮਨੁੱਖੀ ਵਿਸ਼ਵਾਸ ਤਬਦੀਲ ਹੋ ਜਾਂਦਾ ਹੈ। ਅਲੋਕ ! ਮੇਰੇ ਮਨ ਅੰਦਰ ਕੋਈ ਅਮੀਰੀ ਦੀ ਭਾਵਨਾ ਅਨੁਭਵ ਹੁੰਦੀ ਹੈ ਜੋ ਸਾਡੀ ਸਾਂਝੀ ਵਿਰਾਸਤ ਦਾ ਹਿੱਸਾ ਹੈ। ਨਾਨਕ, ਬਾਬਾ ਫਰੀਦ, ਅਮੀਰ ਖੁਸਰੋ, ਜਾਇਸੀ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਲਤੀਫ ਕੀ ਅਸੀਂ ਇਹਨਾਂ ਸਾਰੇ ਕਵੀਆਂ ਨੂੰ ਸਾਡੇ ਜਾਂ ਉਹਨਾਂ ਵਿਚ ਵੰਡ ਸਕਦੇ ਹਾਂ? ਨਿਰਸੰਦੇਹ ਅਸੀਂ ਇਲਾਕਾ ਵੰਡ ਲਿਆ ਹੈ, ਪਰ ਪਰੰਪਰਾ, ਸੰਗੀਤ, ਕਲਾ ਅਤੇ ਸਾਹਿਤ, ਭੂਗੋਲਿਕ ਇਲਾਕਿਆਂ ਵਰਗੇ ਨਹੀਂ ਹੁੰਦੇ। ਉਹ ਸਦਾ ਹੀ ਅਣਵੰਡੇ ਰਹਿੰਦੇ ਹਨ ਅਤੇ ਵੰਡਣ-ਯੋਗ ਵੀ ਨਹੀਂ ਹੁੰਦੇ।

ਇੱਕ ਨਾਵਲਕਾਰ ਘਟਨਾ ਤੋਂ ਕਈ ਸਾਲਾਂ ਬਾਅਦ ਆਪਣੇ ਤਜਰਬਿਆਂ ਦੀ ਵਰਤੋਂ ਕਰਦਾ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿ ਹਾਲੀਂ ਤੀਕ ਮੈਂ ਇਸ ਤੱਥ ਵੱਲ ਬਹੁਤਾ ਧਿਆਨ

ਨਹੀਂ ਸੀ ਦਿੱਤਾ। ਮੈਂ ਉਦੋਂ ਤੀਕ ਵੀ ਅਨੁਭਵ ਨਹੀਂ ਸੀ ਕੀਤਾ, ਜਦ ਮੈਂ ਆਪਣੀ ਕਹਾਣੀ 'ਸਿੱਕਾ ਬਦਲ ਗਿਆ' ਦੁਬਾਰਾ ਨਹੀਂ ਪੜ੍ਹੀ। ਮੈਂ ਬੌਂਦਲ ਜਾਂਦੀ ਹਾਂ। ਸ਼ਾਇਦ ਪਹਿਲਾਂ ਮੈਂ ਘਟਨਾਵਾਂ ਦੇ ਵਧੇਰੇ ਨੇੜੇ ਸੀ। ਮੈਂ ਉਹਨਾਂ ਦਾ ਹਿੱਸਾ ਸੀ। ਹੁਣ ਮੈਂ ਹੈਰਾਨ ਹੁੰਦੀ ਹਾਂ ਕਿ ਮੈਂ ਕਿਵੇਂ ਉਹ ਕਹਾਣੀ ਲਿਖ ਗਈ, ਤੇ ਆਪਣੇ ਆਪ ਨੂੰ ਘਟਨਾ ਤੋਂ ਦੂਰੀ ਰੱਖ ਸਕੀ। ਭਾਵੇਂ ਕਿ ਮੈਂ ਦੇਸ਼-ਵੰਡ ਦੇ ਖੌਫ਼ ਦੇ ਵਿਚਕਾਰ ਫਸੀ ਹੋਈ ਸੀ। ਮੈਨੂੰ ਯਕੀਨ ਨਹੀਂ ਕਿ ਮੈਂ ਅਜੇ ਵੀ ਰਚਨਾਤਮਿਕ ਪ੍ਰਕਿਰਿਆ ਨੂੰ ਸਮਝ ਸਕਦੀ ਹਾਂ। ਫਿਰ ਵੀ ਮੈਂ ਇਕ ਖ਼ਤਰਨਾਕ ਘਟਨਾ ਦੀ ਗਵਾਹ ਸੀ ਤੇ ਮੇਰੇ ਵਿਚ, ਉਸ ਸਮੇਂ ਇਸ ਨੂੰ ਨਜਿੱਠਣ ਦਾ ਹੁਨਰ ਨਹੀਂ ਸੀ। ਮੈਨੂੰ ਐਨਾ ਕੁ ਪਤਾ ਸੀ ਕਿ ਤੱਦ ਫੱਟ ਦੇ ਖੌਫ਼ ਤੋਂ ਪਾਰ ਵੇਖਣਾ ਜ਼ਰੂਰੀ ਸੀ ਕਿ ਉਸ ਚੀਜ਼ ਨੂੰ ਬਚਾਉਣਾ ਜ਼ਰੂਰੀ ਸੀ ਜੋ ਕਿ ਹਿੰਸਾ ਤੋਂ ਅਛੋਹ ਰਹਿ ਗਈ ਸੀ।

ਮੈਂ ਸੋਚਦੀ ਹਾਂ ਕਿ ਪਾਕਿਸਤਾਨ ਅੰਤੇ ਭਾਰਤ ਦੀ ਵੰਡ ਬਾਰੇ ਲਿਖੇ ਗਏ ਨਾਵਲ ਨੇ, ਬਾਵਜੂਦ ਖੌਫ਼ ਦੀ ਸ਼ਿੱਦਤ ਦੇ, ਜਿਸਨੂੰ ਇਹ ਬਿਆਨ ਕਰਦਾ ਹੈ, ਜ਼ਰੂਰੀ ਮਨੁੱਖੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਿਆ ਹੈ। ਇਹ ਯਤਨ ਬੜਾ ਮਹੱਤਵ ਵਾਲਾ ਹੈ, ਕਿਉਂਕਿ ਬਰਾਦਰੀਆਂ ਵਿਚ ਨਿਰਸੰਦੇਹ ਘਿਰਣਾ ਸੀ, ਜਿਸ ਕਾਰਨ ਜਾਇਦਾਦ, ਵੱਸੋਂ ਦਾ ਤਬਾਦਲਾ ਅਤੇ ਕਾਫ਼ੀ ਸਾਰੀ ਕਤਲੋ-ਗਾਰਤ ਹੋਈ। ਫਿਰ ਵੀ ਲੇਖਕ ਇਸ ਪ੍ਰਤੀ ਦ੍ਰਿੜ ਸਨ ਕਿ ਮਨੁੱਖੀ ਭਾਵਨਾ ਨੂੰ ਕਾਇਮ ਰੱਖਣਾ ਤੇ ਮਨੁੱਖੀ ਕਦਰਾਂ ਨੂੰ ਦ੍ਰਿੜਾਉਣਾ ਆਵੱਸ਼ਕ ਸੀ।

**ਭੱਲਾ** :- ਜੋ ਕੁਝ ਤੁਸੀਂ ਹੁਣ ਕਦਰਾਂ ਦੀ ਬਣਤਰ ਦੀ ਰਖਵਾਲੀ ਬਾਬਤ ਆਖਿਆ ਹੈ, ਇਸਦੀ ਰੌਸ਼ਨੀ ਵਿਚ, ਤੁਸੀਂ 'ਸਿੱਕਾ ਬਦਲ ਗਿਆ' ਵਿਚਲੀ ਸ਼ਾਹਣੀ ਦੇ ਪਾਤਰ ਦੀ ਕਿਵੇਂ ਵਿਆਖਿਆ ਕਰੋਗੇ?

**ਕ੍ਰਿਸ਼ਨਾ ਸੋਬਤੀ** :- ਇਹ ਕਹਾਣੀ ਸਵੈ-ਜੀਵਨੀ ਮੂਲਕ ਹੈ ਤੇ 1948 ਵਿਚ ਲਿਖੀ ਗਈ ਸੀ। ਇਹ ਮੇਰੀ ਨਾਨੀ ਬਾਰੇ ਸੀ, ਜਿਸਨੇ ਦੇਸ਼ ਦੀ ਵੰਡ ਤੋਂ ਦੋ ਮਹੀਨੇ ਬਾਅਦ ਵੀ ਆਪਣਾ ਘਰ ਤਿਆਗਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੱਥ ਦੇ ਬਾਵਜੂਦ ਕਿ ਲਾਗਲੇ ਪਿੰਡਾਂ ਤੋਂ ਹਿੰਦੂਆਂ ਤੇ ਸਿੱਖਾਂ ਦੇ ਮਾਰੇ ਜਾਣ ਦੀਆਂ ਖਬਰਾਂ ਆ ਰਹੀਆਂ ਸਨ। ਇੱਕ ਸ਼ਾਮ ਨੂੰ ਉਸਨੂੰ ਸੁਨੇਹਾ ਮਿਲਿਆ ਕਿ ਸ਼ਾਹਣੀ ਦਾ ਮਿੱਤਰ, ਉਸਦਾ ਨਾਂ ਚੀਮਾ ਸਾਹਿਬ ਸੀ ਤੇ ਉਹ ਪੁਲਿਸ ਦਾ ਸੁਪਰਡੈਂਟ ਸੀ, ਜੋ ਜਲੰਧਰ ਤੋਂ ਆਇਆ ਸੀ। ਉਸਨੂੰ ਮਿਲਣਾ ਚਾਹੁੰਦਾ ਸੀ। ਗੁਜਰਾਤ ਵਿਚ ਆਪਣੀ ਡਿਊਟੀ ਤੇ ਹਾਜ਼ਰ ਹੋਣ ਦੀ ਰਿਪੋਰਟ ਦੇ ਕੇ, ਉਸਨੇ ਸਾਡੇ ਪਿੰਡ ਵਿਚ ਹਿੰਸਾ ਬਾਰੇ ਪੁੱਛ-ਗਿੱਛ ਕੀਤੀ ਕਿ ਕੀ ਸ਼ਾਹਣੀ ਜਾ ਚੁੱਕੀ ਹੈ? ਉਸ ਨੂੰ ਦੱਸਿਆ ਗਿਆ ਕਿ ਉਹ ਅਜੇ ਵੀ ਪਿੰਡ ਵਿਚ ਹੀ ਸੀ ਤੇ ਉੱਥੇ ਇਕੱਲੀ ਰਹਿ ਰਹੀ ਹੈ। ਉਸਦਾ ਪੁੱਤਰ ਮਰ ਚੁੱਕਾ ਸੀ। ਜਦੋਂ ਉਸਨੇ ਇਸ ਬਾਰੇ



ਸੁਣਿਆ ਤਾਂ ਆਪਣੀ ਜੀਪ ਵਿਚ ਬੈਠਾ ਤੇ ਉਸੇ ਸ਼ਾਮ ਪਿੰਡ ਪਹੁੰਚ ਗਿਆ। ਖ਼ੈਰ ਜਿਸ ਘੜੀ ਸ਼ਾਹਣੀ ਨੇ ਸੁਣਿਆ ਕਿ ਚੀਮਾ ਸਾਹਿਬ ਉਸਨੂੰ ਮਿਲਣ ਆ ਰਹੇ ਹਨ, ਉਸ ਨੇ ਆਪਣੀ ਨੌਕਰਾਣੀ ਨੂੰ ਕਿਹਾ, ਕਿ ਤੰਦੂਰ ਤਾਵੇ। ਮੈਨੂੰ ਉਸ ਲਈ ਰੋਟੀ ਤਿਆਰ ਅਵੱਸ਼ ਕਰਨੀ ਹੈ। ਉਸਨੇ ਆਪਣੇ ਆਪ ਨੂੰ ਕਿਹਾ, ਉਹ ਚੀਜ਼ ਬਣਾਓ ਜੋ ਉਸਨੂੰ ਪਸੰਦ ਹੁੰਦੀ ਹੈ। ਚੀਮਾ ਸਾਹਿਬ, ਘਰ ਪਉੜੀਆਂ ਚੜ੍ਹਕੇ ਉੱਪਰ ਗਏ ਤੇ ਕਿਹਾ, "ਸ਼ਾਹਣੀਏ, ਬਿਲਕੁਲ ਕੋਈ ਸਮਾਂ ਨਹੀਂ ਰਹਿ ਗਿਆ। ਘਰ ਵਿਚ ਜੋ ਵੀ ਕੀਮਤੀ ਚੀਜ਼ਾਂ ਹਨ, ਜਿੰਨੀ ਛੇਤੀ ਹੋ ਸਕਦਾ, ਇਕੱਠੀਆਂ ਕਰੋ। ਤੁਸੀਂ ਮੇਰੇ ਨਾਲ ਤੁਰੰਤ ਹੀ ਜਾਣਾ ਹੈ, ਤੇ ਕੈਂਪ ਵਿਚ ਪਹੁੰਚਣਾ ਹੈ।"

ਲਾਗੇ ਹੀ ਇੱਕ ਪਿੰਡ ਕੁੱਲੂ ਹੁੰਦਾ ਸੀ। ਇਹ ਸਿੱਖਾਂ ਦਾ ਪਿੰਡ ਸੀ। ਉਥੋਂ ਦੇ ਸਾਰੇ ਸਿੱਖ ਹੀ ਵੱਢ ਦਿੱਤੇ ਗਏ ਸਨ। ਇਸ ਦੀਆਂ ਖ਼ਬਰਾਂ ਸ਼ਾਹਣੀ ਦੇ ਪਿੰਡ ਪਹੁੰਚ ਚੁੱਕੀਆਂ ਸਨ। ਉਸ ਪਿੰਡ ਦੇ ਵਸਨੀਕ ਚਿੰਤਤ ਸਨ ਤੇ ਡਰੇ ਹੋਏ ਸਨ। ਉਹਨਾਂ ਕੋਲ ਬਚਣ ਦਾ ਕੋਈ ਰਸਤਾ ਨਹੀਂ ਸੀ। ਉਹਨਾਂ ਨੂੰ ਪਤਾ ਨਹੀਂ ਸੀ ਲੱਗਦਾ ਕਿ ਨਿਕਲਣ ਕਿਵੇਂ? ਨਾਲ ਹੀ, ਜਿੰਨਾ ਚਿਰ ਸ਼ਾਹਣੀ ਉਥੇ ਸੀ, ਉਹ ਅਨੁਭਵ ਕਰਦੇ ਸਨ ਕਿ ਉਹ ਉਥੇ ਹੀ ਰਹਿ ਸਕਦੇ ਸਨ। ਜਦ ਉਹ ਪੌੜੀਆਂ ਉੱਤਰੀ ਤੇ ਜੀਪ ਵਿਚ ਬੈਠੀ, ਸਾਰੇ ਹਿੰਦੂਆਂ ਨੇ ਉਸਦੇ ਨਾਲ ਹੀ ਪੈਦਲ ਜਾਣ ਦਾ ਫੈਸਲਾ ਕੀਤਾ।

**ਭੱਲਾ** :- ਇਸ ਕਹਾਣੀ ਵਿਚ ਮੈਨੂੰ ਦੋ ਗੱਲਾਂ ਰੜਕਦੀਆਂ ਹਨ। ਪਹਿਲੀ ਗੱਲ ਕਿ ਪੁਲਿਸ ਅਫਸਰ ਉਸ ਦੀ ਸਹਾਇਤਾ ਕਰਨ ਦਾ ਫੈਸਲਾ ਕਰਦਾ ਹੈ, ਭਾਵੇਂ ਕਿ ਉਹ ਮੁਸਲਮਾਨ ਸੀ। ਦੂਸਰੀ ਇਹ ਕਿ ਹਿੰਸਾ ਦੇ ਬਾਵਜੂਦ, ਜੋ ਗੱਲ ਸ਼ਾਹਣੀ ਨੂੰ ਸੁੱਝਦੀ ਹੈ ਉਹ ਨਹੀਂ ਕਿ ਉਹ ਮੁਸਲਮਾਨ ਹੈ, ਸਗੋਂ ਇਹ ਕਿ ਉਹ ਕਿਤੇ ਭੁੱਖਾ ਨਾ ਹੋਵੇ।

**ਸੋਬਤੀ** :- ਹਾਂ ਤੇਰੀ ਗੱਲ ਠੀਕ ਹੈ।

**ਭੱਲਾ** :- ਹਾਲੀਂ ਵੀ ਦੋਹਾਂ ਵਿਚ ਇਕ ਡੂੰਘੀ ਇਨਸਾਨੀਅਤ ਦੀ ਭਾਵਨਾ ਕਾਇਮ ਸੀ।

**ਸੋਬਤੀ** :- ਹਾਂ! ਬਿਲਕੁਲ ਉਹ ਗੁਜਰਾਤ ਦੇ ਨੇੜਲੇ ਕੈਂਪ ਵਿਚ ਸ਼ਾਹਣੀ ਨੂੰ ਛੱਡ ਆਇਆ। ਅਗਲੇ ਦਿਨ, ਜਿਹੜੇ ਵੀ ਲੋਕੀਂ ਸਾਡੇ ਲਈ ਕੰਮ ਕਰਦੇ ਹੁੰਦੇ ਸੀ, ਉਹ ਘਿਉ, ਆਟਾ ਤੇ ਕੰਬਲ ਆਦਿ ਲੈ ਕੇ ਸ਼ਾਹਣੀ ਕੋਲ ਪਹੁੰਚੇ। ਤਾਂਕਿ ਉਸਨੂੰ ਕੈਂਪ ਵਿਚ ਕੋਈ ਤਕਲੀਫ਼ ਨਾ ਹੋਵੇ। ਉਹ ਇਹਨਾਂ ਚੀਜ਼ਾਂ ਨਾਲ ਕੈਂਪ ਵਿਚ ਬਚੀ ਰਹੀ। ਸ਼ਰਨਾਰਥੀ ਕੈਂਪ ਵਿਚ, ਹਰ ਇੱਕ ਨਾਲ ਇਸ ਤਰ੍ਹਾਂ ਹੀ ਵਾਪਰਦਾ ਹੈ। ਬਿਨਾਂ ਕਿਸੇ ਛੋਟ ਦੇ। ਇਹ ਕੋਈ ਨਿਜੀ ਦੁਖਾਂਤ ਨਹੀਂ ਸੀ ਪਰ ਬੰਦੇ ਨੂੰ ਹਮਦਰਦੀ ਦੀ ਕੋਈ ਲੋੜ ਨਹੀਂ ਸੀ, ਭਾਵੇਂ ਕਿ ਕਿਸੇ ਦੇ ਤਜਰਬੇ ਕਿੰਨੇ ਵੀ ਭਿਆਨਕ ਜਾਂ ਦੁੱਖਦਾਇਕ ਕਿਉਂ ਨਾ ਹੋਣ।

ਅੰਤ ਨੂੰ ਉਹ ਕਾਫਲੇ ਨਾਲ ਤੁਰੀ, ਕਾਫਲੇ ਨੂੰ ਰਾਹ ਵਿਚ ਹੜ੍ਹਾਂ ਕਾਰਨ ਨਨਕਾਣਾ ਸਾਹਿਬ ਰੁਕਣਾ ਪਿਆ। ਇਹ ਤਿੰਨ ਮਹੀਨੇ ਬਾਅਦ ਅੰਮ੍ਰਿਤਸਰ ਪਹੁੰਚਿਆ।

ਸ਼ਰਨਾਰਥੀਆਂ ਨੂੰ ਸਾਰੇ ਰਾਹ ਪੈਦਲ ਚੱਲਣਾ ਪਿਆ। ਇਹ ਵੱਡਾ ਕਾਫਲਾ ਸੀ, ਸ਼ੈਰ ਜਦੋਂ ਉਹ ਪਹੁੰਚੀ, ਉਸਨੂੰ ਪਤਾ ਨਹੀਂ ਸੀ ਕਿ ਉਹ ਕਿੱਥੇ ਆ ਗਈ ਸੀ ਤੇ ਉਹ ਕੌਣ ਸੀ। ਉਹਨਾਂ ਦਿਨਾਂ ਵਿਚ, ਹਰ ਟੱਬਰ ਦਾ ਇੱਕ ਜੀਅ ਕੈਂਪਾਂ ਵਿਚ ਇਹ ਵੇਖਣ ਜਾਂਦਾ ਹੁੰਦਾ ਸੀ ਕਿ ਕੀ ਉਹਨਾਂ ਦਾ ਕੋਈ ਰਿਸ਼ਤੇਦਾਰ ਆਇਆ ਹੈ ਕਿ ਨਹੀਂ। ਇਕ ਦਿਨ ਮੇਰਾ ਛੋਟੇ ਜਵਾਈ, ਜੋ ਪਹਿਲਾਂ ਭਾਰਤ ਆ ਚੁੱਕਾ ਸੀ, ਨੇ ਵੇਖਿਆ ਕਿ ਇੱਕ ਬੁੱਢੀ ਔਰਤ ਕੈਂਪ ਵਿਚ ਪੱਥਰਾਂ ਉੱਤੇ ਕੁੱਬੀ ਹੋਈ ਬੈਠੀ ਹੈ। ਉਸਨੇ ਸਿਰ ਗੋਡਿਆਂ ਵਿਚ ਦਿੱਤਾ ਹੋਇਆ ਹੈ। ਉਹਨੇ ਸੋਚਿਆ ਕਿ ਉਹ ਉਸਦੀ ਸੱਸ ਨਾਲ ਮਿਲਦੀ ਜੁਲਦੀ ਸੀ। ਉਸਨੇ ਵੇਖਿਆ ਕਿ ਉਸਦੇ ਪੈਰ ਘੱਟੇ-ਮਿੱਟੀ ਨਾਲ ਭਰੇ ਹੋਏ, ਸੁੱਜੇ ਤੇ ਛਿੱਲੇ ਹੋਏ ਸਨ। ਉਹ ਉਡੀਕਦਾ ਰਿਹਾ, ਜਦੋਂ ਉਸਨੇ ਆਪਣਾ ਸਿਰ ਉਤਾਂਹ ਚੁੱਕਿਆ ਤੇ ਉਸਦੇ ਸਾਹਮਣੇ ਖਲੋ ਕੇ ਵੇਖਿਆ ਤਾਂ ਉਹ ਉਸਦਾ ਜਵਾਈ ਸੀ। ਉਸਦੇ ਮੂੰਹੋਂ ਕੋਈ ਸ਼ਬਦ ਨਹੀਂ ਸੀ ਨਿਕਲਿਆ, ਨਾ ਹੀ ਕੋਈ ਹਰਕਤ ਕੀਤੀ। ਉਹ ਬੱਸ ਉਸਦੇ ਨਾਲ ਤੁਰ ਪਈ। ਜਦੋਂ ਉਹ ਦਿੱਲੀ ਪਹੁੰਚੀ ਤਾਂ ਉਸਦੇ ਦਿਮਾਗ ਵਿਚ ਜੋ ਸਭ ਤੋਂ ਵੱਡੀ ਗੱਲ ਸੀ, ਉਹ ਉਸਨੇ ਇੱਕ ਖ਼ਤ ਵਿਚ ਲਿਖ ਦਿੱਤੀ। ਉਸ ਵਿਚ ਉਸਨੇ ਆਪਣੇ ਪਿਛਲੇ ਨੌਕਰਾਂ ਨੂੰ ਹਦਾਇਤਾਂ ਦਿੱਤੀਆਂ ਸਨ। ਖ਼ਤ ਦਾ ਆਖ਼ਰੀ ਵਾਕ ਕੁਝ ਇੰਝ ਸੀ –

"ਪਿਆਰੇ ਪੁੱਤਰ, ਮੁਹੰਮਦ ਦੀਨ ਜਦੋਂ ਠੰਢ ਠੰਢੋਰਾ ਹੋ ਗਿਆ ਤੇ ਦੋਹੀਂ ਪਾਸੀਂ ਸ਼ਾਂਤੀ ਹੋ ਗਈ ਮੈਂ ਤੁਹਾਡੇ ਕੋਲ ਵਾਪਸ ਆ ਜਾਵਾਂਗੀ। ਫਿਰ ਵੀ ਇਹ ਮੇਰਾ ਘਰ ਹੈ ਤੇ ਸ਼ਾਹਣੀ ਦੇ ਪਿਉ-ਦਾਦਿਆਂ ਦਾ ਵੀ। ਮੈਂ ਉੱਥੇ ਹੀ ਮਰਨਾ ਚਾਹਵਾਂਗੀ।"

ਮੈਨੂੰ ਕਹਾਣੀ ਦੀ ਪਿੱਠ ਪਿੱਛੇ ਵਾਪਰਦੀਆਂ ਘਟਨਾਵਾਂ ਬਾਰੇ ਚਿੰਤਾ ਨਹੀਂ ਸੀ। ਮੈਨੂੰ ਤਾਂ ਇਸ ਗੱਲ ਵਿਚ ਦਿਲਚਸਪੀ ਸੀ ਕਿ ਕੀ ਵਾਪਰਿਆ, ਜਦੋਂ ਸ਼ਾਹਣੀ ਆਪਣੇ ਚੁਬਾਰੇ ਦੀਆਂ ਪੌੜੀਆਂ ਉੱਤਰ ਕੇ ਹੇਠਾਂ ਆਈ। ਆਪਣੇ ਵਿਆਹ ਤੋਂ ਬਾਅਦ ਉਸਨੇ ਕਦੇ ਵੀ ਪਿੰਡ ਨਹੀਂ ਸੀ ਛੱਡਿਆ। ਪਿੰਡ ਦਾ ਸਰਪੰਚ ਤੇ ਹੋਰ ਲੋਕ ਉਸਦੇ ਦੁਆਲੇ ਇਕੱਠੇ ਹੋਏ ਤੇ ਆਖਣ ਲੱਗੇ, 'ਸ਼ਾਹਣੀਏ ਅਸੀਂ ਤੁਹਾਡੀ ਰਾਖੀ ਨਹੀਂ ਕਰ ਸਕੇ, ਏਥੇ ਨਹੀਂ ਰੱਖ ਸਕੇ। ਰਾਜ ਪਲਟ ਗਿਆ, ਸਿੱਕਾ ਬਦਲ ਗਿਆ।' ਇਹਨਾਂ ਵਾਕਾਂ ਦੀ ਠੰਡੀ ਨਿਰਪੱਖਤਾ, ਸ਼ਾਇਦ ਪੀੜ ਦੀ ਸ਼ਿੱਦਤ ਵਿਚੋਂ ਜੰਮੀ ਸੀ। ਇੰਝ ਲੱਗਦਾ ਸੀ ਜਿਵੇਂ ਉਹਨਾਂ ਲੋਕਾਂ ਵਿਚੋਂ ਮਨੁੱਖੀ ਜਜ਼ਬੇ ਸੁੱਕ-ਸੜ ਗਏ ਹੋਣ, ਜੋ ਇਸ ਝੱਖੜ ਵਿਚ ਏਡੀ ਵੱਡੀ ਵੰਡ ਕਾਰਨ ਫਸ ਗਏ ਸਨ। ਜਦੋਂ ਮੈਂ ਇਹਨਾਂ ਹੀ ਦਿਨਾਂ ਵਿਚ ਕਹਾਣੀ ਉੱਤੇ ਗਹੁ ਨਾਲ ਨਜ਼ਰ ਮਾਰੀ ਤਾਂ ਹੈਰਾਨ ਹੋਈ ਕਿ ਇਸ ਵਿਚ ਕਿਹੜੀ ਗੱਲ ਮਹੱਤਵ ਵਾਲੀ ਸੀ। ਸ਼ਾਇਦ ਜੀਵਨ ਦਾ ਉਹ ਭਾਗ ਕੀਮਤੀ ਸੀ, ਜੋ ਦੋ ਬਰਾਦਰੀਆਂ ਇੱਕ ਦੂਜੀ ਦੇ ਨੇੜੇ ਸਨ। ਸਾਡੇ ਪਰਿਵਾਰ ਵਿਚ ਅਜਿਹੀਆਂ ਕਈ ਕਹਾਣੀਆਂ ਹਨ। ਮੇਰੇ ਪਰਿਵਾਰ ਦੇ ਕਈ ਜੀਅ ਮਾਰੇ ਗਏ ਸਨ। ਕਈ ਭਾਰਤ ਨਹੀਂ ਪਹੁੰਚੇ, ਕਈ ਮੁਸਲਮਾਨ



ਬਣ ਗਏ ਤੇ ਉੱਥੇ ਹੀ ਰਹਿ ਗਏ।

'ਸਿੱਕਾ ਬਦਲ ਗਿਆ' ਦੇ ਉਲਟ ਮੈਂ ਵੰਡ ਤੋਂ ਤੀਹ ਸਾਲਾਂ ਬਾਅਦ 'ਜ਼ਿੰਦਗੀਨਾਮਾ' ਲਿਖਿਆ, ਭਾਵੇਂ ਕਿ ਪਹਿਲਾ ਖਰੜਾ ਮੈਂ 1952 ਵਿਚ ਹੀ ਤਿਆਰ ਕਰ ਲਿਆ ਸੀ, ਇਸ ਸਮੇਂ ਇੰਝ ਸੀ ਜਿਵੇਂ ਮੈਂ ਸਾਡੇ ਨਾਲ ਬੀਤੀਆਂ ਯਾਦਾਂ ਨੂੰ ਮੁੜ ਚੇਤੇ ਕਰ ਰਹੀ ਹੋਵਾਂ। ਸਮੇਂ ਦਾ ਵੀ ਅਜੀਬ ਰਸਾਇਣ-ਵਿਗਿਆਨ ਹੈ। ਪਹਿਲਾਂ ਅਸੀਂ ਇਸਨੂੰ ਭੁੱਲਣਾ ਚਾਹੁੰਦੇ ਸੀ ਤੇ ਮਗਰੋਂ ਉਸ ਬੀਤ ਗਏ ਨੂੰ ਦੁਬਾਰਾ ਜੀਣਾ ਚਾਹੁੰਦੇ ਸੀ।

**ਭੱਲਾ :-** 'ਸਿੱਕਾ ਬਦਲ ਗਿਆ' ਉਸ ਵਰਨਣ ਤੋਂ ਰਤਾ ਕੁ ਵੱਖਰੀ ਹੈ, ਜੋ ਤੁਸਾਂ ਹੁਣ ਦਿੱਤਾ ਹੈ। ਕਹਾਣੀ ਵਿਚ ਤੁਸਾਂ ਉਹ ਕੁਝ ਨਹੀਂ ਦੱਸਿਆ ਕਿ ਸ਼ਾਹਣੀ ਨਾਲ ਪਿੰਡ ਛੱਡਣ ਤੋਂ ਬਾਅਦ ਕੀ ਵਾਪਰਿਆ। ਜਦੋਂ ਉਹ ਕੈਂਪ ਪਹੁੰਚ ਗਈ। ਨਾ ਹੀ ਤੁਸੀਂ ਪੁਲਸ ਅਫਸਰ ਬਾਰੇ ਗੱਲ ਕੀਤੀ। ਤੁਸੀਂ ਜੋ ਬਿਆਨ ਕਰਦੇ ਹੋ, ਉਹ ਇਹ ਹੈ ਕਿ ਉਹ ਲੋਕ ਜਿਨ੍ਹਾਂ ਉੱਤੇ ਉਹ ਭਰੋਸਾ ਕਰਕੇ ਆਪਣੇ ਸਮਝਦੇ ਸੀ, ਉਹਨਾਂ ਨੇ ਹੀ ਉਸ ਦਾ ਘਰ ਲੁੱਟਿਆ।

**ਸੋਬਤੀ :-** ਹਾਂ, ਪਰ ਉਸਦਾ ਘਰ ਲੁੱਟਣ ਤੋਂ ਬਾਅਦ ਉਹੀ ਸਨ ਜੋ ਉਸ ਲਈ ਖੁਰਾਕ ਆਦਿ ਲੈ ਕੇ ਗਏ। ਉਨ੍ਹਾਂ ਨੂੰ ਉਸ ਔਰਤ ਦੀ ਡੂੰਘੀ ਚਿੰਤਾ ਸੀ, ਜੋ ਉਸ ਹਵੇਲੀ ਦੀ ਅਤੇ ਪਿੰਡ ਦੀਆਂ ਜ਼ਮੀਨਾਂ ਦੀ ਮਾਲਕ ਸੀ। ਹੁਣ ਜਦੋਂ ਮੈਂ ਪਿੱਛੇ ਮੁੜ ਕੇ ਵੇਖਦੀ ਅਤੇ ਉਸ ਅਨੁਭਵ ਬਾਰੇ ਸੋਚਦੀ ਹਾਂ, ਮੈਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਉਹਨਾਂ ਦਿਨਾਂ ਵਿਚ ਜੋ ਕੁਝ ਵਾਪਰਿਆ ਸੀ, ਉਸ ਵਿਚ ਜ਼ਾਤੀ ਕੋਈ ਗੱਲ ਨਹੀਂ ਸੀ ਜਾਂ ਜੋ ਕੁਝ ਲੋਕਾਂ ਨੇ ਇੱਕ ਦੂਜੇ ਨਾਲ ਕੀਤਾ। ਇਤਿਹਾਸਕ ਘਟਨਾ ਏਨੀ ਭਾਰੂ ਸੀ ਕਿ ਛੋਟੇ ਜ਼ਾਤੀ ਦੁਖਾਂਤ ਮਹੱਤਵਪੂਰਨ ਪ੍ਰਤੀਤ ਨਹੀਂ ਹੁੰਦੇ।

ਮੈਨੂੰ ਆਗਿਆ ਦਿਉ ਕਿ ਮੈਂ ਤੁਹਾਨੂੰ ਇਕ ਦੂਰ ਦੇ ਰਿਸ਼ਤੇਦਾਰ ਦੀ ਕਹਾਣੀ ਸੁਣਾਵਾਂ। ਮੇਰੀ ਭੂਆ ਦੀ ਕਹਾਣੀ। ਉਹ ਬੜੇ ਲੰਮੇ ਤੇ ਔਖੇ ਰੇਲਵੇ ਦੇ ਸਫ਼ਰ ਰਾਹੀਂ ਭਾਰਤ ਪਹੁੰਚੀ ਸੀ। ਜਦੋਂ ਉਹ ਦਿੱਲੀ ਪਹੁੰਚੀ ਉਹ ਬੜੇ ਸਦਮੇ ਦੀ ਹਾਲਤ ਵਿਚ ਸੀ। ਉਹ ਬੋਲ ਸਕਣ ਦੇ ਕਾਬਿਲ ਨਹੀਂ ਸੀ, ਉਹ ਸਾਰਾ ਦਿਨ ਚੁੱਪ ਬੈਠੀ ਰਹੀ। ਮੇਰੀ ਮਾਂ ਬੜੀ ਸਖ਼ਤ ਤੇ ਜ਼ਿੱਦੀ ਔਰਤ ਸੀ। ਉਸਨੇ ਭੂਆ ਨੂੰ ਚਾਹ ਤੇ ਖਾਣ ਲਈ ਕੁਝ ਦਿੱਤਾ ਤੇ ਉਸਨੂੰ ਧੀਰਜ ਦੇਣ ਲਈ ਕਈ ਕੁਝ ਕੀਤਾ। ਪਰ ਹਰ ਗੱਲ ਅਸਫਲ ਰਹੀ, ਉਹ ਉਸਨੂੰ ਧੂਹ ਕੇ ਗੁਸਲਖਾਨੇ ਵਿਚ ਲੈ ਗਈ, ਇਸ਼ਨਾਨ ਲਈ ਪ੍ਰੇਰਿਆ ਤੇ ਉਸਨੂੰ ਆਖਿਆ, "ਵੇਖ ਭੁੱਲ ਜਾ, ਜੋ ਕੁਝ ਹੋਇਆ ਹੈ, ਹਰ ਇੱਕ ਨੇ ਦੁੱਖ ਝੱਲਿਆ ਹੈ। ਇਸ ਲਈ ਬੈਠ ਜਾ, ਆਪਣੀ ਚਾਹ ਪੀ, ਤੇ ਕੁਝ ਖਾਹ।" ਮੇਰੀ ਭੂਆ ਚਾਂਗਰਾਂ ਮਾਰ ਕੇ ਰੋਈ, ਇਸ ਤੋਂ ਪਹਿਲਾਂ ਉਸਨੇ ਇੱਕ ਅੱਥਰੂ ਵੀ ਨਹੀਂ ਸੀ ਵਗਾਇਆ।

**ਭੱਲਾ :-** ਪਰ ਸ਼ਾਇਦ ਉਹ ਜ਼ਰੂਰੀ ਸੀ। ਪਰ ਉਹ ਜੋ ਕੁਝ ਵਾਪਰਿਆ ਸੀ। ਉਸਨੂੰ ਕਿਵੇਂ ਭੁੱਲਣਾ ਸੰਭਵ ਸੀ। ਉਹ ਉਸ ਨੂੰ ਮਾਤਮ ਕਰਨ ਤੋਂ ਕਿਵੇਂ ਰੋਕ ਸਕਦੀ ਸੀ ਜੋ ਕਿ ਸਾਨੂੰ

ਮੌਤ ਦੇ ਦੁੱਖ ਉੱਤੇ ਕਾਬੂ ਪਾਉਣ ਦੇ ਕਾਬਿਲ ਬਣਾਉਂਦਾ ਹੈ। ਜਦੋਂ ਕਿ ਲੋਕ ਜੀਵਨ ਦਾ ਚੱਕਰ ਪੂਰਾ ਕਰਕੇ ਮਰਦੇ ਹਨ?

**ਸੋਬਤੀ** :- ਸੱਚ ਹੈ, ਬੰਦਾ ਨਹੀਂ ਭੁੱਲ ਸਕਦਾ ਤੇ ਮਾਤਮ ਦੀ ਪ੍ਰਕਿਰਿਆ ਵੀ ਮੁਸ਼ਕਿਲ ਹੁੰਦੀ ਹੈ। ਜਦੋਂ ਸਦਮਾ ਵੀ ਵੱਡਾ ਹੋਵੇ, ਉਨ੍ਹਾਂ ਸਮਿਆਂ ਵਿਚ, ਜਦੋਂ ਬੰਦੇ ਦਾ ਵਾਹ ਦੂਜਿਆਂ ਦੇ ਦੁੱਖ ਨਾਲ ਪੈਂਦਾ ਸੀ। ਜਿਵੇਂ ਕਿ ਕਿਸੇ ਇੱਕ ਦਾ ਪੁੱਤਰ ਮਾਰਿਆ ਗਿਆ ਸੀ, ਦੂਸਰੇ ਦੀ ਮਾਂ ਮਾਰੀ ਗਈ ਸੀ, ਤੇ ਕਿਸੇ ਹੋਰ ਦੀ ਪਤਨੀ ਜਾਂ ਭੈਣ ਮਾਰੀ ਜਾਵੇ ਤਾਂ ਭੁੱਲ ਜਾਣ ਦੀ ਕੋਸ਼ਿਸ਼ ਕਰਨਾ ਜ਼ਰੂਰੀ ਸੀ। ਹੁਣ ਵੀ ਜਦੋਂ ਕੁਝ ਦ੍ਰਿਸ਼ ਮੇਰੀਆਂ ਯਾਦਾਂ ਚੋਂ ਲੰਘਦੇ ਹਨ, ਮੈਂ ਕੰਬ ਜਾਂਦੀ ਹਾਂ ਤੇ ਆਪਣੇ ਆਪ ਉੱਤੇ ਕਾਬੂ ਪਾਉਂਦੀ ਹਾਂ। ਮੈਂ ਅਜੇ ਵੀ ਪ੍ਰੇਸ਼ਾਨ ਹੋ ਜਾਂਦੀ ਹਾਂ, ਜਦੋਂ ਉਹਨਾਂ ਦਿਨਾਂ ਬਾਰੇ ਲਿਖਦੀ ਹਾਂ।

ਮੈਨੂੰ ਆਗਿਆ ਦਿਉ ਕਿ ਮੈਂ ਤੁਹਾਨੂੰ ਬਲਵੰਤ ਸਿੰਘ ਦੇ ਨਾਵਲ 'ਕਾਲੇ ਦਿਨ' ਬਾਰੇ ਦੱਸਾਂ। ਕੀ ਤੁਸਾਂ ਉਹ ਪੜ੍ਹਿਆ ਹੈ? ਉਸਨੇ ਕਿੰਨਾ ਨੇੜਿਓਂ ਹੋ ਕੇ ਵੰਡ ਦੇ ਇਸ ਨਾਟਕ ਨੂੰ ਖੋਲ੍ਹ ਕੇ ਬਿਆਨਿਆ ਤੇ ਦ੍ਰਿਸ਼ਟੀਗੋਚਰ ਕੀਤਾ ਹੈ। ਨਾਵਲ ਵਿਚ ਬਲਵੰਤ ਸਿੰਘ ਘਟਨਾਵਾਂ ਤੋਂ ਪਾਰ ਵੇਖਣ ਦੀ ਕੋਸ਼ਿਸ਼ ਕਰਦਾ ਹੈ। ਇਸ ਵਿਚ ਇੱਕ ਅਜੀਬ ਦ੍ਰਿਸ਼ ਹੈ, ਜਿਸ ਵਿਚ ਟਰੱਕਾਂ ਦਾ ਕਾਫਲਾ ਭਾਰਤ ਵੱਲ ਆ ਰਿਹਾ ਹੈ। ਟਰੱਕ ਆਉਣ ਵਾਲੇ ਲੋਕਾਂ ਨਾਲ ਭਰੇ ਹੋਏ ਹਨ ਤੇ ਜਿਹੜੇ ਸੁੱਕੇ ਘਾਹ ਦੀਆਂ ਪੰਡਾਂ ਨਾਲ ਢੱਕੇ ਹੋਏ ਹਨ ਤਾਂ ਕਿ ਪਤਾ ਨਾ ਲੱਗੇ, ਪ੍ਰਵਾਸੀ ਫੈਸਲਾ ਕਰਦੇ ਹਨ ਕਿ ਟਰੱਕ ਦਾ ਡਰਾਈਵਰ ਮੁਸਲਮਾਨ ਹੋਵੇ ਤੇ ਉਸਦੇ ਨਾਲ ਬੈਠਾ ਕਲੀਂਡਰ ਜਾਂ ਸਿੱਖ ਹੋਵੇ ਜਾਂ ਹਿੰਦੂ, ਜੋ ਰੀਫਿਊਜੀਆਂ ਦੀਆਂ ਲੋੜਾਂ ਵੱਲ ਧਿਆਨ ਦੇ ਸਕੇ। ਇੱਕ ਥਾਂ ਉੱਤੇ ਡਰਾਈਵਰ ਟਰੱਕ ਤੋਂ ਹੇਠਾਂ ਉਤਰਦਾ ਹੈ ਅਤੇ ਸੜਕ ਉੱਤੇ ਖਲੋਤੇ ਲੋਕਾਂ ਦੇ ਇੱਕ ਗਰੁੱਪ ਕੋਲ ਜਾਂਦਾ ਹੈ ਜਦੋਂ ਉਹ ਗੱਲਾਂ ਕਰਕੇ ਵਾਪਸ ਮੁੜਦਾ ਹੈ ਤਾਂ ਰੀਫਿਊਜੀ ਉਹਨਾਂ ਬਾਰੇ ਜਾਨਣਾ ਚਾਹੁੰਦੇ ਹਨ। ਉਹ ਚੁੱਪ ਰਹਿੰਦਾ ਹੈ, ਉਹ ਜ਼ੋਰ ਪਾਉਂਦੇ ਹਨ। ਸਾਨੂੰ ਦੱਸ ਕਿ ਤੂੰ ਕਿਹਨਾਂ ਨਾਲ ਗੱਲਾਂ ਕਰ ਰਿਹਾ ਸੀ? ਡਰਾਈਵਰ ਉੱਤਰ ਦਿੰਦਾ ਹੈ, "ਮੈਂ ਕੀਹਦੇ ਨਾਲ ਗੱਲ ਕਰ ਰਿਹਾ ਸੀ। ਅਜੀਬ ਗੱਲ ਹੈ, ਕੀ ਮੈਂ ਆਪਣੇ ਮੁਸਲਮਾਨ ਭਰਾਵਾਂ ਨਾਲ ਗੱਲ ਵੀ ਨਹੀਂ ਕਰ ਸਕਦਾ?" ਕਾਫਲੇ ਦੇ ਲੋਕ ਘਾਬਰ ਜਾਂਦੇ ਹਨ। ਟਰੱਕ ਇੱਕ ਵਾਰ ਫਿਰ ਰੁਕ ਜਾਂਦਾ ਹੈ। ਰੀਫਿਊਜੀ ਹੈਰਾਨ ਹੁੰਦੇ ਹਨ ਕਿ ਸੜਕ ਉਤਲੇ ਲੋਕ ਉਹਨਾਂ ਨੂੰ ਕਤਲ ਕਰਨ ਵਾਲੇ ਹਨ। ਜਦ ਡਰਾਈਵਰ ਵਾਪਸ ਆਉਂਦਾ ਹੈ ਤਾਂ ਉਹ ਦੁਬਾਰਾ ਪੁੱਛਦੇ ਹਨ, 'ਕੀ ਉਹ ਬੰਦੇ ਪੁਲਿਸ ਵਾਲੇ ਹਨ ਤਾਂ ਫੌਜੀ ਸਿਪਾਹੀ ਹੈ? ਡਰਾਈਵਰ ਉਹਨਾਂ ਨੂੰ ਟਾਲਣ ਵਾਲਾ ਉੱਤਰ ਦਿੰਦਾ ਹੈ। ਪਰ ਜਦੋਂ ਟਰੱਕ ਤੀਜੀ ਵਾਰ ਰੁਕਦਾ ਹੈ ਤਾਂ ਡਰਾਈਵਰ ਸ਼ਰਨਾਰਥੀਆਂ ਨੂੰ ਕਹਿੰਦਾ ਹੈ, "ਤੁਸੀਂ ਕਿਉਂ ਡਰਦੇ ਹੋ, ਉਹ ਲੁਟੇਰੇ ਹਨ। ਜਿਹਨਾਂ ਨੇ ਪੁਲਿਸ ਦੀਆਂ ਕਿਰਾਏ ਤੇ ਲਈਆਂ ਵਰਦੀਆਂ ਪਾਈਆਂ ਹੋਈਆਂ ਹਨ। ਯਾਰਾ ਕੀ



ਫ਼ਰਕ ਪੈਂਦਾ ਹੈ ਜੇ ਉਹ ਲੋਕ ਚਾਰ ਪੈਸੇ ਕਮਾ ਲੈਣ। ਕੀ ਪੈਂਦਾ ਹੈ ਫ਼ਰਕ?"

ਹਰ ਸ਼ਰਨਾਰਥੀ ਨੇ ਡਰਾਈਵਰ ਨੂੰ ਤਿੰਨ ਜਾਂ ਚਾਰ ਹਜ਼ਾਰ ਰੁਪਈਆ ਦਿੱਤਾ ਹੈ। ਸੜਕ ਉੱਤੇ ਖੜੋਤੇ ਲੋਕਾਂ ਨੇ ਸ਼ਰਨਾਰਥੀਆਂ ਨੂੰ ਸੁਰੱਖਿਅਤ ਲੰਘਣ ਲਈ ਆਪਣਾ ਹਿੱਸਾ ਲੈਣਾ ਸੀ। ਇਹ ਸੰਭਵ ਹੈ ਕਿ ਬਕਾਇਦਾ ਪੁਲਿਸ ਨੇ ਉਹਨਾਂ ਨੂੰ ਲੰਘਣ ਨਹੀਂ ਸੀ ਦੇਣਾ। ਇਹਨਾਂ ਲੋਕਾਂ ਨੇ ਸ਼ਰਨਾਰਥੀਆਂ ਦੀ ਬਾਰਡਰ ਪਾਰ ਸਹਾਇਤਾ ਕੀਤੀ ਸੀ। ਨੋਟ ਕਰੋ ਕਿ ਉਹਨੀਂ ਦਿਨੀਂ ਵੀ ਮੁਕਬਾਲੇ ਦੀ ਆਰਥਿਕਤਾ ਚੱਲਦੀ ਸੀ। ਖ਼ੈਰ ਜਦੋਂ ਟਰੱਕ ਲਾਹੌਰ ਲਾਗੇ ਆਏ, ਸ਼ਰਨਾਰਥੀਆਂ ਨੇ ਤਰਲਾ ਮਾਰਿਆ ਤੇ ਡਰਾਈਵਰ ਨੂੰ ਕਿਹਾ, "ਲਾਹੌਰ ਵਿਚੋਂ ਦੀ ਨਾ ਜਾਹ। ਪਾਸੇ ਦੀ ਲੰਘ। ਜੇ ਤੂੰ ਸ਼ਹਿਰ ਵਿਚ ਦਾਖਲ ਹੋਇਆ ਤਾਂ ਮੁਸਲਮਾਨ ਸਾਨੂੰ ਮਾਰ ਦੇਣਗੇ।"

ਪਰ ਡਰਾਈਵਰ ਨਹੀਂ ਮੰਨਦਾ ਤੇ ਟਰੱਕ ਨੂੰ ਸ਼ਹਿਰ ਵਿਚ ਦੀ ਪਾ ਲੈਂਦਾ ਹੈ। ਅਚਾਨਕ ਹੀ ਉਹਨਾਂ ਨੇ ਆਪਣੇ ਸਾਹਮਣੇ ਇੱਕ ਵੱਡਾ ਹਜੂਮ ਦੇਖਿਆ। ਕਿਸੇ ਨੇ ਕਿਹਾ, "ਉਹ ਭੀੜ ਹੈ, ਅਸੀਂ ਸਾਰੇ ਮਾਰੇ ਜਾਵਾਂਗੇ। ਤੂੰ ਸ਼ਹਿਰ ਵੱਲ ਦੀ ਕਿਉਂ ਲੈ ਕੇ ਆਇਆ?" ਡਰਾਈਵਰ ਨੇ ਉੱਤਰ ਦਿੱਤਾ, "ਨਹੀਂ! ਡਰੋ ਨਾ।"

ਇੱਕ ਰੀਫਿਊਜੀ ਨੇ ਕਿਹਾ, "ਪਰ ਉਹ ਮੁਸਲਮਾਨ ਹਨ।" ਡਰਾਈਵਰ ਹੱਸਿਆ ਤੇ ਕਿਹਾ, 'ਉਹ ਮੁਸਲਮਾਨ ਨਹੀਂ, ਉਹ ਹਿੰਦੁਸਤਾਨੀ ਹਨ।'

'ਉਹ ਮੁਸਲਮਾਨ ਹਨ'

'ਹਾਂ, ਪਰ ਉਹ ਪੰਜਾਬੀ ਮੁਸਲਮਾਨ ਨਹੀਂ। ਉਹ ਹਿੰਦੁਸਤਾਨੀ ਮੁਸਲਮਾਨ ਹਨ।'

'ਤੁਸੀਂ ਇਸ ਤਰ੍ਹਾਂ ਕਿਉਂ ਆਖਦੇ ਹੋ? ਮੁਸਲਮਾਨ ਹਰ ਥਾਂ ਮੁਸਲਮਾਨ ਹੀ ਹੁੰਦੇ ਹਨ।'

'ਨਹੀਂ ਮੇਰੇ ਭਰਾਵਾ, ਇੱਕ ਪੰਜਾਬੀ ਮੁਸਲਮਾਨ ਹੀ ਅਸਲੀ ਮੁਸਲਮਾਨ ਹੁੰਦਾ ਹੈ।'

ਜਦੋਂ ਬਲਵੰਤ ਸਿੰਘ ਨੇ ਇਹ ਨਾਵਲ ਲਿਖਿਆ ਸੀ, ਉਦੋਂ ਬੰਗਲਾ ਦੇਸ਼ ਨਹੀਂ ਸੀ ਬਣਿਆ, ਫਿਰ ਵੀ, ਉਹ ਹੁਣ ਦੀਆਂ ਘਟਨਾਵਾਂ ਤੋਂ ਪਾਰ ਦੇਖ ਰਿਹਾ ਸੀ। ਉਹ ਰਾਜਸੀ ਤੇ ਧਾਰਮਿਕ ਗੁੰਝਲਾਂ ਪ੍ਰਤੀ ਜਾਣੂ ਸੀ, ਪਰ ਉਹ ਨਸਲੀ ਖਿਚਾਵਾਂ ਤੋਂ ਵੀ ਭਲੀ-ਭਾਂਤ ਜਾਣੂ ਸੀ।

**ਲਾ** :- ਕੀ ਲੋਕਾਂ ਨੇ ਆਪਣੇ ਆਪ ਨੂੰ ਪੰਜਾਬੀ, ਮੁਸਲਮਾਨ ਤੇ ਹਿੰਦੁਸਤਾਨੀ ਆਦਿ ਰਾਹੀਂ ਪ੍ਰੀਭਾਸ਼ਿਤ ਕੀਤਾ?

**ਬਤੀ** :- ਹਾਂ, ਪੰਜਾਬੀ ਅੱਜ ਤੀਕ ਵੀ ਪਾਕਿਸਤਾਨ ਵਿਚ ਸਰਬ-ਸ੍ਰੇਸ਼ਟ ਹਨ। ਉਹ ਜ਼ਿੱਦੀ ਹਨ ਤੇ ਅਜੇ ਵੀ ਆਪਣੇ ਆਪ ਨੂੰ ਹਿੰਦੁਸਤਾਨੀ ਨਹੀਂ ਸਮਝਦੇ। ਸਾਡੇ ਲਈ ਇਹ ਮੰਨਣ ਲਈ ਕਾਰਨ ਹੈ ਕਿ ਪੰਜਾਬੀ ਮੁਸਲਮਾਨ ਅਜੇ ਵੀ ਉਹਨਾਂ ਲੋਕਾਂ ਨੂੰ ਹਿੰਦੁਸਤਾਨੀ ਹੀ ਸਮਝਦੇ ਹਨ, ਜੋ ਇਥੋਂ ਉਧਰ ਗਏ। ਲੋਕ ਉਹਨ ਲਈ ਕੁਝ ਨਹੀਂ ਲਈ ਬੈਠੇ। ਉਹਨਾਂ ਨੇ ਗ਼ੈਰ-ਪੰਜਾਬੀਆਂ ਨੂੰ ਤੇ ਜੋ ਹੋਰ ਇਧਰੋਂ ਪਾਕਿਸਤਾਨ ਗਏ ਹਨ, ਬਰਾਬਰੀ

ਦਾ ਦਰਜਾ ਨਹੀਂ ਦਿੱਤਾ। ਉਹ ਆਪਣੇ ਆਪ ਨੂੰ ਹੀ ਅਸਲੀ ਮੁਸਲਮਾਨ ਸਮਝਦੇ ਹਨ।

**ਭੱਲਾ** :- ਕੁਝ ਦਿਨ ਪਹਿਲਾਂ ਜਦੋਂ ਆਪਾਂ ਦੇਸ਼ ਦੀ ਵੰਡ ਬਾਰੇ ਗੱਲਾਂ ਕਰ ਰਹੇ ਸੀ, ਤੁਸੀਂ ਦੱਸਿਆ ਸੀ ਕਿ ਤੁਸਾਂ ਪਹਿਲੀ 'ਆਹਟ' ਅਥਵਾ ਪਹਿਲੀ ਘੁਸਰ-ਮੁਸਰ (Whisper) ਵੰਡ ਬਾਰੇ 1942 ਵਿਚ ਸੁਣੀ ਸੀ। ਕੀ ਆਪਾਂ ਵਾਪਿਸ ਉਸ ਕਹਾਣੀ ਵੱਲ ਪਰਤ ਸਕਦੇ ਹਾਂ, ਕਿਉਂਕਿ ਮੈਨੂੰ ਪ੍ਰਤੀਤ ਹੁੰਦਾ ਹੈ ਕਿ 1947 ਵਿਚ ਜੋ ਕੁਝ 'ਸ਼ਾਹਣੀ' ਨਾਲ ਵਾਪਰਿਆ ਸੀ, ਉਸਦਾ ਕੁਝ ਸਾਲ ਪਹਿਲਾਂ ਅਨੁਮਾਨ ਲੱਗ ਸਕਦਾ ਸੀ?

**ਸੋਬਤੀ** :- ਹਾਂ, ਨਿਰਸੰਦੇਹ! ਮੈਂ ਲਾਹੌਰ ਪੜ੍ਹਦੀ ਸੀ। ਛੁੱਟੀਆਂ ਵਿਚ ਮੈਂ ਵਾਪਸ ਆਪਣੇ ਪਿੰਡ ਚਲੇ ਜਾਂਦੀ ਹੁੰਦੀ ਸੀ। ਇੱਕ ਵਾਰ ਮੈਂ ਗੁਜਰਾਤ ਜਾਣ ਲਈ ਫਰੰਟੀਅਰ ਮੇਲ ਗੱਡੀ ਲਈ। ਮੈਂ ਆਪਣੇ ਪਿੰਡ ਲਾਗਲੇ ਸਟੇਸ਼ਨ ਉੱਤੇ ਗੱਡੀ ਤੋਂ ਉੱਤਰੀ ਅਤੇ ਇੱਕ ਢਾਬੇ ਤੋਂ ਕੁਝ ਖਾਣ ਲਈ ਰੁਕ ਗਈ। ਫਿਰ ਮੈਂ ਇੱਕ ਆਦਮੀ 'ਹੱਯਾਤ' ਨੂੰ ਮਿਲਣ ਗਈ, ਜਿਸਦੀ ਫਰਨੀਚਰ ਦੀ ਇੱਕ ਦੁਕਾਨ ਸੀ। ਉਹਨਾਂ ਦਿਨਾਂ ਵਿਚ ਗੁਜਰਾਤ ਦੋ ਗੱਲਾਂ ਲਈ ਮਸ਼ਹੂਰ ਸੀ, ਕਰਾਕਰੀ ਤੇ ਸੁੰਦਰ ਫਰਨੀਚਰ। ਮੈਂ ਉਸ ਕੋਲੋਂ ਠੰਡਾ ਪੀਤਾ ਤੇ ਫਿਰ ਕਿਹਾ, "ਮੈਂ ਹੁਣ ਆਪਣੇ ਰਾਹੇ ਪੈਂਦੀ ਹਾਂ।" ਉਸ ਪੁੱਛਿਆ, "ਕੀ ਮੈਂ ਤੇਰੇ ਨਾਲ ਕਿਸੇ ਨੂੰ ਭੇਜਾਂ?" ਨਹੀਂ ਮੈਂ ਉੱਤਰ ਦਿੱਤਾ। ਉਹਨਾਂ ਦਿਨਾਂ ਵਿਚ ਉਹ ਉਹਨਾਂ ਕੁੜੀਆਂ ਦੀ ਸਹਾਇਤਾ ਕਰਦਾ ਹੁੰਦਾ ਸੀ, ਜੋ ਛੁੱਟੀਆਂ ਸਮੇਂ ਕਾਲਜ ਤੋਂ ਘਰ ਪਰਤ ਰਹੀਆਂ ਹੁੰਦੀਆਂ ਸਨ। ਮੈਂ ਇੱਕ ਟਾਂਗਾ ਜਲਾਲਪੁਰੇ ਜਾਣ ਲਈ ਕਿਰਾਏ ਤੇ ਕੀਤਾ। ਮੈਨੂੰ ਪਤਾ ਸੀ ਕਿ ਉਥੇ ਮੈਨੂੰ ਘਰ ਤੀਕ ਲਿਜਾਣ ਲਈ ਇੱਕ ਘੋੜਾ ਉਡੀਕ ਰਿਹਾ ਹੋਵੇਗਾ।

**ਭੱਲਾ** :- ਕੀ ਕਦੇ ਹੱਯਾਤ ਨੇ ਅਨੁਭਵ ਕੀਤਾ ਸੀ ਕਿ ਉਹ ਇੱਕ ਹਿੰਦੂ ਕੁੜੀ ਦੀ ਸਹਾਇਤਾ ਕਰ ਰਿਹਾ ਸੀ? ਕੀ ਉਸਨੇ ਕਦੇ ਕਿਸੇ ਹੋਰ ਕੁੜੀ ਦੀ ਵੀ ਘਰ ਪਰਤਣ ਵੇਲੇ ਸਹਾਇਤਾ ਕੀਤੀ ਸੀ?

**ਸੋਬਤੀ** :- ਹਾਂ, ਉਹ ਜਾਣਦਾ ਸੀ ਕਿ ਉਹਨਾਂ ਦਾ ਧਿਆਨ ਰੱਖਣਾ ਜ਼ਰੂਰੀ ਸੀ। ਗੁਜਰਾਤ ਆਪਣੇ ਗੁੰਡਿਆਂ ਲਈ ਪ੍ਰਸਿੱਧ ਸੀ। (ਹੱਸਦੀ ਹੈ) ਖ਼ੈਰ ਮੇਰੇ ਲਈ ਭੇਜਿਆ ਗਿਆ ਘੋੜਾ ਮੇਰੇ ਪਹੁੰਚਣ ਤੋਂ ਪਹਿਲਾਂ ਹੀ ਜਲਾਲਪੁਰ ਪਹੁੰਚਿਆ ਹੋਇਆ ਸੀ। ਕਿਸੇ ਨੇ ਮੈਨੂੰ ਦੱਸਿਆ ਕਿ ਨਵਾਬ ਸਾਈਸ ਜੋ ਘੋੜਾ ਲੈ ਕੇ ਆਇਆ ਸੀ, ਇੱਕ ਮਿੱਤਰ ਨੂੰ ਮਿਲਣ ਚਲਾ ਗਿਆ ਸੀ। ਮੈਨੂੰ ਪਤਾ ਸੀ ਕਿ ਉਹ ਕੁਝ ਦੇਰ ਕਰਕੇ ਆਵੇਗਾ, ਕਿਸੇ ਵੀ ਹਾਲਤ ਵਿਚ ਉਹ ਪੈਦਲ ਹੀ ਮੇਰੇ ਮਗਰੇ ਆ ਜਾਵੇਗਾ। ਇਸ ਲਈ ਮੈਂ ਫੈਸਲਾ ਕੀਤਾ ਮੈਂ ਘੋੜੇ ਤੇ ਚੜ੍ਹਕੇ ਘਰ ਚਲੀ ਜਾਵਾਂ। (ਹਾਂ, ਮੈਂ ਘੋੜੇ ਦੀ ਸਵਾਰੀ ਕਰ ਸਕਦੀ ਹਾਂ) ਸਾਡੀ ਹਵੇਲੀ ਕੋਈ ਸੱਤ ਮੀਲ ਦੂਰ ਸੀ। ਮੈਂ ਪੰਜ ਮੀਲ ਗਈ ਹੋਵਾਂਗੀ ਕਿ ਜਦ ਮੈਂ ਫੈਸਲਾ ਕੀਤਾ ਕਿ ਰੁਕਾਂ ਤੇ ਘੋੜੇ ਨੂੰ ਪਾਣੀ ਪਿਲਾ ਲਵਾਂ। ਮੈਂ ਪੱਕੀ ਤਰ੍ਹਾਂ ਘੋੜੇ ਦੀ



ਕਾਠੀ ਉੱਤੇ ਬੈਠੀ ਹੋਈ ਸੀ। ਜਿਸ ਘੜੀ ਘੋੜੇ ਨੇ ਪਾਣੀ ਪੀਣ ਲਈ ਆਪਣੀ ਧੌਣ ਨੀਵੀਂ ਕੀਤੀ, ਉਸਨੇ ਪਾਣੀ ਵਿਚ ਇੱਕ ਘੋੜੀ ਦਾ ਪ੍ਰਛਾਵਾਂ ਵੇਖਿਆ। ਜਦੋਂ ਉਸਨੇ ਉਸਨੂੰ ਤੱਕਿਆ ਤਾਂ ਭੂਤਰ ਗਿਆ। ਇਸ ਤੋਂ ਪਹਿਲਾਂ ਕਿ ਮੈਂ ਉਸਨੂੰ ਕਾਬੂ ਕਰਦੀ, ਉਹ ਉਸ ਦੇ ਮਗਰ ਏਨੀ ਤੇਜ਼ੀ ਨਾਲ ਸਰਪਟ ਦੌੜਿਆ ਕਿ ਮੈਂ ਉਸ ਨੂੰ ਕਾਬੂ ਨਾ ਰੱਖ ਸਕੀ। ਮੈਂ ਸੋਚਿਆ, ਮੈਂ ਮਾਰੀ ਗਈ। ਮੈਂ ਆਪਣਾ ਪੈਰ ਰਕਾਬ ਚੋਂ ਕੱਢ ਲਿਆ। ਘੋੜਾ ਐਨਾ ਮਿਹਰਬਾਨ ਤਾਂ ਸੀ ਕਿ ਕਾਠੀ ਸਣੇ ਮੈਨੂੰ ਹੇਠਾਂ ਸੁੱਟ ਦਿੱਤਾ। ਮੈਂ ਬੇਹੋਸ਼ ਹੋ ਗਈ। ਕੁਝ ਸਮੇਂ ਪਿਛੋਂ ਜਦੋਂ ਮੈਨੂੰ ਹੋਸ਼ ਆਈ, ਮੈਂ ਵੇਖਿਆ ਕਿ ਕਿਤੇ ਮੇਰੀਆਂ ਹੱਡੀਆਂ ਤੇ ਨਹੀਂ ਟੁੱਟ ਗਈਆਂ। ਖ਼ੁਸ਼-ਕਿਸਮਤੀ ਨੂੰ ਮੇਰੇ ਸਿਰਫ਼ ਝਰੀਟਾਂ ਹੀ ਆਈਆਂ ਸਨ। ਮੈਂ ਕਾਠੀ ਚੁੱਕੀ। ਘੋੜੇ ਦਾ ਮੈਨੂੰ ਪਤਾ ਸੀ ਕਿ ਸਿੱਧਾ ਘਰ ਜਾਵੇਗਾ।

ਮੈਂ ਆਪਣੇ ਆਪ ਨੂੰ ਧੂੰਹਦੀ, ਉਸ ਥਾਂ ਪਹੁੰਚੀ ਜਿਥੇ ਕੁਝ ਝੁੱਗੀਆਂ ਦੇ ਝੁੰਡ ਸਨ। ਮੈਂ ਉਸ ਥਾਂ ਨੂੰ ਪਛਾਣਦੀ ਸੀ। ਕਿਸੇ ਤਰ੍ਹਾਂ ਮੈਂ ਪਿੰਡ ਦੇ ਖੂਹ ਤੀਕ ਅੱਪੜੀ। ਮੈਂ ਪਿੰਡ ਦੇ ਚੌਧਰੀ ਨੂੰ ਜਾਣਦੀ ਸੀ। ਜਿਉਂ ਹੀ ਉਸਨੇ ਮੈਨੂੰ ਵੇਖਿਆ, ਇਹ ਪੁੱਛਣ ਤੋਂ ਪਹਿਲਾਂ ਕਿ ਮੈਨੂੰ ਘੋੜੇ ਨੇ ਪਟਕਾ ਕੇ ਮਾਰਿਆ ਸੀ, ਉਹ ਕਹਿਣ ਲੱਗਾ, 'ਕੀ ਸੱਟਾਂ ਤੇ ਨਹੀਂ ਲੱਗੀਆਂ?' ਮੈਂ ਆਖਿਆ, ਹਾਂ। ਉਸਨੇ ਇੱਕ ਮੰਜੀ ਲਿਆਂਦੀ ਤੇ ਕਿਹਾ, "ਆ ਤੇ ਬਹਿ ਜਾ" ਫਿਰ ਉਸਨੇ ਕੋਸੇ ਦੁੱਧ ਦੇ ਨਾਲ ਕੁਝ ਘਿਉ ਲਈ ਬੰਦਾ ਭੇਜਿਆ ਤੇ ਮੈਨੂੰ ਪੀਣ ਲਈ ਆਖਿਆ। ਉਸਨੇ ਕਿਹਾ, 'ਮੇਰਾ ਘੋੜਾ ਲੈ ਜਾ। ਇਹ ਕੱਲ ਨੂੰ ਵਾਪਸ ਭੇਜ ਦਿਉ। ਮੈਂ ਕਿਹਾ, ਠੀਕ ਹੈ।

ਘੋੜੇ ਉੱਤੇ ਪਲਾਣਾ (ਤਾਹਰੂ) ਸੀ, ਜੋ ਕੱਪੜੇ ਦਾ ਬਣਿਆ ਹੋਇਆ ਸੀ। ਇਹ ਕਾਠੀ ਦੀ ਥਾਂ ਸੀ, ਮੈਂ ਇਸ ਨੂੰ ਠੀਕ ਕੀਤਾ। ਜਦੋਂ ਮੈਂ ਘੋੜੇ ਤੇ ਚੜ੍ਹਨ ਵਾਲੀ ਸੀ ਤਾਂ ਬਹੁਤ ਸਾਰੇ ਨਿਆਣੇ ਤੇ ਸਿਆਣੇ ਇਕੱਠੇ ਹੋ ਗਏ। ਇਹ ਗੱਲ ਪਿੰਡਾਂ ਵਿਚ ਆਮ ਹੀ ਹੁੰਦੀ ਹੈ। ਮੈਂ ਉਹਨਾਂ ਵਿਚ ਇੱਕ ਨਵਾਂ ਚਿਹਰਾ ਦੇਖਿਆ। ਮੈਂ ਉਹ ਪਹਿਲਾਂ ਕਦੇ ਨਹੀਂ ਸੀ ਵੇਖਿਆ। ਸ਼ਾਇਦ ਉਹ ਜਵਾਨ ਹੋ ਗਿਆ ਸੀ ਤੇ ਮੈਂ ਉਸਨੂੰ ਪਛਾਣਿਆ ਨਹੀਂ ਸੀ। ਗੱਲ ਕੀ, ਉਹ ਆਇਆ ਤੇ ਮੇਰੇ ਘੋੜੇ ਦੇ ਆ ਕੇ ਸਾਹਮਣੇ ਖਲੋ ਗਿਆ। ਮੈਨੂੰ ਗੁੱਸਾ ਚੜ੍ਹ ਗਿਆ। ਇਹ ਸਮਾਜਿਕ ਵਿਹਾਰ ਦੇ ਨੇਮਾਂ ਦੇ ਉਲਟ ਸੀ। ਉਸਨੇ ਘੋੜੇ ਨੂੰ ਥਪਕੀ ਦਿੱਤੀ ਤੇ ਕਿਹਾ, 'ਜਾ ਅੱਜ ਉਸਨੂੰ ਘਰ ਛੱਡ ਆ। ਪਿੱਛੋਂ ਉਸਨੂੰ ਚੂੜੀਆਂ ਤੇ ਕਾਂਟੇ ਵੀ ਛੱਡਣੇ ਪੈਣਗੇ। ਫਿਰ ਵੇਖਾਂਗੇ ਅਸੀਂ।' ਇਹ ਪਹਿਲੀ ਵਾਰ ਸੀ ਕਿ ਮੇਰੀ ਕਮਰ ਚੋਂ ਕੰਬਣੀ ਲੰਘੀ। ਉਸਦੀ ਸੁਰ ਵਿਚ ਕੋਈ ਗੱਲ ਸੀ ਕਿ ਮੈਂ ਡਰ ਗਈ। ਮੈਂ ਚਲੀ ਗਈ। ਜਦ ਮੈਂ ਘਰ ਪਹੁੰਚੀ ਤਾਂ ਮੈਂ ਇਹ ਘਟਨਾ ਕਿਸੇ ਨਾਲ ਸਾਂਝੀ ਨਹੀਂ ਕੀਤੀ। ਪਰ ਮੈਂ ਅਨੁਭਵ ਕੀਤਾ ਕਿ ਮੈਂ ਕਿਸੇ ਅਜੀਬ ਤੇ ਸ਼ਕਤੀਵਰ 'ਆਹਟ' ਨੂੰ ਪਹਿਲੀ ਵਾਰ ਸੁਣਿਆ ਹੈ। ਅਤੇ ਨਿਰਸੰਦੇਹ ਕੁਝ ਸਾਲਾਂ ਬਾਅਦ ਇਹ ਗੱਲ ਵਾਪਰੀ।

**ਭੱਲਾ** :- ਇੱਕ ਗੱਲ ਹੈ ਜੋ ਮੈਂ ਅਜੇ ਤੀਕ ਵੀ ਸਮਝ ਨਹੀਂ ਸਕਿਆ। ਇੱਕ ਵਿਆਖਿਆ ਜੋ ਕੁਝ ਇਤਿਹਾਸਕਾਰ ਅਜੇ ਵੀ ਪੇਸ਼ ਕਰਦੇ ਹਨ ਕਿ ਪਾਕਿਸਤਾਨ ਦੀ ਲਹਿਰ ਜਿਮੀਂਦਾਰਾਂ ਜਾਂ ਪੜ੍ਹੇ ਲਿਖੇ ਲੋਕਾਂ ਵਲੋਂ ਮੁੱਖ ਤੌਰ ਤੇ ਭੜਕਾਈ ਗਈ ਸੀ, ਜਿਹੜੇ ਕਿ ਅਫ਼ਸਰਸ਼ਾਹੀ ਵਿਚ ਚੰਗੇ ਅਹੁਦਿਆਂ ਲਈ ਤਾਂਘ ਰਹੇ ਸਨ। ਵੱਡੇ ਜ਼ਿਮੀਂਦਾਰ ਆਪਣੀਆਂ ਜ਼ਮੀਨਾਂ ਨੂੰ ਚਿੰਬੜੇ ਰਹਿਣਾ ਚਾਹੁੰਦੇ ਸਨ ਤੇ ਡਰਦੇ ਸਨ ਕਿ ਜੇ ਕਾਂਗਰਸ ਤਾਕਤ ਵਿਚ ਆ ਗਈ ਤੇ ਉਹ ਇਹ ਖੋਹ ਲਵੇਗੀ। ਇਸ ਲਈ ਇਹ ਲਹਿਰ ਅਮੀਰ ਤੇ ਪੜ੍ਹੇ-ਲਿਖਿਆਂ ਦੀ ਸੀ। ਸਧਾਰਨ ਆਦਮੀ ਤੇ ਔਰਤ ਨੇ ਅਸਲ ਵਿਚ ਇਸ ਵਿਚ ਕੋਈ ਰੋਲ ਅਦਾ ਨਹੀਂ ਕੀਤਾ।

ਮਿਸਾਲ ਵਜੋਂ, ਜਦੋਂ ਮੈਂ ਰਾਹੀ ਮਾਸੂਮ ਰਜ਼ਾ ਦਾ ਨਾਵਲ 'ਆਸਾ ਗਾਓਂ" ਪੜ੍ਹਿਆ ਤਾਂ ਮੈਨੂੰ ਇਹ ਸਮਝ ਪਈ ਕਿ ਪਾਕਿਸਤਾਨ ਦੀ ਲਹਿਰ ਉਹਨਾਂ ਵਲੋਂ ਚਲਾਈ ਗਈ ਸੀ, ਜੋ ਅਲੀਗੜ੍ਹ ਦੇ ਪੜ੍ਹੇ ਹੋਏ ਸਨ। ਉਹ ਲੋਕ ਜੋ ਬੜਾ ਸ਼ੁੱਧ ਉਰਦੂ ਬੋਲਦੇ ਸਨ। ਗੋਰਖਪੁਰ ਵਿਚ ਜੋ ਬੋਲੀ ਬੋਲੀ ਜਾਂਦੀ ਸੀ ਤੇ ਜਿਹੜੀ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਬੋਲਦੇ ਸੀ। ਉਹ ਵੱਖਰਾ ਸੀ। ਸੋ ਜਦੋਂ ਅਲੀਗੜ੍ਹ ਦੇ ਵਿਦਿਆਰਥੀ ਪਾਕਿਸਤਾਨ ਦਾ ਪ੍ਰਚਾਰ ਕਰਨ ਆਉਂਦੇ ਹਨ ਤਾਂ ਪਿੰਡਾਂ ਦੇ ਲੋਕ ਉਹਨਾਂ ਨੂੰ ਖਿਸਕ ਜਾਣ ਲਈ ਆਖਦੇ ਹਨ। ਲੋਕੀਂ ਉਹ ਸਥਾਨ ਛੱਡਣ ਲਈ ਤਿਆਰ ਹਨ, ਜਿੱਥੇ ਕਿ ਉਹ ਜੰਮੇ ਸਨ ਤੇ ਜਿੱਥੇ ਉਹ ਵੱਡੇ ਹੋਏ ਸਨ।

ਪਰ ਜਿਹੜੀ ਕਹਾਣੀ ਤੁਸੀਂ ਹੁਣ ਸੁਣਾਈ ਹੈ, ਇਸ ਤੋਂ ਪ੍ਰਗਟ ਹੁੰਦਾ ਹੈ ਕਿ ਪਾਕਿਸਤਾਨ ਦੀ ਮੰਗ ਹਵਾ ਵਿਚ ਸੀ ਕਿ ਤਬਦੀਲੀ ਦੀਆਂ ਹਵਾਵਾਂ ਨੇ 1946-47 ਤੋਂ ਪਹਿਲਾਂ ਆਪ ਲੋਕਾਂ ਨੂੰ ਛੋਹ ਲਿਆ ਸੀ।

**ਸੋਬਤੀ** :- ਹਾਂ, ਨਿਰਸੰਦੇਹ। ਨਹੀਂ ਤਾਂ ਇਹ ਲਹਿਰ ਏਨੀ ਤਕੜੀ ਨਹੀਂ ਸੀ ਹੋ ਸਕਦੀ ਕਿ ਹਰ ਇੱਕ ਨੂੰ ਰੋੜ੍ਹ ਕੇ ਲੈ ਜਾਂਦੀ। ਅਲੀਗੜ੍ਹ ਪਾਕਿਸਤਾਨ ਦੇ ਸੰਕਲਪ ਦਾ ਸ਼ਕਤੀਸ਼ਾਲੀ ਕੇਂਦਰ ਸੀ ਤੇ ਆਮ ਮੁਸਲਿਮ ਲੋਕ, ਮੁਸਲਮਾਨਾਂ ਲਈ ਵੱਖਰੇ ਹੋਮ-ਲੈਂਡ ਦੇ ਹੋਕੇ ਤੋਂ ਪ੍ਰਭਾਵਿਤ ਹੋਏ ਸਨ। ਇਹ ਸੱਚ ਹੈ ਕਿ ਬਹੁ-ਗਿਣਤੀ ਤੇ ਘੱਟ-ਗਿਣਤੀ ਦਾ ਸਵਾਲ ਤੇ ਮੁਸਲਮਾਨਾਂ ਲਈ ਵੱਖਰੀ ਸਟੇਟ ਦੀ ਮੰਗ ਬੜੀ ਤਕੜੀ ਬਣ ਗਈ। ਮੈਨੂੰ ਇਹ ਦੱਸਣ ਦੀ ਇਜਾਜ਼ਤ ਦਿਉ ਕਿ ਕਦੇ ਵਕਤ ਸੀ, ਕਿ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਮੰਡੀ ਵਿਚੋਂ, ਕਿਸੇ ਵੀ ਦੁਕਾਨ ਤੋਂ ਚੀਜ਼ ਖਰੀਦ ਲੈਂਦੇ ਸਨ। ਪਰ 1944-45 ਤੋਂ ਬਾਅਦ ਇਹ ਗੱਲ ਨਹੀਂ ਸੀ ਰਹੀ। ਹਿੰਦੂਆਂ ਨੂੰ ਆਖਿਆ ਗਿਆ ਕਿ ਉਹ ਹਿੰਦੂਆਂ ਦੀ ਦੁਕਾਨਾਂ ਤੋਂ ਚੀਜ਼ਾਂ ਖਰੀਦਣ ਤੇ ਮੁਸਲਮਾਨਾਂ ਨੂੰ ਕਿਹਾ ਕਿ ਉਹ ਮੁਸਲਮਾਨ ਦੀਆਂ ਦੁਕਾਨਾਂ ਤੋ ਚੀਜ਼ਾਂ ਖਰੀਦਣ। ਇਸ ਤੋਂ ਪਹਿਲਾਂ ਮੁਸਲਮਾਨ, ਹਿੰਦੂ ਦੋਹਾਂ ਦੁਕਾਨਾਂ ਤੋਂ ਖਰੀਦ ਕਰਦੇ ਹੁੰਦੇ ਸੀ। 1945 ਤੋਂ ਬਾਅਦ ਮੁਸਲਮਾਨਾਂ ਦੀ ਸਾਂਝੀ



ਮਾਨਸਿਕਤਾ ਵਿਚ ਵੱਡੀ ਤਬਦੀਲੀ ਆਈ ਤੇ ਉਹ ਹਿੰਦੂ-ਵਿਰੋਧੀ ਹੋ ਗਏ।

**ਭੱਲਾ** :- ਇਹ ਲਾਹੌਰ ਐਲਾਨਨਾਮੇ ਦੇ ਚਾਰ ਸਾਲ ਬਾਅਦ ਹੋਇਆ।

**ਸੋਬਤੀ** :- ਹਾਂ ਉਦੋਂ ਤੀਕ ਮੁਸਲਮਾਨ ਆਪਣੇ ਮਨਾਂ ਵਿਚ ਕਾਫ਼ੀ ਸਪੱਸ਼ਟ ਹੋ ਚੁੱਕੇ ਸਨ ਕਿ ਉਹ ਕੀ ਚਾਹੁੰਦੇ ਹਨ। ਹਿੰਦੂਆਂ ਦੇ ਮਨਾਂ ਵਿਚ ਵੀ ਇਹ ਚੀਜ਼ਾਂ ਕਾਫੀ ਸਾਫ਼ ਹੋ ਗਈਆਂ ਸਨ।

**ਭੱਲਾ** :- ਹਿੰਦੂਆਂ ਦੇ ਮਨਾਂ ਵਿਚ ਵੀ! ਉਹ ਕਿਵੇਂ?

**ਸੋਬਤੀ** :- ਹਾਂ, ਹਿੰਦੂ ਉਪੱਦਰਾਂ ਬਾਰੇ ਕਾਫ਼ੀ ਤੌਖਲਾ ਅਨੁਭਵ ਕਰਨ ਲੱਗ ਪਏ ਸਨ। ਪਰ ਹਾਲੀਂ ਵੀ ਉਹਨਾਂ ਨੂੰ ਯਕੀਨ ਨਹੀਂ ਸੀ ਕਿ ਪਾਕਿਸਤਾਨ ਅਸਲ ਵਿਚ ਹੋਂਦ ਵਿਚ ਆ ਜਾਵੇਗਾ। ਹਿੰਦੂਆਂ ਕੋਲ, ਬੀਤੇ ਦਿਨਾਂ ਵਾਂਗ, ਹਾਲੀਂ ਵੀ ਰੁਪਇਆ ਸੀ। ਉਹ ਸਿਆਣੇ ਤੇ ਪੜ੍ਹੇ ਲਿਖੇ ਸਨ। ਕੀ ਤੁਸੀਂ ਰਾਜਾ ਟੋਡਰ ਮੱਲ ਬਾਰੇ ਜਾਣਦੇ ਹੋ? ਉਹ ਪੰਜਾਬ ਤੋਂ ਸੀ। ਉਸ ਨੇ ਹਿੰਦੂਆਂ ਨੂੰ ਸਿੱਖਮਤ ਦਿੱਤੀ, "ਜੇ ਤੁਸੀਂ ਤਰੱਕੀ ਕਰਨਾ ਚਾਹੁੰਦੇ ਹੋ ਤਾਂ ਅਰਬੀ ਫਾਰਸੀ ਦੋਵੇਂ ਸਿੱਖੋ। ਹਿੰਦੂਆਂ ਨੇ ਦੋਵੇਂ ਸਿੱਖੀਆਂ। ਉਹਨਾਂ ਨੂੰ ਯਕੀਨ ਸੀ ਕਿ ਉਹਨਾਂ ਕੋਲ ਹਰ ਔਕੜ ਨਾਲ ਨਜਿੱਠਣ ਦੀ ਸਮਰੱਥਾ ਸੀ। ਪਰ 1946ਵੇਂ ਵਿਚ ਜੋ ਵਾਪਰਿਆ, ਉਹ ਵਿਸ਼ਾਲ ਤੌਰ ਤੇ ਐਨਾ ਵੱਖਰਾ ਤੇ ਪਰਲੋਮਈ ਸੀ ਕਿ ਇਹ ਉਹਨਾਂ ਦੀਆਂ ਬੌਧਿਕ ਯੋਗਤਾਵਾਂ ਤੋਂ ਪਰ੍ਹੇ ਦਾ ਸੀ। ਮਿਸਾਲ ਵਜੋਂ ਜ਼ਮੀਨੀ ਸੁਧਾਰਾਂ ਦੀਆਂ ਬਹਿਸਾਂ ਦੇ ਸਿੱਟੇ ਬੜੇ ਡੂੰਘੇ ਤੇ ਦੂਰ ਤੀਕ ਜਾਣ ਵਾਲੇ ਸਨ। ਹਿੰਦੂਆਂ ਕੋਲ ਜ਼ਮੀਨ ਤੇ ਪੈਸਾ ਸੀ। ਉਹ ਅਖ਼ਬਾਰਾਂ ਦੇ ਮਾਲਕ ਸਨ। ਕੁਝ ਇਕਨਾਂ ਨੂੰ ਛੱਡ ਕੇ ਮੁਸਲਮਾਨ ਮੁੱਖ ਤੌਰ ਤੇ ਗਰੀਬ ਮਜ਼ਦੂਰ ਤੇ ਕਿਸਾਨ ਸਨ। ਉਹਨਾਂ ਨੂੰ ਦਿਹਾੜੀ ਦੇ ਕੰਮ ਲਈ ਚਾਰ ਆਨੇ ਮਿਲਦੇ ਸਨ। ਉਹ ਮਿਹਨਤ ਕਰਦੇ ਸਨ; ਫਿਰ ਵੀ ਭਾਰੀ ਕਰਜ਼ਿਆਂ ਦੇ ਹੇਠ ਦੱਬੇ ਹੋਏ ਸਨ। ਜਿਵੇਂ ਕਿ ਲਾਰੰਸ ਭਰਾਵਾਂ (ਗੋਰਿਆਂ) ਵਿਚੋਂ ਇੱਕ ਦੀ ਰਿਪੋਰਟ ਸੀ, (ਜਿਸਨੂੰ ਕਿ ਪੰਜਾਬ ਦਾ ਮਾਲ ਦਾ ਮਹਿਕਮਾ ਦਿੱਤਾ ਹੋਇਆ ਸੀ) ਕਿ ਮੁਸਲਮਾਨ ਕਿਸਾਨ ਜੇ ਪੰਜਾਹ ਸਾਲ ਵੀ ਕੰਮ ਕਰਦੇ ਰਹਿਣ ਤਾਂ ਐਨੇ ਡੂੰਘੇ ਕਰਜ਼ੇ ਹੇਠੋਂ, ਸ਼ਾਹੂਕਾਰਾਂ ਦੀ ਜਕੜ ਚੋਂ ਨਹੀਂ ਨਿਕਲ ਸਕਦੇ।

**ਭੱਲਾ** :- ਤੁਸਾਂ ਆਪਣਾ ਬਚਪਨ ਗੁਜਰਾਤ ਵਿਚ ਗੁਜ਼ਾਰਿਆ। ਕੀ ਤੁਹਾਡੇ ਟੱਬਰ ਦੀ ਉੱਥੇ ਜ਼ਮੀਨ ਸੀ? ਉਸ ਨੂੰ ਕੌਣ ਵਾਹੁੰਦੇ ਸਨ? ਮੁਸਲਮਾਨ ਕਿ ਹਿੰਦੂ?

**ਸੋਬਤੀ** :- ਹਾਂ, ਸਾਡੀ ਜ਼ਮੀਨ ਸੀ। ਮੁਸਲਮਾਨ ਮਜ਼ਦੂਰ ਤੇ ਕਿਸਾਨ ਉਸ ਉੱਤੇ ਕੰਮ ਕਰਦੇ ਸਨ। ਉਥੇ ਇਹੀ ਹੁੰਦੇ ਸਨ। ਉਹਨਾਂ ਦਿਨਾਂ ਵਿਚ ਰਿਵਾਜ ਸੀ ਕਿ ਪਿੰਡਾਂ ਵਿਚ ਜਾਗੀਰਦਾਰ ਜਾਂ ਸ਼ਾਹ ਜੀ ਜਿਹਨਾਂ ਕੋਲ ਕਿ ਪੈਸਾ ਤੇ ਸਾਧਨ ਹੁੰਦੇ ਸਨ, ਦੀ ਸਹਾਇਤਾ ਨਾਲ ਕਿਸਾਨ ਹਰ ਕੰਮ ਕਰਦਾ ਹੁੰਦਾ ਸੀ। ਉਹ ਉਸ ਕੋਲੋਂ ਉਧਾਰ ਲੈਂਦੇ ਸਨ। ਜੇ ਮਾਲ ਦੇ ਅਫ਼ਸਰਾਂ ਨੂੰ ਦੇਣ ਲਈ, ਉਹਨਾਂ ਕੋਲ ਪੈਸਾ ਨਹੀਂ ਸੀ ਹੁੰਦਾ ਤਾਂ ਉਹ ਪੈਸਾ ਸ਼ਾਹ ਜੀ

ਦਿੰਦੇ ਸਨ। ਉਹ ਵਿਆਹਾਂ ਉੱਤੇ ਖਰਚਣ ਲਈ ਵੀ ਪੈਸੇ ਦਿੰਦੇ ਸਨ। ਅਸਲ ਵਿਚ ਕਿਸਾਨ ਸ਼ਾਹ ਜੀ ਦੇ ਗੁਲਾਮ ਹੁੰਦੇ ਸਨ, ਭਾਵੇਂ ਕਿ ਇਸ ਤਰ੍ਹਾਂ ਕਿਹਾ ਨਹੀਂ ਸੀ ਜਾਂਦਾ। ਉਹਨਾਂ ਨੂੰ ਮੁਜ਼ਾਰੇ ਜਾਂ ਕੰਮੀਂ ਕਿਹਾ ਜਾਂਦਾ ਸੀ ਅਤੇ ਗੁਲਾਮੀ ਦੀ ਇਹ ਸਮਝ ......

**ਭੱਲਾ** :- ਕੀ ਮੁਸਲਮਾਨ ਕਿਸਾਨ ਅਨੁਭਵ ਕਰਦੇ ਸੀ ਕਿ ਉਹ ਹਿੰਦੂਆਂ ਜਾਂ ਜਾਗੀਰਦਾਰਾਂ ਦੇ ਗੁਲਾਮ ਹਨ?

**ਸੋਬਤੀ** :- ਜ਼ਿਮੀਂਦਾਰਾਂ ਦੇ? ਪਰ ਉਹ ਜ਼ਿਮੀਂਦਾਰਾਂ ਨੂੰ ਹਿੰਦੂਆਂ ਨਾਲ ਜੋੜਦੇ ਸਨ। ਨਿਰਸੰਦੇਹ ਵੱਡੇ ਮੁਸਲਮਾਨ ਜਿਮੀਂਦਾਰ ਵੀ ਸਨ। ਪਰ ਜਿਹੜੇ ਮੁਸਲਮਾਨ ਕਿਸਾਨ ਉਹਨਾਂ ਲਈ ਕੰਮ ਕਰਦੇ ਸਨ, ਉਹ ਰਾਜਨੀਤੀ ਵਿਚ ਨਹੀਂ ਸੀ ਆਉਂਦੇ। ਭਾਵੇਂ ਕਿ ਉਹਨਾਂ ਨੂੰ ਪਤਾ ਸੀ ਕਿ 'ਕਾਲੇ ਐਕਟ' ਕਦੋਂ ਪਾਸ ਹੋਏ ਸਨ, ਕਿਉਂਕਿ ਉਹਨਾਂ ਦਾ ਹਰੇਕ ਉੱਤੇ ਅਸਰ ਹੋਇਆ ਸੀ। ਹਿੰਦੂਆਂ ਤੇ ਮੁਸਲਮਾਨਾਂ ਉੱਤੇ ਇਕੋ ਜਿਹਾ ਜੇ ਕੋਈ ਉਹਨਾਂ ਸਾਲਾਂ ਦੀ ਪੁਣ-ਛਾਣ ਕਰੇ ਤਾਂ ਉਹ ਵੇਖੇਗਾ ਕਿ ਪਾਕਿਸਤਾਨ ਦੀ ਲਹਿਰ ਕਿਸਾਨੀ ਜਾਗ੍ਰਤੀ ਦੀ ਲਹਿਰ ਵੀ ਸੀ। ਜੇ ਕਿਸਾਨਾਂ ਨੇ ਇਸਨੂੰ ਤਕੜਾਈ ਨਾਲ ਹਮਾਇਤ ਨਾ ਦਿੱਤੀ ਹੁੰਦੀ ਜੇ ਉਹਨਾਂ ਇਸ ਵਿਚ ਇੰਝ ਆਪਣਾ ਯੋਗਦਾਨ ਨਾ ਪਾਇਆ ਹੁੰਦਾ, ਤਾਂ ਸੰਭਵ ਸੀ ਕਿ ਘਟਨਾਵਾਂ ਵੱਖਰਾ ਮੋੜ ਲੈ ਲੈਂਦੀਆਂ।

**ਭੱਲਾ** :- ਕੀ ਪੰਜਾਬ ਦੀ ਯੂਨੀਨਿਸਟ ਵਜ਼ਾਰਤ ਕਿਸਾਨਾਂ ਦੇ ਸਮਰਥਨ ਸਦਕਾ ਹੋਂਦ ਵਿਚ ਨਹੀਂ ਸੀ ਆਈ? ਉਹਨਾਂ ਦਿਨਾਂ ਵਿਚ ਪਾਕਿਸਤਾਨ ਦੇ ਅੰਦੋਲਨ ਲਈ ਕੋਈ ਅਸਲੀ ਹਿਮਾਇਤ ਨਹੀਂ ਸੀ। ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੇ ਰਲ ਕੇ ਯੂਨੀਆਨਿਸਟ ਪਾਰਟੀ ਦਾ ਸਮਰਥਨ ਕੀਤਾ ਸੀ। ਇਹ ਸੰਭਵ ਹੈ ਕਿ ਯੂਨੀਆਨਿਸਟ ਪਾਰਟੀ ਜ਼ਿਮੀਂਦਾਰਾਂ ਦੀ ਪਾਰਟੀ ਹੋਵੇ, ਪਰ ਪਾਖੰਡ ਕਿਸਾਨਾਂ ਦੀ ਪਾਰਟੀ ਹੋਣ ਦਾ ਕਰ ਰਹੀ ਹੋਵੇ।

**ਸੋਬਤੀ** :- ਹਾਂ ਤੁਸੀਂ ਠੀਕ ਹੋ। ਪਰ ਇਕ ਹੋਰ ਕਾਰਨ ਜਿਸਨੇ ਖਿਚਾਵਾਂ ਨੂੰ ਤਿੱਖੇ ਕਰਨ ਵਿਚ ਸਹਾਇਤਾ ਕੀਤੀ, ਉਹ ਸੀ ਧਾਰਮਿਕ ਪੁਨਰ-ਸੁਰਜੀਤੀ ਦੀਆਂ ਲਹਿਰਾਂ, ਜੋ ਪਹਿਲਾਂ ਬੰਗਾਲ ਵਿਚ ਸ਼ੁਰੂ ਹੋਈਆਂ। ਪੰਜਾਬੀ ਹਿੰਦੂਆਂ ਨੇ ਇਹਨਾਂ ਦਾ ਨਿੱਘੇ ਢੰਗ ਨਾਲ ਹੁੰਗਾਰਾ ਭਰਿਆ। ਇੱਕ ਪੁਨਰ-ਸੁਰਜੀਤੀ ਦੀ ਕੋਸ਼ਿਸ਼, ਜਿਸਨੂੰ ਹਿੰਦੂਆਂ ਨੇ ਅਪਣਾ ਲਿਆ, ਉਹ ਸੀ ਆਰੀਆ ਸਮਾਜ ਦੀ ਲਹਿਰਾਂ। ਇਹ ਉਹ ਸਮਾਂ ਸੀ ਜਦੋਂ ਆਰੀਆ ਸਮਾਜ ਤੇ ਮੁਸਲਮਾਨਾਂ ਵਿਚ ਡੂੰਘਾ ਸ਼ੱਕ ਸੀ। ਸਾਰਾ ਸਥਾਨਕ (Vernacular) ਪ੍ਰੈਸ, ਸਮੇਤ 'ਜ਼ਿਮੀਂਦਾਰ' ਅਤੇ 'ਪੈਸਾ ਅਖਬਾਰ' ਦੇ ਉਹਨਾਂ ਕਹਾਣੀਆਂ ਨਾਲ ਭਰਿਆ ਹੁੰਦਾ ਸੀ, ਜੋ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਵੱਖਰੀਆਂ ਪਛਾਣਾਂ ਨੂੰ ਤਿੱਖੇ ਕਰਨ ਵਿਚ ਸਹਾਈ ਹੋ ਰਿਹਾ ਸੀ। ਇਹ ਯਕੀਨੀ ਬਣਾ ਰਹੇ ਸਨ ਕਿ ਉਹਨਾਂ ਵਿਚ ਫ਼ਰਕ ਬਿਲਕੁਲ ਸਪੱਸ਼ਟ ਹਨ। ਹੌਲੀ-ਹੌਲੀ ਉਹ ਇਹ ਵੀ ਲਿਖਣ ਲੱਗ ਪਏ ਕਿ ਦੋਹਾਂ ਦੀ



ਪ੍ਰਕਿਰਤੀ ਤੇ ਆਚਰਨ ਵੀ ਵੱਖਰੇ ਹਨ। ਇਹ ਮੁਸਲਮਾਨਾਂ ਤੇ ਆਰੀਆ ਸਮਾਜੀਆਂ ਦੇ ਪ੍ਰਭਾਵ ਹੇਠਲੇ ਪ੍ਰੈਸ ਬਾਰੇ ਸੱਚ ਸੀ।

'ਲੇਖ ਰਾਜ' ਦੇ ਕਤਲ ਅਤੇ ਉਸਦੇ ਸਸਕਾਰ ਬਾਰੇ ਅਖਬਾਰੀ ਰਿਪੋਰਟਾਂ ਪੜ੍ਹਨ ਵਾਲੀਆਂ ਹਨ। ਬਹੁਤੇ ਹਿੰਦੂਆਂ ਨੇ ਉਸਦੇ ਸਸਕਾਰ ਦੀਆਂ ਰਸਮਾਂ ਵਿਚ ਹਿੱਸਾ ਲਿਆ। ਮਿਸਾਲ ਵਜੋਂ ਇੱਕ ਅਖ਼ਬਾਰ ਨੇ, ਵਿਅੰਗਾਤਮਿਕ ਢੰਗ ਨਾਲ ਲਿਖਿਆ ਕਿ ਇੰਝ ਲੱਗਦਾ ਹੈ ਕਿ ਜਿਵੇਂ ਹਿੰਦੂਆਂ ਦਾ ਪਿਉ ਮਰ ਗਿਆ ਹੋਵੇ। ਕਿਉਂਕਿ ਸਾਰਿਆਂ ਨੇ ਹੀ ਆਪਣੇ ਸਿਰਾਂ ਤੇ ਮੁੱਛਾਂ ਦੀ ਹਜਾਮਤ ਕਰਵਾ ਲਈ ਸੀ। ਇੰਝ ਪੰਜਾਬ ਦਾ ਪ੍ਰੈਸ ਇਸ ਖਿਚਾਅ ਲਈ ਜ਼ਿਮੇਵਾਰ ਸੀ।

**ਭੱਲਾ** :- ਤੁਸੀਂ ਕਿਹੜੇ ਵਕਤ ਦੀ ਗੱਲ ਕਰ ਰਹੇ ਹੋ - 1920 ਦੀ ਜਾਂ ਹੋਰ?

**ਸੋਬਤੀ** :- ਹਾਂ ਆਰੀਆ ਸਮਾਜੀਆਂ ਨੇ ਇੱਕ ਕਿਤਾਬ ਛਾਪੀ ਸੀ, ਜਿਸਦਾ ਸਿਰਲੇਖ ਸੀ, 'ਰੰਗੀਲਾ ਰਸੂਲ' ਜਿਸ ਬੰਦੇ ਨੇ ਇਹ ਕਿਤਾਬ ਲਿਖੀ ਸੀ, ਉਹ ਇਸ ਕਾਰਨ ਮਾਰਿਆ ਗਿਆ ਕਿਉਂਕਿ ਇਸ ਵਿਚ ਅਜਿਹੀਆਂ ਅਨੋਖੀਆਂ ਘਟਨਾਵਾਂ ਸਨ ਜੋ ਹਜ਼ਰਤ ਸਾਹਿਬ ਬਾਰੇ ਸਨ। ਆਰੀਆ ਸਮਾਜੀ ਇਹ ਦੱਸਣਾ ਚਾਹੁੰਦੇ ਸਨ ਕਿ ਉਹ ਤਰਕਸ਼ੀਲ ਲੋਕ ਸਨ। ਜਿਹੜੇ ਲੋਕ ਪਾਕਿਸਤਾਨ ਦੀ ਹਾਮੀ ਭਰਦੇ ਸਨ ਉਹ ਆਖਦੇ ਸਨ ਕਿ ਇਹ ਮਿੱਥ ਹੈ। ਇਹ ਐਵੇਂ ਦੀ ਗੱਲ ਨਹੀਂ ਕਿ ਜਿਸ ਕਵੀ ਨੇ 'ਸਾਰੇ ਜਹਾਂ ਸੇ ਅੱਛਾ' ਗੀਤ ਲਿਖਿਆ ਸੀ, ਉਸਨੇ ਪਾਕਿਸਤਾਨ ਦੀ ਬਣਤਰ ਦੀ ਹਾਮੀ ਭਰੀ ਸੀ।

**ਭੱਲਾ** :- ਕੀ ਤੁਸੀ ਵਿਸ਼ਵਾਸ ਕਰਦੇ ਹੋ ਕਿ 'ਇਕਬਾਲ' ਨੇ ਪਾਕਿਸਤਾਨ ਦੀ ਲਹਿਰ ਦੀ ਹਾਮੀ ਭਰੀ ਸੀ? ਇਸ ਬਾਰੇ ਕੁਝ ਵਾਦ-ਵਿਵਾਦ ਵੀ ਚੱਲਿਆ ਸੀ। ਰਫ਼ੀਕ ਜ਼ਕਾਰੀਆ ਵਰਗੇ ਲੋਕ, ਇਕਬਾਲ ਦੇ ਭਾਰਤ ਦੇ ਮੁਸਲਮਾਨਾਂ ਲਈ ਵੱਖਰੀ ਰਿਆਸਤ ਬਣਾਉਣ ਦੇ ਸੱਦੇ ਨੂੰ ਘਟਾ ਕੇ ਵੇਖਦੇ ਹਨ।

**ਸੋਬਤੀ** :- ਓ, ਹਾਂ ਉਸਨੇ ਮੁਸਲਮਾਨਾਂ ਲਈ ਵੱਖਰੀ ਸਟੇਟ ਦੇ ਖ਼ਿਆਲ ਦੀ ਹਾਮੀ ਭਰੀ ਸੀ। ਇਹ ਬਹੁਤ ਹੱਦ ਤੀਕ ਉਸਦੀ ਦ੍ਰਿਸ਼ਟੀ ਸੀ। ਉਸਨੇ ਮੁਸਲਿਮ ਖ਼ਿਆਲ ਨੂੰ ਮਜ਼ਬੂਤ ਕੀਤਾ। ਇਹ ਇਤਿਹਾਸ ਦਾ ਵਿਅੰਗ ਹੈ ਕਿ ਉਸੇ ਹੀ ਕਵੀ ਨੇ ਜਿਸਨੇ ਹਮਾਰਾ ਹਿੰਦੁਸਤਾਨ ਦੀ ਭਾਵਨਾਮਈ ਦ੍ਰਿਸ਼ਟੀ ਪ੍ਰਦਾਨ ਕੀਤੀ, ਨੇ ਪਾਕਿਸਤਾਨ ਦਾ ਦ੍ਰਿਸ਼ਟੀਕਰਨ ਕੀਤਾ। ਉਸ ਦੀਆਂ ਇਹ ਸੁੰਦਰ ਪੰਗਤੀਆਂ ਨੂੰ ਗਾਉਣ ਤੇ ਸੁਣਾਉਣ ਬਦਲੇ ਸਾਨੂੰ ਉਹ ਇਲਾਕਾ ਤਿਆਗਣਾ ਪਿਆ, ਜਿਸਨੂੰ ਪਾਕਿਸਤਾਨ ਆਖਦੇ ਹਨ -

**ਸਾਰੇ ਜਹਾਂ ਤੇ ਅੱਛਾ, ਹਿੰਦੁਸਤਾਂ ਹਮਾਰਾ**
**ਹਮ ਬੁਲਬੁਲੇ ਹੈਂ ਉਸਕੀ, ਯਿਹ ਗੁਲਸਤਾਂ ਹਮਾਰਾ।**

**ਭੱਲਾ** :- 1920 ਵੇਂ ਦੀ ਗੱਲ ਕਰਦਿਆਂ, ਸ਼ਾਇਦ ਪੰਜਾਬ ਵਿਚ ਪਹਿਲਾ ਫਸਾਦ ਰਾਵਲਪਿੰਡੀ

ਔਸਤ ਹਿੰਦੂ ਦੀ ਪਹਿਲ ਆਪਣੇ ਬੱਚੇ ਪੜ੍ਹਾਉਣ ਦੀ ਹੁੰਦੀ ਹੈ। ਉਹ ਕਦੇ ਨਹੀਂ ਕਹੇਗਾ ਕਿ ਪਹਿਲਾਂ ਮੈਨੂੰ ਆਪਣੀਆਂ ਇੱਛਾਵਾਂ ਪੂਰੀਆਂ ਕਰ ਲੈਣ ਦਿਉ, ਅੱਜ ਹੀ, ਉਹ ਜਿੰਨਾ ਹੋ ਸਕੇ, ਬਚਾਉਣ ਦੀ ਕੋਸ਼ਿਸ਼ ਕਰਦਾ ਹੈ। ਇਕ ਔਸਤ ਹਿੰਦੂ ਆਪਣੀ ਜ਼ਿੰਦਗੀ ਸਾਵਧਾਨੀ ਤੇ ਸਿਆਣਪ ਨਾਲ ਬਤੀਤ ਕਰਦਾ ਹੈ।

**ਭੱਲਾ** :- ਕੀ ਬਚਪਨ ਵਿਚ ਤੁਹਾਡੇ ਮਾਤਾ-ਪਿਤਾ ਨੇ ਕਦੇ ਕਿਹਾ ਸੀ, "ਉਸ ਕੁੜੀ ਨਾਲ ਨਾ ਖੇਡੀਂ, ਉਹ ਮੁਸਲਮਾਨ ਹੈ। ਉਸਦੇ ਘਰ ਨਾ ਜਾਵੀਂ, ਨਾ ਉਸ ਨਾਲ ਕੋਈ ਚੀਜ਼ ਖਾਵੀਂ?

**ਸੋਬਤੀ** :- ਨਹੀਂ ਮੈਨੂੰ ਕਦਾਚਿਤ ਅਜਿਹਾ ਕਰਨ ਤੋਂ ਰੋਕਿਆ ਨਹੀਂ ਸੀ ਗਿਆ। ਸਾਡੇ ਸ਼ਿਮਲੇ ਤੇ ਦਿੱਲੀ ਵਾਲੇ ਘਰਾਂ ਵਿਚ ਕੋਈ ਵਿਤਕਰਾ ਨਹੀਂ ਸੀ। ਨਾ ਹੀ ਗੁਜਰਾਤ ਅਜਿਹਾ ਵਿਤਕਰਾ ਸੀ। ਜਿਹੜੇ ਮੁਸਲਮਾਨ ਸਾਡੇ ਘਰਾਂ ਵਿਚ ਕੰਮ ਕਰਦੇ ਸੀ। ਅਸੀਂ ਉਹਨਾਂ ਨੂੰ 'ਮਾਮੂ' ਕਹਿੰਦੇ ਹੁੰਦੇ ਸੀ। ਪਿੰਡ ਵਿਚ, ਉਹਨਾਂ ਨੂੰ ਕਦੇ ਵੀ ਹਿੰਦੂ ਘਰਾਂ ਦੀਆਂ ਰਸੋਈਆਂ ਵਿਚ ਕੰਮ ਕਰਨ ਦੀ ਆਗਿਆ ਨਹੀਂ ਸੀ। ਇਹ ਐਨੀ ਗੱਲ ਹੀ ਸੀ। ਕੋਈ ਵੀ ਇਸਦਾ ਬੁਰਾ ਨਹੀਂ ਸੀ ਮਨਾਉਂਦਾ, ਪਰ ਜਦੋਂ ਤੀਕ ਰਾਜਨੀਤੀ ਨੇ ਇਸਨੂੰ ਹਿੰਦੂ ਅੜੀ ਦੀ ਮਿਸਾਲ ਕਹਿ ਕੇ ਉਡਾਉਣਾ ਸ਼ੁਰੂ ਨਹੀਂ ਕੀਤਾ। ਸਾਨੂੰ ਉਹਨਾਂ ਨਾਲ ਇਕੱਠਾ ਖਾਣ ਵਿਚ ਕੋਈ ਝਿਜਕ ਨਹੀਂ ਸੀ।

**ਭੱਲਾ** :- ਪਰ 'ਹਿੰਦੂ ਪਾਣੀ' ਤੇ 'ਮੁਸਲਮ ਪਾਣੀ' ਦੀ ਗੱਲ ਵੀ ਤਾਂ ਚੱਲਦੀ ਸੀ।

**ਸੋਬਤੀ** :- ਓ ਹਾਂ, ਢਾਬਿਆਂ ਵਾਲੇ ਹਿੰਦੂਆਂ ਅਤੇ ਮੁਸਲਮਾਨਾਂ ਲਈ ਵੱਖਰੇ-ਵੱਖਰੇ ਪਲੇਟਾਂ ਤੇ ਗਿਲਾਸ ਵਰਤਦੇ ਹੁੰਦੇ ਸੀ। ਫਿਰ ਵੀ ਉਹੀ ਢਾਬਿਆਂ ਵਾਲੇ ਦੋਹਾਂ ਬਰਾਦਰੀਆਂ ਨੂੰ ਖਾਣ ਦੀਆਂ ਚੀਜ਼ਾਂ ਪੇਸ਼ ਕਰਦੇ ਹੁੰਦੇ ਸੀ। ਬੱਚਿਆਂ ਵਜੋਂ ਸਾਨੂੰ ਮੁਸਲਿਮ ਇਲਾਕਿਆਂ ਵਿਚ ਜਾਣ ਤੋਂ ਹੋੜਿਆ ਨਹੀਂ ਸੀ ਜਾਂਦਾ। ਸਿਰਫ਼ ਸਾਨੂੰ ਫਰਾਕਾਂ ਜਾਂ ਸਕਰਟਾਂ ਪਾਉਣ ਦੀ ਇਜਾਜ਼ਤ ਨਹੀਂ ਸੀ। ਮੈਨੂੰ ਸ਼ੱਕ ਹੈ ਕਿ ਸਮਾਜੀ ਖਿਚਾਅ ਉਸ ਸਮੇਂ ਵਧੇ, ਜਦੋਂ ਪੰਜਾਬ ਆਰੀਆ ਸਮਾਜੀ ਪ੍ਰਭਾਵ ਹੇਠ ਆਇਆ।

**ਭੱਲਾ** :- ਇਹ ਗੱਲ ਸੁਣਕੇ, ਤੁਸੀਂ ਪਹਿਲਾਂ ਕਿਉਂ ਕਿਹਾ ਸੀ ਕਿ ਵੰਡ ਤਾਂ ਹੋਣੀ ਹੀ ਹੋਣੀ ਸੀ। ਕੀ ਇਹ ਸੱਚੀਂ ਹੋ ਕੇ ਹੀ ਰਹਿਣੀ ਸੀ?

**ਸੋਬਤੀ** :- ਹਾਂ, ਹੋਰ ਕੋਈ ਸੰਭਾਵਨਾ ਹੀ ਨਹੀਂ ਸੀ?

**ਭੱਲਾ** :- ਤੁਸੀਂ ਇਹ ਕਿਉਂ ਕਹਿੰਦੇ ਹੋ?

**ਸੋਬਤੀ** :- 1940 ਵਿਚ ਵਾਤਾਵਰਨ ਦੂਸ਼ਿਤ ਹੋ ਗਿਆ ਸੀ, ਵੱਖਰੇ-ਵੱਖਰੇ ਵੋਟ ਖੇਤਰਾਂ ਦੀ ਸਮੁੱਚੀ ਕਾਰਵਾਈ ਕਰਨ। ਜਦੋਂ ਇੱਕ ਵਾਰ ਕੋਈ ਬਰਾਦਰੀ ਅਲੋਕਾਰ ਤੇ ਵੱਖਰੀ ਪਛਾਣ ਨੂੰ ਪ੍ਰੀਭਾਸ਼ਿਤ ਕਰਨ ਦਾ ਫੈਸਲਾ ਕਰਦੀ ਹੈ, ਜਦੋਂ ਇਸ ਦੀਆਂ ਰਾਜਸੀ ਤਾਂਘਾਂ ਪੈਦਾ ਹੋ ਜਾਂਦੀਆਂ ਹਨ, ਤਾਂ ਇਹ ਖ਼ਤਰੇ ਜੋ ਮੈਂ ਗਿਣਾਏ ਹਨ, ਵਾਪਰਨੇ



ਆਵੱਸ਼ਕ ਹੋ ਜਾਂਦੇ ਹਨ। ਹਿੰਦੂ ਇਸ ਸਥਿਤੀ ਨੂੰ ਸਮਝਣ ਵਿਚ ਸੁਸਤ ਸਨ। ਇਹ ਗੱਲ ਰਿਕਾਰਡ ਵਿਚ ਹੈ ਕਿ ਜਿਨਾਹ ਅਣ-ਵੰਡਿਆ ਪੰਜਾਬ ਚਾਹੁੰਦਾ ਸੀ। ਜਿਸ ਵਿਚ ਉੱਤਰ-ਪੂਰਬੀ ਸੂਬਾ ਤੇ ਬੰਗਾਲ ਪਾਕਿਸਤਾਨ ਵਿਚ ਸ਼ਾਮਿਲ ਕੀਤੇ ਹੋਣ। ਉਸਨੇ ਕਿਹਾ ਕਿ ਉਹ ਕਲਪਣਾ ਨਹੀਂ ਕਰ ਸਕਦਾ ਕਿ ਇਹ ਇਲਾਕੇ ਵੰਡੇ ਜਾ ਰਹੇ ਹਨ। ਸਾਡੇ ਲੋਕਾਂ ਇਸ ਬਿਆਨ ਨੂੰ ਅਣਡਿੱਠ ਕਰ ਦਿੱਤਾ। ਇਥੋਂ ਤੀਕ ਕਿ ਵਾਇਸਰਾਏ ਵੀ ਇਸ ਤੇ ਹੈਰਾਨ ਹੋਇਆ, ਜਿਨਾਹ ਦੀਆਂ ਤ੍ਰਿਸ਼ਨਾਵਾਂ ਵੱਡੀਆਂ ਸਨ।

**ਭੱਲਾ** :- ਮੈਂ ਇਸ ਗੱਲ ਬਾਰੇ ਹੋਰ ਜਾਨਣਾ ਚਾਹੁੰਦਾ ਹਾਂ ਕਿ ਤੁਸੀਂ ਕਿਉਂ ਸੋਚਦੇ ਹੋ ਕਿ ਪਾਕਿਸਤਾਨ ਦਾ ਬਣਨਾ ਨਾ-ਟਾਲਣ-ਯੋਗ ਸੀ। ਪਾਕਿਸਤਾਨ ਵਿਚਲੇ ਆਈ.ਐਚ. ਕੁਰੈਸ਼ੀ ਵਰਗੇ ਇਤਿਹਾਸਕਾਰ ਵੀ ਇਹੀ ਪੈਂਤੜਾ ਲੈਂਦੇ ਹਨ। ਉਹ ਦਾਅਵਾ ਕਰਦੇ ਹਨ ਕਿ ਇਤਿਹਾਸਕ ਤੌਰ ਤੇ ਮੁਸਲਮਾਨ ਹਮੇਸ਼ਾ ਹੀ ਹਿੰਦੂ ਬਰਾਦਰੀ ਤੋਂ ਅਲੱਗ ਤੇ ਨਿਵੇਕਲੇ ਰਹੇ ਹਨ। ਇਸ ਲਈ ਆਜ਼ਾਦੀ ਤੋਂ ਬਾਅਦ, ਪਾਕਿਸਤਾਨ ਦਾ ਬਣਨਾ ਅਗੇਤਰੇ ਹੀ ਕੱਢਿਆ ਸਿੱਟਾ ਸੀ। ਕੀ ਇਹ ਦਾਅਵਾ ਸੱਚਾ ਸੀ? ਕੀ ਇਸ ਦਾਅਵੇ ਲਈ ਕਾਫ਼ੀ ਇਤਿਹਾਸਕ ਗਵਾਹੀ ਸੀ ਕਿ ਭਾਰਤ ਦੇ ਮੁਸਲਮਾਨ ਸਦਾ ਹੀ ਇਹ ਵੇਖਦੇ ਸਨ ਕਿ ਉਹ ਏਨੇ ਨਿਵੇਕਲੇ ਹਨ ਕਿ ਉਹ ਆਪਣੇ ਲਈ ਵੱਖਰੀ ਕੌਮ ਦੇ ਆਧਾਰ ਉੱਤੇ ਆਪਣੀ ਵੱਖਰੀ ਸਟੇਟ ਦੀ ਮੰਗ ਕਰਨ? ਕੀ ਏਥੋਂ ਦੇ ਬਹੁ-ਗਿਣਤੀ ਮੁਸਲਮਾਨ ਆਪਣਾ ਮਜ਼ਹਬ ਤਬਦੀਲ ਕਰਨ ਵਾਲੇ ਨਹੀਂ ਸਨ? ਨਾਲ ਹੀ, ਕੀ ਸਾਡੇ ਕੋਲ 1880ਵੇਂ ਤੋਂ ਪਹਿਲਾਂ ਦੇ ਮਜ਼ਹਬੀ ਫਸਾਦਾਂ ਦੇ ਭਰੋਸੇਯੋਗ ਰਿਕਾਰਡ ਮੌਜੂਦ ਹਨ? ਬਿਨਾਂ ਸ਼ੱਕ, ਦੋਹਾਂ ਬਰਾਦਰੀਆਂ ਵਿਚਕਾਰ ਹਿੰਸਾ ਦੀਆਂ ਘਟਨਾਵਾਂ ਹੋਈਆਂ ਹਨ। ਨਿਰਸੰਦੇਹ ਖਿਚਾਅ ਨੂੰ ਰੋਕਣ ਲਈ ਸਮਾਜੀ ਬਣਤਰਾਂ ਪ੍ਰਾਪਤ ਸਨ। ਬਿਨਾਂ ਸੰਦੇਹ, ਇਹ ਗੱਲ ਵੀ ਦਲੀਲ ਦੇ ਕਾਬਲ ਹੈ ਕਿ 1890ਵੇਂ ਤੀਕ ਭਾਰਤ ਵਿਚ ਜੀਉਣ-ਯੋਗ ਸਾਂਝੀ ਕਲਚਰ ਹੈਗੀ ਸੀ।

**ਸੋਬਤੀ** :- ਮੈਂ ਸੋਚਦੀ ਹਾਂ ਕਿ ਜਦੋਂ ਕੋਈ ਇਤਿਹਾਸਕਾਰ ਕੋਈ ਇੱਕ ਪੱਖ ਲੈ ਲੈਂਦਾ ਹੈ ਤਾਂ ਉਹ ਹਰ ਗੱਲ ਨੂੰ ਠੀਕ ਸਿੱਧ ਕਰ ਸਕਦਾ ਹੈ। (ਹੱਸਦੀ ਹੈ) ਉਹਨਾਂ ਦਿਨਾਂ ਦੀਆਂ ਯਾਦਾਂ ਨੂੰ ਸਦਾ ਹੀ ਝੂਠਾ ਸਿੱਧ ਕੀਤਾ ਜਾ ਸਕਦਾ ਹੈ। ਵੰਡ ਦੇ ਇਤਿਹਾਸਾਂ ਵਿਚ ਸਭਿਆਚਾਰ ਇੱਕ 'ਸ਼ਬਦ' ਹੈ, ਜਿਸਨੂੰ ਲਗਾਤਾਰ ਬੇਰਹਿਮੀ ਨਾਲ ਗਾਲ੍ਹਾਂ ਕੱਢੀਆਂ ਗਈਆਂ ਹਨ। 'ਧਰਮ ਨਿਰਪੱਖ' ਉਹ ਸ਼ਬਦ ਨਹੀਂ ਹੈ, ਜੋ ਮੈਂ ਵੰਡ ਤੋਂ ਪਹਿਲਾਂ ਦੀ ਤਰਜ਼ੇ ਜ਼ਿੰਦਗੀ ਬਾਰੇ ਵਰਤਣਾ ਪਸੰਦ ਕਰਾਂਗੀ। ਸਾਂਝੇ ਸਭਿਆਚਾਰ ਦਾ ਤਾਣਾ-ਬਾਣਾ ਐਨਾ ਤਕੜਾ ਤੇ ਸੰਘਣਾ ਸੀ ਕਿ ਇਹ ਅਜੇ ਤੀਕ ਵੀ ਇੱਕ ਯਾਦ ਵਜੋਂ ਨਹੀਂ, ਸਗੋਂ ਅੰਦਰਲੀ ਸ਼ਕਤੀ ਦੇ ਸੋਮੇ ਵਜੋਂ ਕਾਇਮ ਹੈ।

ਰਾਜਸੀ ਤੌਰ 'ਤੇ ਉੱਚੀਆਂ ਸੁਰਾਂ ਦੇ ਬਾਵਜੂਦ ਲੋਕੀਂ ਇੱਕ ਦੂਸਰੇ ਨਾਲ ਇਕ-ਸੁਰਤਾ

ਵਿਚ ਰਹਿੰਦੇ ਸਨ। ਹਰ ਕੋਈ ਦੂਸਰੇ ਦੇ ਦੂਸਰੇ ਹੋਣ ਦਾ ਸਤਿਕਾਰ ਕਰਦਾ ਸੀ। ਦੋ
ਨੂੰ ਹੀ ਪੂਰੀ ਤਰ੍ਹਾਂ ਉਹਨਾਂ ਧਾਗਿਆਂ ਦਾ ਭਰੋਸਾ ਸੀ, ਜੋ ਉਹਨਾਂ ਨੂੰ ਇਕ-ਦੂਸਰੇ ਨ
ਜੋੜਦੇ ਸਨ, ਧਾਗੇ ਜਿਵੇਂ ਸਾਂਝੀ ਭਾਸ਼ਾ ਉਪ-ਭਾਸ਼ਾਵਾਂ ਤੇ ਜੀਵਨ-ਸ਼ੈਲੀ, ਜਿਹ
ਵਿਚ ਧਾਰਮਿਕ ਪਛਾਣਾਂ ਦਾ ਕੋਈ ਜ਼ਿਕਰ ਨਹੀਂ ਸੀ ਹੁੰਦਾ।

ਮੈਨੂੰ ਉਹ ਕਹਾਣੀ ਸੁਣਾਉਣ ਦੀ ਇਜਾਜ਼ਤ ਦਿਉ ਜੋ ਮੈਂ ਬੜੇ ਵਿਸਥਾਰ ਨ
'ਜ਼ਿੰਦਗੀਨਾਮਾ' ਵਿਚ ਬਿਆਨ ਕੀਤੀ ਹੈ। ਪੰਦਰਵੀਂ ਸਦੀ ਵਿਚ ਇਕ ਸੂਫੀ ਹੋਇ
ਹੈ, ਜਿਸਦਾ ਨਾਂ ਮੀਆਂ ਸਾਹਿਬ ਮੀਆਂ ਮੀਰ ਸੀ। ਉਸਨੇ ਕਿਹਾ ਸੀ ਕਿ ਉਸ ਅੰਮ੍ਰਿਤ
ਦੀ ਨੀਂਹ ਰੱਖੀ ਸੀ। ਉਹ ਹਿੰਦੂ ਜੱਗੂ ਭਗਤ ਦਾ ਚੰਗਾ ਮਿੱਤਰ ਸੀ। ਉਹਨਾਂ ਦਿ
ਵਿਚ ਸੂਫ਼ੀ ਤੇ ਪਵਿੱਤਰ ਬੰਦਿਆਂ ਦੀ ਬੜੀ ਇੱਜ਼ਤ ਸੀ। ਮੀਆਂ ਸਾਹਿਬ ਤੇ ਜ
ਭਗਤ ਇਕ ਦੂਜੇ ਦਾ ਬੜਾ ਸਤਿਕਾਰ ਕਰਦੇ ਸੀ। ਉਹ ਦੋਵੇਂ ਗੁਆਂਢੀ ਸਨ। ਜਦੋਂ
ਮੀਆਂ ਸਾਹਿਬ, ਜੱਗੂ ਭਗਤ ਨੂੰ ਬੁਲਾਉਂਦੇ ਸਨ, ਉਹ ਹਰ ਕੰਮ ਛੱਡ ਕੇ ਤੁਰੰਤ ਉਹ
ਕੋਲ ਚਲੇ ਜਾਂਦਾ ਸੀ। ਇਕ ਦਿਨ ਗੱਲ ਇੰਝ ਹੋਈ ਕਿ ਜਦੋਂ ਮੀਆਂ ਸਾਹਿਬ
ਆਵਾਜ਼ ਦਿੱਤੀ, ਤਾਂ ਜੱਗੂ ਭਗਤ ਤੁਰੰਤ ਨਾ ਆਇਆ, ਉਤਸੁਕਤਾ ਵੱਸ ਮੀ
ਸਾਹਿਬ ਆਪਣੇ ਮਿੱਤਰ ਦੇ ਘਰ ਚਲੇ ਗਏ ਤੇ ਵੇਖਿਆ ਕਿ ਉਹ ਰਸੋਈ ਵਿਚ ਰੋ
ਪਕਾ ਰਿਹਾ ਸੀ। ਜੱਗੂ ਭਗਤ ਨੇ ਵੇਖਿਆ, ਪਰ ਉਹ ਪਤੀਲੇ ਵਿਚ ਕੜਛੀ ਮਾਰ
ਰਿਹਾ। ਮੀਆਂ ਸਾਹਿਬ ਆਰਾਮ ਨਾਲ ਕੁਝ ਦੇਰ ਉਡੀਕਦੇ ਰਹੇ। ਪਰ ਚੁੱਪ ਦਾ
ਛਿਣ ਉਹਨਾਂ ਲਈ ਜਰਨਾ ਔਖਾ ਹੋ ਰਿਹਾ ਪ੍ਰਤੀਤ ਹੁੰਦਾ ਸੀ। ਆਪਣੇ ਆਪ ਨੂੰ ਕ
ਨਾ ਰੱਖਦੇ ਹੋਏ, ਉਸਨੇ ਅਖ਼ੀਰ ਆਖਿਆ, "ਭਗਤ ਜੀ ਤੁਸੀਂ ਦੇਰ ਤੀਕਰ ਭੋਜ
ਪਕਾਉਂਦੇ ਰਹੇ ਹੋ। ਕਿਰਪਾ ਕਰਕੇ ਹੁਣ ਰੁਕ ਜਾਓ।" ਜੱਗੂ ਭਗਤ ਨੇ ਉੱਤਰ ਦਿੱ
(ਤੇ ਸੰਭਵ ਹੈ ਇਸ ਕਹਾਣੀ ਵਿਚ ਕੁਝ ਸੱਚ ਹੋਵੇ) "ਤੁਸੀਂ ਮੇਰੇ ਘਰ ਆਏ ਸੀ,
ਮੈਨੂੰ ਜੱਫੀ ਨਹੀਂ ਪਾਈ।" ਮੀਆਂ ਸਾਹਿਬ ਆਖਣ ਲੱਗੇ, 'ਤੂੰ ਸੋਚਦਾ ਹੈਂ ਕਿ ਤੇ
ਰਸੋਈ ਮੇਰੇ ਨਾਲੋਂ ਜ਼ਿਆਦਾ ਜ਼ਰੂਰੀ ਹੈ। ਹੁਣ ਤੋਂ, ਭਾਵੇਂ ਆਪਾਂ ਗੁਆਂਢੀ ਵੀ ਬ
ਰਹੀਏ, ਅਸੀਂ ਇੱਕ ਦੂਜੇ ਨਾਲ ਕਦੇ ਨਹੀਂ ਬੋਲਾਂਗੇ। ਇਹ ਕਿਹਾ ਜਾਂਦਾ ਹੈ ਕਿ ਦੋ
ਹੀ ਉਸੇ ਨਗਰ ਵਿਚ ਰਹਿੰਦੇ ਰਹੇ, ਪਰ ਉਹ ਦੁਬਾਰਾ ਇਕ ਦੂਜੇ ਨੂੰ ਮਿਲੇ ਨਹੀਂ। ਜਿ
ਕਿ ਤੁਸੀਂ ਵੇਖਦੇ ਹੋ, ਕਿ ਲੋਕਾਂ ਵਿਚ ਕਈ ਵਾਰ ਡੂੰਘੀ ਗਲਤਫਹਿਮੀ ਦੀ ਸੰਭਾਵ
ਹੁੰਦੀ ਹੈ। ਸੋ ਇਹ ਸੱਚ ਹੈ ਕਿ ਹਿੰਦੂ ਅਤੇ ਮੁਸਲਮਾਨ ਭਾਵੇਂ ਇੱਕ ਦੂਜੇ ਨਾਲ ਅਮਨ
ਸ਼ਾਂਤੀ ਨਾਲ ਇਕੱਠੇ ਰਹਿੰਦੇ ਰਹੇ, ਇਹ ਕਹਿਣਾ ਸੱਚ ਨਹੀਂ ਕਿ ਉਹ ਇਕ ਦੂਸਰੇ
ਅਲੱਗ ਅਤੇ ਨਿਵੇਕਲੇ ਨਹੀਂ ਸਨ ਸਮਝਦੇ।

ਭੱਲਾ :- ਜਦੋਂ ਮੈਂ ਕੁਝ ਸਾਲ ਪਹਿਲਾਂ 'ਇੰਤਜ਼ਾਰ ਹੁਸੈਨ' ਦਾ ਇੰਟਰਵਿਊ ਕੀਤਾ ਸੀ
ਉਸਨੇ ਇਸ ਪ੍ਰਸੰਗ ਵਿਚ ਦੋ ਜ਼ਰੂਰੀ ਗੱਲਾਂ ਆਖੀਆਂ ਸਨ। ਪਹਿਲੀ ਇਹ ਕਿ ਉ



ਆਪਣੇ ਆਪ ਨੂੰ ਅਜਿਹੇ ਆਦਮੀ ਵਜੋਂ ਦੇਖਦਾ ਹੈ ਜਿਸਦਾ ਅਜੇ ਵੀ ਇੱਕ ਪੈਰ ਅਯੁੱਧਿਆ ਵਿਚ ਤੇ ਦੂਸਰਾ ਕਰਬਲਾ ਵਿਚ। ਦੂਸਰਾ ਇਹ ਕਿ ਉਸਨੇ ਹਮੇਸ਼ਾ ਹੀ ਇਹ ਅਨੁਭਵ ਕੀਤਾ ਹੈ ਕਿ ਉਸਦੇ ਅੰਦਰ ਇੱਕ ਹਿੰਦੂ ਬੈਠਾ ਹੋਇਆ ਹੈ। ਮੈਂ ਅਨੁਭਵ ਕਰਦਾ ਹਾਂ ਕਿ ਹਿੰਦੂ ਰਵਾਇਤਾਂ ਵਾਲੇ ਇਸ ਨੇੜਤਾ, ਰਿਸ਼ਤੇ ਕਾਰਨ ਜਦੋਂ ਉਹ ਇਤਿਹਾਸ ਤੇ ਪਰੰਪਰਾ ਦੇ ਪ੍ਰਸ਼ਨਾਂ ਬਾਰੇ ਸੋਚਦਾ ਹੈ, ਉਹ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਹਿੰਦੂ ਤੇ ਮੁਸਲਮਾਨ ਮੀਰਾਂ ਬਾਈ ਤੇ ਕਬੀਰ, ਅਮੀਰ ਖੁਸਰੋ ਤੇ ਤੁਲਸੀ ਦਾਸ ਨੂੰ ਇਕੋਂ ਹੀ ਵਿਰਾਸਤ ਦਾ ਅੰਗ ਸਮਝਦੇ ਹਨ। ਉਸਨੂੰ ਯਕੀਨ ਹੈ ਕਿ ਅਸੀਂ ਅਜੇ ਵੀ ਭਾਰਤੀ ਉਪ-ਮਹਾਂਦੀਪ ਵਿਚਲੀਆਂ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਰਵਾਇਤਾਂ ਤੋਂ ਸਿੱਖ ਸਕਦੇ ਹਾਂ।

ਜੇ ਉਹ ਇਹ ਦਾਅਵਾ ਕਰਨ ਵਿਚ ਠੀਕ ਹੈ ਕਿ ਸਾਰੇ ਇਤਿਹਾਸ ਵਿਚਕਾਰ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਐਨਾ ਲੈਣ ਤੇ ਦੇਣ ਸੀ ਕਿ ਉਹ ਬੜੇ ਹੀ ਡੂੰਘੇ ਦਾਰਸ਼ਨਿਕ ਪੱਧਰਾਂ ਉੱਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਸਕਦੇ ਸਨ, ਫਿਰ ਪਾਕਿਸਤਾਨ ਦੇ ਅਟੱਲ ਤੌਰ ਤੇ ਬਣਨ ਬਾਰੇ ਗੱਲ ਕਰਨੀ ਮੁਸ਼ਕਿਲ ਹੈ। 'ਇੰਤਜ਼ਾਰ ਹੁਸੈਨ' ਦੀ ਭਾਰਤ ਦੀ ਸਾਂਝੀ ਕਲਚਰ ਬਾਰੇ ਵਿਆਖਿਆ ਹੈ। ਕੁਰੈਸ਼ੀ ਦੀ ਮੁਸਲਮ ਵੱਖਰੇਪਨ ਦੇ ਇਤਿਹਾਸ ਵਿਚਕਾਰ ਵਿਰੋਧਤਾਈ ਪ੍ਰਤੀਤ ਹੁੰਦੀ ਹੈ।

ਥਤੀ :- ਮੇਰਾ ਖ਼ਿਆਲ ਹੈ ਕਿ ਦੋਵਾਂ ਵਿਆਖਿਆਵਾਂ ਵਿਚ ਕੁਝ ਸੱਚ ਹੈ, ਕਿ ਇਹ ਦੋਵੇਂ ਹੀ ਕਿਸੇ ਹੱਦ ਠੀਕ ਹਨ। ਇੰਤਜ਼ਾਰ ਹੁਸੈਨ ਠੀਕ ਆਖਦਾ ਹੈ, ਜਦੋਂ ਉਹ ਕਬੀਰ ਅਤੇ ਤੁਲਸੀਦਾਸ, ਮੀਰਾਂ ਬਾਈ ਤੇ ਬੁੱਲੇ ਸ਼ਾਹ ਜਾਂ ਬਾਬਾ ਫਰੀਦ ਬਾਰੇ ਸਾਡੀ ਸਭਿਆਚਾਰਕ ਜਟਿਲਤਾ ਬਾਰੇ ਏਨੇ ਸੋਹਣੇ ਢੰਗ ਨਾਲ ਬਾਤ ਕਰਦਾ ਹੈ।

ਪਰ ਤੁਹਾਨੂੰ ਇਹ ਗੱਲ ਚੇਤੇ ਰੱਖਣੀ ਬਣਦੀ ਹੈ ਕਿ ਜਦੋਂ ਲੋਕ ਆਪਣੀ ਵੱਖਰੀ ਪਛਾਣ ਬਾਰੇ ਸੁਚੇਤ ਹੋ ਜਾਂਦੇ ਹਨ ਤਾਂ ਉਹਨਾਂ ਦੀਆਂ ਜੀਵਨ-ਸ਼ੈਲੀਆਂ ਤੇ ਉਮੀਦਾਂ ਵੀ ਬਦਲ ਜਾਂਦੀਆਂ ਹਨ। ਇਹੋ ਗੱਲ ਮੁਸਲਮਾਨਾਂ ਤੇ ਹਿੰਦੂਆਂ ਦੇ ਸਬੰਧਾਂ ਵਿਚ ਵਾਪਰੀ ਸੀ। ਕੋਈ ਵੇਲਾ ਸੀ ਕਿ ਇੱਕ ਦੂਸਰੇ ਨਾਲ ਰਿਸ਼ਤੇ ਨੂੰ ਪਰਿਭਾਸ਼ਿਤ ਕਰਨ ਦਾ ਇੱਕ ਪ੍ਰਵਾਨਿਤ ਤੇ ਪਰੰਪਰਾਵਾਦੀ ਤਰੀਕਾ ਸੀ। ਨਵੀਂ ਰਾਜਸੀ ਚੇਤਨਾ ਨੇ ਆਪਣੇ ਨਾਲ ਨਵੀਆਂ ਉਮੀਦਾਂ ਲਿਆਂਦੀਆਂ ਅਤੇ ਸਾਡੀਆਂ ਵਿਰਾਸਤੀ ਧਾਰਨਾਵਾਂ ਪ੍ਰਤੀ ਨਵੇਂ ਪ੍ਰਸ਼ਨ ਉਠਾਏ। ਇਸ ਸਬੰਧ ਵਿਚ ਪੰਜਾਬ ਵੱਖਰਾ ਸੀ। ਮਿਸਾਲ ਵਜੋਂ ਵਿਚਾਰ ਕਰੋ ਕਿ ਸਾਡੀ ਪ੍ਰਵਾਨਿਤ ਧਾਰਨਾ ਹੈ ਕਿ ਬ੍ਰਾਹਮਣ ਸਾਡੇ ਜੀਵਨ ਉੱਤੇ ਵੱਡਾ ਪ੍ਰਭਾਵ ਪਾਉਂਦੇ ਹਨ। ਪੰਜਾਬ ਵਿਚ ਉਹ ਕਦੇ ਵੀ ਬਹੁਤੇ ਮਹੱਤਵ ਵਾਲੇ ਨਹੀਂ ਰਹੇ। ਸਭ ਤੋਂ ਵਧੀਆ ਬ੍ਰਾਹਮਣ, ਮਿਸਾਲ ਵਜੋਂ ਪੁਲਿਸ ਵਿਚ ਭਰਤੀ ਹੋਏ, ਜੋ ਕਦੇ ਜੰਗਜੂ ਬਰਾਦਰੀਆਂ ਵਿਚ ਗਿਣੇ ਜਾਂਦੇ ਸੀ। ਬ੍ਰਾਹਮਣਾਂ ਨੂੰ ਆਪਣੀ ਤਾਕਤ ਦਾ ਪ੍ਰਮਾਣ

ਦੇਣਾ ਪਿਆ। (ਹੱਸਦੀ ਹੈ)

ਇਹ ਸੱਚ ਹੈ ਕਿ ਜੀਵਨ ਦੇ ਬਹੁਤ ਖੇਤਰਾਂ ਵਿਚ ਹਿੰਦੂ ਤੇ ਮੁਸਲਮਾਨ ਇਕ ਦੂਜੇ
ਬੜੇ ਨੇੜੇ ਹਨ। ਪਰ ਫਿਰ ਵੀ ਕਈ ਪੱਖਾਂ ਤੋਂ ਉਹ ਇੱਕ ਦੂਜੇ ਤੋਂ ਬੜੇ ਨਿਵੇਕਲੇ ਹਨ
ਇਹ ਮੰਨਣਾ ਗਲਤੀ ਹੋਵੇਗੀ ਕਿ ਉਹ ਮੁਕੰਮਲ ਤੌਰ ਤੇ ਇਕ ਦੂਜੇ ਨਾਲ ਜੁੜੇ ਹੋ
ਸਨ। ਇਸ ਤੋਂ ਬਿਨਾਂ ਜਦੋਂ ਲੋਕ ਪੜ੍ਹ ਜਾਂਦੇ ਹਨ ਤਾਂ ਉਹ ਆਪਣੀਆਂ ਪਛਾਣਾਂ ਪ੍ਰ
ਸੁਚੇਤ ਹੋ ਜਾਂਦੇ ਹਨ। ਇਹ ਪ੍ਰਕਿਰਿਆ ਮੁਸਲਮਾਨਾਂ ਵਿਚ ਸ਼ੁਰੂ ਹੋ ਗਈ ਸੀ। ਉਹਨ
ਦੇ ਪੜ੍ਹੇ-ਲਿਖੇ ਹਿੱਸਿਆਂ ਨੇ, ਉਹਨਾਂ ਵਿਚ ਰਾਜਸੀ ਪਛਾਣ ਦੀ ਚੇਤਨਾ ਭਰਨ
ਆਰੰਭ ਕਰ ਦਿੱਤੀ ਸੀ। ਜੇ ਅਸੀਂ ਪਿਛਲੇ ਸਮੇਂ ਵੱਲ ਜਾਂਦੇ ਹਾਂ, ਤਾਂ ਮੁਸਲਮ ਲੀਗ
ਕੌਮੀ ਕਾਂਗਰਸ ਨੂੰ ਵੱਖਰੀਆਂ ਸੇਧਾਂ ਵੱਲ ਤੁਰਦੇ ਵੇਖਦੇ ਹਾਂ। ਮੁਸਲਮ ਲੀਗ ਮੁਸਲਮਾਨ
ਲਈ ਵੱਖਰੀ ਸਟੇਟ ਲਈ ਕੰਮ ਕਰ ਰਹੀ ਸੀ ਤੇ ਕਾਂਗਰਸ ਵਿਚਲੇ ਹਿੰਦੂ, ਆਪਣ
ਸੁਰੱਖਿਅਤ ਮਾਨਸਿਕਤਾ ਸਮੇਤ, ਆਪਣੇ ਕੁਝ ਚੋਣਵੇਂ ਆਦਰਸ਼ਾਂ ਦੀ ਰਾਖੀ ਕਰ ਰ
ਸਨ। ਉਹਨਾਂ ਦੀਆਂ ਰਾਜਸੀ ਯੁੱਧ-ਨੀਤੀਆਂ ਕੁਝ ਵੀ ਹੋਣ, ਉਹਨਾਂ ਦੇ ਚਿੰਨ ਵ
ਵੱਖਰੇ ਸਨ।

ਘੱਟੋ-ਘੱਟ ਮੁਸਲਮ ਪਛਾਣ ਦੀ ਇਹ ਸਮਝ, ਪੰਜਾਬ ਵਿਚ ਵੀਹਵੇਂ ਦੇ ਆਰੰਭ ਵਿ
ਅਨੁਭਵ ਹੋਣੀ ਸ਼ੁਰੂ ਹੋ ਗਈ ਸੀ।

ਭੱਲਾ :- ਤੁਹਾਡੇ ਘਰ ਵਿਚ ਇਸਦਾ ਕੀ ਪ੍ਰਤੀਕਰਮ ਸੀ, ਜਦੋਂ ਇਸ ਗੱਲ ਦਾ ਐਲਾਨ
ਗਿਆ ਕਿ ਭਾਰਤ ਵੰਡਿਆ ਜਾ ਰਿਹਾ ਸੀ? ਤੁਸਾਂ ਦੱਸਿਆ ਸੀ ਕਿ ਤੁਹਾਡੇ ਮਾਤਾ
ਪਿਤਾ ਪਾਕਿਸਤਾਨ ਵਿਚ ਰਹਿਣਾ ਚਾਹੁੰਦੇ ਸਨ। ਇਹ ਕਿਉਂ?

ਸੋਬਤੀ :- ਮੈਂ ਮਾਰਚ 1947 ਵਿਚ ਦਿੱਲੀ ਵਿਚ ਸੀ। ਸਰਕਾਰ ਵਲੋਂ ਇੱਕ ਵੱਡਾ 'ਡਰਾਮ
ਖੇਡਿਆ ਜਾ ਰਿਹਾ ਸੀ। ਸਾਰੇ ਹੀ ਸਰਕਾਰੀ ਮੁਲਾਜਮਾਂ ਨੂੰ ਆਖਿਆ ਗਿਆ ਸੀ ਕਿ
ਉਹ ਇੱਕ ਫਾਰਮ ਭਰਨ ਤੇ ਦੱਸਣ ਕਿ ਉਹ ਕਿਸ ਦੇਸ਼ ਵਿਚ ਰਹਿਣਾ ਤੇ ਕੰਮ ਕਰਨ
ਚਾਹੁੰਦੇ ਹਨ। ਮੇਰੇ ਪਿਤਾ ਨੇ ਪਾਕਿਸਤਾਨ ਵਿਚ ਰਹਿਣ ਲਈ ਰਾਏ ਪ੍ਰਗਟ ਕੀਤੀ
ਇਸਦੇ ਦੋ ਕਾਰਨ ਸਨ। ਮੇਰੇ ਪਰਿਵਾਰ ਦੀ ਜ਼ਮੀਨ ਤੇ ਜਾਇਦਾਦ ਉਥੇ ਸੀ ਤੇ ਉ
ਇਸਨੂੰ ਬਚਾਉਣਾ ਚਾਹੁੰਦੇ ਸਨ। ਇਸ ਤੋਂ ਬਿਨਾਂ ਮੇਰਾ ਪਿਤਾ ਸੁੱਖ-ਰਹਿਣਾ ਬੰਦਾ ਸੀ
ਜਿਹੜਾ ਜੀਵਨ ਵਿਚ ਉਸੇ ਤਰ੍ਹਾਂ ਹੀ ਰਹਿਣਾ ਚਾਹੁੰਦਾ ਸੀ ਜਿਵੇਂ ਕਿ ਉਹ ਜੀ ਰਿ
ਸੀ। ਸਾਡੇ ਨਗਰ ਵਿਚ ਇੱਕ ਸੋਬਤੀ ਨਾਂ ਦੀ ਗਲੀ ਵੀ ਸੀ।। ਦੂਜਾ ਕਾਰਨ ਇਹ ਸ
ਕਿ ਮੇਰੇ ਪਰਿਵਾਰ ਦੇ ਜੀਅ ਪੜ੍ਹੇ ਲਿਖੇ ਸਨ ਤੇ ਉਹਨਾਂ ਸੋਚਿਆ ਕਿ ਪਾਕਿਸਤਾ
ਵਿਚ ਉਹਨਾਂ ਨੂੰ ਨੌਕਰੀਆਂ ਦੇ ਵਧੀਆ ਮੌਕੇ ਮਿਲਣਗੇ, ਬਥੇਰੇ ਮੁਸਲਮਾਨ ਸਨ
ਜਿਹਨਾਂ ਨੇ ਭਾਰਤ ਵਿਚ ਰਹਿਣ ਲਈ ਰਾਏ ਦਿੱਤੀ, ਖ਼ਾਸ ਤੌਰ ਤੇ ਉਹਨਾਂ ਨੇ ਜਿਹਨ
ਕੋਲ ਜਾਇਦਾਦ ਜਾਂ ਕੁਝ ਛੋਟੀਆਂ ਜ਼ਮੀਨਾਂ ਸਨ। ਮੇਰੇ ਖ਼ਿਆਲ ਵਿਚ ਹਰ ਕੋਈ ਇ



ਪ੍ਰਭਾਵ ਹੇਠ ਸੀ ਕਿ ਉਹ ਇਕੱਠੇ ਰਹਿੰਦੇ ਆਏ ਸਨ ਤੇ ਹੁਣ ਵੀ ਇੰਝ ਹੀ ਰਹਿ ਲੈਣਗੇ।

ਪਰ ਮੇਰੇ ਪਿਤਾ ਦਾ ਮਨ ਬਦਲਣ ਲਈ ਉਸਦੇ ਇੱਕ ਮਿੱਤਰ ਨੇ ਪ੍ਰੇਰਿਆ ਜੋ ਕਿ ਮੁਸਲਮਾਨ ਸੀ ਅਤੇ ਗ੍ਰਹਿ ਵਜ਼ਾਰਤ ਵਿਚ ਉੱਚੇ ਅਹੁੱਦੇ ਤੇ ਕੰਮ ਕਰ ਰਿਹਾ ਸੀ। ਉਸ ਸੋਚਿਆ ਕਿ ਮੇਰਾ ਪਿਤਾ ਬੇਵਕੂਫੀ ਕਰ ਰਿਹਾ ਸੀ। ਬਦਕਿਸਮਤੀ ਨਾਲ ਇਹ ਗੱਲ ਹਰ ਕਿਸੇ ਨੂੰ ਛੇਤੀ ਹੀ ਸਾਫ਼ ਹੋ ਗਈ ਕਿ ਹੁਣ ਪਹਿਲਾਂ ਵਾਂਗ ਇਕੱਠੇ ਰਹੀ ਜਾਣਾ ਸੰਭਵ ਨਹੀਂ ਸੀ। ਬਹੁਤ ਸਾਰੇ ਮੁਸਲਮਾਨਾਂ ਨੇ ਜਿਹਨਾਂ ਨੇ ਪਹਿਲਾਂ ਇਥੇ ਰਹਿਣ ਦਾ ਧਾਰਿਆ ਹੋਇਆ ਸੀ, ਕੁਝ ਸਮੇਂ ਬਾਅਦ ਪਾਕਿਸਤਾਨ ਚਲੇ ਜਾਣ ਦਾ ਫੈਸਲਾ ਕੀਤਾ।

ਭੱਲਾ :- ਕੀ ਲੋਕੀਂ ਅਨੁਭਵ ਕਰਦੇ ਸੀ ਕਿ ਹੱਦਾਂ ਦੀ ਨਵੀਂ ਨਿਸ਼ਾਨਦੇਹੀ ਤੇ ਨਵੀਆਂ ਕੌਮਾਂ ਦਾ ਉਭਰਨਾ, ਆਬਾਦੀ ਦੇ ਤਬਾਦਲੇ ਦਾ ਸੱਦਾ ਨਹੀਂ ਸੀ?

ਸੋਬਤੀ :- ਸ਼ਾਇਦ ਮੈਨੂੰ ਯਕੀਨ ਨਹੀਂ ਕਿ ਹਰ ਕੋਈ ਏਦਾਂ ਸੋਚਦਾ ਸੀ। ਪੰਜਾਬ ਦੇ ਹਿੰਦੂ ਨਿਸ਼ਚੇ ਹੀ ਏਦਾਂ ਸੋਚਦੇ ਸੀ। ਉਹਨਾਂ ਨੇ ਸ਼ਕਤੀ ਦੀਆਂ ਕਈ ਤਬਦੀਲੀਆਂ ਝੱਲੀਆਂ ਹੋਈਆਂ ਸਨ। ਉਹਨਾਂ ਨੂੰ ਉਹ ਵੇਲੇ ਚੇਤੇ ਸੀ, ਜਦੋਂ ਮੁਸਲਮਾਨ ਹਾਕਮ ਇੱਕ ਪਿੰਡ ਨੂੰ ਝਟਕਾ ਦਿੰਦੇ ਸੀ, ਦੂਸਰੇ ਨੂੰ ਸਾੜ-ਫੂਕ ਦਿੰਦੇ ਸੀ ਤੇ ਤੀਸਰੇ ਦਾ ਆਪਣੀ ਤਾਕਤ ਦਾ ਵਿਖਾਵਾ ਕਰਨ ਲਈ ਧਰਮ-ਪਰਿਵਰਤਨ ਕਰ ਦਿੰਦੇ ਸੀ। ਉਹਨਾਂ ਦਿਨਾਂ ਵਿਚ ਮੁਸਲਮਾਨ ਸ਼ਹਿਨਸ਼ਾਹੀ ਸ਼ਕਤੀ ਸੀ ਤੇ ਹਿੰਦੂ ਉਹਨਾਂ ਦੀ ਪਰਜਾ ਸੀ। ਇਹ ਤੇ 1875 ਦੀ ਗੱਲ ਹੈ, ਜਦੋਂ ਮੁਸਲਮਾਨਾਂ ਦਾ ਕੌਮ ਤੋਂ ਕੰਟਰੋਲ ਖ਼ਤਮ ਹੋ ਗਿਆ। ਇਹ ਬਰਤਾਨੀਆ ਸੀ, ਜਿਸਨੇ ਉਹਨਾਂ ਨੂੰ ਦਰੜ ਦਿੱਤਾ। ਹੁਣ ਉਹ "ਮਾਂ-ਕੌਮ" ਅਨੁਭਵ ਨਹੀਂ ਸੀ ਕਰਦੇ। ਅਸੀਂ ਕਰਦੇ ਸੀ। ਅਸੀਂ ਦਾਅਵਾ ਕਰ ਸਕਦੇ ਸੀ ਕਿ ਅਸੀਂ ਇਸ ਨਾਲ ਸੰਬੰਧ ਰੱਖਦੇ ਹਾਂ। ਮੁਸਲਮਾਨਾਂ ਦੀਆਂ ਵੀ ਰਾਜਸੀ ਤਾਂਘਾਂ ਸਨ, ਪਰ ਉਹ ਜਾਣਦੇ ਸੀ ਕਿ ਉਹ ਹੁਣ ਆਪਣੀ ਪੁਰਾਣੀ ਸ਼ਕਤੀ ਦੁਬਾਰਾ ਪ੍ਰਾਪਤ ਨਹੀਂ ਸੀ ਕਰ ਸਕਦੇ।

ਭੱਲਾ :- ਕੀ ਇਹ ਸਮਝ ਕਿ ਭਾਰਤ ਉਹਨਾਂ ਦਾ ਦੇਸ਼ ਨਹੀਂ ਸੀ, ਸਾਰੇ ਮੁਸਲਮਾਨਾਂ ਲਈ ਸੱਚੀ ਸੀ? ਯਕੀਨਨ ਬਹੁਤ ਸਾਰੇ ਰਾਸ਼ਟਰੀ ਭਾਵਨਾ ਵਾਲੇ ਮੁਸਲਮਾਨ ਸਨ, ਜਿਹਨਾਂ ਲਈ ਭਾਰਤ ਉਹਨਾਂ ਦਾ ਘਰ ਸੀ, ਡਾ. ਅਨੁਸਾਰੀ ਤੇ ਮੌਲਾਨਾ ਅਬਦੁੱਲ ਕਲਾਮ ਆਜ਼ਾਦ ਆਦਿ ਵਰਗੇ।

ਸੋਬਤੀ :- ਹਾਂ, ਇਹ ਗੱਲ ਖਿਲਾਫ਼ਤ ਸਮਰਥਕਾਂ ਬਾਰੇ ਵੀ ਸੱਚ ਸੀ। ਖਿਲਾਫ਼ਤ ਦੀ ਲਹਿਰ ਨੇ ਕੁਝ ਸਮੇਂ ਲਈ ਹਿੰਦੂਆਂ ਤੇ ਮੁਸਲਮਾਨਾਂ ਦੇ ਸਬੰਧਾਂ ਨੂੰ ਨਿਸਚੇ ਹੀ ਪੱਕਾ ਕੀਤਾ। ਬਹੁਤ ਸਾਰੇ ਮੁਸਲਮਾਨ ਆਪਣੇ ਆਪ ਨੂੰ ਆਖਦੇ ਸੀ, "ਜੇ ਹਿੰਦੂ ਸਾਡੀ ਲਹਿਰ ਦਾ ਸਮਰਥਨ ਕਰ ਸਕਦੇ ਹਨ ਤਾਂ ਅਸੀਂ ਵੀ ਉਹਨਾਂ ਨਾਲ ਰਹਿ ਸਕਦੇ ਹਾਂ, ਉਹਨਾਂ ਦੇ

ਹੋ ਸਕਦੇ ਹਾਂ।"

ਪਰ ਮੈਂ ਇਹ ਵੀ ਅਨੁਭਵ ਕਰਦੀ ਹਾਂ ਕਿ ਬੰਗਾਲ ਦੀ ਵੰਡ ਦੀ ਮਨਸੂਖੀ ਪਿਛੋਂ ਦੋਹਾਂ ਬਰਾਦਰੀਆਂ ਦੇ ਰਿਸ਼ਤੇ ਸਪੱਸ਼ਟ ਭਾਂਤ ਖ਼ਰਾਬ ਹੋ ਗਏ ਸਨ। ਇਸ ਨਾਲ ਮੁਸਲਮਾਨਾਂ ਨੇ ਅਨੁਭਵ ਕੀਤਾ ਕਿ ਬਹੁ-ਗਿਣਤੀ ਬਰਾਦਰੀ ਦਾ ਰਾਸ਼ਟਰਵਾਦ। ਹਿੰਦੂ ਰਾਸ਼ਟਰਵਾਦ ਸੀ ਅਤੇ ਇਸ ਨੇ ਉਹਨਾਂ ਨੂੰ ਅਗਲਾ ਕਦਮ ਚੁੱਕਣ ਲਈ ਸੰਭਵ ਬਣਾਇਆ ਤੇ ਦੇਸ਼ ਦੀ ਵੰਡ ਦੀ ਮੰਗ ਕੀਤੀ।

ਭੱਲਾ :- ਤੁਸੀਂ ਅਵੱਸ਼ ਹੀ ਬਹੁਤ ਸਾਰੇ ਮੁਸਲਮਾਨਾਂ ਨੂੰ ਜਾਣਦੇ ਹੋਵੋਗੇ ਜੋ ਮਹਿਸੂਸ ਕਰਦੇ ਸੀ ਕਿ ਇਹ ਦੇਸ਼ ਓਨਾ ਹੀ ਉਹਨਾਂ ਦਾ ਹੈ, ਜਿੰਨਾ ਕਿ ਮੁਸਲਮਾਨਾਂ ਦਾ।

ਸੋਬਤੀ :- ਹਾਂ, ਨਿਰਸੰਦੇਹ ਜਿਨਾਹ ਵੀ ਅਨੁਭਵ ਕਰਦਾ ਸੀ ਕਿ ਬੰਗਾਲ ਤੇ ਪੰਜਾਬ ਕਦੇ ਵੀ ਵੰਡੇ ਨਹੀਂ ਜਾ ਸਕਦੇ। ਮੈਂ ਸਿਰਫ਼ ਇਹ ਸੁਝਾਅ ਦੇਣ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਰਾਜਸੀ ਪੱਧਰ ਉੱਤੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਦੂਰੀ ਦੀ ਇੱਕ ਭਾਵਨਾ ਸੀ। ਪਰ ਸਮਾਜਿਕ ਤੇ ਸਭਿਆਚਾਰਕ ਪੱਧਰ ਉੱਤੇ ਦੋਵੇਂ ਬਰਾਦਰੀਆਂ ਇਕ ਦੂਜੇ ਦੇ ਬੜੀਆਂ ਨੇੜੇ ਸਨ। ਪਰ ਜਿਸ ਘੜੀ ਅਸੀਂ ਵੱਖਰੀ ਵੋਟ ਪ੍ਰਣਾਲੀ ਦੀ ਰਾਜਨੀਤੀ ਦੀ ਖੇਡ ਸ਼ੁਰੂ ਕੀਤੀ, ਤਾਂ ਅੰਗਰੇਜ਼ਾਂ ਨੂੰ ਦੋਹਾਂ ਬਰਾਦਰੀਆਂ ਵਿਚਲੇ ਪਾੜੇ ਨੂੰ ਵਧਾਉਣ ਦਾ ਮੌਕਾ ਹੱਥ ਲੱਗ ਗਿਆ।

ਮੈਨੂੰ ਪੰਜਾਬ ਦੇ ਖਵਾਜ਼ਾ ਖਿਜ਼ਰ ਬਾਰੇ ਗੱਲ ਦੱਸਣ ਦਿਉ। ਉਹ ਦਰਿਆਵਾਂ ਦਾ ਪੀਰ ਸੀ। ਕਿਹਾ ਜਾਂਦਾ ਹੈ ਕਿ ਉਸਦੀ ਸਦੀਵੀਂ ਕਿਸ਼ਤੀ, ਭਾਵੇਂ ਅਦਿੱਖ ਹੁੰਦੀ ਸੀ, ਪਰ ਸਦਾ ਹੀ ਦਰਿਆਵਾਂ ਉੱਤੇ ਤਰਦੀ ਰਹਿੰਦੀ ਸੀ ਤੇ ਲੋਕਾਂ ਨੂੰ ਪਾਰ ਲੱਗਣ ਵਿਚ ਸਹਾਇਤਾ ਕਰਦੀ ਸੀ। ਹਿੰਦੂ ਤੇ ਮੁਸਲਮਾਨ ਦੋਵੇਂ ਹੀ ਖਵਾਜਾ ਖਿਜ਼ਰ ਵਿਚ ਵਿਸ਼ਵਾਸ ਕਰਦੇ ਸਨ।

ਸਾਡੇ ਪਰਿਵਾਰ ਦਾ ਬਾਬਾ ਫ਼ਰੀਦ ਦੀਆਂ ਸ਼ਕਤੀਆਂ ਉੱਤੇ ਬੜਾ ਵਿਸ਼ਵਾਸ ਸੀ। ਸਾਡੇ ਘਰ ਦੀ ਇਕ ਗੁੱਠ ਵਿਚ ਉਸ ਲਈ ਥਾਂ ਸੀ ਤੇ ਉਸ ਦੇ ਆਸ਼ੀਰਵਾਦ ਤੋਂ ਬਿਨਾਂ ਕੋਈ ਵੀ ਕੰਮ ਨਹੀਂ ਸੀ ਕੀਤਾ ਜਾਂਦਾ। ਕੋਈ ਸ਼ਾਦੀ ਜਾਂ ਮੁੰਡਨ ਉੱਤੇ ਉਸ ਕੋਲ ਪ੍ਰਾਰਥਨਾ ਕੀਤੇ ਬਿਨਾਂ ਨਹੀਂ ਕੀਤਾ ਜਾਂਦਾ ਸੀ। ਅਸੀਂ ਉਸਦੇ ਮਜ਼ਾਰ ਉੱਤੇ ਵੀ ਜਾਂਦੇ ਹੁੰਦੇ ਸੀ। ਨਾ ਹਿੰਦੂ ਤੇ ਨਾ ਮੁਸਲਮਾਨ ਆਪਣੇ ਪੁੱਤਰਾਂ ਦਾ ਨਾਂ 'ਫਰੀਦ' ਰੱਖਣ ਤੋਂ ਝਿਜਕਦੇ ਸੀ। ਇਹੋ ਗੱਲ ਬੁੱਲ੍ਹੇ ਸ਼ਾਹ ਦੀ ਸੀ। ਦੋਵੇਂ ਹੀ ਸਾਡੀ ਸਭਿਆਚਾਰਕ ਪਰੰਪਰਾ ਦਾ ਹਿੱਸਾ ਸਨ। ਕੋਈ ਨਹੀਂ ਪੁੱਛਦਾ ਕਿ ਉਹ ਹਿੰਦੂ ਸਨ ਕਿ ਮੁਸਲਮਾਨ।

ਪਰ ਇੱਕ ਵਾਰ ਜਦੋਂ ਅਸੀਂ ਵੱਖਰੀ ਵੋਟ-ਪ੍ਰਣਾਲੀ ਦੀ ਖੇਡ ਸ਼ੁਰੂ ਕਰ ਦਿੱਤੀ ਤਾਂ ਬਰਤਾਨੀਆ ਨੇ ਦੋਹਾਂ ਬਰਾਦਰੀਆਂ ਵਿਚ ਰੱਫੜ ਨੂੰ ਵਧਾਉਣ ਦਾ ਮੌਕਾ ਸੰਭਾਲ ਲਿਆ



ਭੱਲਾ :- ਇਹਨਾਂ ਹੀ ਦਿਨਾਂ ਵਿਚ ਮੈਂ ਸੰਤ ਸਿੰਘ ਸੇਖੋਂ ਨੂੰ ਮਿਲਿਆ, ਜਿਸਨੇ ਮੈਨੂੰ ਹੈਰਾਨ ਕਰਨ ਵਾਲੀ ਗੱਲ ਦੱਸੀ। ਉਸਨੇ ਕਿਹਾ ਕਿ ਪੇਂਡੂ ਪੰਜਾਬ ਵਿਚ ਕਿਸੇ ਮੁਸਲਮਾਨ ਨੂੰ ਖੁੱਲ੍ਹੇ ਆਮ "ਆਜ਼ਾਨ" ਦੀ ਆਗਿਆ ਨਹੀਂ ਸੀ। ਕੀ ਇਹ ਗੱਲ ਸੱਚੀ ਸੀ।

ਸੋਬਤੀ :- ਨਿਸ਼ਚੇ ਹੀ ਨਹੀਂ। ਮੇਰਾ ਨਾਵਲ "ਜ਼ਿੰਦਗੀਨਾਮਾ" ਆਜ਼ਾਨ ਨਾਲ ਸ਼ੁਰੂ ਹੁੰਦਾ ਹੈ। ਇਹ ਪੇਂਡੂ ਜੀਵਨ ਦਾ ਜ਼ਰੂਰੀ ਭਾਗ ਸੀ। ਇਸ ਰਿਵਾਜ਼ ਪ੍ਰਤੀ ਕੋਈ ਦੁਸ਼ਮਣੀ ਨਹੀਂ ਸੀ। ਕਤੱਈ ਨਹੀਂ। ਅਸੀਂ ਇਸ ਕੰਮ ਦੀ ਇੱਜ਼ਤ ਕਰਦੇ ਸੀ। ਚੇਤੇ ਰੱਖੋ ਕਿ ਹਿੰਦੂ ਵਰ ਪ੍ਰਾਪਤ ਕਰਨ ਲਈ, ਮੁਸਲਮਾਨਾਂ ਦੀਆਂ ਪਵਿੱਤਰ ਥਾਵਾਂ ਉੱਤੇ ਜਾਂਦੇ ਸਨ। ਗਰਭਵਤੀ ਔਰਤਾਂ ਪੀਰਾਂ ਦੇ ਮਜ਼ਾਰ ਉੱਤੇ ਜਾਂਦੀਆਂ ਸਨ।

ਭੱਲਾ :- ਕੀ ਮੁਸਲਮਾਨ ਵੀ ਹਿੰਦੂ ਪਵਿੱਤਰ ਸਥਾਨਾਂ ਉੱਤੇ ਜਾਂਦੇ ਸਨ?

ਸੋਬਤੀ :- ਹਾਂ, ਮੈਂ ਮੁਸਲਮਾਨਾਂ ਨੂੰ ਗੁਰਦੁਆਰਿਆਂ ਵਿਚ ਤੱਕਿਆ ਹੈ। ਉਹ ਦੂਸਰਿਆਂ ਦੇ ਨਾਲ-ਨਾਲ ਤੁਰਕੀ ਟੋਪੀਆਂ ਪਾਈ ਬੈਠੇ ਹੁੰਦੇ ਸਨ। ਕੋਈ ਵੀ ਉਹਨਾਂ ਉੱਤੇ ਉਥੇ ਜਾਣ ਲਈ ਦਬਾਅ ਨਹੀਂ ਸੀ ਪਾਉਂਦਾ ਹੁੰਦਾ। ਇਹ ਕੋਈ ਅਸਾਧਾਰਨ ਦ੍ਰਿਸ਼ ਨਹੀਂ ਸੀ। ਪਰ ਇਸ ਨਾਲ ਬੱਚਿਆਂ ਵਿਚ ਦਿਲਚਸਪੀ ਤੇ ਉਤਸੁਕਤਾ ਪੈਦਾ ਹੁੰਦੀ ਸੀ। ਇਹ ਉਹਨਾਂ ਦਾ ਵੱਖਰਾਪਨ ਸੀ ਜੋ ਸਾਨੂੰ ਖਿੱਚ ਪਾਉਂਦਾ ਸੀ। ਅੱਜ ਵੀ ਮੈਂ ਅਨੁਭਵ ਕਰਦੀ ਹਾਂ ਕਿ ਬੀਤੇ ਦਿਨਾਂ ਵਿਚ ਦੋਹਾਂ ਬਰਾਦਰੀਆਂ ਦੀ ਜੀਵਨ-ਬਣਤਰ ਏਨੀ ਤਕੜੀ ਸੀ ਕਿ ਬਾਵਜੂਦ ਵੰਡ ਦੀ ਰਾਜਨੀਤੀ ਦੇ ਮੇਰੇ ਲਈ ਇਹ ਵਿਸ਼ਾ ਦਿਲਚਸਪੀ ਵਾਲਾ ਹੈ।

ਮੁਸਲਮਾਨ ਮੈਨੂੰ ਖਿੱਚ ਪਾਉਂਦੇ ਸਨ। ਜਦ ਮੈਂ ਵੱਡੀ ਹੋ ਰਹੀ ਸੀ ਤਾਂ ਮੈਨੂੰ ਸਦਾ ਹੀ ਦੱਸਿਆ ਜਾਂਦਾ ਸੀ ਕਿ ਜੇ ਮੈਂ ਚੰਗਾ ਵਿਹਾਰ ਸਿੱਖਣਾ ਹੈ ਤਾਂ ਮੈਨੂੰ ਮੁਸਲਮਾਨਾਂ ਦੇ ਤੌਰ-ਤਰੀਕੇ ਤੱਕਣੇ ਚਾਹੀਦੇ ਹਨ। ਉਹ ਨਫ਼ਾਸਤ ਵਾਲੇ ਲੋਕ ਸਨ। ਹਿੰਦੂ ਬੁੱਧੀਮਾਨ ਤੇ ਮਿਹਨਤੀ ਸਨ, ਪਰ ਮੁਸਲਮਾਨ ਉਤਸ਼ਾਹ ਵਾਲੇ ਤੇ ਦਿਲਫਰੇਬ ਸਨ। ਉਹ ਸਾਡੇ ਵਾਂਗ ਵਾਲ ਦੀ ਖੱਲ ਲਾਹੁਣ ਵਾਲੇ ਨਹੀਂ ਸਨ। ਉਹਨਾਂ ਵਿਚਲੀ ਸੰਜੀਦਗੀ ਦੀ ਭਾਵਨਾ ਸੀ, ਜੋ ਮੈਨੂੰ ਖਿੱਚ ਪਾਉਂਦੀ ਸੀ।

ਇਹਨੀਂ ਦਿਨੀਂ ਜਦੋਂ ਅਸੀਂ ਫੂਕ ਛਕਣੀ ਹੁੰਦੀ ਹੈ ਤਾਂ ਆਪਣੇ ਆਪ ਨੂੰ ਆਖਦੇ ਹਾਂ ਕਿ ਪਾਕਿਸਤਾਨ ਲੋਕ-ਰਾਜ ਸਥਾਪਤ ਕਰਨ ਵਿਚ ਅਸਫਲ ਰਿਹਾ ਹੈ ਕਿ ਉਹਨਾਂ ਦੇ ਟਾਕਰੇ ਉੱਤੇ ਅਸੀਂ ਏਨੇ ਬੁਰੇ ਨਹੀਂ ਰਹੇ। ਮੈਂ ਅਜਿਹੀ ਕਿਸਮ ਦੀ ਗੱਲ ਤੋਂ ਬਹੁਤ ਬੇਆਰਾਮੀ ਅਨੁਭਵ ਕਰਦੀ ਹਾਂ। ਮੈਨੂੰ ਆਗਿਆ ਦਿਉ ਕਿ ਮੈਂ ਤੁਹਾਡੇ ਨਾਲ ਕੋਈ ਗੱਲ ਸਾਂਝੀ ਕਰਾਂ।

ਭਾਰਤ-ਪਾਕ ਜੰਗ ਸਮੇਂ, ਮੈਨੂੰ ਇਕ ਪਾਕਿਸਤਾਨੀ ਥਾਣੇ ਵਿਚ ਲਿਜਾਇਆ ਗਿਆ. ਜਿਸਨੂੰ ਭਾਰਤੀ ਸਿਪਾਹੀਆਂ ਨੇ ਪਹਿਲਾਂ ਹੀ ਕਬਜ਼ੇ ਹੇਠ ਲਿਆ ਹੋਇਆ ਸੀ[illegible]ਾਰੇ

ਪਾਸੇ ਕਾਗਜ਼ ਖਿੱਲਰੇ ਹੋਏ ਸਨ ਤੇ ਭਾਰਤੀ ਫੌਜੀ ਉਹਨਾਂ ਨੂੰ ਸਾਫ਼ ਕਰ ਰਹੇ ਸਨ। ਮੈਂ ਬੜੀ ਹੀ ਪ੍ਰੇਸ਼ਾਨ ਹੋਈ, ਜਦੋਂ ਮੈਂ ਦੋ ਫੌਜੀ ਟੋਪੀਆਂ ਦੇਖੀਆਂ ਜੋ ਕਿ ਬਲੋਚ ਰੈਜਮੈਂਟ ਦੇ ਸਿਪਾਹੀਆਂ ਦੀਆਂ ਸਨ ਤੇ ਫਰਸ਼ ਉੱਤੇ ਪਈਆਂ ਸਨ। ਮੈਂ ਉਹ ਚੁੱਕ ਲਈਆਂ ਕਿਉਂਕਿ ਮੈਂ ਉਹਨਾਂ ਦੇ ਫਰਸ਼ ਉੱਤੇ ਡਿੱਗੀਆਂ ਰਹਿਣ ਦੇ ਖ਼ਿਆਲ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦੀ। ਸੁਭਾਅ ਵਜੋਂ ਮੈਂ ਫੌਜੀ ਲੋਕਾਂ ਨੂੰ ਪਸੰਦ ਕਰਦੀ ਹਾਂ। ਮੈਨੂੰ ਵੱਖ-ਵੱਖ ਰਜਮੈਂਟਾਂ ਬਾਰੇ ਸੋਚਣਾ ਚੰਗਾ ਲੱਗਦਾ ਹੈ। ਫੌਜੀ ਟੋਪੀਆਂ ਦਾ ਫਰਸ਼ ਉੱਤੇ ਡਿੱਗੇ ਹੋਣ ਦਾ ਖ਼ਿਆਲ ਹੀ ਬੜਾ ਪ੍ਰੇਸ਼ਾਨ ਕਰਨ ਵਾਲਾ ਤੇ ਨਿਆਸਰਾ ਜਿਹਾ ਲੱਗਦਾ ਹੈ। ਮੈਨੂੰ ਪਤਾ ਸੀ ਕਿ ਇਹ ਟੋਪੀਆਂ ਪਾਕਿਸਤਾਨੀ ਸਿਪਾਹੀਆਂ ਦੀਆਂ ਹਨ? ਫਿਰ ਵੀ ਮੈਂ ਅਨੁਭਵ ਕੀਤਾ ਕਿ ਉਹ ਮੇਰੇ ਹੀ ਲੋਕ ਹਨ, ਉਹ ਸਾਡੇ ਹੀ ਧਿਰ ਦੇ ਹਨ।

ਇਹ ਖ਼ਿਆਲ ਕਿ ਸਰਹੱਦ ਤੋਂ ਪਾਰ ਦੇ ਲੋਕ ਵੀ ਸਾਡਾ ਹੀ ਭਾਗ ਹਨ। ਇਹ ਸਾਡੀਆਂ ਯਾਦਾਂ ਵਿਚੋਂ ਖੁਰਚਿਆ ਨਹੀ ਜਾ ਸਕਦਾ। ਮੈਨੂੰ ਚੇਤੇ ਹੈ ਕਿ ਮੈਂ ਕੁਝ ਪਾਕਿਸਤਾਨੀ ਸਿਪਾਹੀਆਂ ਦੀ ਮੂਰਤ ਦੇਖੀ ਸੀ, ਜੋ ਜੰਗ ਸਮੇਂ ਪਕੜੇ ਗਏ ਸਨ। ਫੋਟੋ ਅਖ਼ਬਾਰ ਦੇ ਪਹਿਲੇ ਸਫ਼ੇ ਉੱਤੇ ਛਪੀ ਸੀ। ਉਹ ਬੰਦੇ ਛੇ ਫੁੱਟ ਲੰਮੇ ਸਨ। ਮੈਂ ਅਨੁਭਵ ਕੀਤਾ ਉਹ ਲੋਕ ਸਨ ਜਿਨ੍ਹਾਂ ਤੋਂ ਮੈਂ ਵਾਕਫ਼ ਸੀ। ਉਹਨਾਂ ਤੋਂ ਮੈਨੂੰ ਉਹਨਾਂ ਬੰਦਿਆਂ ਦੀ ਯਾਦ ਆਈ, ਜਿਹਨਾਂ ਨੂੰ.ਮੈਂ 'ਮਾਮੂ' ਕਹਿੰਦੀ ਹੁੰਦੀ ਸੀ। ਮੇਰੇ ਦਿਲ ਵਿਚ ਇਹ ਗੱਲ ਨਹੀਂ ਖਟਕੀ ਕਿ ਉਹ ਵੱਖਰੇ ਧਰਮ ਦੇ ਲੋਕ ਸਨ।

ਭੱਲਾ :- ਤੁਸੀਂ ਅਗਸਤ 1947 ਵਿਚ ਕਿੱਥੇ ਸੀ?

ਸੋਬਤੀ :-ਪੰਦਰਾਂ ਅਗਸਤ ਅਸੀਂ ਲਾਲ ਕਿਲ੍ਹੇ ਜਾਣ ਦੀ ਜ਼ਿੱਦ ਕੀਤੀ। ਜਦੋਂ ਅਸੀਂ ਦਰਿਆ ਗੰਜ ਪਹੁੰਚੇ ਤਾਂ ਅਸੀਂ ਚਾਰੇ ਪਾਸੇ ਮਨੁੱਖਤਾ ਦਾ ਇੱਕ ਸਮੁੰਦਰ ਵੇਖਿਆ। ਉਸ ਦਿਨ ਜਾਮਾ-ਮਸਜਿਦ ਕੁਝ ਉਜਾੜ ਜਿਹੀ ਵਿਖਾਈ ਦਿੱਤੀ। ਮੀਨਾਰ ਉੱਤੇ ਕੁਝ ਰੌਸ਼ਨੀਆਂ ਸਨ। ਪਰ ਇਹ ਏਨੀਆਂ ਰੌਸ਼ਨ ਨਹੀਂ ਸੀ, ਜਿੰਨਾ ਲਾਲ ਕਿਲ੍ਹਾ ਜਾਂ ਗੁਰਦੁਆਰਾ ਸ਼ੀਸ਼ ਗੰਜ। ਜਦੋਂ ਅਸੀਂ ਟਰੇਨ ਦੀ ਪੱਟੜੀ ਲਾਗੇ ਖੜੋਤੇ ਸੀ ਤਾਂ ਅਸੀਂ ਇਕ ਸਿੱਖ ਲੜਕਾ ਵੇਖਿਆ, ਜਿਸਦੀ ਸੱਜੀ ਬਾਂਹ ਨਹੀਂ ਸੀ। ਉਹ 10 ਜਾਂ 14 ਸਾਲ ਦਾ ਸੀ। ਉਹ ਸ਼ਰਨਾਰਥੀਆਂ ਦੇ ਟੋਲੇ ਨੂੰ ਇੱਕ ਗੀਤ ਸੁਣਾ ਰਿਹਾ ਸੀ, ਜੋ ਉਸਦੇ ਦੁਆਲੇ ਖਲੋਤੇ ਸਨ। ਮੈਨੂੰ ਉਹ ਗੀਤ ਅਜੇ ਵੀ ਚੇਤੇ ਹੈ -

ਜੈ ਜੈ ਜਵਾਹਰ ਲਾਲ
ਤੂੰਨੇ ਕਰ ਦੀਆ ਕਮਾਲ
ਦੇਸ਼ ਪਾੜ ਕੇ ਦੇ ਦੀਆ
ਹਮੇਂ ਯਿਹ ਰੁਮਾਲ।

ਜਦੋਂ ਲੋਕਾਂ ਨੇ ਇਹ ਗੀਤ ਸੁਣਿਆ ਤਾਂ ਉਹਨਾਂ ਦੀਆਂ ਅੱਖਾਂ ਵਿਚ ਹੰਝੂ ਸਨ। ਇਹ



ਸਾਫ਼ ਸੀ ਕਿ ਇਹ ਗੀਤ ਉਸੇ ਦਾ ਹੀ ਜੋੜਿਆ ਹੋਇਆ ਸੀ। ਹਰ ਇੱਕ ਨੇ ਉਸਨੂੰ ਕੁਝ ਪੈਸੇ ਦਿੱਤੇ - ਆਨਾ, ਪੈਸਾ।

ਮੈਂ ਵੀ ਤੁਹਾਡੇ ਨਾਲ ਵੰਡ ਸਮੇਂ ਸਰਹੱਦ ਦੇ ਦੋਹੀਂ ਪਾਸੀਂ ਹੋਏ ਆਪਣੇ ਪਰਿਵਾਰ ਦੇ ਤਜਰਬੇ ਦੱਸਣਾ ਚਾਹੁੰਦੀ ਹਾਂ। ਮੇਰੇ ਪਰਿਵਾਰ ਦੇ ਕੁਝ ਮੈਂਬਰ ਇਧਰ ਸਨ ਤੇ ਕੁਝ ਅਜੇ ਵੀ ਪਾਕਿਸਤਾਨ ਵਿਚ ਸਨ। ਦੋਵੇਂ ਪਾਸੇ ਖਿਚਾਅ ਬਰਦਾਸ਼ਤ ਤੋਂ ਪਰ੍ਹੇ ਸੀ। ਅਸੀਂ ਸਭ ਕੁਝ ਪਿੱਛੇ ਛੱਡ ਆਏ ਸੀ। ਸਭ ਕੁਝ ਗੰਵਾ ਲਿਆ। ਇਸ ਤੋਂ ਬਿਨਾਂ, ਭਾਰਤ ਵਿਚਲੇ ਸਾਡੇ ਮੁਸਲਮਾਨ ਮਿੱਤਰ, ਜਿਹਨਾਂ ਨੂੰ ਅਸੀਂ ਚਾਹੁੰਦੇ ਹੁੰਦੇ ਸੀ, ਪਿਆਰ ਕਰਦੇ ਹੁੰਦੇ ਸੀ, ਤੇ ਜਿਹਨਾਂ ਇਹ ਦੇਸ਼ ਤਿਆਗਣ ਦਾ ਫੈਸਲਾ ਕਰ ਲਿਆ ਸੀ। ਸਾਡੇ ਸਾਰਿਆਂ ਉੱਤੇ ਅਸਹਿ ਜਜ਼ਬਾਤੀ ਬੋਝ ਸੀ। ਉਹਨਾਂ ਦਿਨਾਂ ਦੀਆਂ ਘਟਨਾਵਾਂ ਦਾ ਸਾਡੇ ਸਭ ਉੱਤੇ ਭਿਆਨਕ ਅਸਰ ਸੀ।

ਜਦੋਂ ਦਿੱਲੀ ਵਿਚ ਕਤਲ ਸ਼ੁਰੂ ਹੋਏ ਤਾਂ ਅਸੀਂ ਪੁਰਾਣੀ ਤੇ ਨਵੀਂ ਦਿੱਲੀ ਵਿਚ ਰਹਿ ਰਹੇ ਆਪਣੇ ਮੁਸਲਮਾਨ ਮਿੱਤਰਾਂ ਦੇ ਪਰਿਵਾਰਾਂ ਪ੍ਰਤੀ ਬੜੇ ਚਿੰਤਤ ਸੀ। ਜਦੋਂ ਅਸਾਂ ਸੁਣਿਆ ਕਿ ਫਸਾਦੀਆਂ ਨੇ ਕਰੋਲ ਬਾਗ ਵਿਚ ਇੱਕ ਪ੍ਰਸਿੱਧ ਡਾਕਟਰ ਦੇ ਪਰਿਵਾਰ ਨੂੰ ਮਾਰ ਦਿੱਤਾ ਹੈ ਤਾਂ ਅਸੀਂ ਆਪਣੇ ਮਿੱਤਰਾਂ ਬਾਰੇ ਸੱਚੀ ਬੜੇ ਫ਼ਿਕਰਮੰਦ ਹੋ ਗਏ। ਸਾਡਾ ਘਰ ਬਾਰਾ ਖੰਭਾ ਨੇੜੇ ਗਲੀਆਂ ਵਿਚੋਂ ਇੱਕ ਵਿਚ ਸੀ। ਮੈਂ ਆਪਣੀਆਂ ਸਹੇਲੀਆਂ ਦਾ ਪਤਾ ਲੈਣ ਦਾ ਫੈਸਲਾ ਕੀਤਾ।

ਜਦ ਮੈਂ ਉਹਨਾਂ ਦੇ ਘਰ ਪਹੁੰਚੀ ਤਾਂ ਵੇਖਕੇ ਸਦਮਾ ਹੋਇਆ ਕਿ ਬੂਹੇ ਨੂੰ ਜੰਦਰਾ ਲੱਗਾ ਹੋਇਆ ਸੀ। ਜਿੰਦਰੇ ਲੱਗੇ ਘਰ ਸਦਾ ਹੀ ਅਜੀਬ ਜਜ਼ਬਾਤ ਪੈਦਾ ਕਰਦੇ ਹਨ, ਪਰ ਉਹਨਾਂ ਦਿਨਾਂ ਵਿਚ ਮੁਸਲਿਮ ਪਰਿਵਾਰ ਦੇ ਬੂਹੇ ਨੂੰ ਲੱਗਾ ਜਿੰਦਰਾ ਬਦਸ਼ਗਨੀ ਦਾ ਚਿੰਨ੍ਹ ਸੀ। ਮੈਨੂੰ ਅਜੇ ਵੀ ਉਹ ਛਿਣ ਚੇਤੇ ਹੈ ਜਦੋਂ ਮੈਂ ਘਰ ਨੂੰ ਵਾਪਿਸ ਪਰਤੀ ਤਾਂ ਰੋ ਰਹੀ ਸੀ। ਦੇਰ ਸ਼ਾਮ ਨੂੰ ਸਾਨੂੰ ਇੱਕ ਸੰਖੇਪ ਜਿਹਾ ਖ਼ਤ ਹੈਦਰ ਅਲੀ ਦੇ ਘਰੋਂ ਆਇਆ ਮਿਲਿਆ, ਜਿਸ ਵਿਚ ਦੱਸਿਆ ਸੀ ਕਿ ਉਹ ਪੁਰਾਣੇ ਕਿਲ੍ਹੇ ਵਿਚ ਪਹੁੰਚ ਗਏ ਹਨ ਤੇ ਠੀਕ ਠਾਕ ਹਨ। ਉਹ ਚਾਹੁੰਦਾ ਸੀ ਕਿ ਪਰਿਵਾਰ ਲਈ ਕੁਝ ਕੱਪੜੇ ਤੇ ਖੁਰਾਕ ਭੇਜੀ ਜਾਵੇ। ਉਸ ਸ਼ਾਮ ਸਾਡੇ ਘਰ ਬਹਿਸ ਹੋਈ ਕਿ ਕੌਣ ਜਾ ਕੇ ਉਹਨਾਂ ਨੂੰ ਰਫਿਊਜੀ ਕੈਂਪ ਵਿਚ ਮਿਲੇ। ਨਵੀਂ ਦਿੱਲੀ ਵਿਚ ਵੀ ਹਾਲਤ ਬੜਾ ਖਰਾਬ ਸੀ ਤੇ ਲੋਕੀਂ ਸ਼ਾਮ ਨੂੰ ਬਾਹਰ ਨਿਕਲਣ ਤੋਂ ਡਰਦੇ ਸੀ। ਫਿਰ ਵੀ ਅਸਾਂ ਖੁਰਾਕ ਤੇ ਕੱਪੜਿਆਂ ਦੀ ਉਹਨਾਂ ਲਈ ਇੱਕ ਗੱਠੜੀ ਬੰਨ੍ਹੀ ਤੇ ਭੇਜਣ ਦਾ ਪ੍ਰਬੰਧ ਕੀਤਾ। ਕੈਂਪ ਵਿਚ ਉਹਨਾਂ ਦੀ ਹਾਲਤ ਤਰਸਯੋਗ ਸੀ।

ਇੱਕ ਹੋਰ ਮੁਸਲਿਮ ਪਰਿਵਾਰ ਸੀ, ਜੋ ਸਾਡੇ ਗਵਾਂਢ ਰਹਿੰਦਾ ਸੀ। ਆਦਮੀ ਟੈਲੀਗ੍ਰਾਫ ਦੇ ਦਫ਼ਤਰ ਕੰਮ ਕਰਦਾ ਸੀ ਤੇ ਇਹਨੀਂ ਦਿਨੀਂ ਹੀ ਉਸਦੀ ਸ਼ਾਦੀ ਹੋਈ ਸੀ। ਉਸਨੇ

ਆਪਣੇ ਪਰਿਵਾਰ ਨਾਲ ਪਾਕਿਸਤਾਨ ਜਾਣ ਦਾ ਫੈਸਲਾ ਕੀਤਾ। ਉਹਨਾਂ ਦੀ ਗ
ਦੋ ਦਿਨ ਬਾਅਦ ਤੁਰਨੀ ਸੀ। ਉਸ ਸ਼ਾਮ ਅਸੀਂ ਸੀਤਾ ਰਾਮ ਬਜ਼ਾਰ ਵਲੋਂ ਨਿਕਲ
ਕਾਫ਼ੀ ਰੌਲਾ ਸੁਣਿਆ। ਸਾਡਾ ਗਵਾਂਢੀ ਘਬਰਾ ਗਿਆ ਤੇ ਉਸਨੇ ਸਾਨੂੰ ਬੇਨ
ਕੀਤੀ ਕਿ ਰਾਤ ਭਰ ਲਈ ਉਨ੍ਹਾਂ ਨੂੰ ਸਾਡੇ ਘਰ ਦੇ ਪਿਛਵਾੜੇ ਵਾਲੇ ਨੌਕਰਾ
ਕਵਾਟਰਾਂ ਵਿਚ ਰਾਤ ਕੱਟਣ ਦੀ ਆਗਿਆ ਦੇ ਦਿੱਤੀ ਜਾਵੇ। ਹਾਲਾਤ ਬੜੇ ਧੋਖੇ
ਸਨ ਕਿਉਂਕਿ ਉਥੇ ਪਾਕਿਸਤਾਨ ਤੋਂ ਆਏ 50-60 ਬੰਦੇ ਟਿਕੇ ਹੋਏ ਸਨ ਜੋ ਸ
ਘਰ ਉਤਰੇ ਹੋਏ ਸਨ। ਸਾਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕੀ ਕੀਤਾ ਜਾਵੇ। ਕਿ
ਨਾ ਕਿਸੇ ਤਰ੍ਹਾਂ ਅਸੀਂ (ਉਹਨਾਂ ਲੋਕਾਂ ਦੇ ਨੋਟਿਸ ਵਿਚ ਆਉਣ ਤੋਂ ਬਿਨਾਂ) ਉਨ੍ਹਾਂ
ਨੌਕਰਾਂ ਦੇ ਕਵਾਟਰਾਂ ਵਿਚ ਪਹੁੰਚਾਉਣ ਦਾ ਪ੍ਰਬੰਧ ਕੀਤਾ, ਜਿਹੜੇ ਸਾਡੇ ਘਰ ਠ
ਹੋਏ ਸਨ। ਅਸੀਂ ਇਹ ਯਕੀਨੀ ਬਣਾਇਆ ਕਿ ਸਵੇਰੇ ਚਾਰ ਵਜੇ ਲੁਕ ਛਿਪ
ਆਪਣੇ ਘਰ ਪਰਤ ਜਾਣ। ਅਸੀਂ ਉਹਨਾਂ ਦੇ ਪਰਤ ਜਾਣ ਤੀਕ ਉਹਨਾਂ ਦੀ ਰ
ਕਰਦੇ ਰਹੇ। ਉਹਨਾਂ ਦੀ ਰੱਖਿਆ ਬਾਰੇ ਰੇਲਵੇ ਗੱਡੀ ਵਿਚ ਵੀ ਬੜਾ ਸੰਦੇਹ
ਕਿਉਂਕਿ ਉਹਨਾਂ ਦਿਨਾਂ ਵਿਚ ਗੱਡੀਆਂ ਰੋਕੀਆਂ ਜਾ ਰਹੀਆਂ ਸਨ ਤੇ ਉਨ੍ਹਾਂ
ਹਮਲੇ ਹੋ ਰਹੇ ਸਨ।

ਉਹ ਭਿਆਨਕ ਸਮੇਂ ਸਨ। ਹਰ ਬਰਾਦਰੀ ਡਰੀ ਹੋਈ ਸੀ। ਲੋਕਾਂ ਵਿਚ ਕੁਝ ਕਰਨ
ਕਹਿਣ ਦਾ ਹੌਸਲਾ ਨਹੀਂ ਸੀ। ਦੋਵੀਂ ਪਾਸੀਂ ਕਾਫੀ ਦੇਰ ਤੀਕ ਤਲਖ਼ੀ ਬਣੀ ਰ
ਖ਼ਾਸ ਕਰਕੇ ਉਹਨਾਂ ਲੋਕਾਂ ਵਿਚ ਜੋ ਰਾਜਨੀਤਿਕ ਤੌਰ ਤੇ ਬੇਦਾਗ ਸਨ ਤੇ ਫਿਰ
ਟੱਕਰਾਂ ਵਿਚ ਫਸੇ ਹੋਏ ਸਨ।

ਮੈਨੂੰ ਉਹਨਾਂ ਦਿਨਾਂ ਦੀ ਇੱਕ ਹੋਰ ਕਹਾਣੀ ਦੱਸਣ ਦੀ ਆਗਿਆ ਦਿਉ। ਮੇਰਾ ਇ
ਦੂਰ ਦਾ ਰਿਸ਼ਤੇਦਾਰ, ਜੋ ਪਾਕਿਸਤਾਨ ਤੋ ਹਿਜਰਤ ਕਰਕੇ ਆਇਆ ਸੀ, ਸਾਡੇ ਕੋ
ਠਹਿਰਿਆ ਹੋਇਆ ਸੀ। ਉਹ ਉੱਚਾ-ਲੰਮਾ ਤੇ ਸੋਹਣਾ ਜਵਾਨ ਸੀ, ਬੀਤੇ ਵੇਲਿ
ਦਾ ਇੱਕ ਨਮੂਨਾ। ਉਹ ਸਲਵਾਰ ਤੇ ਪੱਗੜੀ ਬੰਨ੍ਹਦਾ ਹੁੰਦਾ ਸੀ। ਉਹ ਰੋਅਬ ਵਾ
ਬੰਦਾ ਸੀ ਤੇ ਮਾਤਾ ਵੀ ਉਸਨੂੰ ਕੁਝ ਆਖ ਨਹੀਂ ਸੀ ਸਕਦੀ ਹੁੰਦੀ। ਇੱਕ ਦਿਨ ਉ
ਮੈਨੂੰ ਸੈਰ ਲਈ ਬਾਹਰ ਲੈ ਗਿਆ। ਅਸੀਂ ਫਤਹਿਪੁਰ ਤੀਕ ਨਿਕਲ ਗਏ। ਉਥੇ ਮ
ਅੰਕਲ ਨੂੰ ਖ਼ਿਆਲ ਫੁਰਿਆ ਕਿ ਮੇਰੇ ਖਾਣ ਲਈ ਕੁਝ ਖਰੀਦਿਆ ਜਾਵੇ। ਬੱਚੇ ਹੁੰਦਿ
ਸਾਨੂੰ ਬਾਹਰੋਂ ਕੁਝ ਖਾਣ ਤੋਂ ਵਰਜਿਆ ਜਾਂਦਾ ਸੀ, ਪਰ ਉਸਨੇ ਜ਼ਿੱਦ ਕੀਤੀ। ਅ
ਇੱਕ ਦੁਕਾਨ ਉੱਤੇ ਗਏ ਤੇ ਉਸਨੇ ਕੁਝ ਰਸਗੁੱਲਿਆਂ ਦਾ ਹੁਕਮ ਕੀਤਾ। ਦੁਕ
ਉੱਤੇ ਇੱਕ ਇਸ਼ਤਿਹਾਰ ਸੀ ਕਿ "ਇਥੇ ਹਰ ਚੀਜ਼ ਦੇਸੀ ਘਿਉ ਨਾਲ ਬਣਾਈ ਜਾਂ
ਹੈ। ਜਿਹੜਾ ਕੋਈ ਗਲਤ ਸਾਬਤ ਕਰ ਸਕੇ, ਉਸਨੂੰ 500 ਰੁਪਏ ਇਨਾਮ ਦਿ
ਜਾਵੇਗਾ।



ਜਦੋਂ ਹੀ ਮੇਰੇ ਅੰਕਲ ਨੇ ਇਸ਼ਤਿਹਾਰ ਪੜ੍ਹਿਆ, ਉਸਨੇ ਕੁਝ ਜਲੇਬੀਆਂ ਦਾ ਆਰਡਰ ਦਿੱਤਾ। ਉਸਨੇ ਦੰਦੀ ਵੱਢੀ ਤੇ ਮੈਨੇਜਰ ਨੂੰ ਸੱਦਿਆ। ਉਸਨੇ ਮੈਨੇਜਰ ਉੱਤੇ ਗਾਹਕਾਂ ਨੂੰ ਧੋਖਾ ਦੇਣ ਦਾ ਦੋਸ਼ ਲਾਇਆ ਤੇ ਇਨਾਮ ਦੀ ਮੰਗ ਕੀਤੀ। ਪਹਿਲਾਂ ਉਸਨੇ ਉਸ ਨਾਲ ਦਲੀਲਬਾਜ਼ੀ ਕੀਤੀ। ਉਸਦੀ ਸੁਰ ਗੁਸਤਾਖ਼ ਤੇ ਜ਼ਿੱਦੀ ਸੀ। ਵਿਸ਼ੇਸ਼ ਤੌਰ ਤੇ ਦਿੱਲੀ ਵਾਲਿਆਂ ਵਰਗੀ। ਪਰ ਮੇਰੇ ਅੰਕਲ ਨੇ ਦੱਸਿਆ ਕਿ ਵੰਡ ਤੋਂ ਪਹਿਲਾਂ ਉਹ ਫੌਜ ਨੂੰ ਘਿਉ ਸਪਲਾਈ ਕਰਦਾ ਹੁੰਦਾ ਸੀ। ਉਸਨੇ ਮੈਨੇਜਰ ਨੂੰ ਨਿਕਲਣ ਵਾਲੇ ਸਿੱਟਿਆਂ ਬਾਰੇ ਧਮਕੀ ਦਿੱਤੀ। ਮੈਨੇਜਰ ਡਰ ਗਿਆ ਤੇ ਮੇਰੇ ਅੰਕਲ ਨੂੰ ਪਾਸੇ ਲੈ ਗਿਆ ਤੇ ਕਿਹਾ, "ਲਾਲਾ ਜੀ ਆਓ ਸਮਝੌਤਾ ਕਰ ਲਈਏ।" ਉਸਨੇ ਅੰਕਲ ਨੂੰ ਪੰਜ ਸੌ ਰੁਪਏ ਦਿੱਤੇ ਤੇ ਨਾਲ ਹੀ ਇਸ ਗੱਲ ਤੇ ਸਹਿਮਤੀ ਕੀਤੀ ਕਿ ਉਸਦੀ ਦੁਕਾਨ ਦੇ ਸਾਹਮਣੇ ਆਪਣਾ 'ਕਦਾਈ' ਬਣਾ ਲਵੇ ਤੇ ਜਲੇਬੀਆਂ ਕੱਢਿਆ ਕਰੇ। ਪਾਕਿਸਤਾਨ ਵਿਚ ਮੇਰਾ ਇਹ ਅੰਕਲ ਕਾਫ਼ੀ ਅਮੀਰ ਹੁੰਦਾ ਸੀ। ਉਸਨੇ ਜਲੇਬੀਆਂ ਵਾਹਵਾ ਵੇਚੀਆਂ ਤੇ ਫਿਰ ਅਮੀਰ ਹੋ ਗਿਆ। ਅਖ਼ੀਰ ਉਸਨੇ ਬੰਬਈ ਵਿਚ ਲੱਖਾਂ ਦੀ ਜਾਇਦਾਦ ਬਣਾਈ।

ਲਾ :- ਕੀ ਤੁਸੀਂ ਕਦੇ ਗਾਂਧੀ ਜੀ ਨੂੰ ਵੇਖਿਆ ਸੀ?

ਬਤੀ :- ਹਾਂ ਦੋ ਵਾਰੀ। ਪਹਿਲੀ ਵਾਰੀ ਇਥੇ ਸ਼ਿਮਲੇ ਵਿਚ ਤੇ ਦੂਸਰੀ ਵਾਰੀ ਬਿਰਲਾ ਹਾਊਸ ਦਿੱਲੀ ਵਿਚ। ਜਦੋਂ ਉਹ ਸ਼ਿਮਲੇ ਆਏ ਤਾਂ ਮੈਂ ਬੱਚੀ ਸੀ। ਹਰ ਬੱਚੇ ਵਾਂਗ ਮੈਂ ਉਸ ਦੀਆਂ ਤਸਵੀਰਾਂ ਦੇਖੀਆਂ ਸਨ ਤੇ ਮੈਂ ਉਸ ਦੇ ਚਿਹਰੇ ਤੋਂ ਵਾਕਫ਼ ਸੀ। ਉਹਨੀਂ ਦਿਨੀਂ ਮੇਰਾ ਪਿਤਾ ਸ਼ਿਮਲੇ 'ਚ ਸਕੱਤਰੇਤ ਵਿਚ ਕੰਮ ਕਰ ਰਿਹਾ ਸੀ। ਜਦੋਂ ਇਹ ਖ਼ਬਰਾਂ ਆਈਆਂ ਕਿ ਗਾਂਧੀ ਸ਼ਿਮਲੇ ਆ ਰਿਹਾ ਹੈ, ਜਿਹੜੇ ਵੀ ਸਕੱਤਰੇਤ ਵਿਚ ਕੰਮ ਕਰ ਰਹੇ ਸਨ, ਉਹਨਾਂ ਨੇ ਮੀਟਿੰਗ ਵਿਚ ਜਾਣ ਦਾ ਫੈਸਲਾ ਕੀਤਾ। ਬਰਤਾਨਵੀ ਸਰਕਾਰ ਦੀ ਉਸ ਦੇ ਦੌਰੇ ਵਿਚ ਕੋਈ ਰੁੱਚੀ ਨਹੀਂ ਸੀ। ਸਰਕਾਰੀ ਮੁਲਾਜਮਾਂ ਨੂੰ ਗਾਂਧੀ ਦੀ ਮੀਟਿੰਗ ਵਿਚ ਜਾਣ ਤੋਂ ਰੋਕਣ ਲਈ ਇੱਕ ਹੁਕਮ ਕੱਢਿਆ ਗਿਆ। ਤੁਸੀਂ ਸਾਡੇ ਸਰਕਾਰੀ ਮੁਲਾਜ਼ਮਾਂ ਦੇ ਤਰੀਕੇ ਤਾਂ ਜਾਣਦੇ ਹੀ ਹੋ। ਉਹਨਾਂ ਨੇ ਸ਼ਾਮ ਪੰਜ ਵਜੇ ਤੀਕ ਹੁਕਮ ਜਾਰੀ ਕਰਨ ਵਿਚ ਦੇਰ ਕਰ ਦਿੱਤੀ ਤੇ ਇੰਝ ਯਕੀਨੀ ਬਣਾ ਦਿੱਤਾ ਕਿ ਉਨ੍ਹਾਂ ਨੇ ਦਫ਼ਤਰ ਬੰਦ ਹੋਣ ਤੀਕ ਹੁਕਮ ਵੇਖਿਆ ਹੀ ਨਹੀਂ। ਉਹਨਾਂ ਨੇ ਅੰਗਰੇਜ਼ੀ ਸਰਕਾਰ ਨੂੰ ਇਹ ਦੱਸਣ ਦਾ ਫੈਸਲਾ ਵੀ ਕੀਤਾ ਕਿ ਉਹ ਗਾਂਧੀ ਨੂੰ ਵੇਖਣ ਨਹੀਂ ਗਏ, ਸਗੋਂ ਪ੍ਰਾਰਥਨਾ ਸਭਾ ਵਿਚ ਗਏ ਸਨ।

ਗਾਂਧੀ ਮੋਹਨ ਲਾਲ ਸੂਦ ਦੇ ਘਰ ਠਹਿਰੇ ਹੋਏ ਸਨ, ਜੋ ਕਿ ਇੱਕ ਵਕੀਲ ਸੀ ਤੇ ਛੋਟਾ ਸ਼ਿਮਲਾ ਦੇ ਰਾਹ ਉੱਤੇ ਰਹਿੰਦਾ ਸੀ। ਮੈਂ ਆਪਣੇ ਪਿਤਾ ਨਾਲ ਸੂਦ ਸਾਹਿਬ ਦੇ ਘਰ ਪ੍ਰਾਰਥਨਾ ਮੀਟਿੰਗ ਵਿਚ ਗਈ ਸੀ ਤੇ ਗਾਂਧੀ ਨੂੰ ਵੇਖਿਆ ਸੀ।

ਸ਼ਾਇਦ ਤੁਸੀਂ ਨਾ ਜਾਣਦੇ ਹੋਵੋ ਕਿ ਗਾਂਧੀ ਨੂੰ ਕਤਲ ਕੀਤਾ ਗਿਆ ਤਾਂ ਪ ਅਫਵਾਹ ਇਹ ਸੀ ਕਿ ਉਸਨੂੰ ਕਿਸੇ ਸ਼ਰਨਾਰਥੀ ਨੇ ਗੋਲੀ ਮਾਰੀ ਹੈ। ਪਿਛੋਂ ਘੁਸਰ-ਮੁਸਰ ਚੱਲੀ ਕਿ ਮਾਰਨ ਵਾਲਾ ਮੁਸਲਮਾਨ ਸੀ। ਉਸਦੀ ਮੌਤ ਤੋਂ ਕਈ ਬਾਅਦ ਕਾਤਲ ਦੇ ਨਾਂ ਦਾ ਐਲਾਨ ਕੀਤਾ ਗਿਆ। ਇਹ ਸਾਡੀ ਸਾਂਝੀ ਵਿਰਾਸ ਚਿੰਨ੍ਹ ਹੈ ਕਿ ਤੁਰ ਗਏ ਵਿਅਕਤੀ ਨੂੰ ਸ਼ਰਧਾਂਜਲੀ ਪੇਸ਼ ਕੀਤੀ ਜਾਵੇ। ਪਾਕਿਸਤਾ ਰੇਡੀਓ ਦਾ ਜੋ ਪ੍ਰੋਗਰਾਮ ਐਲਾਨਿਆ ਗਿਆ, ਉਸ ਦੀਆਂ ਖ਼ਬਰਾਂ ਨੇ ਲੋਕਾਂ ਨੂੰ ਦਿੱਤਾ ਤੇ ਇਸ ਨਾਲ ਵਕਤੀ ਤੌਰ ਤੇ ਕੁੜੱਤਣ ਧੋਤੀ ਗਈ। ਮੈਨੂੰ ਚੇਤੇ ਹੈ ਪਾਕਿਸਤਾਨ ਦੇ ਖ਼ਬਰਾਂ ਪੜ੍ਹਨ ਵਾਲੇ ਰੋ ਰਹੇ ਸਨ। ਉਨ੍ਹਾਂ ਦੀਆਂ ਆਵਾਜ਼ਾਂ ਪੀੜ ਸੀ। ਉਹ ਰਿਕਾਰਡਿੰਗ ਪ੍ਰਾਪਤ ਕਰਨੀ ਚਾਹੀਦੀ ਸੀ। ਪਾਕਿਸਤਾਨ ਨੂੰ ਸਦਮਾ ਹੋਇਆ, ਮੈਂ ਸੋਚਦੀ ਹਾਂ ਕਿ ਉਸਦੀ ਮੌਤ ਨੇ ਲੋਕਾਂ ਨੂੰ ਇੱਕ ਦੂਸਰੇ ਦੇ ਲਿਆਂਦਾ ਸੀ। ਪਾਕਿਸਤਾਨ ਵਿਚ ਵੀ ਲੋਕ ਗਾਂਧੀ ਜੀ ਨੂੰ ਇੱਕ ਮਹਾਨ ਸਮਝਦੇ ਸੀ।

ਭੱਲਾ :- ਇੱਕ ਮਹਾਤਮਾ ਵਾਂਗੂੰ?

ਸੋਬਤੀ :- ਇੱਕ ਮਹਾਨ ਮਨੁੱਖ!! ਮੈਨੂੰ ਇੱਕ ਹੋਰ ਨਿੱਕੀ ਘਟਨਾ ਚੇਤੇ ਹੈ। ਜਦੋਂ ਗਵਾਂਢੀ ਪਾਕਿਸਤਾਨ ਨੂੰ ਰਵਾਨਾ ਹੋ ਰਹੇ ਸਨ ਤਾਂ ਅਸੀਂ ਉਹਨਾਂ ਨੂੰ ਵਿਦਾ ਲਈ ਗਏ। ਦਾਦੀ ਮਾਂ ਰੋ ਪਈ ਤੇ ਆਖਣ ਲੱਗੀ, "ਅਸੀਂ ਚਰਖਾ ਕੱਤਦੇ ਹੁੰਦੇ ਖੱਦਰ ਪਾਉਂਦੇ ਹੁੰਦੇ ਸੀ, ਕਿਉਂਕਿ ਗਾਂਧੀ ਸਾਨੂੰ ਕਹਿੰਦੇ ਹੁੰਦੇ ਸਨ। ਕੌਣ ਕਲ ਕਰ ਸਕਦਾ ਸੀ ਕਿ ਇੱਕ ਦਿਨ ਸਾਨੂੰ ਆਪਣੇ ਘਰ ਛੱਡਣੇ ਪੈਣਗੇ" ਬਦਕਿ ਨਾਲ ਉਹ ਤੁਰ ਗਏ ਤੇ ਕਈ ਹੋਰ ਵੀ। ਸਾਨੂੰ ਆਪਣੇ ਮਿੱਤਰਾਂ ਦੀ ਸੁਰੱਖਿਅ ਚਿੰਤਾ ਸੀ। ਸਾਨੂੰ ਇਹ ਫ਼ਿਕਰ ਸੀ ਕਿ ਕਿਤੇ ਹਿੰਸਕ ਭੀੜਾਂ ਵਲੋਂ ਉਹਨਾਂ ਦੀ ਉੱਤੇ ਹਮਲਾ ਨਾ ਹੋ ਜਾਵੇ।

ਭੱਲਾ :- ਵੰਡ ਤੋਂ ਪਿੱਛੋਂ, ਬਹੁਤ ਸਾਰੇ ਹਿੰਦੂ ਸਨ ਜੋ ਪਿੱਛੇ ਪਾਕਿਸਤਾਨ ਵਿਚ ਰਹਿ ਸਨ। ਜਿਊਂਦੇ ਰਹਿਣ ਲਈ ਉਹਨਾਂ ਇਸਲਾਮ ਧਾਰਨ ਕਰ ਲਿਆ ਸੀ। ਭਾ ਮੁਸਲਮਾਨਾਂ ਇੰਝ ਨਹੀਂ ਕੀਤਾ ਕਿ ਉਹਨਾਂ ਨੂੰ ਹਿੰਦੂ ਧਰਮ ਵਿਚ ਆਉਣਾ ਪੈਂਦਾ ਤੁਸੀਂ ਉਹਨਾਂ ਲੋਕਾਂ ਨੂੰ ਜਾਣਦੇ ਹੋ, ਜਿਹਨਾਂ ਦੇ ਰਿਸ਼ਤੇਦਾਰ ਪਿੱਛੇ ਪਾਕਿਸਤਾਨ ਰਹਿ ਗਏ? ਕੀ ਉਹ ਕਦੇ ਫਿਰ ਦੁਬਾਰਾ ਇਕ ਦੂਜੇ ਨੂੰ ਮਿਲਦੇ ਰਹੇ? ਜਦੋਂ ਮਿਲ ਉਹਨਾਂ ਦੇ ਜਜ਼ਬਾਤ ਕੀ ਹੁੰਦੇ ਸਨ?

ਸੋਬਤੀ :- ਹਾਂ, ਮੈਂ ਬਹੁਤ ਸਾਰੇ ਲੋਕਾਂ ਨੂੰ ਜਾਣਦੀ ਹਾਂ, ਜਿਨ੍ਹਾਂ ਦੇ ਰਿਸ਼ਤੇਦਾਰ ਪਿੱਛੇ ਪਾਕਿ ਵਿਚ ਰਹਿ ਗਏ। ਇੱਕ ਔਰਤ ਸੀ, ਜਿਸਦਾ ਪਰਿਵਾਰ ਡੇਰਾ ਗਾਜ਼ੀਖਾਨ ਵਿਚ ਰ ਹੁੰਦਾ ਸੀ। ਉਸਦੇ ਮਾਤਾ-ਪਿਤਾ ਅਤੇ ਭਰਾ ਪਿੱਛੇ ਰਹਿ ਗਏ ਸਨ। ਬਹੁਤ



ਬਾਅਦ ਜਦੋਂ ਉਸਨੂੰ ਲੋਕਾਂ ਕੋਲੋਂ ਪਤਾ ਲੱਗਾ ਕਿ ਉਸਦੀ ਮਾਂ ਅਜੇ ਵੀ ਜ਼ਿੰਦਾ ਹੈ ਤਾਂ ਉਸਨੇ ਉਸ ਨਾਲ ਸੰਪਰਕ ਜੋੜਿਆ ਤੇ ਉਸਨੂੰ ਮਿਲਣ ਗਈ। ਉਸਦੀ ਮਾਂ ਨੇ ਆਪਣਾ ਨਾਂ ਬਦਲ ਲਿਆ ਸੀ ਤੇ ਹੁਣ ਉਸਨੂੰ ਜੇ ਮੈਂ ਗਲਤ ਨਹੀਂ, ਤਾਂ ਫਾਤਿਮਾ ਆਖਿਆ ਜਾਂਦਾ ਸੀ। ਫਾਤਿਮਾ ਦੇ ਗਵਾਂਢੀਆਂ ਨੇ ਉਸਨੂੰ ਧੀ ਵਜੋਂ ਜੀ ਆਇਆਂ ਆਖਿਆ। ਉਹਨਾਂ ਉਸਨੂੰ ਕੱਪੜਿਆਂ ਦੇ ਤੋਹਫ਼ੇ ਦਿੱਤੇ ਤੇ ਰੁਪਈਏ ਵੀ। ਉਹ ਆਪਣੀ ਮਾਂ ਦੇ ਘਰ ਕੁਝ ਦੇਰ ਠਹਿਰੀ। ਜਦੋਂ ਉਸਦਾ ਭਾਰਤ ਮੁੜਨ ਦਾ ਵਕਤ ਆਇਆ ਤਾਂ ਉਸਦੀ ਮਾਂ ਨੇ ਉਸਨੂੰ ਆਪਣੇ ਪਿਤਾ ਦੀ ਕਬਰ ਵੇਖਣ ਲਈ ਕਿਹਾ। ਉਹ ਵੀ ਮੁਸਲਮਾਨ ਬਣ ਗਿਆ ਸੀ। ਉਸ ਨੇ ਇਸ ਤਰ੍ਹਾਂ ਕਰਨ ਤੋਂ ਇਨਕਾਰ ਕਰ ਦਿੱਤਾ। ਉਸਨੇ ਆਪਣੀ ਮਾਂ ਨੂੰ ਦੱਸਿਆ ਕਿ ਜਿਥੋਂ ਤੀਕ ਉਸਦਾ ਸਬੰਧ ਹੈ ਉਸਦਾ ਪਿਤਾ ਫਸਾਦਾਂ ਵਿਚ ਮਾਰਿਆ ਗਿਆ ਸੀ। ਉਹ ਆਪਣੇ ਆਪ ਨੂੰ ਕਬਰ ਤੀਕ ਜਾਣ ਤੇ ਸ਼ਰਧਾ ਭੇਂਟ ਕਰਨ ਲਈ ਤਿਆਰ ਨਾ ਕਰ ਸਕੀ। ਜਦੋਂ ਮੈਂ ਉਸਨੂੰ ਇਸ ਬਾਰੇ ਪੁੱਛਿਆ ਤਾਂ ਉਸਨੇ ਕਿਹਾ ਕਿ ਉਹ ਇਸ ਤੱਥ ਨੂੰ ਮੰਨ ਨਾ ਸਕੀ ਕਿ ਉਸਨੂੰ ਇਸਲਾਮੀ ਰੀਤਾਂ ਅਨੁਸਾਰ ਦਫਨਾਇਆ ਗਿਆ ਹੋਵੇ। ਮੈਂ ਇਸਦਾ ਕਾਰਨ ਜਾਨਣ ਦਾ ਯਤਨ ਕੀਤਾ, ਮੈਂ ਆਪਣੀ ਰੂਹ ਨੂੰ ਬਥੇਰਾ ਖੁਰਚਿਆ ਹੈ ਕਿ ਕੀ ਇਸਦੀ ਕੋਈ ਗੁਪਤ ਵਜ੍ਹਾ ਸੀ। ਮੈਂ ਐਨਾ ਕੁਝ ਹੀ ਕਹਿ ਸਕਦੀ ਹਾਂ ਕਿ ਮੈਂ ਕੁਝ ਨਾ ਕਰ ਸਕੀ।

ਭੱਲਾ :- ਮੇਰੇ ਕੋਲ ਪੁੱਛਣ ਲਈ ਇੱਕ ਔਖਾ ਤੇ ਦੁੱਖਦਾਈ ਸਵਾਲ ਹੈ। ਮੈਨੂੰ ਯਕੀਨ ਹੈ ਕਿ ਤੁਸੀਂ ਉੱਤਰ ਦੇਣਾ ਚਾਹੋਗੇ। ਕੀ ਤੁਸੀਂ ਉਹਨਾਂ ਔਰਤਾਂ ਨੂੰ ਜਾਣਦੇ ਹੋ ਜਾਂ ਉਹਨਾਂ ਨਾਲ ਗੱਲਾਂ ਕੀਤੀਆਂ ਹੋਣ, ਜੋ ਵੰਡ ਦਾ ਸ਼ਿਕਾਰ ਹੋਈਆਂ ਹੋਣ? ਉਹਨਾਂ ਨੇ ਇਸ ਮਾਨਸਿਕ ਸੱਟ ਨੂੰ ਕਿਵੇਂ ਝੱਲਿਆ? ਮੈਂ ਅਨੁਭਵ ਕਰਦਾ ਹਾਂ ਕਿ ਉਹ ਚੀਜ਼ਾਂ ਪੁੱਛ ਰਿਹਾ ਹਾਂ, ਜਿਨ੍ਹਾਂ ਨੂੰ ਬੜੀ ਸਾਵਧਾਨੀ ਨਾਲ ਨਜਿੱਠਣ ਦੀ ਲੋੜ ਹੈ। ਇੱਕ ਨਾਵਲਕਾਰ ਵਜੋਂ, ਕੀ ਤੁਸੀਂ ਉਹ ਭਾਸ਼ਾ ਲੱਭਣ ਦੇ ਕਾਬਿਲ ਹੋ ਸਕੇ, ਜਿਸ ਰਾਹੀਂ ਤਜਰਬੇ ਦਾ ਸ਼ਿਕਾਰ ਹੋਈਆਂ ਔਰਤਾਂ ਨਾਲ ਗੱਲ ਕਰ ਸਕੇ?

ਸੋਬਤੀ :- ਆਮ ਕਰਕੇ, ਮੈਂ ਉਹਨਾਂ ਨਾਲ ਗੱਲ ਨਹੀਂ ਸੀ ਕਰਦੀ। ਇਹ ਕਰਨਾ ਔਖਾ ਹੈ। ਜਦੋਂ ਪ੍ਰਵਾਸੀ ਪਰਿਵਾਰਾਂ ਦੇ ਜੀਅ ਮਿਲਦੇ ਹਨ, ਉਹ ਵੰਡ ਬਾਰੇ ਗੱਲਾਂ ਨਹੀਂ ਕਰਦੇ. ਕਿਉਂਕਿ ਇਹ ਇੱਕ ਭਿਆਨਕ ਵਿਸ਼ਾ ਹੈ। ਇਹ ਉਹਨਾਂ ਨੂੰ ਦੁਖੀ ਕਰਦਾ ਹੈ, ਖ਼ਾਸ ਤੌਰ 'ਤੇ ਔਰਤਾਂ ਨੂੰ, ਬਹੁਤ ਸਾਰੇ ਪਰਿਵਾਰਾਂ ਨੂੰ ਸਮੇਂ ਨਾਲ ਇਹ ਗੱਲਾਂ ਭੁੱਲ ਜਾਣ ਦਿੱਤੀਆਂ ਹਨ। ਉਹਨਾਂ ਔਰਤਾਂ ਦੇ ਨਾਂ ਵੀ ਭੁੱਲਾ ਦਿੱਤੇ ਹਨ, ਜੋ ਮਾਰੀਆਂ ਗਈਆਂ ਜਾਂ ਪਿੱਛੇ ਰਹਿ ਗਈਆਂ। ਉਹਨਾਂ ਨੇ ਆਪਣੇ ਦੁੱਖ ਆਪਣੀ ਹੋਂਦ-ਹਸਤੀ ਵਿਚ ਘੋਲ ਲਏ ਹਨ। (ਉਹ ਆਪਣੇ ਦੁੱਖ ਪੀ ਗਏ) ਮੈਂ ਕਦੇ ਕਿਸੇ ਕੋਲੋਂ ਉਹਨਾਂ ਕੁੜੀਆਂ ਬਾਰੇ ਕੁਝ ਨਹੀਂ ਸੁਣਿਆ, ਜੋ ਜਾਂ ਮਾਰੀਆਂ ਗਈਆਂ ਸਨ ਜਾਂ ਉਧਾਲੀਆਂ ਗਈਆਂ ਸਨ।

ਸਾਡੇ ਪਰਿਵਾਰ ਵਿਚ ਦੋ ਲੜਕੀਆਂ ਸਨ, ਜੋ ਪਿੱਛੇ ਰਹਿ ਗਈਆਂ ਸਨ। ਅਸੀਂ ਨ ਜਾਣਦੇ ਕਿ ਉਹਨਾਂ ਨਾਲ ਕੀ ਵਾਪਰਿਆ। ਅਸੀਂ ਉਹਨਾਂ ਨੂੰ ਮਰ ਗਈਆਂ ਸਮਝ ਚਾਹਿਆ ਹੈ। ਵੰਡ ਵੇਲੇ ਔਰਤਾਂ ਦੀ ਹੋਣੀ ਹਿੰਦੂ ਮਨ ਲਈ ਇੱਕ ਵੱਡਾ ਬੋਝ ਸੀ। ਸਿਰਫ਼ ਹਿੰਦੂ ਮਨ ਉੱਤੇ ਨਹੀਂ, ਸਗੋਂ ਜਿਹੜੇ ਵੀ ਉੱਜੜ ਕੇ ਆਏ, ਉਹਨਾਂ ਦੇ ਮ ਉੱਤੇ ਵੀ।

ਭੱਲਾ :- ਮੈਨੂੰ ਯਕੀਨ ਹੈ ਕਿ ਮੁਸਲਮਾਨ ਵੀ ਬਰਾਬਰ ਦੇ ਪ੍ਰੇਸ਼ਾਨ ਹੋਏ ਹੋਣਗੇ?

ਸੋਬਤੀ :- ਹਾਂ, ਯਕੀਨੀ ਹੀ। ਇਸ ਸਮੁੱਚੇ ਵਿਸ਼ੇ ਬਾਰੇ ਸੋਚਣਾ ਬੜਾ ਭਿਆਨਕ ਹੈ। ਔਰ ਨੂੰ ਆਪਣੀਆਂ ਜ਼ਿੰਦਗੀਆਂ ਗਵਾਉਣੀਆਂ ਪਈਆਂ। ਉਹਨਾਂ ਦੇ ਨਾਂ ਤੱਕ ਵੀ ਭੁ ਗਏ ਹਨ। ਉਹ ਭੀੜ ਦੀ ਹਿੰਸਾ ਦਾ ਸ਼ਿਕਾਰ ਹੋਈਆਂ। ਮੁਸਲਮਾਨਾਂ ਨੇ ਉਹ ਔਰਤਾਂ ਨੂੰ ਪ੍ਰਵਾਨ ਕਰ ਲਿਆ, ਜੋ ਹਿੰਦੁਸਤਾਨ ਵਿਚੋਂ ਬਚਾਈਆਂ ਗਈਆਂ ਸਨ ਪਾਰ ਭੇਜੀਆਂ ਗਈਆਂ ਸਨ। ਉਹ ਕਿਵੇਂ ਨਾ ਕਿਵੇਂ ਸਮਾਜ ਵਿਚ ਬਹਾਲ ਹੋ ਗਈ ਸਨ। ਸਮੁੱਚੇ ਤੌਰ ਤੇ ਹਿੰਦੂਆਂ ਨੇ ਆਪਣੀਆਂ ਔਰਤਾਂ ਦੀ ਵਾਪਸੀ ਬਾਅਦ ਉਹਨਾਂ ਪ੍ਰਵਾਨ ਨਹੀਂ ਕੀਤਾ। ਕੁਝ ਪਰਿਵਾਰ ਸਨ ਜਿਨ੍ਹਾਂ ਨੇ ਡੂੰਘੀ ਚੁੱਪ ਨਾਲ ਇਹਨਾਂ ਪ੍ਰਵਾਨ ਕਰ ਲਿਆ।

ਮੈਨੂੰ ਪ੍ਰਤੀਤ ਹੁੰਦਾ ਹੈ ਕਿ ਜਿਨ੍ਹਾਂ ਲੋਕਾਂ ਨੇ ਆਪਣੀਆਂ ਔਰਤਾਂ ਦੀ ਰਾਖੀ ਕੀਤ ਖ਼ਾਸ ਤੌਰ 'ਤੇ ਸਿੱਖਾਂ ਨੇ ਜਿਨ੍ਹਾਂ ਨੂੰ ਅਜਿਹਾ ਕਰਦਿਆਂ ਮਰਦਊ ਫ਼ਖਰ ਸੀ, ਉ ਆਪਣੀਆਂ ਔਰਤਾਂ ਨਾਲ ਚੰਗੇਰਾ ਵਿਵਹਾਰ ਕਰ ਸਕੇ, ਦੂਸਰਿਆਂ ਨਾਲੋਂ। ਉਹ ਨੇ ਇਸ ਗੱਲ ਪ੍ਰਤੀ ਵਧੇਰੇ ਸੰਵੇਦਨਸ਼ੀਲਤਾ ਵਿਖਾਈ ਕਿ ਇਹ ਔਰਤਾਂ ਸਾਰੇ ਪਰਿਵਾ ਦਾ ਹਿੱਸਾ ਹਨ। ਕਿ ਉਹ ਉਹਨਾਂ ਦੀਆਂ ਪਤਨੀਆਂ, ਭੈਣਾਂ ਤੇ ਧੀਆਂ ਹਨ।

ਭੱਲਾ :- ਅਸੀਂ ਇਸ ਮੁੱਦੇ ਬਾਰੇ ਸਭਿਆਚਾਰਕ ਤੌਰ ਤੇ ਕਿਵੇਂ ਨਜਿੱਠਿਆ?

ਸੋਬਤੀ :- ਉਹ ਅਸਾਧਾਰਨ ਵਕਤ ਸਨ ਤੇ ਅਸਾਧਾਰਨ ਅਵਸਥਾਵਾਂ। ਲੋਕਾਂ ਨੇ ਇਸ ਆਪਣੇ ਆਪਣੇ ਢੰਗ ਨਾਲ ਨਜਿੱਠਿਆ। ਭਾਰਤ ਤੇ ਪਾਕਿਸਤਾਨ ਦੀਆਂ ਸਰਕਾ ਨੇ ਪਿੱਛੇ ਰਹਿ ਗਈਆਂ ਔਰਤਾਂ ਦੀ ਵਾਪਸੀ ਬਾਰੇ ਸਹਿਮਤੀ ਪ੍ਰਗਟਾਈ ਸੀ, ਪਰ ਸ ਪਤਾ ਨਹੀਂ ਕਿ ਬੱਚਿਆਂ ਦੇ ਮਾਮਲੇ ਕਿਵੇਂ ਨਜਿੱਠੇ ਗਏ।

ਮੈਨੂੰ ਆਗਿਆ ਦਿਉ ਕਿ ਮੈਂ ਤੁਹਾਨੂੰ ਇੱਕ ਆਦਮੀ ਜਿਸਦਾ ਨਾਂ ਬੂਟਾ ਸਿੰਘ ਸੀ, ਕਹਾਣੀ ਸੁਣਾਵਾਂ। ਇਹ ਸੱਚੀ ਕਹਾਣੀ ਹੈ। ਇੱਕ ਦਿਨ, ਜਿੱਥੇ ਉਹ ਛੋਟੇ ਪਿੰਡ ਵਿ ਰਹਿੰਦਾ ਸੀ, ਫ਼ਸਾਦ ਹੋਏ। ਇੱਕ ਨੌਜਵਾਨ ਮੁਸਲਮਾਨ ਕੁੜੀ, ਜੋ ਇਕ ਭੀੜ ਬਚਣ ਦੀ ਕੋਸ਼ਿਸ਼ ਕਰ ਰਹੀ ਸੀ, ਜੋ ਕਿ ਉਸਦਾ ਪਿੱਛਾ ਕਰ ਰਹੀ ਸੀ, ਭੱਜਦੀ ਹੋ ਉਸਦੇ ਘਰ ਆ ਵੜੀ ਤੇ ਆਪਣੇ ਆਪ ਨੂੰ ਤੂੜੀ ਦੇ ਢੇਰ ਵਿਚ ਛੁਪਾ ਲਿਆ। ਪਿ ਸ਼ਾਮ ਨੂੰ ਜਦੋਂ ਬੂਟਾ ਸਿੰਘ ਘਰ ਪਰਤਿਆ ਤਾਂ ਉਸਨੇ ਅਨੁਭਵ ਕੀਤਾ ਕਿ ਤੂੜੀ



ਢੇਰ ਵਿਚ ਕੋਈ ਛੁਪਿਆ ਹੋਇਆ ਹੈ। ਉਸਨੇ ਇੱਕ ਕੋਨੇ ਤੋਂ ਚੁੰਨੀ ਵੇਖੀ। ਉਸ ਨੇ ਕੁੜੀ ਨੂੰ ਬਾਹਰ ਨਿਕਲ ਆਉਣ ਲਈ ਪ੍ਰੇਰਿਆ। ਉਸਨੇ ਯਕੀਨ ਦਿਵਾਇਆ ਕਿ, "ਡਰ ਨਾ ਤੈਨੂੰ ਕੁਝ ਨਹੀਂ ਹੁੰਦਾ। ਤੂੰ ਇਥੇ ਸੁਰੱਖਿਅਤ ਹੈਂ। ਤੂੰ ਅੰਦਰ ਰਹੀਂ, ਜਿੰਨੀ ਦੇਰ ਕਿ ਫ਼ਸਾਦ ਮੁੱਕ ਨਹੀਂ ਜਾਂਦੇ।"

ਕੁੜੀ ਉਸਦੇ ਘਰ ਰੁਕੀ ਰਹੀ। ਸਾਰਾ ਸਮਾਂ ਉਹਨਾਂ ਨੇ ਇਕ ਦੂਸਰੇ ਨਾਲ ਕੋਈ ਗੱਲ ਨਹੀਂ ਕੀਤੀ। ਬੂਟਾ ਸਿੰਘ ਜੋ ਕਿ ਕੁੰਵਾਰਾ ਸੀ, ਉਸ ਲਈ ਰੋਟੀ ਟੁੱਕ ਕਰਦਾ ਹੁੰਦਾ ਸੀ। ਕੁਝ ਦਿਨਾਂ ਬਾਅਦ ਇਕ ਨੌਜਵਾਨ ਮੁੰਡਾ ਜੋ ਗੁਆਂਢੀ ਘਰ ਦੀ ਛੱਤ ਤੇ ਖੇਡ ਰਿਹਾ ਸੀ, ਨੇ ਬੂਟਾ ਸਿੰਘ ਦੇ ਘਰ ਕੁੜੀ ਨੂੰ ਵੇਖਿਆ। ਉਸਨੇ ਇਸ ਬਾਰੇ ਆਪਣੇ ਮਾਤਾ-ਪਿਤਾ ਨੂੰ ਦੱਸਿਆ। ਛੇਤੀ ਹੀ ਆਂਢ-ਗੁਆਂਢ ਨੂੰ ਪਤਾ ਲੱਗ ਗਿਆ ਕਿ ਬੂਟਾ ਸਿੰਘ ਨੇ ਇੱਕ ਮੁਸਲਮਾਨ ਕੁੜੀ ਨੂੰ ਸ਼ਰਨ ਦਿੱਤੀ ਹੋਈ ਹੈ। ਜਦੋਂ ਇੱਕ ਦਿਨ ਬੂਟਾ ਸਿੰਘ ਘਰ ਵਾਪਸ ਆਇਆ ਤਾਂ ਉਸਦੇ ਗੁਆਂਢੀਆਂ ਨੇ ਉਸਨੂੰ ਲੜਕੀ ਬਾਰੇ ਪੁੱਛਿਆ। ਉਸਨੇ ਬੜੀ ਜੁਰਅਤ ਨਾਲ ਉਸਦੀ ਰਾਖੀ ਕੀਤੀ ਤੇ ਗੁਆਂਢੀਆਂ ਨੂੰ ਉਸਨੂੰ ਨੁਕਸਾਨ ਨਾ ਪਹੁੰਚਾਉਣ ਪ੍ਰਤੀ ਤਾੜਨਾ ਕੀਤੀ। ਉਸਦੇ ਹੌਂਸਲੇ ਤੇ ਇਮਾਨਦਾਰੀ ਨੇ ਕੁੜੀ ਨੂੰ ਮੋਹ ਲਿਆ। ਉਸ ਨਾਲ ਰਹਿੰਦੀ ਰਹੀ। ਛੇਤੀ ਹੀ ਉਹਨਾਂ ਦਾ ਪਿਆਰ ਪੈ ਗਿਆ। ਕਿਸੇ ਵੀ ਹਾਲਤ ਵਿਚ ਉਸਦੀ ਸਥਿਤੀ ਭਿਆਨਕ ਸੀ ਤੇ ਉਸ ਕੋਲ ਬਹੁਤੇ ਰਾਹ ਨਹੀਂ ਸਨ।

ਇੱਕ ਗਵਾਂਢੀ ਨੇ ਬੂਟਾ ਸਿੰਘ ਨੂੰ ਕਿਹਾ, 'ਹੁਣ ਜਦ ਲੜਕੀ ਤੇਰੇ ਘਰ ਰਹਿ ਰਹੀ ਹੈ, ਤਾਂ ਵਿਆਹ ਕਿਉਂ ਨਹੀਂ ਕਰਵਾ ਲੈਂਦਾ?' ਬੂਟਾ ਸਿੰਘ ਨੇ ਕਿਹਾ, 'ਮੈਨੂੰ ਤਾਂ ਕੋਈ ਇਤਰਾਜ਼ ਨਹੀਂ ਪਰ ਤੁਸੀਂ ਲੜਕੀ ਨੂੰ ਪੁੱਛ ਲਵੋ।'

ਕੁੜੀ ਨੇ ਸੋਚਿਆ ਕਿ ਬੂਟਾ ਸਿੰਘ ਸੋਹਣਾ ਤੇ ਸ਼ਰੀਫ ਹੈ। ਉਹ ਵਿਆਹ ਕਰਵਾਉਣਾ ਮੰਨ ਗਈ। ਕੁਝ ਸਮੇਂ ਬਾਅਦ ਉਸਦੇ ਭਰਾ ਮਿਲਟਰੀ ਲੈ ਕੇ ਪਿੰਡ ਆਏ, ਜੋ ਕਿ ਉਸਨੂੰ ਲੱਭਦੇ ਫਿਰਦੇ ਸਨ। ਜਦੋਂ ਉਨ੍ਹਾਂ ਨੇ ਉਸਨੂੰ ਲੱਭ ਲਿਆ ਤਾਂ ਉਨ੍ਹਾਂ ਜ਼ੋਰ ਪਾਇਆ ਕਿ ਉਹ ਉਨ੍ਹਾਂ ਨਾਲ ਪਾਕਿਸਤਾਨ ਜਾਵੇ। ਭਾਰਤ ਤੇ ਪਾਕਿਸਤਾਨ ਦੇ ਸਮਝੌਤੇ ਅਨੁਸਾਰ ਔਰਤਾਂ ਵਾਪਸ ਕੀਤੀਆਂ ਜਾਣੀਆਂ ਸਨ। ਇਸ ਲਈ ਕਾਨੂੰਨ ਉਹਨਾਂ ਦੇ ਪੱਖ ਵਿਚ ਸੀ। ਬੂਟਾ ਸਿੰਘ ਨੇ ਅਧਿਕਾਰੀਆਂ ਦਾ ਤਰਲਾ ਮਾਰਿਆ ਕਿ ਕੁੜੀ ਨੂੰ ਉਸ ਕੋਲ ਰਹਿਣ ਦਿੱਤਾ ਜਾਵੇ। ਉਸਨੇ ਦੱਸਿਆ ਕਿ ਉਹ ਉਸ ਨਾਲ ਕਾਨੂੰਨੀ ਤੌਰ ਤੇ ਵਿਆਹੀ ਹੋਈ ਹੈ। ਉਸਨੇ ਉਸ ਨਾਲ ਆਪਣੀ ਮਰਜ਼ੀ ਨਾਲ ਵਿਆਹ ਕੀਤਾ ਸੀ, ਪਰ ਉਸਨੂੰ ਭਰਾਵਾਂ ਨਾਲ ਪਾਕਿਸਤਾਨ ਜਾਣ ਲਈ ਮਜਬੂਰ ਕੀਤਾ ਗਿਆ।

ਬੂਟਾ ਸਿੰਘ ਉਸਨੂੰ ਵਾਪਸ ਲਿਆਉਣ ਲਈ ਪਾਕਿਸਤਾਨ ਚਲਿਆ ਗਿਆ। ਉਸਨੇ ਕੁੜੀ ਦੇ ਭਰਾਵਾਂ ਨੂੰ ਉਸ ਨਾਲ ਆਪਣੇ ਵਿਆਹ ਦਾ ਸਬੂਤ ਵਿਖਾਇਆ। ਕੁੜੀ ਨੇ

ਆਖਿਆ ਕਿ ਉਸਨੇ ਉਸ ਨਾਲ ਵਿਆਹ ਕਰਵਾਇਆ ਸੀ। ਕਿਉਂਕਿ ਉਹ ਉਸ ਨਾਲ ਪਿਆਰ ਕਰਦੀ ਸੀ। ਭਰਾ ਉਸਨੂੰ ਨਾਲ ਜਾਣ ਦੀ ਆਗਿਆ ਦੇਣ ਲਈ ਰਾਜ਼ੀ ਨਾ ਹੋਏ। ਮਾਮਲਾ ਅਦਾਲਤ ਵਿਚ ਚਲਾ ਗਿਆ। ਕੁੜੀ ਅਦਾਲਤ ਵਿਚ ਪੇਸ਼ ਹੋਈ, ਪਰ ਉਸਨੇ ਮੂੰਹੋਂ ਕੁਝ ਨਾ ਬੋਲਿਆ। ਬੂਟਾ ਸਿੰਘ ਨੇ ਤਰਲਾ ਮਾਰਿਆ। ਉਸਨੇ ਕਿਹ ਕਿ ਉਹ ਉਸਦੀ ਪਤਨੀ ਹੈ ਤੇ ਉਹ ਉਸ ਬਗ਼ੈਰ ਮਰ ਜਾਵੇਗਾ। ਉਸਦੀ ਹਾਲ ਦਰਦਨਾਕ ਸੀ। ਕੁੜੀ ਚੁੱਪ ਸੀ। ਉਸਦੇ ਭਰਾਵਾਂ ਨੇ ਧਮਕੀ ਦਿੱਤੀ। ਉਸ ਕੁੜੀ ਦੀ ਮਾਨਸਿਕ ਸਥਿਤੀ ਕਲਪਨਾ ਕਰਨੀ ਮੁਸ਼ਕਿਲ ਸੀ। ਕੁੜੀ ਨੇ ਉਸਦੇ ਵਿਰੁੱਧ ਫੈਸਲ ਸੁਣਾਇਆ। ਬੂਟਾ ਸਿੰਘ ਏਨਾ ਹਿੱਲ ਗਿਆ ਸੀ ਕਿ ਉਸਨੇ ਆਤਮ-ਹੱਤਿਆ ਕ ਲਈ।

ਉਹਨਾਂ ਦਿਨਾਂ ਵਿਚ ਅਜਿਹੀਆਂ ਕਈ ਘਟਨਾਵਾਂ ਸਨ। ਸ਼ਾਇਦ ਇਹ ਗੱਲ ਨੋ ਕਰਨ ਵਾਲੀ ਹੈ ਕਿ ਵੰਡ ਦੇ ਛੇਤੀ ਹੀ ਪਿਛੋਂ ਬਹੁਤ ਸਾਰੇ ਜੋੜ-ਤੋੜ ਵਾਲੇ ਵਿਆ ਕਾਹਲੀ-ਕਾਹਲੀ ਕੀਤੇ ਗਏ। ਬਹੁਤੇ ਗੁਪਤ ਤੌਰ ਤੇ ਬਿਨਾਂ ਢੋਲ-ਢਮੱਕੇ ਦੇ ਹੋਏ।

ਭੱਲਾ :- ਇਹਨਾਂ ਕਹਾਣੀਆਂ ਬਾਰੇ ਗੱਲ ਕਰਨੀ ਔਖੀ ਹੈ। ਪਰ ਔਰਤਾਂ ਅਜਿਹਾ ਕੁਝ ਸੰਕੋ ਤੇ ਡਰ ਨਾਲ ਕਰਦੀਆਂ ਰਹੀਆਂ ਹਨ।

ਸੋਬਤੀ :- ਇਸਦਾ ਕਾਰਨ ਸੀ। ਦੋਵੇਂ ਸਰਕਾਰਾਂ ਲੋਕਾਂ ਦਾ ਹੌਸਲਾ ਨਹੀਂ ਸੀ ਵਧਾਉਂਦੀਆ ਕਿ ਉਹ ਲੋਕ ਗੱਲਾਂ ਲਿਖਣ ਜੋ ਕੁਝ ਵਾਪਰਿਆ ਸੀ। ਉਹ ਪੁਰਾਣੀ ਤਲਖ਼ੀ ਦੇ ਬਹਾ ਹੋਣ ਤੋਂ ਤ੍ਰਿਹਿੰਦੀਆਂ ਸਨ।

ਭੱਲਾ :- ਹਾਂ, ਪਰ ਯਾਦਾਂ ਉਹਨਾਂ ਦਿਨਾਂ ਦੇ ਮਾਨਸਿਕ ਸਦਮੇ ਉੱਤੇ ਕਾਬੂ ਪਾਉਣ ਵਿਚ ਕੁ ਸਹਾਇਤਾ ਵੀ ਕਰ ਸਕਦੀਆਂ ਹਨ। ਯਾਦਾਂ ਪੁਰਾਣੇ ਖ਼ੌਫ਼ ਨੂੰ ਤਾਜ਼ਾ ਕਰ ਸਕਦੀਅ ਹਨ। ਪਰ ਉਹ ਸਾਨੂੰ ਇੱਕ ਦੂਸਰੇ ਨਾਲ ਗੱਲਾਂ ਕਰਨ ਦੇ ਕਾਬਿਲ ਵੀ ਬਣਾਉਂਦੀਅ ਹਨ ਤੇ ਇਸ ਤਰ੍ਹਾਂ ਨਾਲ ਕਿਸੇ ਫੈਸਲੇ ਉੱਤੇ ਪਹੁੰਚਣ ਲਈ ਨਵੇਂ ਰਾਹ ਵੀ ਦੱਸਦੀਅ ਨੇ। ਮੈਂ ਇਥੇ ਮਨੋਵਿਗਿਆਨੀ ਫਰਾਈਡ ਦੇ ਦਿਲਗੀਰੀ ਅਤੇ ਮਾਤਮ ਵਿਚਲੇ ਅੰਤ ਬਾਰੇ ਸੋਚ ਰਹੀ ਹਾਂ। ਮਾਤਮ ਕਰਨ ਨਾਲ ਸੰਭਵ ਹੈ, ਜੇ ਸਾਡੀਆਂ ਜ਼ਿੰਦਗੀਆਂ ਨੂੰ ਪੈਰ ਸਿਰ ਕਰਨ ਵਿਚ ਸਹਾਇਤਾ ਕਰੇ।

ਸੋਬਤੀ :- ਮੈਂ ਤੇਰੇ ਨਾਲ ਸਹਿਮਤ ਹਾਂ। ਤੂੰ ਤੱਕਿਆ ਹੋਣਾ ਕਿ ਜਦੋਂ ਪਾਕਿਸਤਾਨ ਤੇ ਹਿੰਦੁਸਤਾਨ ਦੇ ਲੋਕ ਕਦੇ ਮਿਲਦੇ ਹਨ ਤਾਂ ਉਹ ਅਚਾਨਕ ਹੀ ਪੁਰਾਣੀ ਪੀੜਾ ਭੁੱ ਜਾਂਦੇ ਹਨ ਤੇ ਇੱਕ ਦੂਸਰੇ ਦੇ ਨੇੜੇ ਆਏ ਪ੍ਰਤੀਤ ਕਰਦੇ ਹਨ।

ਭੱਲਾ :- ਇੱਕ ਪੁਸਤਕ ਮੈਂ ਜਾਣਦਾ ਹਾਂ, ਜਿਸ ਵਿਚ ਵੰਡ ਦੀ ਔਰਤ ਦੀ ਹੋਣੀ ਬਾਰੇ ਬ ਵਿਸਥਾਰ ਨਾਲ ਲਿਖਿਆ ਗਿਆ ਹੈ। ਉਹ ਭੀਸ਼ਮ ਸਾਹਨੀ ਦਾ 'ਤਮਸ' ਹੈ। (ਇ ਬਾਪਸੀ ਸਿਧਵਾ ਦੇ ਆਈਸ-ਕੈਂਡੀ ਮੈਨ ਤੇ ਯਸ਼ਪਾਲ ਦੇ 'ਝੂਠਾ ਸੱਚ' ਤੋਂ ਅਲੱਗ ਹੈ।



ਮੈਂ ਵਿਸ਼ੇਸ਼ ਤੌਰ ਤੇ ਉਸ ਦ੍ਰਿਸ਼ ਬਾਰੇ ਸੋਚ ਰਿਹਾ ਹਾਂ, ਜਿੱਥੇ ਔਰਤਾਂ ਆਪਣੇ ਆਪ ਨੂੰ ਖੂਹ ਵਿਚ ਸੁੱਟਦੀਆਂ ਹਨ। ਇਹ ਘਟਨਾ ਇਤਿਹਾਸਕ ਤੌਰ 'ਤੇ ਭਰੋਸੇਯੋਗ ਹੈ।

ਸੋਬਤੀ :- ਭੀਸ਼ਮ ਦਾ ਨਾਵਲ ਕਮਾਲ ਦਾ ਹੈ। ਇਸਨੇ ਲੋਕਾਂ ਨੂੰ ਵੰਡ ਬਾਰੇ ਸਪੱਸ਼ਟਤਾ ਨਾਲ ਸੋਚਣ ਲਈ ਸਹਾਇਤਾ ਕੀਤੀ। ਮਿਸਾਲ ਵਜੋਂ ਇਸ ਨੇ ਲੋਕਾਂ ਨੂੰ ਇਹ ਅਨੁਭਵ ਕਰਾਇਆ ਕਿ ਜਿਹਨਾਂ ਲੋਕਾਂ ਨੇ ਦੁੱਖ ਝੱਲੇ ਹਨ, ਜਾਂ ਜਿਹੜੇ ਲੋਕ ਹਿਜਰਤ ਕਰਕੇ ਆਏ ਹਨ, ਉਹ ਸਾਧਾਰਨ ਲੋਕ ਸਨ ਤੇ ਉਹਨਾਂ ਦੀਆਂ ਮਿੱਟੀ ਵਿਚ ਜੜ੍ਹਾਂ ਸਨ। ਜਿਵੇਂ ਤੁਸੀਂ ਜਾਣਦੇ ਹੋ, ਬਹੁਤੇ ਲੋਕ ਜੋ ਪਾਕਿਸਤਾਨ ਤੋਂ ਆਏ, ਉਹਨਾਂ ਨੇ ਦਾਅਵਾ ਕੀਤਾ ਕਿ ਉਹ ਜਾਇਦਾਦਾਂ ਵਾਲੇ ਅਮੀਰ ਲੋਕ ਸਨ। ਸ਼ਾਇਦ 'ਤਮਸ' ਬਾਰੇ ਜੋ ਮਹੱਤਵ ਵਾਲੀ ਗੱਲ ਹੈ ਉਹ ਇਹ ਕਿ ਜਿਸ ਕਿਸੇ ਨੂੰ ਭੱਜਣਾ ਪਿਆ, ਉਸਦੀ ਆਪਣੇ ਬਾਰੇ ਸਥਾਪਤ ਸੂਝ ਸੀ, ਉਸ ਥਾਂ ਬਾਰੇ, ਜਿੱਥੇ ਉਹ ਰਹਿੰਦੇ ਸੀ ਤੇ ਜਿੱਥੇ ਆਪਣੇ ਸੂਬੇ ਵਿਚ ਉਹਨਾਂ ਦਾ ਪੱਕਾ-ਠੱਕਾ ਘਰ ਸੀ।

'ਤਮਸ' ਵਿਚ ਇਕ ਹੋਰ ਵੀ ਗੁਣ ਸੀ। ਉਹ ਦ੍ਰਿਸ਼ ਜਿਸ ਵਿਚ ਔਰਤਾਂ ਖੂਹ ਵਿਚ ਛਾਲਾਂ ਮਾਰਦੀਆਂ ਹਨ, ਇੰਨੇ ਸੰਕੋਚ ਨਾਲ ਲਿਖਿਆ ਗਿਆ ਹੈ ਕਿ ਇਹ ਸਨਸਨੀਖੇਜ਼ ਨਹੀਂ ਹੈ। ਇਹ ਬੰਦੇ ਨੂੰ ਰੁਆ ਦਿੰਦਾ ਹੈ, ਪਰ ਇਹ ਉਸਨੂੰ ਬਦਲੇ ਲਈ ਨਹੀਂ ਉਕਸਾਉਂਦਾ। ਇਹ ਜ਼ਰੂਰੀ ਹੈ ਕਿ ਬੰਦੇ ਦੇ ਹਮਲਾ ਕਰੂ ਜਜ਼ਬਿਆਂ ਨੂੰ ਉਕਸਾਇਆ ਨਾ ਜਾਵੇ, ਬਦਲਾ ਲੈਣ ਦੀ ਇੱਛਾ ਨੂੰ ਭੜਕਾਇਆ ਨਾ ਜਾਵੇ। ਇੱਕ ਘੱਟ ਪਰਪੱਕ ਨਾਵਲਕਾਰ ਨੇ ਇਥੇ ਥਿੜਕ ਜਾਣਾ ਸੀ। ਦੇਸ਼ ਵੰਡ ਹੁਣ ਬੀਤੇ ਦੀ ਗੱਲ ਹੈ, ਤੇ ਹੁਣ ਦੋਵਾਂ ਪਾਸਿਆਂ ਦੇ ਲੇਖਕਾਂ ਲਈ ਆਸਾਨ ਹੋਵੇਗਾ ਕਿ ਇਸ ਬਾਰੇ ਕੁਝ ਸਪੱਸ਼ਟਤਾ ਨਾਲ ਲਿਖਣ। ਸਾਰਾ ਜਜ਼ਬਾਤੀ ਧੁੰਦਲਾਪਨ ਸਾਫ਼ ਹੋ ਚੁੱਕਾ ਹੈ।

ਇੱਕ ਦਿਨ ਕੋਈ ਜਣਾ ਮੈਨੂੰ ਮਿਲਣ ਆਇਆ ਉਸ ਦੀ ਭਾਸ਼ਾ ਏਨੀ ਸੁੱਚੀ ਸੀ ਕਿ ਮੇਰੇ ਨਾਲੋਂ ਵੀ ਨਿਰਮਲ ਕਿ ਮੈਨੂੰ ਯਕੀਨ ਸੀ ਕਿ ਉਹ ਲਖਨਊ ਜਾਂ ਇਲਾਹਾਬਾਦ ਤੋਂ ਹੋਵੇਗਾ। ਖ਼ੈਰ, ਉਹ ਪਾਕਿਸਤਾਨ ਤੋਂ ਆਇਆ ਦੂਜੀ ਪੀੜ੍ਹੀ ਦਾ ਹਿਜਰਤਕਾਰੀ ਸੀ। ਉਹ ਮੇਰੇ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ ਕਿਉਂਕਿ ਮੈਂ 'ਜ਼ਿੰਦਗੀਨਾਮਾ' ਵਿਚ ਗਾਖੜਾਂ ਬਾਰੇ ਲਿਖਿਆ ਸੀ। ਉਸਦਾ ਦਾਅਵਾ ਸੀ ਕਿ ਉਸਦੇ ਵੱਡ-ਵਡੇਰੇ ਪਾਕਿਸਤਾਨ ਤੋਂ ਆਏ ਗਾਖੜ ਸਨ। ਉਹ ਉਹਨਾਂ ਬਾਰੇ ਹੋਰ ਵੱਧ ਜਾਨਣਾ ਚਾਹੁੰਦਾ ਸੀ ਕਿਉਂਕਿ ਉਸਨੂੰ ਉਹਨਾਂ ਨਾਲ ਨੇੜਤਾ ਅਨੁਭਵ ਹੁੰਦੀ ਸੀ। ਜਿਹੜਾ ਨੁਕਤਾ ਮੈਂ ਦੱਸਣਾ ਚਾਹੁੰਦੀ ਹਾਂ ਉਹ ਇਹ ਕਿ ਉਸ ਲਈ ਦੇਸ਼ ਵੰਡ ਹੁਣ ਇੱਕ ਇਤਿਹਾਸਕ ਘਟਨਾ ਬਣ ਚੁੱਕੀ ਸੀ। ਕੋਈ ਐਸੀ ਚੀਜ਼ ਜਿਸ ਬਾਰੇ ਉਹ ਗੈਰ-ਜਜ਼ਬਾਤੀ ਢੰਗ ਨਾਲ ਗੱਲਾਂ ਕਰ ਸਕਦਾ ਸੀ।

ਭੱਲਾ :- ਵੰਡ ਬਾਰੇ ਬਹੁਤ ਸਾਰੀਆਂ ਅਜਿਹੀਆਂ ਲਿਖਤਾਂ ਹਨ, ਜੋ ਉਹਨਾਂ ਦਿਨਾਂ ਵਿਚਲੀ

ਮਾਰ-ਧਾੜ ਉੱਤੇ ਇਕਾਗਰ ਹਨ। ਕੀ ਤੁਸੀਂ ਸੋਚਦੇ ਹੋ ਕਿ ਇਸ ਬਾਰੇ ਸਪੱਸ਼ਟਤਾ ਨਾਲ ਗੱਲ ਕਰਨ ਵਾਸਤੇ, ਬੰਦੇ ਨੂੰ ਇਹ ਦੱਸਣਾ ਪਵੇਗਾ ਕਿ ਦੇਸ਼-ਵੰਡ ਵੇਲੇ ਵੀ ਜਦੋਂ ਜ਼ਿੰਦਗੀ ਖੌਫ਼ਨਾਕ ਸੀ, ਬਹੁਤ ਸਾਰੇ ਲੋਕਾਂ ਨੇ ਬਹੁਤ ਹੀ ਆਚਰਣਕ ਢੰਗ ਨਾਲ ਵਿਹਾਰ ਕੀਤਾ ਏ।

ਸੋਬਤੀ :- ਨਿਰਸੰਦੇਹ! ਆਓ ਇਸ ਸਵਾਲ ਦਾ ਜਵਾਬ ਅਸਿੱਧੇ ਢੰਗ ਨਾਲ ਦੇਈਏ। ਜਦੋਂ ਬਰਤਾਨੀਆ ਵੱਲੋਂ ਭਾਰਤ ਨੂੰ ਆਜ਼ਾਦੀ ਦੇਣ ਦਾ ਪੈਥਿਕ-ਲਾਰੇਂਸ ਵਾਲਾ ਐਲਾਨ ਹੋਇਆ, ਸਾਡਾ ਸਾਰਾ ਪਰਿਵਾਰ ਰੇਡੀਓ ਦੁਆਲੇ ਇਕੱਠਾ ਹੋ ਗਿਆ। ਸਾਡੇ ਨੌਕਰ ਜਿਹਨਾਂ ਵਿਚੋਂ ਬਹੁਤੇ ਮੁਸਲਮਾਨ ਸਨ, ਵੀ ਹਾਜ਼ਰ ਸਨ। ਜਦੋਂ ਨਹਿਰੂ ਬੋਲਿਆ ਤਾਂ ਸਾਡੇ ਚਿਹਰਿਆਂ ਉਤਲੇ ਪ੍ਰਤੀਕਰਮ ਉਹਨਾਂ ਦੇ ਚਿਹਰਿਆਂ ਨਾਲੋਂ ਵੱਖਰੇ ਸਨ। ਚਾਹ ਤੋਂ ਬਾਅਦ ਮਠਿਆਈਆਂ ਵੰਡੀਆਂ ਗਈਆਂ। (ਹਰੀਆਂ ਤੇ ਸੰਤਰੇ ਰੰਗੀਆਂ ਜਿਨ੍ਹਾਂ ਨੂੰ ਅਸ਼ਰਫੀਆਂ ਆਖਦੇ ਸਨ) ਕਿਸੇ ਵੀ ਮੁਸਲਮਾਨ ਨੇ ਉਹ ਚੱਖੀਆਂ ਤੱਕ ਨਾ, ਪਰ ਜਦੋਂ ਕੌਮੀ ਗੀਤ ਗਾਇਆ ਗਿਆ ਤੇ ਅਸੀਂ ਖੜ੍ਹੇ ਹੋ ਗਏ ਤਾਂ ਉਹ ਵੀ ਖੜ੍ਹੇ ਹੋ ਗਏ। ਉਹਨਾਂ ਅਨੁਭਵ ਕੀਤਾ ਕਿ ਉਹਨਾਂ ਵੀ ਆਜ਼ਾਦੀ ਦੀ ਕੀਮਤ ਦਿੱਤੀ ਹੈ।

ਸ਼ਾਇਦ ਬਲਵੰਤ ਸਿੰਘ ਦੇ ਨਾਵਲ 'ਕਾਲੇ ਦਿਨ' ਵਿਚ ਸਭ ਤੋਂ ਸ਼ਾਨਦਾਨ ਘੜੀ ਉਹ ਸੀ, ਜਦੋਂ ਮੁਸਲਮਾਨ ਇਕ ਕਿਸਾਨ ਨੂੰ ਸੁਰੱਖਿਅਤ ਢੰਗ ਨਾਲ ਸਰਹੱਦ ਪਾਰ ਕਰਾਈ ਜਾਂਦੀ ਹੈ ਤੇ ਉਹ ਵੇਖ ਕੇ ਹੈਰਾਨ ਹੁੰਦਾ ਹੈ ਕਿ ਸਰਹੱਦ ਕਿਸਾਨਾਂ ਦੇ ਖੇਤਾਂ ਨੂੰ ਕੱਟ ਕੇ ਲੰਘਦੀ ਹੈ, ਜਿਨ੍ਹਾਂ ਨੂੰ ਉਹ ਜਾਣਦਾ ਸੀ। ਉਹ ਸਰਹੱਦ ਪਾਰ ਕਰ ਜਾਂਦਾ ਹੈ ਤੇ ਫਿਰ ਉਸ ਆਦਮੀ ਵੱਲ ਮੁੜ ਕੇ ਵੇਖਦਾ ਹੈ, ਜਿਸਨੇ ਉਸਦੀ ਸਹਾਇਤਾ ਕੀਤੀ ਸੀ। ਦੋਵੇਂ ਆਦਮੀ ਖਲੋ ਕੇ ਇਕ ਦੂਸਰੇ ਵੱਲ ਵੇਖਦੇ ਹਨ ਤੇ ਹੈਰਾਨ ਹੁੰਦੇ ਹਨ ਕਿ ਸਰਹੱਦਾਂ ਰਾਹੀਂ ਵੱਖ ਕਰਨ ਦੇ ਕੀ ਅਰਥ ਹਨ। ਪਰ ਮੈਂ ਨਵੀਂ ਕੌਮ ਦੀ ਸਿਰਜਣਾ ਦੇ ਉਤਸ਼ਾਹ ਨੂੰ ਘਟਾ ਕੇ ਵੇਖਣਾ ਨਹੀਂ ਚਾਹੁੰਦੀ।

ਭੱਲਾ :- ਦੇਸ਼ ਵੰਡ ਬਾਰੇ ਲਿਖੇ ਗਏ ਬਹੁਤੇ ਗਾਲਪਨਿਕ ਬਿਰਤਾਂਤਾਂ ਵਿਚ ਕੀ ਬਹੁਤਾ ਜ਼ੋਰ ਹਿੰਸਾ ਉੱਤੇ ਹੈ?

ਸੋਬਤੀ :- ਹਾਂ, ਪਰ ਉਹਨਾਂ ਵਿਚੋਂ ਬਹੁਤੇ ਕਦੇ ਵੀ ਲੋਕਾਂ ਦੀ ਬੁਨਿਆਦੀ ਮਨੁੱਖਤਾ ਉੱਤੇ ਜ਼ੋਰ ਦੇਣਾ ਨਹੀਂ ਭੁੱਲਦੇ। ਉਹਨਾਂ ਇਹ ਤੱਥ ਵੀ ਵਿਸਥਾਰ ਨਾਲ ਸਾਹਮਣੇ ਲਿਆਂਦਾ ਹੈ ਕਿ ਦੇਸ਼-ਵੰਡ ਇਕ ਰਾਜਨੀਤਿਕ ਫੈਸਲਾ ਸੀ।

ਭੱਲਾ :- ਕੀ ਇਹ ਨਾਵਲਕਾਰ ਦਾ ਕਾਰਜ ਹੈ ਕਿ ਉਹ ਲੋਕਾਂ ਨੂੰ ਧੀਰਜ ਦੇਵੇ?

ਸੋਬਤੀ :- ਨਹੀ, ਪਰ ਸ਼ਾਇਦ ਇਹ ਮਹੱਤਵਪੂਰਨ ਗੱਲ ਹੈ ਕਿ ਨਾਵਲਕਾਰ ਲੋਕਾਂ ਨੂੰ ਇਹ ਵਿਖਾਵੇ, ਉਨ੍ਹਾਂ ਦੀ ਨਜ਼ਰ ਤੋਂ 'ਠੀਕ ਕੀ ਹੈ' ਓਝਲ ਨਾ ਹੋ ਜਾਵੇ।

ਭੱਲਾ :- ਮੰਟੋ ਇੰਝ ਨਹੀਂ ਕਰਦਾ, ਦੇਸ਼-ਵੰਡ ਬਾਰੇ ਉਸ ਦੀਆਂ ਲਿਖਤਾਂ ਕਰੋਧ ਨਾਲ



ਭਰੀਆਂ ਹੋਈਆਂ ਹਨ।

ਸੋਬਤੀ :- ਸੱਚ ਹੈ। ਪਰ ਕੋਈ ਪ੍ਰਮੁੱਖ ਲੇਖਕ ਹੀ, ਇਸ ਭਾਂਤ ਦੇ ਕ੍ਰੋਧ ਨੂੰ ਪ੍ਰਗਟ ਕਰਨ ਦੇ ਸਮਰੱਥ ਹੁੰਦਾ ਹੈ। ਮੰਟੋ ਇਹ ਕੰਮ ਕਰ ਸਕਦਾ ਸੀ। ਉਹ ਜਾਣਦਾ ਸੀ ਕਿ ਜਦੋਂ ਲੋਕ ਘਰਾਂ ਤੋਂ ਕੱਢੇ ਜਾਂਦੇ ਤੇ ਕੈਂਪਾਂ ਵਿਚ ਰਹਿਣ ਲਈ ਮਜਬੂਰ ਕੀਤੇ ਜਾਂਦੇ ਹਨ ਤਾਂ ਉਹਨਾਂ ਕੋਲ ਤਰਕਸ਼ੀਲ ਵਿਚਾਰ ਲਈ ਕੋਈ ਸਾਧਨ ਨਹੀਂ ਰਹਿ ਜਾਂਦੇ, ਉਹ ਬੱਸ ਏਨਾ ਹੀ ਕਰ ਸਕਦੇ ਹਨ ਕਿ ਆਪਣੇ ਘਰਾਂ ਤੇ ਆਪਣੀਆਂ ਜ਼ਮੀਨਾਂ ਨੂੰ ਯਾਦ ਕਰਨਾ......। ਕੁਝ ਸਮੇਂ ਬਾਅਦ ਇਹ ਸੰਭਵ ਹੁੰਦਾ ਹੈ ਕਿ ਉਹ ਬੀਤ ਗਏ ਵੇਲੇ ਨੂੰ ਵਧੇਰੇ ਗੁੰਝਲਦਾਰ ਢੰਗ ਨਾਲ ਸੋਚ ਸਕਣ।

ਮੈਨੂੰ ਆਗਿਆ ਦਿਉ ਕਿ ਮੈਂ ਤੁਹਾਨੂੰ ਆਪਣੇ ਨੇੜੇ ਦੇ ਇੱਕ ਰਿਸ਼ਤੇਦਾਰ ਦੀ ਵਾਰਤਾ ਸੁਣਾ ਸਕਾਂ। ਜਦੋਂ ਉਹ ਛੋਟਾ ਸੀ ਤਾਂ ਆਪਣੇ ਮਾਪਿਆਂ ਨਾਲ ਇੱਕ ਥਾਂ, ਜੋ ਹੁਣ ਪਾਕਿਸਤਾਨ ਵਿਚ ਹੈ, ਵਿਚ ਰਹਿੰਦਾ ਸੀ। ਉਸਦੀ ਸੰਭਾਲ ਇੱਕ ਕਸ਼ਮੀਰੀ ਮੁਸਲਮਾਨ ਔਰਤ ਕਰਦੀ ਸੀ। ਉਹ ਨਰਸ ਵੀ ਸੀ। ਵੰਡ ਤੋਂ ਬਾਅਦ, ਪਰਿਵਾਰ ਤੁਰੰਤ ਹੀ ਇਧਰ ਆ ਸਕਿਆ। ਪਰਿਵਾਰ ਵਿਚ ਹਰ ਕੋਈ ਮਾਰੇ ਜਾਣ ਤੋਂ ਡਰਦਾ ਸੀ, ਪਰ ਬਚ ਕੇ ਨਿਕਲ ਜਾਣ ਦਾ ਵੀ ਕੋਈ ਰਾਹ ਨਹੀਂ ਸੋਚ ਸਕਦਾ ਸੀ। ਸਥਿਤੀ ਅਜਿਹੀ ਸੀ ਕਿ ਉਹ ਉਸ ਔਰਤ ਉੱਤੇ ਵੀ ਇਤਬਾਰ ਨਹੀਂ ਸੀ ਕਰਦੇ। ਜਿਸਨੇ ਉਹਨਾਂ ਦੇ ਬੱਚੇ ਦੀ ਪਾਲਣਾ ਕੀਤੀ ਸੀ। ਜਦੋਂ ਨਰਸ ਨੂੰ ਪਤਾ ਲੱਗਾ ਕਿ ਉਹ ਸੋਚਦੇ ਹਨ ਕਿ ਉਹ ਉਹਨਾਂ ਨੂੰ ਧੋਖਾ ਦੇਵੇਗੀ ਤਾਂ ਉਸਨੇ ਕਿਹਾ, "ਮੈਂ ਤੁਹਾਡੇ ਬੱਚੇ ਦੀ ਪਾਲਣਾ ਕੀਤੀ ਹੈ। ਅਸਲ ਵਿਚ ਉਹ ਪਹਿਲਾਂ ਮੇਰਾ ਬੱਚਾ ਹੈ ਤੇ ਮੈਨੂੰ ਮੇਰੇ ਬੱਚੇ ਨਾਲੋਂ ਵੀ ਪਿਆਰਾ ਹੈ।" ਨਰਸ ਦਾ ਆਪਣਾ ਪੁੱਤਰ ਲੁੱਟਣ ਤੇ ਮਾਰ ਧਾੜ ਵਿਚ ਲੱਗਾ ਹੋਇਆ ਸੀ, ਪਰ ਉਸ ਨਰਸ ਨੇ ਜ਼ੋਰ ਦਿੱਤਾ ਕਿ ਉਹ ਉਸ ਪਰਿਵਾਰ ਦੀ ਰਾਖੀ ਯਕੀਨੀ ਬਣਾਵੇ ਤੇ ਹਰ ਇੱਕ ਨੂੰ ਸਰਹੱਦ ਪਾਰ ਕਰਨ ਤੀਕ ਸਹਾਇਤਾ ਕਰੇ।

ਉਹ ਪਰਿਵਾਰ ਅਹਿਮਦਾਬਾਦ ਵਿਚ ਆ ਕੇ ਵੱਸ ਗਿਆ। ਬਹੁਤ ਸਾਲਾਂ ਬਾਅਦ, ਜਿਸ ਬੱਚੇ ਦੀ ਉਹ ਪਾਲਣਾ ਕਰਦੀ ਰਹੀ ਸੀ, ਦਾ ਵਿਆਹ ਕਰਨਾ ਸੀ। ਜਦੋਂ ਵਿਆਹ ਦੀ ਤਾਰੀਖ ਨੀਯਤ ਕੀਤੀ ਗਈ ਤਾਂ ਉਹ ਬੱਚਾ ਪ੍ਰੇਸ਼ਾਨ ਹੋ ਗਿਆ ਤੇ ਕਿਸੇ ਨਾਲ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ। ਚਿੰਤਾ ਵਿਚ ਗ੍ਰੱਸੇ ਉਸਦੇ ਮਾਤਾ-ਪਿਤਾ ਨੇ ਪੁੱਛਿਆ ਕਿ ਉਹ ਕਿਉਂ ਪ੍ਰੇਸ਼ਾਨ ਹੈ? ਉਹ ਗੁੱਸੇ ਵਿਚ ਮੁੜਿਆ ਤੇ ਆਖਣ ਲੱਗਾ, "ਮੇਰੇ ਵਿਆਹ ਵਿਚ, ਕਿਉਂ ਕਿਸੇ ਨੇ ਵੀ ਪਾਕਿਸਤਾਨ ਤੋਂ ਮੇਰੀ ਮਾਂ ਨੂੰ ਸੱਦਣ ਲਈ ਨਹੀਂ ਸੋਚਿਆ?" ਉਹ ਅਸਲ ਵਿਚ ਉਸਨੂੰ ਦੂਸਰੀ ਮਾਂ ਮੰਨਦਾ ਸੀ। ਸਕੂਲ ਤੋਂ ਮੁੜਦਿਆਂ ਉਹ ਪਹਿਲਾਂ ਉਸਦੇ ਘਰ ਖਾਣ ਲਈ ਰੁਕਦਾ ਹੁੰਦਾ ਸੀ ਤੇ ਫਿਰ ਆਪਣੇ ਘਰ ਨੂੰ ਵਾਪਸ ਜਾਂਦਾ ਹੁੰਦਾ ਸੀ।

ਮਾੜੀ ਕਿਸਮਤ, ਨਰਸ ਨੂੰ ਵਿਆਹ ਵਿਚ ਸ਼ਾਮਿਲ ਹੋਣ ਲਈ ਵੀਜ਼ਾ ਨਾ ਮਿਲ ਸਕਿਆ। ਪਰ ਉਹ ਸਰਹੱਦ ਉੱਤੇ ਉਸਨੂੰ ਮਿਲਣ ਆਈ। ਮੇਰੀ ਮਾਸੀ ਦੇ ਲੜਕੇ ਤੇ ਉਸਨੇ ਘੁੱਟ ਕੇ ਜੱਫੀ ਪਾਈ ਤੇ ਰੋ ਪਏ। ਉਹ ਪਰਿਵਾਰ ਲਈ ਦੇਸੀ ਘਿਉ ਦਾ ਇੱਕ ਪੀਪਾ ਲੈ ਕੇ ਆਈ ਸੀ ਤੇ ਵਿਆਂਦੜ ਲਈ ਕਢਾਈ ਕੀਤੀ ਇੱਕ ਫੁੱਲਕਾਰੀ ਵੀ ਲਿਆਈ ਸੀ।

ਅਜਿਹੀਆਂ ਕਹਾਣੀਆਂ ਸਾਡੀ ਵਿਰਾਸਤ ਦਾ ਕੀਮਤੀ ਹਿੱਸਾ ਹਨ – ਦੋਵੇਂ ਹੀ ਪਾਸੇ। ਸਾਨੂੰ ਚਾਹੀਦਾ ਹੈ ਕਿ ਇਹਨਾਂ ਨੂੰ ਸੰਭਾਲੀਏ। ਇੱਕ ਵਾਰ ਜਦੋਂ ਮੈਂ ਬਰਮ੍ਹਾ ਵਿਚ ਇਕ ਸੈਮੀਨਾਰ ਵਿਚ ਭਾਗ ਲੈਣ ਗਈ ਸੀ ਤਾਂ ਮੈਂ ਬਾਹਰ ਇੱਕ ਬੈਂਚ ਉੱਤੇ ਬੈਠੀ ਅਖ਼ਬਾਰ ਫਰੋਲ ਰਹੀ ਸੀ। ਜਦੋਂ ਮੈਂ ਇਹ ਥੱਲੇ ਰੱਖ ਦਿੱਤੀ ਤਾਂ ਮੇਰੇ ਅਗਲੇ ਪਾਸੇ ਬੈਠੇ ਬੰਦੇ ਨੇ, ਇਹ ਚੁੱਕ ਲਈ, ਬਿਨਾਂ ਮੈਨੂੰ ਪੁੱਛੇ ਦੇ। ਮੈਂ ਉਸ ਵੱਲ ਵੇਖਿਆ ਤੇ ਆਪਣੇ ਮਨ ਵਿਚ ਸੋਚਿਆ, ਸਾਲਾ ਜ਼ਰੂਰ ਹੀ ਪੰਜਾਬੀ ਹੋਊ।” ਮੈਂ ਪੁੱਛ ਹੀ ਲਿਆ, “ਸਾਹਿਬ ਆਪ ਕਿੱਥੋਂ ਹੋ?”

ਉਸਦਾ ਉੱਤਰ ਸੀ, “ਪਾਕਿਸਤਾਨ ਤੋਂ। ਮੈਂ ਵੀ ਸੈਮੀਨਾਰ ਵਿਚ ਭਾਗ ਲੈਣ ਆਇਆ ਹਾਂ।”

ਆਪ ਸਾਡੇ ਲਈ ਇੱਕ ਦੂਸਰੇ ਨੂੰ ਪਛਾਨਣਾ ਸੌਖਾ ਸੀ। ਅਸਾਂ ਸਹਿਜ-ਗਿਆਨ ਨਾਲ ਸਾਂਝੀ ਤਾਸੀਰ – ਆਪਣੇ ਵਿਰਸੇ ਨੂੰ ਪਛਾਣ ਲਿਆ ਸੀ, ਜਿਸ ਦਿਨ ਅਸਾਂ ਬਰਮਾ ਤੋਂ ਤੁਰਨਾ ਸੀ ਤਾਂ ਉਸਨੇ ਬੜੀ ਕੋਮਲਤਾ ਨਾਲ ਮੇਰੇ ਕਸ਼ਮੀਰੀ ਸ਼ਾਲ ਬਾਰੇ ਪੁੱਛਿਆ, ਜੋ ਮੈਂ ਉੱਪਰ ਲਿਆ ਹੋਇਆ ਸੀ। ਤੇ ਫਿਰ ਕਿਹਾ, ‘ਮੇਰੀ ਤਮੰਨਾ ਹੈ ਕਿ ਮੈਂ ਆਪਣੀ ਬੀਵੀ ਲਈ ਅਜਿਹਾ ਸ਼ਾਲ ਖਰੀਦ ਸਕਦਾ।’ ਮੈਂ ਉਸਨੂੰ ਕਿਹਾ, “ਇਹੋ ਲੈ ਲਵੋ, ਮੈਂ ਹੋਰ ਲੈ ਲਵਾਂਗੀ।”

ਦੋਵੇਂ ਬਰਾਦਰੀਆਂ – ਹਿੰਦੂ ਤੇ ਮੁਸਲਮਾਨ – ਇੱਕੋ ਦੂਜੇ ਨੂੰ ਸਿਰਫ਼ ਘ੍ਰਿਣਾ ਹੀ ਨਹੀਂ ਕਰਦੇ। ਸ਼ਾਇਦ ਉਹਨਾਂ ਦਾ ਇਕ ਦੂਜੇ ਪ੍ਰਤੀ ਪਿਆਰ-ਘ੍ਰਿਣਾ ਦਾ ਰਿਸ਼ਤਾ ਹੈ।

ਭੱਲਾ :- ਜਦੋਂ ਕੁਝ ਸਾਲ ਪਹਿਲਾਂ ਮੈਂ ਪਾਕਿਸਤਾਨ ਵਿਚ ਸੀ, ਮੈਂ ਨਹੀਂ ਅਨੁਭਵ ਕੀਤਾ ਕਿ ਮੈਂ ਕਿਸੇ ਅਜੀਬ ਪਰਾਏ ਦੇਸ਼ ਵਿਚ ਹਾਂ। ਮੇਰੇ ਆਲੇ-ਦੁਆਲੇ ਹਰ ਚੀਜ਼ ਜਾਣੀ-ਪਛਾਣੀ ਲੱਗਦੀ ਸੀ। ਜਦੋਂ ਮੈਂ ਇੰਤਜ਼ਾਰ ਹੁਸੈਨ ਨੂੰ ਪੁੱਛਿਆ ਕਿ ਮੈਂ ਉਸ ਨੂੰ ਭਾਰਤ ਵਿਚੋਂ ਕਿਹੜੀ ਚੀਜ਼ ਭੇਜਾਂ, ਜੋ ਇਧਰ ਪਾਕਿਸਤਾਨ ਵਿਚ ਨਾ ਮਿਲਦੀ ਹੋਵੇ ਤਾਂ ਉਸਨੇ ਸਿਰਫ਼ ਹਿੰਦੂ ਪੁਸਤਕਾਂ ਬਾਰੇ ਪੁੱਛਿਆ।

ਸੋਬਤੀ :- ਕੀ ਤੂੰ “ਨਵਰਾਤਾ” ਨਾਂ ਦਾ ਨਾਵਲ ਕਿਤੇ ਤੱਕਿਆ ਹੈ, ਜੋ ਪਾਕਿਸਤਾਨ ਦੀ ਕਿਸੇ ਔਰਤ ਨੇ ਲਿਖਿਆ ਹੈ। ਇਹ ਹੈਰਾਨੀਜਨਕ ਕਿਤਾਬ ਹੈ। ਇਹ ਐਨੀ ਹਿੰਦੁਸਤਾਨੀ



ਕਿਤਾਬ ਹੈ ਕਿ ਮੈਂ ਹੈਰਾਨ ਪ੍ਰੇਸ਼ਾਨ ਹੋ ਗਈ ਸੀ।

ਐਪਰ ਦੋਵਾਂ ਬਰਾਦਰੀਆਂ ਦੇ ਆਪਸੀ ਰਿਸ਼ਤੇ ਬਾਰੇ ਸਭ ਤੋਂ ਮਹੱਤਵ ਵਾਲੀ ਤੇ ਡੂੰਘੀ ਟਿੱਪਣੀ ਇਹ ਹੈ ਕਿ ਰਾਹੀ ਮਾਸੂਮ ਰਜ਼ਾ ਨੇ ਟੀ. ਵੀ. ਲਈ ਮਹਾਭਾਰਤ ਦਾ ਸਕਰਿਪਟ ਲਿਖਿਆ ਸੀ। ਇਹ ਮੇਰੇ ਖ਼ਿਆਲ ਵਿਚ ਇੱਕ ਮਹਾਨਤਮ ਘਟਨਾ ਸਮਝਣੀ ਚਾਹੀਦੀ ਹੈ। ਇਸਨੇ ਸਾਰੇ ਤਫਰਕਾਤ ਧੋ ਸੁੱਟੇ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਕਿੰਨੀ ਡੂੰਘਾਈ ਨਾਲ ਉਸਨੇ ਸਾਡੇ ਸੱਭਿਆਚਾਰ ਨੂੰ ਗ੍ਰਹਿਣ ਕੀਤਾ ਤੇ ਕਿੰਨੀ ਡੂੰਘਾਈ ਨਾਲ ਉਹ ਖ਼ੁਦ ਇਸ ਵਿਚ ਸਮੋ ਗਿਆ ਹੈ।

ਕਈ ਖੇਤਰਾਂ ਵਿਚ ਇਹੋ ਗੱਲ ਇੰਤਜ਼ਾਰ ਹੁਸੈਨ ਬਾਰੇ ਵੀ ਸੱਚ ਹੈ।

ਭੱਲਾ :- ਮੈਂ ਇੰਤਜ਼ਾਰ ਹੁਸੈਨ ਦੇ ਬੁੱਧ ਬਾਰੇ ਡੂੰਘੇ ਗਿਆਨ ਤੋਂ ਹੈਰਾਨ ਹਾਂ ਤੇ ਭਾਰਤੀ ਬੀਰ-ਕਥਾਵਾਂ ਬਾਰੇ ਉਹ ਏਨਾ ਕੁਝ ਜਾਣਦਾ ਹੈ? ਉਹ ਸਾਡੇ ਇਥੋਂ ਦੇ ਲੋਕਾਂ ਨਾਲੋਂ ਉਹਨਾਂ ਬਾਰੇ ਕਿਤੇ ਵਧੇਰੇ ਜਾਣਦਾ ਹੈ।

ਸੋਬਤੀ :- ਇਹ ਉਸਦੀਆਂ ਕਹਾਣੀਆਂ ਦੀ ਬੁਣਤਰ ਦਾ ਭਾਗ ਹੈ। ਉਹ ਇਨ੍ਹਾਂ ਨੂੰ ਲਾਪ੍ਰਵਾਹੀ ਨਾਲ ਨਹੀਂ ਵਰਤਦਾ। ਮੈਂ ਚਾਹੁੰਦੀ ਹਾਂ ਕਿ ਮੈਂ ਇੰਤਜ਼ਾਰ ਹੁਸੈਨ ਨੂੰ ਆਪਣੇ ਨਾਵਲ ‘ਜ਼ਿੰਦਗੀਨਾਮਾ’ ਤੇ ‘ਦਿਲੋਂ-ਦਾਨਸ਼’ ਦੀਆਂ ਕਾਪੀਆਂ ਭੇਜ ਸਕਦੀ।

ਜਦੋਂ ਮੈਂ ਲਾਹੌਰ ਬਾਰੇ ਸੋਚਦੀ ਹਾਂ ਤਾਂ ਮੈਂ ਵੰਡ ਤੋਂ ਪਹਿਲਾਂ ਦੇ ਆਪਣੇ ਜਵਾਨੀ ਦੇ ਦਿਨਾਂ ਬਾਰੇ ਸੋਚਣ ਲੱਗਦੀ ਹਾਂ। ਜੀਵਨ ਉਸ ਵੇਲੇ ਕਿੰਨਾ ਰੋਮਾਂਚਕ, ਸੁਸਤ, ਡੂੰਘਾ ਤੇ ਸੁੰਦਰ ਸੀ। ਸੱਚੀਂ ਹੀ ਉਹ ਚੰਗੇ ਦਿਨ ਸਨ, ਮਹਾਨ ਦਿਨ ਸਨ।

ਭੱਲਾ :- ਤੁਹਾਡੀ ਆਪਣੀ ਰ ਜਨੀਤੀ ਵਰਗੇ? (ਹੱਸਦਾ ਹੈ) ਤੁਹਾਨੂੰ ਉੱਤਰ ਦੇਣ ਦੀ ਲੋੜ ਹੀ ਨਹੀਂ।

(ਹਿੰਦੀ ’ਚ ਮਾਸਿਕ ਪੱਤ੍ਰਿਕਾ ਸਤੰਬਰ 2000 ਵਿਚੋਂ ਧੰਨਵਾਦ ਸਹਿਤ, ਅੰਗਰੇਜ਼ੀ ਦਾ ਪੰਜਾਬੀ ਅਨੁਵਾਦ)

ਨੋਟ :- ਸ਼੍ਰੀ ਅਸ਼ੋਕ ਭੱਲਾ ਸੈਂਟਰਲ ਇਨਸਟੀਚਿਊਟ ਫਾਰ ਇੰਗਲਿਸ਼ ਐਂਡ ਫਾਰਨ ਲੈਂਗੂਏਜ਼ ਹੈਦਰਾਬਾਦ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਹਨ ਤੇ ਪ੍ਰਸਿੱਧ ਲੇਖਕ ਹਨ। ਇਹ ਇੰਟਰਵਿਊ ਉਹਨਾਂ ਨੇ ਸ਼ਿਮਲੇ ਵਿਚ ਮਿਤੀ 3-10-1996 ਹਿੰਦੀ ਵਿਚ ਕੀਤਾ ਸੀ। ਜਿਹੜਾ ਬਾਅਦ ਵਿਚ ਅੰਗਰੇਜ਼ੀ ਵਿਚ ਅਨੁਵਾਦ ਹੋਇਆ। ਕ੍ਰਿਸ਼ਨਾ ਸੋਬਤੀ ਹਿੰਦੀ ਦੇ ਪ੍ਰਸਿੱਧ ਗਲਪਕਾਰ ਸਨ, ਜਿਨ੍ਹਾਂ ਨੂੰ ‘ਜ਼ਿੰਦਗੀਨਾਮਾ’ ਨਾਵਲ ਲਿਖਣ ਲਈ 1980 ਵਿਚ ਸਾਹਿਤ ਅਕਾਡਮੀ ਪੁਰਸਕਾਰ ਮਿਲਿਆ ਸੀ। ਉਹ ਹਿੰਦੀ ਵਿਚ ਲਿਖਣ ਵਾਲੀ ਪੰਜਾਬਣ ਸੀ, ਜਿਸਦਾ ਜਨਮ 18 ਫਰਵਰੀ 1925 ਨੂੰ ਗੁਜਰਾਤ (ਪਾਕਿਸਤਾਨ) ਵਿਚ ਹੋਇਆ ਸੀ। [redacted]। •

(ਪੰਜਾਬੀ ਅਨੁਵਾਦ – ਹਰਭਜਨ ਸਿੰਘ ਹੁੰਦਲ)

# ਪਾਕਿਸਤਾਨ ਦੀ ਸਥਾਪਨਾ ਤੇ ਦੇਸ਼ ਦੀ ਵੰਡ

**- ਤਾਰਕ ਅਲੀ**

ਤਾਰਕ ਅਲੀ ਪੰਜਾਬੀ ਮੁਸਲਮਾਨ ਹੈ, ਜੋ ਪੱਕੇ ਤੌਰ ਤੇ ਯੂ. ਕੇ. ਵਿਚ ਰਹਿ ਰਿਹਾ ਹੈ। ਉਹ ਇੱਕ ਨਾਵਲਕਾਰ, ਨਾਟਕ ਲੇਖਕ, ਫਿਲਮ-ਨਿਰਮਾਤਾ ਅਤੇ ਵਿਸ਼ਵ ਇਤਿਹਾਸ ਤੇ ਰਾਜਨੀਤੀ ਬਾਰੇ ਦਰਜਨ ਦੇ ਕਰੀਬ ਪੁਸਤਕਾਂ ਦੇ ਲੇਖਕ ਹੋਣ ਤੋਂ ਬਿਨਾਂ ਉੱਘਾ ਮਾਰਕਸਵਾਦੀ ਚਿੰਤਕ ਤੇ ਪੱਤਰਕਾਰ ਹੈ। ਉਹ ਅੱਜ ਕੱਲ੍ਹ ਵਿਸ਼ਵ ਪ੍ਰਸਿੱਧ ਤ੍ਰੈ-ਮਾਸਿਕ ਪੱਤ੍ਰਿਕਾ New Left Review ਦਾ ਮੁੱਖ ਸੰਪਾਦਕ ਹੈ। ਪੇਸ਼ ਵਿਚਾਰ ਉਸ ਦੀ ਪੁਸਤਕ Speaking of Empire & Resistance ਵਿਚੋਂ ਲਏ ਗਏ ਹਨ। ਇਹ ਪੁਸਤਕ ਸਵਾਲ ਜਵਾਬਾਂ ਦੀ ਵਿਧੀ ਵਿਚ ਲਿਖੀ ਗਈ ਸੀ। ਸਵਾਲ ਡੇਵਿਡ ਬਾਰਸਾ ਮਿਆਨ ਨੇ ਪੁੱਛੇ ਸਨ। ਭਾਰਤ ਵਿਚ ਇਹ ਪੁਸਤਕ 'ਦਾਨਿਸ਼' ਪ੍ਰਕਾਸ਼ਨ ਨੇ ਛਾਪੀ ਸੀ। ਧੰਨਵਾਦ ਸਹਿਤ ਇਹ ਸਬੰਧਤ ਪ੍ਰਸ਼ਨ ਅੰਗਰੇਜ਼ੀ ਵਿਚੋਂ ਅਨੁਵਾਦ ਕਰਕੇ ਛਾਪੇ ਜਾ ਰਹੇ ਹਨ। - ਸੰਪਾਦਕੀ ਮੰਡਲ

? ਆਓ ਪਾਕਿਸਤਾਨ ਦੀ ਉਤਪਤੀ ਵੱਲ ਵਾਪਸ ਮੁੜੀਏ। ਇਹ ਸੰਸਾਰ ਦੇ ਸਭ ਤੋਂ ਵੱਡੇ ਮੁਸਲਮ ਦੇਸ਼ਾਂ ਵਿਚੋਂ ਇੱਕ ਹੈ। ਇਸਦੀ ਕੁੱਲ ਆਬਾਦੀ ਪੰਦਰਾਂ ਕਰੋੜ ਦੇ ਕਰੀਬ ਹੈ। ਦੋ ਕੁੰਜੀ-ਵੱਤ ਇਸ ਦੀਆਂ ਸ਼ਖ਼ਸੀਅਤਾਂ ਮੁਹੰਮਦ ਇਕਬਾਲ ਤੇ ਮੁਹੰਮਦ ਅਲੀ ਜਨਾਹ ਹਨ। ਇਕਬਾਲ ਤੋਂ ਗੱਲ ਸ਼ੁਰੂ ਕਰੋ। ਉਹ 1873 ਵਿਚ ਜੰਮਿਆ ਸੀ ਤੇ 1938 ਵਿਚ ਫੌਤ ਹੋਇਆ। ਉਹ ਮਹੱਤਵਪੂਰਨ ਕਿਉਂ ਸੀ ਤੇ ਉਸਨੇ ਦੱਖਣੀ ਏਸ਼ੀਆ ਦੀ ਮੁਸਲਮ ਚੇਤਨਾ ਨੂੰ ਪ੍ਰਭਾਵਿਤ ਕਰਨ ਲਈ ਕੀ ਕਰਤੱਵ ਨਿਭਾਇਆ?

ਤਾਰਕ ਅਲੀ :- ਮੇਰਾ ਖ਼ਿਆਲ ਹੈ ਕਿ ਸਾਨੂੰ ਮੁਗਲ-ਰਾਜ ਤੀਕਰ ਪਿੱਛੇ ਜਾਣਾ ਪਵੇਗਾ, ਜਿਹੜਾ ਕਿ ਸੋਲ੍ਹਵੀ ਸਦੀਂ ਤੋਂ ਅਠ੍ਹਾਰਵੀਂ ਸਦੀ ਤੀਕ ਰਿਹਾ। ਸੈਂਕੜੇ ਹੀ ਸਾਲਾਂ ਦੇ ਮੁਗਲ-ਰਾਜ ਨੇ ਇੱਕ ਸ੍ਰੇਸ਼ਟ ਵਰਗ ਪੈਦਾ ਕਰ ਦਿੱਤਾ ਸੀ। ਮੋਟੇ ਤੌਰ ਤੇ ਇਹ ਮਿਲਿਆ-ਜੁਲਿਆ ਸੀ, ਪਰ ਨਿਰਸੰਦੇਹ ਮੁਸਲਮਾਨ ਹਾਕਮ-ਜਮਾਤ ਸੀ। ਉਹ ਮੁਸਲਮਾਨ ਬਾਦਸ਼ਾਹ ਸਨ, ਪਰ ਉਹ ਹਿੰਦੂਆਂ ਤੇ ਪਿੱਛੋਂ ਸਿੱਖਾਂ ਦੇ ਨਾਲ ਰਲਕੇ ਰਾਜ ਕਰਦੇ ਸੀ। ਇਥੋਂ ਤੀਕ ਔਰੰਗਜ਼ੇਬ ਜੋ ਸਭ ਤੋਂ ਵੱਧ ਮੁਗਲਾਂ ਵਿਚੋਂ ਪਸਚਾਤਾਪੀ ਸੁਭਾਅ ਦਾ ਮੁਗਲ ਹਾਕਮ ਸੀ, ਦੇ ਸਾਰੇ ਹੀ ਜਰਨੈਲ ਹਿੰਦੂ ਸਨ। ਉਸਦਾ ਇਹ ਪਸ਼ਚਾਤਾਪਵਾਦ ਨਹੀਂ, ਜੋ ਠੋਸਿਆ ਗਿਆ ਤੇ ਵੱਡੀ ਗਿਣਤੀ ਵਿਚ ਹਿੰਦੂ ਮੁਸਲਮਾਨ ਬਣ ਗਏ, ਸਗੋਂ ਏਨੀ ਵੱਡੀ ਗਿਣਤੀ ਵਿਚ ਮੁਸਲਮਾਨ ਹਿੰਦੂ, ਜ਼ਾਤਪਾਤ ਦੇ ਪ੍ਰਤੀਕਰਮ ਵਜੋਂ ਬਣੇ ਸਨ। ਕਾਗਜ਼ਾਂ ਵਿਚ ਜੇ ਤੁਸੀਂ ਇੱਕ ਵਾਰ ਮੁਸਲਮਾਨ ਬਣ ਗਏ ਤਾਂ ਖ਼ੁਦਾ ਸਾਹਮਣੇ ਬਰਾਬਰ ਹੋ, ਕਿਉਂਕਿ ਇਸਲਾਮ ਵਿਚ ਜਾਤ ਦੇ ਤੌਰ ਤੇ ਕੋਈ ਵਿਤਕਰੇ ਨਹੀਂ ਹਨ। ਬਹੁਤ ਸਾਰੇ ਲੋਕ ਧਰਮ ਬਦਲ ਗਏ ਤੇ ਇਸਲਾਮ ਭਾਵੇਂ ਘੱਟ ਗਿਣਤੀ ਵਿਚ ਸੀ, ਭਾਰਤ ਵਿਚ ਇੱਕ ਮੁੱਖ ਤਾਕਤ ਬਣ ਗਿਆ।



ਬਰਤਾਨੀਆ ਦੇ ਪ੍ਰਵੇਸ਼ ਤੇ ਮੁਗਲ ਰਾਜ ਦੇ ਖ਼ਾਤਮੇ ਨਾਲ, ਵੱਡੀ ਗਿਣਤੀ ਵਿਚ ਕਾਤਿਬ ਸੁਲੇਖਕ (ਖ਼ੁਸ਼ਖਤੀ ਵਾਲੇ) ਤੇ ਸ਼ਿਲਪੀ ਜੋ ਦਰਬਾਰ ਦੇ ਲਾਗੇ ਚਾਗੇ ਕੰਮ ਕਰਦੇ ਸਨ, ਆਪਣੀ ਰੋਟੀ ਰੋਜ਼ੀ ਗਵਾ ਬੈਠੇ ਤੇ ਮੁਗਲ ਸ੍ਰੇਸ਼ਟ ਵਰਗ ਵੀ ਤਬਾਹ ਹੋ ਗਿਆ। ਹੌਲੀ-ਹੌਲੀ ਇਹ ਖ਼ਿਆਲ ਭਾਰੂ ਹੋ ਗਿਆ ਕਿ ਮੁਸਲਮਾਨ ਉੱਜੜ ਗਏ ਤੇ ਉਨ੍ਹਾਂ ਦੇ ਪੱਲੇ ਕੁਝ ਨਹੀਂ ਰਹਿ ਗਿਆ। ਅੰਗਰੇਜ਼ਾਂ ਨੇ ਵੀ ਉਹਨਾਂ ਨਾਲ ਚੰਗਾ ਵਿਹਾਰ ਨਾ ਕੀਤਾ, ਜਿਸਦੇ ਸਿੱਟੇ ਵਜੋਂ ਅੰਗਰੇਜ਼ੀ ਰਾਜ ਵਿਰੁੱਧ 1857 ਵਿਚ ਵਿਦਰੋਹ ਫੈਲ ਗਿਆ, ਜਿਹੜਾ ਸਫਲਤਾ ਦੇ ਨੇੜੇ ਪਹੁੰਚ ਗਿਆ ਸੀ। ਮਿਸਾਲ ਵਜੋਂ ਕਈ ਇਲਾਕਿਆਂ ਵਿਚ ਅੰਗਰੇਜ਼ਾਂ ਨੂੰ ਹਾਰ ਹੋਈ। ਪਰ ਇਹ ਬਰਤਾਨਵੀ ਤਕਨਾਲੋਜੀ ਤੇ ਨਾਲ ਹੀ ਉਹ ਬਹੁਤ ਸਾਰੇ ਦੇਸੀ ਤੱਤਾਂ ਨੂੰ ਆਪਣੇ ਨਾਲ ਜੋੜ ਸਕੇ, ਜਿਸ ਨਾਲ ਉਹ ਅਖ਼ੀਰ ਉੱਤੇ ਜੇਤੂ ਰਹੇ। ਇਸ ਨਾਲ ਮੁਸਲਮਾਨਾਂ ਉੱਤੇ ਡੂੰਘਾ ਪ੍ਰਭਾਵ ਪਿਆ।

ਹੌਲੀ-ਹੌਲੀ ਮੁਸਲਮਾਨ ਬਰਾਦਰੀ ਵਿਚ ਕੁਝ ਤਬਕੇ ਆਧੁਨਿਕਤਾ ਨੂੰ ਗ੍ਰਹਿਣ ਕਰਨ ਲੱਗੇ ਤੇ ਪੱਛਮ ਵੱਲ ਝਾਕਣ ਲੱਗੇ ਤਾਂ ਕਿ ਉਥੋਂ ਕੁਝ ਸਿੱਖ ਸਕਣ। ਸਰ ਸੱਯਦ ਅਹਿਮਦ ਖਾਨ ਇਹਨਾਂ ਵਿਚੋਂ ਇੱਕ ਸੀ। ਮੁਹੰਮਦ ਇਕਬਾਲ, ਜਿਸ ਬਾਰੇ ਤੁਸਾਂ ਮੈਨੂੰ ਪੁੱਛਿਆ ਹੈ, ਭਾਰਤੀ ਉਪ-ਮਹਾਂਦੀਪ ਦੇ ਕਵੀਆਂ ਵਿਚੋਂ ਇੱਕ ਮਹਾਨ ਕਵੀ ਸੀ। ਆਰੰਭ ਵਿਚ ਇਕਬਾਲ ਮਿਸ਼ਰਤ ਸਭਿਆਚਾਰ ਵਿਚ ਵਿਸ਼ਵਾਸ ਰੱਖਦਾ ਸੀ। ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ ਤੇ ਬੋਧੀ ਮਿਲੇ ਗਿਲੇ ਸਨ ਤੇ ਇਹ ਆਜ਼ਾਦ ਭਾਰਤ ਲਈ ਲੜਦੇ ਸਨ। ਅਸਲ ਵਿਚ ਉਸਨੇ ਭਾਰਤ ਦਾ ਕੌਮੀ ਗੀਤ 'ਤਰਾਨਾ-ਏ-ਹਿੰਦੀ' ਲਿਖਿਆ ਸੀ। "ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ" ਇਹ ਅਜੇ ਵੀ ਭਾਰਤ ਦੇ ਕਈ ਹਿੱਸਿਆਂ ਵਿਚ ਗਾਇਆ ਜਾਂਦਾ ਹੈ ਕਿਉਂਕਿ ਇਹ ਭਾਰਤ ਦੀ ਕੌਮੀ ਲਹਿਰ ਦਾ ਗੀਤ ਬਣ ਗਿਆ ਸੀ। ਇਕਬਾਲ ਤੇ ਹੋਰ ਲੋਕ ਉਸ ਸਮੇਂ ਬੜੇ ਚਿੰਤਤ ਹੋ ਗਏ, ਜਦੋਂ ਉਹਨਾਂ ਵੇਖਿਆ ਕਿ ਮਹਾਤਮਾ ਗਾਂਧੀ ਨੇ ਭਾਵੇਂ ਕਿ ਉਹ ਇਕੱਲਾ ਮਨੁੱਖ ਸੀ, ਬਹੁਤ ਸਾਰੇ ਹਿੰਦੂ ਚਿੰਨ੍ਹ, ਭਾਰਤੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਵਰਤਣੇ ਆਰੰਭ ਕਰ ਦਿੱਤੇ। ਮੁਸਲਮਾਨਾਂ ਦੇ ਕੁਝ ਇੱਕ ਰਾਜਸੀ ਆਗੂਆਂ ਦੇ ਇੱਕ ਗਰੁੱਪ ਨੇ ਜਿਨ੍ਹਾਂ ਵਿਚ ਇਕਬਾਲ ਤੇ ਮੁਹੰਮਦ ਅਲੀ ਜਿਨਾਹ, ਜੋ ਪਾਕਿਸਤਾਨ ਦਾ ਜਨਮਦਾਤਾ ਸੀ, ਨੇ ਇਸਦੇ ਵਿਰੁੱਧ ਤਿੱਖੀ ਪ੍ਰਤੀਕਿਰਿਆ ਪ੍ਰਗਟ ਕੀਤੀ। ਉਹਨਾਂ ਆਖਿਆ, "ਸਾਡੇ ਪਹਿਲਾਂ ਤੇ ਕਦੇ ਇੰਝ ਨਹੀਂ ਸੀ ਹੋਇਆ। ਗਾਂਧੀ ਕਿਉਂ ਰਾਮ-ਰਾਜ ਤੇ ਅਜਿਹੀਆਂ ਹੋਰ ਗੱਲਾਂ ਕਰ ਰਿਹਾ ਹੈ? ਅਚਾਨਕ ਹੀ ਉਹਨਾਂ ਅਨੁਭਵ ਕੀਤਾ ਕਿ ਸਰਕਾਰ ਨੇ ਦੋਹਾਂ ਬਰਾਦਰੀਆਂ ਵਿਚ ਮੁਕਾਬਲਾ ਸ਼ੁਰੂ ਕਰ ਦਿੱਤਾ ਹੈ।

ਮੁਸਲਮ ਲੀਗ 1906 ਵਿਚ ਅੰਗਰੇਜ਼ੀ ਹਾਕਮਾਂ ਦੇ ਉੱਦਮ ਨਾਲ ਬਣਾਈ ਗਈ ਸੀ।

ਜੇ ਤੁਸੀਂ ਮੁਸਲਮ ਲੀਗ ਦੀ ਨੀਂਹ ਰੱਖਣ ਵਾਲੀ ਦਸਤਾਵੇਜ਼ ਨੂੰ ਦੇਖੋ ਤਾਂ ਇਸ ਲਿਖਿਆ ਹੈ - "ਅਸੀਂ ਭਾਰਤ ਦੇ ਪ੍ਰਮੁੱਖ ਮੁਸਲਮਾਨ ਰਾਜੇ, ਤੁਅੱਕਦਾਰਾਂ ਅਤੇ ਜ਼ਿਮੀਂਦਾਰਾਂ ਨੇ ਇਹ ਜਥੇਬੰਦੀ ਬਰਤਾਨਵੀ ਸਲਤਨਤ ਪ੍ਰਤੀ ਵਫ਼ਾਦਾਰੀ ਦੀ ਭਾ ਪ੍ਰਗਟ ਕਰਨ ਲਈ ਬਣਾਈ ਹੈ।" ਇਹ ਮੁਸਲਮ ਲੀਗ ਦੀ ਨੀਂਹ ਰੱਖਣ ਵ ਦਸਤਾਵੇਜ਼ ਹੈ। ਇਹ ਰਾਸ਼ਟਰਵਾਦ ਨੂੰ ਚੁਣੌਤੀ ਦੇਣ ਲਈ ਬਣਾਈ ਗਈ ਸੀ। ਤ ਅਤੇ ਨਹਿਰੂ ਨੇ, ਪਟੇਲ ਦੀ ਗੱਲ ਛੱਡੋ, ਮੇਰੀ ਰਾਏ ਅਨੁਸਾਰ ਮੁਸਲਮਾਨਾਂ ਦੇ ਭਾਗ ਨੂੰ ਜਿਨ੍ਹਾਂ ਨੂੰ ਇਕੱਠੇ ਰੱਖਿਆ ਜਾ ਸਕਦਾ ਸੀ, ਨੂੰ ਵਿਰੋਧਤਾ ਕਰਨ ਕਾਫ਼ੀ ਗ਼ਲਤੀਆਂ ਕੀਤੀਆਂ, ਭਾਵੇਂ ਕਿ ਇਸਦਾ ਅਰਥ ਰਿਆਇਤ, ਰਿਆਇਤਾਂ ਦੇਣਾ ਸੀ। ਇਹ ਕੁਝ ਇੰਝ ਨਾ ਹੋਇਆ। ਇਕਬਾਲ ਨੇ ਭਾਰਤ ਮੁਸਲਮਾਨ ਕੌਮ ਦਾ ਵਿਚਾਰ ਪੈਦਾ ਕੀਤਾ। ਉਸਦਾ ਸਿਧਾਂਤ ਸੀ ਕਿ ਅਸੀਂ ਦੋ ਹਾਂ। ਪਰ ਨਾਲ ਹੀ ਉਹ ਅੰਦਰੂਨੀ ਸ਼੍ਰੇਣਕ ਵੰਡਾਂ ਪ੍ਰਤੀ ਵੀ ਚੇਤੰਨ ਰਿਹਾ। ਇਹ ਉਸਦੇ ਮਾਣ ਵਿਚ ਜਾਂਦੀ ਹੈ ਕਿ ਇਕਬਾਲ, ਇੱਕ ਕਵੀ- ਇਹ ਕਦੇ ਨਾ ਭੁੱ ਕਿ ਮੁਸਲਮਾਨਾਂ ਤੇ ਹਿੰਦੂਆਂ ਵਿਚ ਪਾੜੇ ਦੇ ਬਾਵਜੂਦ, ਭਾਰਤ ਵਿਚ ਅਸਲ ਕਿਸਾਨਾਂ ਤੇ ਜਾਗੀਰਦਾਰਾਂ ਵਿਚਕਾਰ ਹੈ। ਜੋ ਵਿਹਾਰ ਕਿਸਾਨਾਂ ਨਾਲ ਜਾਗੀ ਕਰਦੇ ਸੀ, ਉਹ ਉਸ ਤੋਂ ਸਦਮਾ ਅਨੁਭਵ ਕਰਦਾ ਸੀ ਤੇ ਉਸਨੇ ਇਹ ਸ਼ਕਤੀ ਕਵਿਤਾ ਲਿਖੀ। ਮੇਰਾ ਖ਼ਿਆਲ ਹੈ ਕਿ ਇਸ ਦਾ ਨਾਂ ਹੈ। "ਲੈਨਿਨ ਦਾ ਖ਼ੁਦਾ ਇੰਟਰਵਿਊ" ਲੈਨਿਨ ਮਰ ਜਾਂਦਾ ਹੈ ਤੇ ਕਵਿਤਾ ਵਿਚ ਉਹ ਸਵਰਗ ਵਿਚ ਜਾਂ ਤੇ ਖ਼ੁਦਾ ਉਸਨੂੰ ਆਖਦਾ ਹੈ, "ਲੈਨਿਨ ਤੈਨੂੰ ਵੇਖਕੇ ਖ਼ੁਸ਼ੀ ਹੋਈ। ਤੂੰ ਧਰਤੀ ਐਨੀ ਮੁਸ਼ਕਿਲ ਕਿਉਂ ਪੈਦਾ ਕਰ ਰਿਹਾ ਹੈ?" ਲੈਨਿਨ ਖ਼ੁਦਾ ਨੂੰ ਸਪੱਸ਼ਟੀਕਰਨ ਹੈ ਤੇ ਆਖਦਾ ਹੈ, "ਯਾ ਖ਼ੁਦਾ! ਕੀ ਤੈਨੂੰ ਪਤਾ ਨਹੀ ਕਿ ਅਸਲੀ ਜ਼ਿੰਦਗੀ ਕਿਸ ਦੀ ਹੈ। ਦੁੱਖਾਂ ਭਰੀ ਤੇ ਖ਼ੁਦਾ ਫਿਰ ਅਜ਼ਰਾਈਲ ਫਰਿਸ਼ਤੇ ਨੂੰ ਹਦਾਇਤ ਦਿੰਦਾ ਜਿਹੜੀ ਹਦਾਇਤ ਕਿ ਭਾਰਤੀ ਕਵਿਤਾ ਦੀ ਕਲਾਸਿਕ ਪੱਧਰ ਦੀ ਕਾਵਿ-ਕੰ ਹੈ। ਇਹ ਉਰਦੂ ਜ਼ੁਬਾਨ ਵਿਚ ਹੈ -

**ਉਠੋ ਮੇਰੀ ਦੁਨੀਆਂ ਕੇ ਗਰੀਬੋਂ ਕੋ ਜਗਾ ਦੋ**
**ਕਾਖੇ ਉਮਰਾਂ ਕੇ ਦਰੋਂ-ਦੀਵਾਰ ਕੋ ਹਿਲਾ ਦੋ।**
**ਜਿਸ ਖੇਤ ਸੇ ਦਹਿਕਾਨ ਕੋ ਮੁਯੱਸਰ ਨਾ ਹੋ ਰੋਟੀ**
**ਉਸ ਖੇਤ ਕੇ ਹਰ ਗੋਸ਼ਾ-ਏ-ਗੰਦਮ ਕੋ ਜਲਾ ਦੋ।**

ਇਹ ਵਿਸ਼ੇਸ਼ ਨਜ਼ਮ ਤਰੱਕੀ ਪਸੰਦ ਲਹਿਰ ਦੀ ਖਾਸ ਪਸੰਦ ਬਣ ਗਈ ਸੀ। ਮੈਨੂੰ ਹੈ ਕਿ ਪੁਰਾਣੇ ਕਿਸਾਨ ਲੀਡਰ ਦੱਸਦੇ ਹੁੰਦੇ ਸੀ ਕਿ ਜਦੋਂ ਇਹ ਸੁਣਾਈ ਜਾਂਦੀ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਸੀ। ਇਹੀ ਸ਼ਾਇਰ ਸੀ, ਜਿਸਨੇ ਨ



ਕਿਹਾ ਸੀ ਕਿ ਮੁਸਲਮਾਨਾਂ ਲਈ ਵੱਖਰੀ ਧਰਤੀ ਚਾਹੀਦੀ ਸੀ। ਆਰੰਭ ਵਿਚ ਇਸ ਬਾਰੇ ਆਮ ਮੁਸਲਮਾਨਾਂ ਵਿਚ ਕੋਈ ਉਤਸ਼ਾਹ ਨਹੀਂ ਸੀ। ਦੇਸ਼ ਦੇ ਜਿਨ੍ਹਾਂ ਹਿੱਸਿਆਂ ਵਿਚ ਵਧੇਰੇ ਗਿਣਤੀ ਵਿਚ ਮੁਸਲਿਮ ਆਬਾਦੀ ਸੀ, ਜਿਵੇਂ ਉੱਤਰ ਪੱਛਮੀ ਸਰਹੱਦੀ ਸੂਬਾ, ਬਲੋਚਿਸਤਾਨ ਤੇ ਪੰਜਾਬ, ਜੋ ਬਰਾਬਰ ਵੰਡਿਆ ਹੋਇਆ ਸੀ। ਉਥੇ ਪਾਕਿਸਤਾਨ ਲਈ ਵੱਡਾ ਜੋਸ਼ ਨਹੀਂ ਸੀ। ਉਤਸ਼ਾਹ ਭਾਰਤ ਦੇ ਉਨ੍ਹਾਂ ਸੂਬਿਆਂ ਵਿਚੋਂ ਆਇਆ ਸੀ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿਚ ਸਨ। ਖ਼ਾਸ ਤੌਰ ਤੇ ਕੇਂਦਰੀ ਭਾਰਤ, ਉੱਤਰ ਪ੍ਰਦੇਸ਼, ਜਿਥੇ ਮੁਸਲਮਾਨ ਜਾਗੀਰਦਾਰਾਂ ਅਤੇ ਬੁੱਧੀਜੀਵੀਆਂ ਨੂੰ ਡਰ ਸੀ ਕਿ ਆਜ਼ਾਦ ਭਾਰਤ ਵਿਚ ਉਨ੍ਹਾਂ ਉੱਤੇ ਹਿੰਦੂ ਗਲਬਾ ਭਾਰੂ ਹੋ ਜਾਵੇਗਾ। ਉਨ੍ਹਾਂ ਇਹ ਅਨੁਭਵ ਨਾ ਕੀਤਾ ਕਿ ਉਨ੍ਹਾਂ ਉੱਤੇ ਕਿਸੇ ਦੇ ਭਾਰੂ ਹੋਣ ਦੀ ਸੰਭਾਵਨਾ ਨਹੀਂ ਸੀ, ਜੇ ਮੁਸਲਮਾਨਾਂ ਵਾਲੇ ਵੱਡੇ ਸੂਬੇ ਭਾਰਤੀ ਫੈਡਰੇਸ਼ਨ ਦਾ ਭਾਗ ਬਣ ਗਏ ਹੁੰਦੇ।

ਪਾਕਿਸਤਾਨ ਦੀ ਸਥਾਪਨਾ ਵਿਚ ਜੋ ਫੈਸਲਾਕੁੰਨ ਗੱਲ ਸੀ, ਉਸਦਾ ਮੁਸਲਮਾਨਾਂ ਦੀਆਂ ਅਸਲੀ ਲੋੜਾਂ ਨਾਲ ਕੋਈ ਵਾਸਤਾ ਨਹੀਂ ਸੀ। ਪਰ ਇਸਦਾ ਦੂਸਰੀ ਵਿਸ਼ਵ-ਜੰਗ ਨਾਲ ਕਾਫ਼ੀ ਵਾਸਤਾ ਸੀ। ਜੰਗ ਸਮੇਂ, ਗਾਂਧੀ ਦਾ ਸਿਰ ਫਿਰ ਗਿਆ ਸੀ। ਸਿੰਘਾਪੁਰ ਦੀ ਹਾਰ ਤੋਂ ਬਾਅਦ ਉਸ ਸੋਚਿਆ ਕਿ ਬਰਤਾਨਵੀ ਸਲਤਨਤ ਖ਼ਤਮ ਹੈ, ਤੇ ਜਾਪਾਨੀ ਆਉਣ ਵਾਲੇ ਹਨ। ਇਹ ਉਸ ਵਲੋਂ ਬੜਾ ਸਨਕੀ ਭਾਂਤ ਦਾ ਵਿਵਹਾਰ ਸੀ। ਉਸਨੇ ਸੋਚਿਆ ਕਿ ਜਾਪਾਨੀਆਂ ਦੇ ਆਉਣ ਦੇ ਪ੍ਰਸੰਗ ਵਿਚ, ਉਸਨੂੰ ਅਜਿਹਾ ਅੰਦੋਲਨ ਸ਼ੁਰੂ ਕਰਨਾ ਚਾਹੀਦਾ ਹੈ, ਜਿਸ ਰਾਹੀਂ ਉਹ ਜਾਪਾਨੀਆਂ ਨਾਲ ਗੱਲਬਾਤ ਕਰ ਸਕੇ। ਸੋ ਗਾਂਧੀ ਨੇ 1942 ਵਿਚ 'ਭਾਰਤ ਛੱਡ ਜਾਓ' ਅੰਦੋਲਨ ਚਲਾ ਦਿੱਤਾ। ਅੰਗਰੇਜ਼ ਹਿੱਲ ਗਏ, ਕਿਉਂਕਿ ਇਸ ਤੋਂ ਪਹਿਲਾਂ ਭਾਰਤੀ ਆਪਣੇ ਜੇਤੂਆਂ ਨਾਲ ਗੁਫ਼ਤਗੂ ਚਲਾ ਰਹੇ ਸੀ। ਨਹਿਰੂ ਦੀ ਅਵਸਥਾ ਬੜੀ ਦਿਲਚਸਪ ਸੀ। ਉਸਨੇ ਕਿਹਾ ਕਿ ਭਾਰਤ ਦੂਸਰੀ ਸੰਸਾਰ ਜੰਗ ਵਿਚ ਇਤਿਹਾਦੀਆਂ ਦੀ ਸਹਾਇਤਾ ਕਰੇਗਾ ਕਿਉਂਕਿ ਫਾਸ਼ੀਵਾਦ ਅਸਲ ਦੁਸ਼ਮਣ ਹੈ। ਐਪਰ ਸਿਰਫ਼ ਆਜ਼ਾਦ ਭਾਰਤ ਹੀ ਇਹ ਫੈਸਲਾ ਕਰ ਸਕਦਾ ਹੈ ਤੇ ਇਹ ਫੈਸਲਾ ਠੋਸਿਆ ਨਹੀਂ ਜਾ ਸਕਦਾ। ਜੇ ਤੁਸੀਂ ਹੁਣ ਇਥੋਂ ਤੁਰ ਜਾਓ ਤੇ ਭਾਰਤ ਨੂੰ ਆਜ਼ਾਦੀ ਦੇ ਦਿਉ, "ਨਹਿਰੂ ਨੇ ਕਿਹਾ, ਭਾਰਤ ਜੰਗ ਵਿਚ ਤੁਹਾਡੀ ਸਹਾਇਤਾ ਦਾ ਫੈਸਲਾ ਕਰੇਗਾ। ਪਰ ਬਰਤਾਨੀਆਂ ਇਹ ਕਰਨ ਲਈ ਤਿਆਰ ਨਹੀਂ ਸਨ।" ਉਹਨਾਂ ਅੰਦਰਖਾਤੇ ਕਿਹਾ, "ਜੰਗ ਮੁੱਕਦੇ ਹੀ ਤੁਸੀਂ ਆਪਣੀਆਂ ਆਜ਼ਾਦੀਆਂ ਪ੍ਰਾਪਤ ਕਰ ਲਵੋਗੇ, ਪਰ ਹੁਣ ਸਾਡੀ ਪਿੱਠ ਪੂਰੋ।" ਗਾਂਧੀ ਨੇ ਜ਼ਿੱਦੀ ਹੁੰਦਿਆਂ ਨਾਂਹ ਕਰ ਦਿੱਤੀ।

ਬਰਤਾਨੀਆਂ ਨੇ ਗਾਂਧੀ ਕੋਲ ਵੱਡਾ ਡੈਲੀਗੇਸ਼ਨ ਭੇਜਿਆ। ਇਹ 'ਭਾਰਤ ਛੱਡ ਜਾਓ' ਅੰਦੋਲਨ ਦੇ ਸ਼ੁਰੂ ਕਰਨ ਦਾ ਵੇਲਾ ਸੀ। ਸਰ ਸਟੈਫੋਰਡ ਕਰਿਪਸ ਤੇ ਹੋਰ ਪ੍ਰਮੁੱਖ

ਪ੍ਰਗਤੀਸ਼ੀਲ ਇਸ ਵਿਚ ਸ਼ਾਮਿਲ ਸਨ ਤੇ ਇਨ੍ਹਾਂ ਨੇ ਉਸਨੂੰ ਜੰਗ ਤੋਂ ਬਾਅਦ ਹਰ ਚੀ ਦੇਣ ਦਾ ਇਕਰਾਰ ਕੀਤਾ। ਉਸਨੇ ਸਮਝੌਤਾ ਕਰਨ ਤੋਂ ਨਾਂਹ ਕਰ ਦਿੱਤੀ। ਜ ਕਰਿਪਸ ਨੇ ਕਿਹਾ ਕਿ ਉਸਨੂੰ ਬਰਤਾਨੀਆ ਵਲੋਂ ਖਾਲੀ ਚੈੱਕ ਦਿੱਤਾ ਜਾ ਰਿਹਾ ਗਾਂਧੀ ਨੇ ਆਪਣੇ ਹੀ ਅੰਦਾਜ਼ ਵਿਚ ਉੱਤਰ ਦਿੱਤਾ, 'ਉਸ ਬੈਂਕ ਦੇ ਚੈੱਕ ਦੇ ਅਰਥ, ਜੋ ਫੇਲ੍ਹ ਹੋ ਰਿਹਾ ਹੈ।" ਦੂਸਰੇ ਸ਼ਬਦਾਂ ਵਿਚ ਉਸਨੇ ਸਥਿਤੀ ਨੂੰ ਗਲਤ ਸ ਲਿਆ।

ਇਹ ਉਹ ਵੇਲਾ ਸੀ ਜਦੋਂ ਮੁਸਲਮ ਲੀਗ ਜੰਗ ਦਾ ਸਮਰਥਨ ਕਰ ਰਹੀ ਸੀ। ਮੁਸਲ ਲੀਗ ਨੇ ਲੋਕਾਂ ਨੂੰ ਸਰਗਰਮ ਕਰਨ ਦਾ ਯਤਨ ਆਰੰਭਿਆ ਤੇ ਇਹ ਸੁਝਾਅ ਦਿੱ ਕਿ ਬਰਤਾਨੀਆ ਉਨ੍ਹਾਂ ਦਾ ਦੇਣਦਾਰ ਹੋਵੇਗਾ। ਮੈਂ ਸਦਾ ਹੀ ਮਹਿਸੂਸ ਕੀਤਾ ਹੈ - ਬਹੁਤੇ ਇਤਿਹਾਸਕਾਰ ਇਸ ਬਾਰੇ ਗੱਲ ਹੀ ਨਹੀਂ ਕਰਦੇ - ਕਿ ਮੁਸਲਮ ਲੀਗ ਬਰਤਾਨੀਆ ਵਿਚਕਾਰ ਕੀਤਾ ਗਿਆ ਇਹ ਸਮਝੌਤਾ ਜੋ ਦੂਸਰੀ ਸੰਸਾਰ ਜੰਗ ਕੀਤਾ ਸੀ ਤੇ ਇਹ ਬਹੁਤ ਹੀ ਫੈਸਲਾਕੁੰਨ ਸਮੇਂ ਵਿਚ ਬਰਤਾਨਵੀ ਸਲਤਨਤ ਨ ਕੀਤਾ ਗਿਆ ਸੀ, ਨੇ ਉਨ੍ਹਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਮੁਸਲਮਾਨਾਂ ਨੂੰ ਦੇਣ। ਇਸੇ ਕਾਰਨ ਉਸਨੇ ਉਨ੍ਹਾਂ ਨੂੰ ਘੁਣ-ਖਾਧੀ ਤੇ ਛਾਂਗੀ ਹੋਈ ਸਟੇਟ ਦੇ ਦਿੱ ਇਹ ਗੱਲ ਯਾਦ ਰੱਖਣ ਯੋਗ ਹੈ ਕਿ 1946 ਤੀਕ ਅਰਥਾਤ ਵੰਡ ਤੋਂ ਇੱਕ ਸ ਪਹਿਲਾਂ ਤੀਕ, ਜਿਨਾਹ ਕਿਸੇ ਸੰਘੀ ਹੱਲ ਲਈ ਤਿਆਰ ਸੀ। ਸ਼ਰਤ ਇਹ ਸੀ ਉਸਨੂੰ ਸਾਂਝੇ ਭਾਰਤ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਜਾਵੇ- ਇਹ ਗੱਲ ਉਸਨੇ ਗੁਪ ਰੂਪ ਵਿਚ ਪ੍ਰਗਟ ਕੀਤੀ ਸੀ। ਜਿਨਾਹ ਬਿਮਾਰ ਸੀ। ਗਾਂਧੀ ਨੇ ਬੜੀ ਚਤੁਰਾਈ ਨਾ ਕਿਹਾ, "ਆਓ ਜਿਨਾਹ ਨੂੰ ਪ੍ਰਧਾਨਮੰਤਰੀ ਬਣਾ ਦੇਈਏ। ਇਸ ਨਾਲ ਸਹਿਮਤ ਜਾਓ।" ਨਹਿਰੂ ਤੇ ਪਟੇਲ ਨੇ ਕਿਹਾ, 'ਨਹੀਂ ਅਸੀਂ ਇਹ ਕਿਵੇਂ ਕਰ ਸਕਦੇ ਹਾਂ?' ਲਈ ਸੰਕੀਰਣਤਾ ਤੇ ਤੰਗਦਿਲੀ ਭਾਰੂ ਹੋ ਗਏ। ਪਰ 1946 ਵਿਚ ਪਾਕਿਸਤਾ ਇਤਿਹਾਸਕਾਰ ਇਹ ਗੱਲ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਹਨ। ਪਰ ਇਹ ਗੱਲ ਸ ਹੈ - ਜਿਨਾਹ ਇਹ ਸੌਦਾ ਕਰਨ ਨੂੰ ਤਿਆਰ ਸੀ, ਕਿਉਂਕਿ ਉਹ ਜਾਣਦਾ ਸੀ ਸਥਿਤੀ ਕੀ ਸੀ।

ਉੱਤਰ-ਪੱਛਮੀ ਸਰਹੱਦੀ ਸੂਬੇ ਦੀ ਸਥਿਤੀ ਵਿਚਾਰੋ। ਅੱਸੀ ਫੀਸਦੀ ਆਬਾਦੀ ਗੁਫਾਰ ਖਾਂ - ਇੱਕ ਕ੍ਰਾਂਤੀਕਾਰੀ ਆਗੂ ਲਈ ਵੋਟ ਪਾਏ। ਇਹ ਭਾਰੀ ਆਬਾ ਵਾਲਾ ਸੂਬਾ ਤੋੜ 1946 ਤੀਕ ਕਾਂਗਰਸ ਲਈ ਵੋਟ ਪਾ ਰਿਹਾ ਸੀ ਅਤੇ ਉਹ ਮੁਸਲਮ ਲੀਗ ਦੀ ਧੱਕੜਸ਼ਾਹੀ ਨਾਲ ਬਦਲੇ ਗਏ, ਜਿਸ ਨੇ ਲੋਕਾਂ ਨਾਲ ਗੁੰਡਾਗਰ ਕੀਤੀ, ਕੈਦ ਕੀਤੇ ਤੇ ਕਤਲ ਕੀਤੇ। ਪਿਸ਼ਾਵਰ ਦੇ ਇੱਕ ਬਜ਼ਾਰ ਵਿਚ ਲੋਕਾਂ ਆਪਣੇ ਪਾਸੇ ਕਰਨ ਲਈ ਪ੍ਰਸਿੱਧ ਕਤਲੇਆਮ ਕੀਤਾ ਗਿਆ। ਪਾਕਿਸਤਾਨ ਲ



ਕੋਈ ਜਨਤਕ ਸਮਰਥਨ ਨਹੀਂ ਸੀ। ਇਹ ਸਟੇਟ ਉਤੋਂ ਠੋਸੀ ਗਈ। ਇਹੀ ਕਾਰਨ ਹੈ ਕਿ ਪਾਕਿਸਤਾਨ ਵਿਸ਼ੇਸ਼ ਵਰਗ 1947 ਤੋਂ ਲੱਗ ਕੇ ਭਾਰਤ ਪ੍ਰਤੀ ਇੱਕ ਘਟੀਆਪਨ ਦੇ ਅਹਿਸਾਸ ਦਾ ਸ਼ਿਕਾਰ ਰਿਹਾ ਹੈ ਤੇ ਇਹ ਚਿੰਤਾ ਕਰਦਾ ਰਿਹਾ ਹੈ ਕਿ ਹਰ ਪਾਸੇ ਭਾਰਤ ਹੀ ਭਾਰੂ ਹੈ। ਉਹ ਇਸ ਨੂੰ ਕਿਸੇ ਹੋਰ ਢੰਗ ਨਾਲ ਵੇਖ ਹੀ ਨਹੀਂ ਸੀ ਸਕਦੇ। ਇਹ ਬਿਲਕੁਲ 1948 ਵਿਚ ਬਣਾਏ ਗਏ ਅਜ਼ਰਾਈਲ ਵਰਗੀ ਗੱਲ ਸੀ, ਜੋ ਉਤੋਂ ਠੋਸੀ ਗਈ ਸਟੇਟ ਸੀ। ਇਹ ਅਰਬ ਸੰਸਾਰ ਦਾ ਖਬਤ ਸੀ, ਜੋ ਕਿਸੇ ਹੋਰ ਗੱਲ ਬਾਰੇ ਸੋਚ ਹੀ ਨਹੀਂ ਸਕਦੇ ਸੀ ਤੇ ਜਨਰਲ ਜ਼ਿਆ-ਉਲ ਹੱਕ ਸਭ ਤੋਂ ਵਹਿਸ਼ੀ ਮਿਲਟਰੀ ਤਾਨਾਸ਼ਾਹ, ਜੋ ਸਾਡੇ ਆਇਆ ਰਹਿੰਦਾ ਸੀ, "ਅਜ਼ਰਾਈਲ ਵਾਂਗ ਸਾਡੀ ਸਟੇਟ ਵੀ ਗੁੰਡਾ ਸਟੇਟ ਹੈ। ਹਾਂ, ਅਸੀਂ ਧਾਰਮਿਕ ਸਟੇਟ ਹਾਂ ਤੇ ਅਸੀਂ ਗੁੰਡਾ ਫੌਜ ਤਿਆਰ ਕਰਾਂਗੇ" ਆਦਿ।

ਬਿਲਕੁਲ ਸ਼ੁਰੂ ਤੋਂ ਹੀ ਪਾਕਿਸਤਾਨ ਨੇ ਫੈਸਲਾ ਕਰ ਲਿਆ ਸੀ ਕਿ ਭਾਰਤ ਜੋ ਵੀ ਫੈਸਲਾ ਕਰੇ, ਅਸੀਂ ਉਸਦੇ ਨਾਲ ਨਹੀਂ ਤੁਰ ਸਕਦੇ, ਉਹਨਾਂ ਨੂੰ ਸਾਬਿਤ ਕਰਨਾ ਪਵੇਗਾ ਕਿ ਉਹਨਾਂ ਨਿਰੰਤਰ ਭਾਰਤ ਤੋਂ ਵੱਖਰਾ ਹੋ ਕੇ ਤੁਰਨਾ ਹੈ। ਜਦ ਭਾਰਤ ਗੈਰ-ਜਾਨਬਦਾਰ (ਕਿਸੇ ਨਾਲ ਵੀ ਨਾ ਜੁੜੇ ਹੋਏ) ਸੀ ਤੇ ਜਵਾਹਰ ਲਾਲ ਨੇ ਇਹ ਲਹਿਰ ਚਲਾਈ ਤਾਂ ਪਾਕਿਸਤਾਨ ਨੇ ਅਮਰੀਕਾ ਨਾਲ ਸਾਂਝੀ ਸੁਰੱਖਿਆ ਦਾ ਸਮਝੌਤਾ ਸਹੀ-ਬੰਦ ਕਰ ਲਿਆ, ਪਹਿਲਾਂ 1951 ਵਿਚ ਤੇ ਫਿਰ ਦੂਜਾ 1953 ਵਿਚ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਅਲੀ ਬੋਗਰਾ ਨੇ ਕਰਾਚੀ ਵਿਚ ਇਕ ਜਲੂਸ ਦੀ ਅਗਵਾਈ ਕੀਤੀ ਤੇ ਇਹਨਾਂ ਤਖ਼ਤੀਆਂ ਨਾਲ ਅਗਵਾਈ ਕੀਤੀ "ਅਮਰੀਕਾ ਤੇਰਾ ਧੰਨਵਾਦ" ਇਥੋਂ ਹੀ ਸਾਰੀ ਗੱਲ ਸ਼ੁਰੂ ਹੋਈ। ਹੌਲੀ-ਹੌਲੀ ਅੰਗਰੇਜ਼ੀ ਸਰਕਾਰ ਦੀ ਜਕੜ ਪਾਕਿਸਤਾਨ ਵਿਚੋਂ ਖ਼ਤਮ ਹੋ ਗਈ ਤੇ ਇਹ ਕੰਮ ਅਮਰੀਕਾ ਨੇ ਸਾਂਭ ਲਿਆ। ਜਿਵੇਂ ਇਸਨੇ ਸਊਦੀ ਅਰਬ ਜਾਂ ਵਿਸ਼ਵ ਦੇ ਹੋਰਨਾਂ ਦੇਸ਼ਾਂ ਵਿਚ ਕੀਤਾ ਸੀ ਤੇ ਪਾਕਿਸਤਾਨ ਮੁੱਖ ਤੌਰ ਤੇ ਅਮਰੀਕਾ ਦਾ ਪਿਛਲੱਗ ਬਣ ਗਿਆ।

ਜਿਨਾਹ ਵੱਲ ਵਾਪਸ ਪਰਤਦੇ ਹੋਏ, ਜਿਹੜਾ ਕਿ ਅੰਗਰੇਜ਼ੀ ਟਰੇਂਡ ਵਕੀਲ ਸੀ ਤੇ ਜਿਹੜਾ ਕੋਈ ਵੀ ਭਾਰਤੀ ਭਾਸ਼ਾ ਨਹੀਂ ਸੀ ਬੋਲ ਸਕਦਾ। ਉਰਦੂ ਵੀ ਨਹੀਂ, ਜੋ ਕਿ ਪਾਕਿਸਤਾਨ ਦੀ ਕੌਮੀ ਭਾਸ਼ਾ ਸੀ। ਉਹ 1947 ਵਿਚ ਪਾਕਿਸਤਾਨ ਦਾ ਪਹਿਲਾ ਪ੍ਰਧਾਨ ਬਣ ਗਿਆ। ਉਹ ਇੱਕ ਸਾਲ ਬਾਅਦ ਮਰ ਗਿਆ। ਆਉ ਕੁਝ ਹੋਰ ਪਿੱਛੇ ਚੱਲੀਏ ਅਤੇ ਗੱਲ ਤੁਹਾਡੇ ਉਸ ਬਿਆਨ ਨਾਲ ਜੋੜੀਏ ਕਿ ਜੋ ਕੁਝ ਤੁਸਾਂ ਗਾਂਧੀ ਦੇ ਭਾਰਤੀ ਸੰਕੇਤਾਵਲੀ ਦੀ ਬਹਾਲੀ, ਵਰਤ ਰੱਖਣਾ, ਗੈਰ-ਮਾਸ-ਆਹਾਰੀਪੁਣਾ ਤੇ ਭਜਨ ਦੀਆਂ ਕੋਸ਼ਿਸ਼ਾਂ ਬਾਰੇ ਗੱਲ ਕਰੀਏ, ਜੋ ਕਿ ਹਿੰਦੂ-ਭਗਤੀ ਗੀਤ ਸਨ। ਜਿਨਾਹ ਨੇ ਸਪੱਸ਼ਟ ਭਾਂਤ ਜੋ ਉਸ ਸਮੇਂ ਕਾਂਗਰਸ ਵਰਕਿੰਗ ਕਮੇਟੀ ਦਾ ਮੈਂਬਰ ਸੀ, ਉਸਨੂੰ ਆਮ

ਦੁਹਰਾਏ ਜਾਂਦੇ ਸ਼ਬਦਾਂ ਵਿਚ ਚਿਤਾਵਨੀ ਦਿੰਦਾ ਹੋਇਆ ਕਹਿੰਦਾ ਹੁੰਦਾ ਸੀ, "ਮਿ ਗਾਂਧੀ ਉਸ ਤਰਫ਼ ਨਾ ਜਾਓ। ਧਰਮ ਵੱਲ ਨਾ ਮੁੜੋ। ਕਾਂਗਰਸ ਨੂੰ ਧਰਮ-ਨਿ ਰੱਖੋ।

ਤਾਰਕ ਅਲੀ :- ਜਿਨਾਹ ਬੁਨਿਆਦੀ ਤੌਰ ਤੇ ਪੂਰੀ ਤਰ੍ਹਾਂ ਧਰਮ-ਨਿਰਪੱਖ ਜਣਾ ਸੀ। ਸ਼ੰਕਾਵਾਦੀ ਸੀ। ਪਰ ਇੱਕ ਵਾਰ ਜਦੋਂ ਉਹ ਮੁਸਲਮ ਲੀਗ ਦਾ ਆਗੂ ਬਣ ਗਿਆ ਉਸ ਲਈ ਆਪ ਲੋਕਾਂ ਵਿਚ ਇਹ ਆਖਣਾ ਮੁਸ਼ਕਿਲ ਹੋ ਗਿਆ। ਪਾਕਿਸਤਾਨ ਲੋਕ ਅੱਜਕੱਲ ਇਹ ਗੱਲ ਸੁਣਨਾ ਪਸੰਦ ਨਹੀਂ ਕਰਦੇ। ਐਪਰ, ਜਦੋਂ ਵੀ ਜਿਨ ਕਿ ਬੰਬਈ ਵਾਸੀ ਸੀ, ਲਾਹੌਰ ਆਉਂਦਾ ਸੀ ਤਾਂ ਉਹ ਜੋ ਪ੍ਰਸਿੱਧ ਵਕੀਲ ਸੀ, ਸ ਫਲੈਟੀ ਹੋਟਲ ਵਿਚ ਠਹਿਰਦਾ ਹੁੰਦਾ ਸੀ, ਜੋ ਕਿ ਪੁਰਾਣਾ ਬਸਤੀਵਾਦੀ ਹੋਟਲ ਜਿਸਦੇ ਖੁੱਲ੍ਹੇ ਸੁੰਦਰ ਕਮਰੇ, ਇਕੋ ਪੱਧਰ ਦੇ ਬਣੇ ਹੋਏ ਸਨ। ਲੋਕੀਂ ਉਸਨੂੰ ਪੁੱਛਦੇ ਸੀ ਕਿ ਤੁਸੀਂ ਆਪਣੇ ਮਿੱਤਰਾਂ ਕੋਲ ਕਿਉਂ ਨਹੀਂ ਠਹਿਰਦੇ। ਸੈਂਕੜੇ ਹੀ ਘਰ ਹ ਤੁਹਾਨੂੰ ਜੀ ਆਇਆਂ ਕਹਿਣਗੇ ਤੇ ਉਹ ਕਹਿੰਦਾ ਹੁੰਦਾ ਸੀ, "ਮੈਨੂੰ ਇਸ ਫ ਹੋਟਲ ਵਿਚ ਹੀ ਰਹਿਣਾ ਪੈਂਦਾ ਹੈ ਕਿਉਂਕਿ ਉਹ ਸੂਰ ਦਾ ਮਾਸ ਤੇ ਆਂਡੇ ਬਣਾ ਹਨ।"

? ਤੇ ਇਕਬਾਲ ਜੋ ਤੁਹਾਡੇ ਘਰ ਵਾਲੇ ਸੂਬੇ ਪੰਜਾਬ ਵਿਚ ਸਿਆਲਕੋਟ ਵਿਚ ਜੰਮਿ ਪਰ ਉਹ ਲਾਹੌਰ ਨਾਲ ਬੜਾ ਨੇੜਿਉਂ ਜੁੜਿਆ ਹੋਇਆ ਹੈ ਤੇ ਉਹ ਉਥੇ ਹੀ ਦਫਨਾ ਗਿਆ ਹੈ, ਬਿਲਕੁਲ ਬਾਦਸ਼ਾਹੀ ਮਸਜਿਦ ਦੇ ਨੇੜੇ ਹੀ। ਉਹ 1938 ਵਿਚ ਗਿਆ ਸੀ, ਉਸੇ ਨੇ ਹੀ ਇਹ ਨਾਹਰਾ ਘੜਿਆ ਸੀ, ਪਾਕਿਸਤਾਨ - ਪੰਜਾਬ, ਅਫਗ ਕਸ਼ਮੀਰ, ਸਿੰਧ।

ਤਾਰਕ ਅਲੀ :- ਮੇਰਾ ਖ਼ਿਆਲ ਹੈ ਕਿ 'ਪਾਕਿਸਤਾਨ' ਸ਼ਬਦ ਦੀ ਪ੍ਰੇਰਨਾ ਤਾਂ ਇਕਬਾ ਹੀ ਦਿੱਤੀ ਸੀ, ਪਰ ਇਹ ਸ਼ਬਦ ਇੱਕ ਮੁਸਲਮਾਨ ਵਿਦਿਆਰਥੀ, ਰਹਿਮਤ ਅਲ ਲੰਡਨ ਵਿਚ ਈਜਾਦ ਕੀਤਾ ਸੀ। ਉਸੇ ਨੇ ਹੀ ਇਹ ਸ਼ਬਦ ਜੋੜ ਕੇ ਪਾਕਿਸਤਾ ਆਂਦਾ ਸੀ। ਉਹ ਸੋਚਦੇ ਸੀ, ਉਹ ਸੁਹਣੇ ਲੱਗਦੇ ਸੀ ਕਿਉਂਕਿ ਇਹ ਸਾਰੇ ਸੰ ਪ੍ਰਦੇਸ਼ਾਂ ਦਾ ਚਿੰਨ੍ਹ ਸਨ। ਨਾਲ 'ਪਾਕ' ਸ਼ਬਦ ਜੋੜ ਲਿਆ, ਅਰਥਾਤ ਸ਼ੁੱਧ - ਅਰ ਪਾਕਿਸਤਾਨ ਦਾ ਅਰਥ ਹੀ "ਪਵਿੱਤਰ ਲੋਕਾਂ ਦੀ ਧਰਤੀ" ਇਹ ਇੰਝ ਵਾਪ ਜਦੋਂ 1938 ਵਿਚ ਇਕਬਾਲ ਮਰ ਗਿਆ, ਉਸਦਾ ਬਹੁਤ ਸਾਰੇ ਲੋਕਾਂ ਨੇ ਮ ਮਨਾਇਆ, ਉਸਦੇ ਦਫਨ ਹੋਣ ਸਮੇਂ ਵੱਡਾ ਇਕੱਠ ਸੀ। ਅੱਜ ਤੀਕ ਕੋਈ ਇਹ ਨਹੀਂ ਦੱਸਦਾ ਕਿ ਉਹ ਆਤਸ਼ਕ ਨਾਲ ਮਰਿਆ ਸੀ, ਕਿਉਂਕਿ ਉਹ ਲਾਹੌਰ ਕੰਜਰਖਾਨੇ ਵਿਚ ਅਕਸਰ ਜਾਇਆ ਕਰਦਾ ਸੀ। ਇਹ ਗੱਲ ਬਹੁਤੀ ਨਸ਼ਰ ਹੋਈ। ਉਹ ਸ਼ੁੱਧਤਾ ਵਿਚ ਬੜਾ ਵਿਸ਼ਵਾਸ ਰੱਖਦਾ ਸੀ। ਸੋ ਇਹ ਮਹਾਨ ਕਵੀ



ਜਿਣਸੀ ਰੋਗ ਕਾਰਨ ਮਰਿਆ ਸੀ। ਆਪਣੇ ਪਿੱਛੇ ਅਜਿਹਾ ਦੇਸ਼ ਛੱਡ ਗਿਆ, ਜਿਸ ਨੂੰ ਪਾਕ ਲੋਕਾਂ ਦੀ ਧਰਤੀ ਆਖਿਆ ਜਾਂਦਾ ਹੈ। ਇਸ ਸੰਸਾਰ ਵਿਚ ਬਹੁਤ ਸਾਰੀਆਂ ਵਿਡੰਬਨਾਵਾਂ ਹਨ?

ਪਾਕਿਸਤਾਨ ਵੀ ਅਜ਼ਰਾਈਲ ਵਰਗਾ ਹੈ। ਦੋਵੇਂ ਬਰਤਾਨੀਆ ਅਧੀਨ ਸਨ ਤੇ ਦੋਵੇਂ ਹੀ ਵੰਡਾਂ ਕਾਰਨ ਬਣੇ ਸਨ, ਜਿਸ ਨਾਲ ਪਿੱਛੇ ਮੌਤ ਤਬਾਹੀ, ਉਜਾੜਾਂ ਤੇ ਸ਼ਰਨਾਰਥੀਆਂ ਦੀ ਵੱਡੀ ਵਿਰਾਸਤ ਮਿਲੀ।

ਤਾਰਕ ਅਲੀ :- ਅਜ਼ਰਾਈਲ ਦੀ ਮਿਸਾਲ ਇਸ ਕਾਰਨ ਵੀ ਬਹੁਤ ਚਰਚਿਤ ਹੈ, ਕਿਉਂਕਿ ਇਸ ਪਿੱਛੇ ਫਲਸਤੀਨ ਦੀਆਂ ਮਹਿਮੂਦ ਦਰਵੇਸ਼, ਐਡਵਰਡ ਸਈਦ ਅਤੇ ਕਈ ਹੋਰਨਾਂ ਦੀਆਂ ਆਵਾਜ਼ਾਂ ਸਨ। ਇਥੇ ਮੈਂ ਐਡਵਰਡ ਬਾਰੇ ਕੁਝ ਕਹਿਣਾ ਚਾਹਾਂਗਾ, ਜਿਸਨੂੰ ਮੈਂ ਬਹੁਤ ਪਿਆਰ ਕਰਦਾ ਹਾਂ - ਕਿ ਉਸਦੀ ਸਭ ਤੋਂ ਮਹਾਨ ਦੇਣ ਉਸਦਾ ਸਾਹਿਤਕ ਸਿਧਾਂਤ ਨਹੀਂ ਸੀ ਸਗੋਂ ਇਹ ਹਕੀਕਤ ਸੀ ਕਿ ਫਲਸਤੀਨ ਉਸਦਾ ਉਦੇਸ਼ ਬਣ ਗਿਆ ਤੇ ਉਹ ਲੁੱਟੀ ਕੌਮ ਦਾ ਇਤਿਹਾਸਕਾਰ ਬਣ ਗਿਆ, ਕੌਮ ਜਿਸਦੀ ਕੋਈ ਮਾਂ-ਮਿੱਟੀ ਨਹੀਂ ਸੀ। ਇਹ ਸੀ ਗੱਲਾਂ, ਜਿਸ ਨਾਲ ਉਸਨੂੰ ਵਿਸ਼ਵ ਵਿਚ ਸਤਿਕਾਰ ਮਿਲਿਆ। ਉਹ ਇਕੋ ਇਕ ਅਸਲੀ ਇਤਿਹਾਸਕਾਰ ਸੀ, ਫਲਸਤੀਨ ਦਾ ਜੋ ਅਰਾਫਾਤ ਤੇ ਹੋਰ ਫਲਸਤੀਨੀ ਲੀਡਰਾਂ ਵਾਂਗ ਸਾਜਿਸ਼ਾਂ ਤੇ ਭ੍ਰਿਸ਼ਟਾਚਾਰ ਦਾ ਦਾਗੀ ਹੋਵੇ। ਉਸਨੇ ਫਲਸਤੀਨ ਦੇ ਉਦੇਸ਼ ਨੂੰ ਜਿਊਂਦਾ ਰੱਖਿਆ ਤੇ ਇਹ ਦੱਸਿਆ ਕਿ ਕੀ ਵਾਪਰਿਆ ਸੀ।

ਜਿੱਥੋਂ ਤੀਕ ਭਾਰਤ ਦੀ ਵੰਡ ਦਾ ਸਬੰਧ ਹੈ, ਲੱਗਭਗ ਵੀਹ ਲੱਖ ਲੋਕ ਮਾਰੇ ਗਏ। ਇਸ ਬਾਰੇ ਵੀ ਵੱਡਾ ਵਾਦ-ਵਿਵਾਦ ਹੈ ਕਿ 10 ਲੱਖ ਜਾਂ ਵੀਹ ਲੱਖ? ਮੈਂ ਕਹਿੰਦਾ ਹਾਂ, ਵੇਖੋ ਮੈਂ ਨਹੀਂ ਜਾਣਦਾ, ਇਹ ਭੈੜੀ ਗੱਲ ਹੈ। ਮੈਂ ਲਗਭਗ ਵੀਹ ਲੱਖ ਦਾ ਅੰਕ ਜੋ ਵਰਤਦਾ ਹਾਂ ਕਿਉਂਕਿ ਸਾਨੂੰ ਪਤਾ ਹੈ ਕਿ ਬਹੁਤ ਸਾਰੇ ਗਰੀਬ ਲੋਕਾਂ ਦੀ ਗਿਣਤੀ ਹੋਈ ਹੀ ਨਹੀਂ , ਉਹ ਸਾਂਝੀਆਂ ਕਬਰਾਂ ਵਿਚ ਦਫਨਾਏ ਗਏ। ਦੇਸ਼ ਵੰਡ ਦੀ ਕੋਈ ਇੱਕ ਵੀ ਯਾਦਗਾਰ ਨਹੀਂ ਬਣੀ। ਉਹਨਾਂ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਜੋ ਬੰਗਾਲ ਤੇ ਪੰਜਾਬ ਵਿਚ ਮਾਰੇ ਗਏ। ਨਾ ਭਾਰਤ ਤੇ ਨਾ ਪਾਕਿਸਤਾਨ ਨੇ ਇਸਦਾ ਸ਼ਿਕਾਰ ਹੋਏ ਲੋਕਾਂ ਦਾ ਸਤਿਕਾਰ ਕੀਤਾ।

ਦੇਸ਼ ਦੀ ਤਕਸੀਮ ਬਾਰੇ ਲਿਖੀਆਂ ਕਵਿਤਾਵਾਂ ਵਿਚੋਂ ਇੱਕ, ਜੋ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਸੀ, ਉਹ ਇੱਕ 18 ਸਾਲ ਦੀ ਸਿੱਖ ਲੜਕੀ (ਅੰਮ੍ਰਿਤਾ ਪ੍ਰੀਤਮ) ਵਲੋਂ ਲਿਖੀ ਗਈ ਸੀ, ਜਿਸਨੂੰ ਲਾਹੌਰ ਇਸ ਕਾਰਨ ਛੱਡਣਾ ਪਿਆ ਕਿਉਂਕਿ ਇਸਦੀ ਵੰਡ ਕੀਤੀ ਜਾ ਰਹੀ ਸੀ। ਉਸਨੇ ਕਤਲ ਤੇ ਅੱਗਾਂ ਵੇਖੀਆਂ ਸਨ ਤੇ ਉਸਨੇ ਇਹ ਮਹਾਨ ਕਵਿਤਾ ਲਿਖੀ। ਜਿਸ ਨਾਲ ਮਹਾਨ ਸੂਫੀ ਕਵੀ ਵਾਰਸ ਸ਼ਾਹ ਦੀ ਯਾਦ ਤਾਜ਼ਾ ਹੁੰਦੀ ਹੈ, ਜਿਸ

ਹੀਰ ਤੇ ਰਾਂਝੇ ਦਾ ਮਹਾ-ਕਾਵਿ ਲਿਖਿਆ ਸੀ ਜਿਹੜਾ ਕਿ ਭਾਰਤ ਵਿਚ ਤੇ ਪਾਕਿਸਤ ਦੇ ਸਾਰੇ ਪੰਜਾਬ ਵਿਚ ਗਾਇਆ ਜਾਂਦਾ ਹੈ। ਵਾਰਸ ਸ਼ਾਹ ਜੋ ਸਤਾਰ੍ਹਵੀਂ ਸਦੀ ਰਹੱਸਵਾਦੀ ਕਵੀ ਸੀ, ਜਿਸਨੇ ਇੱਕ ਤੀਵੀਂ ਤੇ ਮਰਦ ਦੇ ਪਿਆਰ ਦੇ ਬਾਰੇ ਲਿਖਿ ਸੀ, ਤੇ ਜਿਸਨੇ ਇੱਕ ਔਰਤ ਦੀ ਪੀੜ/ਦਰਦ ਬਿਆਨ ਕੀਤਾ ਹੈ। ਜਿਸ ਹੀਰ ਨੂੰ, ਉ ਦੀ ਮਰਜ਼ੀ ਦੇ ਉਲਟ ਸ਼ਾਦੀ ਲਈ ਮਜਬੂਰ ਕੀਤਾ ਗਿਆ ਸੀ, ਵਾਰਸ ਸ਼ਾਹ ਕਵਿਤਾ ਦੀ ਇੱਕ ਪੰਗਤੀ ਹੈ -

ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ,
ਮੈਨੂੰ ਲੈ ਚੱਲੇ, ਵੇ ਬਾਬਲਾ, ਲੈ ਚੱਲੇ।

ਇਹੀ ਚੀਕ ਪੰਜਾਬੀ ਕਲਚਰ ਤੇ ਭਾਰੂ ਹੈ। ਅਠਾਰਾਂ ਸਾਲਾਂ ਲੜਕੀ ਇਸੇ ਹੀ ਕਵਿ ਦਾ ਜ਼ਿਕਰ ਕਰਦੀ ਹੈ -

**ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਤੇ ਕਬਰਾਂ ਵਿਚੋਂ ਬੋਲ**
**ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ**
**ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ**
**ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ**
ਵੇ ਦਰਦ-ਮੰਦਾਂ ਦਿਆ ਦਰਦੀਆਂ, ਉੱਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਿਨਾਬ।

ਹੋਰ ਕਵੀਆਂ ਨੇ ਵੀ ਵੰਡ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ ਫੈਜ਼ ਅਹਿਮਦ ਫੈ ਦੀਆਂ ਦੇਸ਼ ਵੰਡ (1947) ਬਾਰੇ ਪ੍ਰਸਿੱਧ ਪੰਗਤੀਆਂ ਹਨ-

**ਯਹਿ ਦਾਗ਼-ਦਾਗ਼ ਉਜਾਲਾ, ਯਹਿ ਸ਼ਬਗਜ਼ੀਦਾ ਸਹਰ**
**ਵੋਹ ਇੰਤਜ਼ਾਰ ਥਾਂ ਜਿਸਕਾ, ਜਿਹ ਯਹਿ ਸਹਰ ਤੋਂ ਨਹੀਂ।**

ਕਵੀਆਂ ਨੇ ਇਸ ਦੁਖਾਂਤ ਨੂੰ ਯਾਦ ਕੀਤਾ ਹੈ ਪਰ ਇਸ ਦੁਖਾਂਤ ਦੀ ਇਤਿਹਾਸ ਯਾਦ ਨੂੰ ਸੁਰੱਖਿਅਤ ਨਹੀਂ ਕੀਤਾ ਗਿਆ।

ਬਰਤਾਨਵੀ ਸਲਤਨਤ ਤੋਂ ਬਿਨਾਂ, ਨਾ ਅਜ਼ਰਾਈਲ ਬਣਨਾ ਸੀ, ਤੇ ਨਾ ਭਾਰਤ ਦੀ ਤਕਸੀਮ ਹੋਣੀ ਸੀ। ਕੌਣ ਜਾਣਦਾ ਸੀ ਕਿ ਕੀ ਹੁੰਦਾ? ਇਹ ਦੋਵੇਂ ਰਾਜ ਜਿਨ੍ਹਾਂ ਕਾਰਨ ਇੰਨੇ ਵੱਡੇ ਦੁੱਖ ਤੇ ਕਸ਼ਟ ਆਏ ਹਨ। ਹੋਂਦ ਵਿਚ ਨਹੀਂ ਸੀ ਆਉਣੇ। ਹੁਣ ਇਹ ਦੋਵੇਂ ਨਿਊਕਲਾਈ ਸਟੇਟਾਂ ਹਨ ਤੇ ਕੋਈ ਵੀ ਇਹਨਾਂ ਨੂੰ ਖ਼ਤਮ ਨਹੀਂ ਕਰ ਸਕਦਾ।

? ਮੈਂ ਆਰਮੀਨੀਅਨ ਹਾਂ। ਮੇਰੀ ਮਾਤਾ 1915 ਦੇ ਨਰ-ਸੰਘਾਰ ਚੋਂ ਲੰਘੀ ਸੀ। ਮੇਰ ਪਿਤਾ ਵੀ 1912 ਵਿਚ ਭੱਜ ਗਿਆ ਸੀ। ਉਹ 1921 ਵਿਚ ਮਿਲੇ ਤੇ ਨਿਊਯਾਰਕ ਵਿਚ ਜਾ ਵਸੇ। ਪਰ ਪੁਰਾਣੇ ਵਤਨ ਦੀ ਯਾਦ ਨਾਲ ਹੀ ਰਹੀ। ਅਸੀਂ ਆਰਮੀਨੀਅਨ ਵਿਚ ਇਸ ਭੋਂ-ਹਰਵੇਂ ਨੂੰ 'ਯਰਗੀਰ' ਆਖਦੇ ਹਾਂ। ਇਹ ਇੱਕ ਤਰ੍ਹਾਂ ਦੀ ਜਾਦੂਮਈ



ਗੱਲ ਸੀ ਤੇ ਫਿਰ ਕਈ ਸਾਲਾਂ ਬਾਅਦ ਜਦੋਂ ਮੈਂ ਦਿੱਲੀ ਗਿਆ, ਉਥੇ ਰਿਹਾ ਤੇ ਫਿਰ ਪਾਕਿਸਤਾਨ ਦੀ ਯਾਤਰਾ ਵੀ ਕੀਤੀ। ਮੈਂ ਬਹੁਤ ਸਾਰੇ ਲੋਕਾਂ ਨੂੰ ਮਿਲਿਆ, ਜਿਹਨਾਂ ਮੈਨੂੰ ਸਿਰਫ਼ ਮੇਰੇ ਮਾਤਾ ਪਿਤਾ ਦੀ ਯਾਦ ਹੀ ਤਾਜ਼ਾ ਨਹੀਂ ਕਰਵਾਈ, ਸਗੋਂ ਹੋਰ ਬਹੁਤ ਸਾਰੇ ਰਿਸ਼ਤੇਦਾਰਾਂ ਦਾ ਵੀ ਦੱਸਿਆ, ਜੋ ਉਸ ਨਰ-ਸੰਘਾਰ ਵਿਚੋਂ ਬਚ ਨਿਕਲੇ ਸੀ ਤੇ ਉਹ ਹਰ ਵੇਲੇ ਵਤਨ ਨੂੰ ਤਾਂਘਦੇ ਰਹਿੰਦੇ ਸੀ। ਮੈਂ ਉਹਨਾਂ ਪੰਜਾਬੀਆਂ ਨੂੰ ਮਿਲਿਆ ਜੋ ਪੱਛਮੀ ਪੰਜਾਬ ਵਿਚੋਂ ਜਾ ਕੇ ਹੁਣ ਪੂਰਬੀ ਪੰਜਾਬ ਵਿਚ ਰਹਿ ਰਹੇ ਸਨ ਤੇ ਉਹ ਬੜੇ ਰੋਮਾਂਟਿਕ ਅੰਦਾਜ਼ ਵਿਚ ਆਖਦੇ ਸਨ ਕਿ ਉਸ ਸਮੇਂ ਕਿੰਨਾ ਮਜ਼ਾ ਹੁੰਦਾ ਸੀ। ਪਾਣੀ ਕਿੰਨਾ ਸ਼ੁੱਧ ਹੁੰਦਾ ਸੀ ਤੇ ਹਵਾ ਵਿਚ ਕਿੰਨੀ ਤਾਜ਼ਗੀ ਹੁੰਦੀ ਸੀ। ਇਹ ਗੱਲ ਮੇਰੇ ਅੰਦਰ ਵੀ ਗੂੰਜਦੀ ਸੀ ਤੇ ਇਹ ਮੇਰੇ ਆਪਣੇ ਪਿਛੋਕੜ ਨਾਲ ਵੀ ਜੁੜਦੀ ਸੀ।

ਤਾਰਕ ਅਲੀ :- ਮੈਂ ਉਦੋਂ ਚਾਰ ਸਾਲ ਦਾ ਸੀ, ਜਦੋਂ ਦੇਸ਼ ਦੀ ਵੰਡ ਹੋਈ। ਇਸ ਲਈ ਮੇਰੀਆਂ ਕੋਈ ਨਿਜੀ ਯਾਦਾਂ ਨਹੀਂ ਹਨ। ਮੇਰਾ ਪਰਿਵਾਰ ਉਸ ਇਲਾਕੇ ਵਿਚ ਰਹਿੰਦਾ ਸੀ ਜੋ ਪਾਕਿਸਤਾਨ ਵਿਚ ਸੀ, ਇਸ ਲਈ ਸਾਨੂੰ ਕਿਤੇ ਜਾਣਾ ਨਹੀਂ ਪਿਆ ਪਰ ਜਦੋਂ ਮੈਂ ਵੱਡਾ ਹੋ ਰਿਹਾ ਸੀ ਤਾਂ ਮੈਨੂੰ ਲਾਹੌਰ ਵਿਚ ਘੁੰਮਣਾ-ਫਿਰਨਾ ਚੇਤੇ ਸੀ ਤੇ ਕਾਰ ਵਿਚ ਪਿਛਲੀ ਸੀਟ ਤੇ ਬੈਠਣਾ, ਜਿਸਨੂੰ ਮੇਰੇ ਮਾਤਾ-ਪਿਤਾ ਚਲਾਉਂਦੇ ਹੁੰਦੇ ਸੀ ਤੇ ਅਕਸਰ ਹੀ ਆਪਣੇ ਪਿਤਾ ਵਲੋਂ ਮਾਂ ਨੂੰ ਕਹਿੰਦੇ ਸੁਣਦਾ ਹੁੰਦਾ ਸੀ, ਜੋ ਇੱਕ ਘਰ ਵੱਲ ਇਸ਼ਾਰਾ ਕਰਦੇ ਕਹਿੰਦੇ ਹੁੰਦੇ ਸੀ। "ਬਰਜਿੰਦਰ" (ਇੱਕ ਸਿੱਖ ਨਾ), ਉਥੇ ਰਹਿੰਦਾ ਹੁੰਦਾ ਸੀ। 'ਕੀ ਤੈਨੂੰ ਚੇਤੇ ਹੈ ਇਸ ਘਰ ਵਿਚ ਕੌਣ ਰਹਿੰਦਾ ਹੁੰਦਾ ਸੀ?' ਆਪਣੇ ਮਾਤਾ-ਪਿਤਾ ਰਾਹੀਂ ਮੈਂ ਇਹ ਅਨੁਭਵ ਕਰ ਲਿਆ ਸੀ ਕਿ ਗੱਲ ਕਿਸ ਪੱਧਰ ਤੀਕ ਵਾਪਰੀ ਸੀ ਕਿ ਇਹ ਘਰ ਸਨ, ਜਿੱਥੇ ਹਿੰਦੂ ਤੇ ਸਿੱਖ ਰਹਿੰਦੇ ਹੁੰਦੇ ਸਨ, ਕਿ ਅਸੀਂ ਬਹੁ-ਸਭਿਆਚਾਰਕ ਸਮਾਜ ਤੋਂ ਵਿਰਵੇ ਰਹਿ ਗਏ ਸੀ। ਪਾਕਿਸਤਾਨ ਹੁਣ ਇੱਕ-ਸਭਿਆਚਾਰੀ ਦੇਸ਼ ਬਣ ਗਿਆ ਸੀ। ਭਾਵੇਂ ਲਾਹੌਰ ਹਾਲੀਂ ਵੀ ਵੱਡਾ ਸ਼ਹਿਰ ਹੈ, ਮੇਰੀ ਪੀੜ੍ਹੀ ਕਦੇ ਵੀ ਇਸ ਦਾ ਅਹਿਸਾਸ ਨਹੀਂ ਕਰ ਸਕਦੀ ਕਿ ਕਦੇ ਇਹ ਕੀ ਹੁੰਦਾ ਸੀ। ਲੋਕ ਲਾਹੌਰ ਬਾਰੇ ਇੰਝ ਗੱਲਾਂ ਕਰਦੇ ਸੀ, ਜਿਵੇਂ ਇਹ ਪੂਰਬ ਦਾ ਪੈਰਿਸ ਹੋਵੇ। ਇੱਕ ਵੱਡਾ ਕੌਮਾਂਤਰੀ ਕੇਂਦਰ ਤੇ ਸਾਨੂੰ ਇਸਦਾ ਕੋਈ ਅਨੁਮਾਨ ਨਹੀਂ ਸੀ, ਸਿਵਾਏ ਇਸਦੇ ਕਿ ਜੋ ਕੁਝ ਅਸੀਂ ਮਾਤਾ-ਪਿਤਾ ਕੋਲੋਂ ਸੁਣਦੇ ਸੀ, ਬਹੁਤੇ ਲੋਕ ਤਾਂ ਹੁਣ ਇਸ ਬਾਰੇ ਗੱਲ ਵੀ ਨਹੀਂ ਕਰਦੇ। ਗੌਰਮਿੰਟ ਕਾਲਜ ਲਾਹੌਰ ਦੇ ਇੱਕ ਪ੍ਰੋਫੈਸਰ ਦੀ ਬੜੀ ਦਿਲ ਹਿਲਾਊ ਕਹਾਣੀ ਹੈ। ਜੋ ਆਪਣੇ ਪਰਿਵਾਰ ਨੂੰ ਗਰਮੀ ਦੀਆਂ ਛੁੱਟੀਆਂ ਵਿਚ ਸੈਰ ਲਈ ਸ਼ਿਮਲੇ ਲੈ ਗਿਆ ਸੀ। ਹਿਮਾਲਿਆ ਦੇ ਪੈਰਾਂ ਹੇਠ ਤੇ ਪਿਛੋਂ ਦੇਸ਼ ਦੀ ਵੰਡ ਹੋ ਗਈ। ਉਹ ਵਾਪਸ ਲਾਹੌਰ ਨਾ ਆ ਸਕਿਆ। ਲੋਕੀਂ ਆਖਦੇ, "ਤੂੰ ਮਾਰਿਆ ਜਾਵੇਂਗਾ। ਵਾਪਸ ਨਾ ਆ।" ਮਗਰੋਂ ਕਈ ਸਾਲਾਂ ਬਾਅਦ, ਉਸਦੀ ਲੜਕੀ ਲਾਹੌਰ ਗਈ। ਉਸਦਾ ਪਿਤਾ ਬੀਮਾਰ ਸੀ ਤੇ

ਮਰਨ ਕਿਨਾਰੇ ਸੀ, ਉਹ ਬੱਸ ਆਪਣੀਆਂ ਕਿਤਾਬਾਂ ਵਾਪਿਸ ਮੰਗਦਾ ਸੀ। ਉਹ ਹੈਰਾਨ ਹੁੰਦਾ ਸੀ ਕਿ ਉਸਦੀ ਲਾਇਬ੍ਰੇਰੀ ਨਾਲ ਕੀ ਵਾਪਰਿਆ ਹੋਵੇਗਾ। ਇਸ ਲਈ ਉਹ ਲੜਕੀ ਮੇਰੇ ਮਾਤਾ-ਪਿਤਾ ਕੋਲ ਆਉਂਦੀ ਹੈ, ਜੋ ਉਸ ਪ੍ਰੋਫੈਸਰ ਨੂੰ ਜਾਣਦੇ ਸੀ ਤੇ ਮੇਰੇ ਪਿਤਾ ਜੀ ਆਖਦੇ ਹਨ, 'ਆਓ ਚੱਲੀਏ', ਉਹ ਉਸ ਘਰ ਜਾਂਦੇ ਹਨ, ਜਿਸਨੂੰ ਉਹ ਹਾਲੀਂ ਵੀ ਬਚਪਨ ਤੋਂ ਜਾਣਦੀ ਸੀ ਤੇ ਜਿਸ ਵਿਚ ਹੁਣ ਇੱਕ ਸੱਜ-ਪਿਛਾਕੜਾ ਵਕੀਲ ਵੱਸਦਾ ਸੀ, ਮੈਂ ਉਸਦਾ ਨਾਂ ਇਜਾਜ਼ ਬਟਾਲਵੀ ਰੱਖ ਦਿੰਦਾ ਹਾਂ। ਉਹ ਉਹਨਾਂ ਵਕੀਲਾਂ ਵਿਚੋਂ ਇੱਕ ਸੀ, ਜਿਸਨੇ ਜ਼ਿਆ ਦੇ ਸਮੇਂ ਭੁੱਟੋ ਦੇ ਵਿਰੁੱਧ ਮੁਕੱਦਮਾ ਲੜਿਆ ਸੀ ਤੇ ਜਿਸਨੇ ਜਾਹਲੀ ਗਵਾਹੀ ਦੇਣ ਲਈ ਉਤਸ਼ਾਹਿਤ ਕੀਤਾ ਸੀ, ਜਿਸ ਨਾਲ ਭੁੱਟੋ ਫਾਹੇ ਲੱਗਿਆ ਸੀ, ਇਹ ਵਕੀਲ ਹੁਣ ਮਾਡਲ ਟਾਊਨ ਲਾਹੌਰ ਵਿਚ, ਪੁਰਾਣੇ ਗੌਰਮਿੰਟ ਕਾਲਜ ਦੇ ਹਿੰਦੂ ਪ੍ਰੋਫੈਸਰ ਦੇ ਘਰ ਰਹਿ ਰਿਹਾ ਸੀ।

ਉਹ ਲੜਕੀ ਉਸ ਘਰ ਜਾਂਦੀ ਹੈ। ਬਟਾਲਵੀ ਉਸ ਨੂੰ ਨਾਂਹ ਨਾ ਕਰ ਸਕਿਆ। ਉਸਦੇ ਪਿਤਾ ਦੀਆਂ ਸਾਰੀਆਂ ਕਿਤਾਬਾਂ ਉਂਝ ਹੀ ਅਲਮਾਰੀਆਂ ਵਿਚ ਪਈਆਂ ਹਨ। ਉਹ ਉਨ੍ਹਾਂ ਨੂੰ ਬਾਹਰ ਕੱਢ ਕੇ ਵੇਖਦੀ ਹੈ ਤੇ ਜਿੱਥੇ-ਜਿੱਥੇ ਉਸ ਪ੍ਰੋਫੈਸਰ ਦਾ ਨਾਂ ਲਿਖਿਆ ਹੋਇਆ ਸੀ। ਉਥੋਂ ਕੱਟਿਆ ਗਿਆ ਸੀ। ਉਹ ਉਸਨੂੰ ਆਖਦੀ ਹੈ, 'ਮੇਰਾ ਪਿਤਾ ਉਹ ਕਿਤਾਬਾਂ ਵਾਪਸ ਚਾਹੁੰਦਾ ਹੈ। ਕੀ ਮੈਂ ਇਹਨਾਂ ਵਿਚੋਂ ਕੁਝ ਲਿਜਾ ਸਕਦੀ ਹਾਂ? ਤੇ ਉਹ ਨਾਂਹ ਕਰ ਦਿੰਦਾ ਹੈ, ਮੇਰਾ ਪਿਤਾ ਉਸ ਕੁੜੀ ਨੂੰ ਪਾਸੇ ਕਰਕੇ ਆਖਦਾ ਹੈ, "ਆਓ ਚੱਲੀਏ, ਇਹ ਏਨੇ ਜੋਗਾ ਨਹੀਂ।" ਅਜਿਹੇ ਲੋਕ ਵੀ ਹਨ, ਉਸ ਵਰਗੇ ਜੋ ਆਪਣੀ ਪਛਾਣ ਉਹਨਾਂ ਚੀਜ਼ਾਂ ਨੂੰ ਲੁੱਟ ਕੇ ਤੇ ਚੋਰੀ ਕਰਕੇ ਬਣਾਉਂਦੇ ਹਨ ਜੋ ਜਾਇਦਾਦ ਪਿੱਛੇ ਰਹਿ ਗਈ ਸੀ।

ਅਸੀਂ ਇੱਕ ਦੂਜੇ ਨਾਲੋਂ ਕੱਟੇ ਗਏ ਸੀ। ਤੁਸੀਂ ਪਾਕਿਸਤਾਨ ਤੋਂ ਭਾਰਤ ਨਹੀਂ ਜਾ ਸਕਦੇ। ਇਹ ਵੀ ਕੇਡਾ ਦੁਖਾਂਤ ਸੀ, ਸਰਹੱਦਾਂ ਸਦਾ ਹੀ ਬੰਦ ਸਨ। ਜਦੋਂ ਮੈਂ ਆਕਫੋਲਡ ਵਿਚ ਸੀ ਤਾਂ ਮੈਂ ਕੁਝ ਭਾਰਤੀ ਦੋਸਤ ਬਣਾਏ ਸਨ ਤੇ ਇਹ ਪਹਿਲਾ ਮੌਕਾ ਸੀ ਕਿ ਮੈਨੂੰ ਹਿੰਦੂ ਤੇ ਸਿੱਖ ਮਿਲੇ ਸਨ। ਤੇ ਫਿਰ ਜਦੋਂ 1970 ਵਿਚ ਮੈਂ ਪਹਿਲੀ ਵਾਰ ਹਿੰਦੁਸਤਾਨ ਗਿਆ ਤਾਂ ਲੋਕਾਂ ਨੂੰ ਪਤਾ ਲੱਗਾ ਕਿ ਮੈਂ ਸ਼ਹਿਰ ਵਿਚ ਸੀ ਤਾਂ ਮੈਨੂੰ ਰਾਤ ਨੂੰ ਸਿੱਖ ਪਰਿਵਾਰਾਂ ਵਲੋਂ ਰਾਤ ਦੇ ਖਾਣੇ ਲਈ ਬੁਲਾਇਆ ਜਾਂਦਾ ਸੀ। ਬੱਚੇ ਮੈਨੂੰ ਕਹਿੰਦੇ ਸੀ, "ਸਾਡੇ ਮਾਤਾ-ਪਿਤਾ ਤੁਹਾਨੂੰ ਮਿਲਣਾ ਚਾਹੁੰਦੇ ਹਨ ਕਿਉਂਕਿ ਉਹ ਤੁਹਾਡੇ ਮਾਤਾ-ਪਿਤਾ ਨੂੰ ਜਾਣਦੇ ਸਨ। ਸ਼ਾਹੀ ਖਾਣੇ ਤਿਆਰ ਕੀਤੇ ਜਾਂਦੇ ਤੇ ਉਹ ਹੱਥ ਵਿਚ ਵਿਸਕੀ ਦੇ ਗਿਲਾਸ ਫੜੀ, ਖਾਣੇ ਤੋਂ ਬਾਅਦ ਗੱਲਾਂ ਕਰਦੇ।" ਲਾਹੌਰ ਦੀ ਕੋਈ ਗੱਲ ਸੁਣਾਓ। ਇਹ ਦਿਲ-ਹਿਲਾਉਣ ਵਾਲੀ ਗੱਲ ਸੀ। •

**ਪੰਜਾਬੀ ਅਨੁਵਾਦ - ਹ. ਸ.ਹ.**





# ਦੇਸ਼-ਵੰਡ ਤੇ ਕਮਿਊਨਿਸਟ

**- ਸੁਰਜੀਤ ਗਿੱਲ**

ਪੰਜਾਬ ਦੀ ਕਮਿਊਨਿਸਟ ਲਹਿਰ ਦਾ ਦੁਖਾਂਤ ਹੈ ਕਿ ਜਿੱਥੇ ਇਹਦੇ ਲੀਡਰ ਤੇ ਵਰਕਰ ਮਹਾਨ ਕੁਰਬਾਨੀ ਵਾਲੇ ਤੇ ਦ੍ਰਿੜਤਾ ਨਾਲ ਲੋਕਾਂ ਨਾਲ ਲੜਨ ਵਾਲੇ ਸਨ, ਉੱਥੇ ਫੁੱਟ ਨੇ ਜਨਮ ਤੋਂ ਹੀ ਇਹਦਾ ਖਹਿੜਾ ਨਹੀਂ ਛੱਡਿਆ। 1942 ਵਿਚ ਪਹਿਲੀ ਵਾਰ ਪਾਰਟੀ ਦੇ ਲੋਕਾਂ ਸਾਹਮਣੇ ਆਉਣ ਸਮੇਂ ਦਾ ਵਿਵਾਦ ਸ਼ੁਰੂ ਹੋ ਗਿਆ ਕਿ ਕੀ ਜਨਤਕ ਜੰਗ ਦਾ ਨਾਹਰਾ ਦਰੁੱਸਤ ਹੈ? ਜਨਤਕ ਜੰਗ ਦੇ ਨਾਹਰੇ ਅਨੁਸਾਰ ਕਮਿਊਨਿਸਟ ਪਾਰਟੀ ਨੇ ਸਾਮਰਾਜ ਦੀ ਥਾਂ ਫਾਸ਼ੀਵਾਦ ਨੂੰ ਆਪਣਾ ਮੁੱਖ ਦੁਸ਼ਮਣ ਮਿੱਥ ਲਿਆ। ਹਕੀਕਤ ਵੀ ਇਹ ਸੀ ਕਿ ਉਸ ਸਮੇਂ ਫਾਸ਼ੀਵਾਦ ਸੰਸਾਰ ਦੀਆਂ ਜਮਹੂਰੀ ਕਦਰਾਂ ਲਈ ਸਭ ਤੋਂ ਵੱਡਾ ਖ਼ਤਰਾ ਬਣ ਗਿਆ ਸੀ। ਜਰਮਨ ਨੇ ਅਮਨ ਸਮਝੌਤਾ ਤੋੜ ਕੇ ਸੋਵੀਅਤ ਰੂਸ ਉੱਤੇ ਹਮਲਾ ਕਰ ਦਿੱਤਾ ਸੀ, ਇਸ ਤਰ੍ਹਾਂ ਮਜ਼ਦੂਰਾਂ-ਕਿਸਾਨਾਂ ਦਾ ਪਹਿਲਾ ਰਾਜ ਗੰਭੀਰ ਖ਼ਤਰੇ ਵਿਚ ਪੈ ਗਿਆ ਸੀ। ਇਸ ਲਈ ਸੰਸਾਰ ਦੀਆਂ ਕਮਿਊਨਿਸਟ ਪਾਰਟੀਆਂ ਦੇ ਨਾਲ ਹੀ ਭਾਰਤ ਦੀ ਕਮਿਊਨਿਸਟ ਪਾਰਟੀ ਨੇ ਵੀ ਜਨਤਕ ਜੰਗ ਦਾ ਨਾਹਰਾ ਦਿੱਤਾ, ਜਿਸਦੇ ਅਰਥ ਇਹ ਕੱਢੇ ਗਏ ਕਿ ਹੁਣ ਅੰਗਰੇਜ਼ੀ ਸਾਮਰਾਜ ਵਿਰੁੱਧ ਸੰਘਰਸ਼ ਤੇ ਦੇਸ਼ ਦੀ ਆਜ਼ਾਦੀ ਪ੍ਰਾਪਤੀ ਨਾਲੋਂ ਵੀ ਵੱਡਾ ਸਵਾਲ ਫਾਸ਼ਿਜ਼ਮ ਵਿਰੁੱਧ ਲੜਨਾ ਅਤੇ ਕੌਮੀ ਸੰਘਰਸ਼ ਨੂੰ ਪਿੱਛੇ ਪਾਉਣਾ ਹੈ। ਸਿਧਾਂਤਕ ਤੌਰ 'ਤੇ ਇਹ ਨਾਹਰਾ ਦੁਰਲੱਭ ਜਾਪਦਾ ਹੈ, ਪਰੰਤੂ ਵਿਵਹਾਰਕ ਤੌਰ 'ਤੇ ਲਾਗੂ ਕਰਨ ਸਮੇਂ ਇਸ ਵਿਚ ਢੇਰ ਸਾਰੀਆਂ ਗਲਤੀਆਂ ਹੋਈਆਂ। 1942 ਦਾ ਸਮਾਂ ਉਹ ਸੀ ਜਦੋਂ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਨੂੰ 'ਭਾਰਤ ਛੱਡੋ' ਦੀ ਲਲਕਾਰ ਦਿੱਤੀ ਤੇ ਨਾਲ ਹੀ ਲੋਕਾਂ ਨੂੰ 'ਕਰੋ ਜਾਂ ਮਰੋ' ਦਾ ਹੋਕਾ ਦੇ ਕੇ ਜੇਲ੍ਹ ਚਲਿਆ ਗਿਆ। ਇਸ ਸਮੇਂ ਹਜ਼ਾਰਾਂ ਹਿੰਦੋਸਤਾਨੀ ਜੇਲ੍ਹੀ ਗਏ ਤੇ ਬਹੁਤ ਥਾਈਂ ਤੋੜ-ਭੰਨ ਹੋਈ। ਲੋਕਾਂ ਅੰਦਰ ਕੌਮੀ ਉਭਾਰ ਸਿਖ਼ਰ 'ਤੇ ਸੀ ਪਰੰਤੂ ਇਸੇ ਸਮੇਂ ਕਮਿਊਨਿਸਟ ਜੇਲ੍ਹਾਂ ਵਿਚੋਂ ਬਾਹਰ ਆ ਗਏ ਤੇ ਤੋੜ-ਭੰਨ ਦਾ ਵਿਰੋਧ ਕਰਨ ਲੱਗ ਪਏ। ਸਿੱਟੇ ਵਜੋਂ ਕਮਿਊਨਿਸਟਾਂ ਨੇ ਉਹ ਅਵਸਰ ਗੁਆ ਲਿਆ ਜਦੋਂ ਭਾਰਤ ਦੀ ਕੌਮੀ ਲਹਿਰ ਨੇ ਖਾੜਕੂ ਰੂਪ ਧਾਰਿਆ ਸੀ ਤੇ ਉਸ ਲਈ ਖਾੜਕੂ ਅਗਵਾਈ ਦੀ ਲੋੜ ਸੀ। ਜਿਹੜੇ ਖਾੜਕੂ ਦੇ ਅਗਵਾਈ ਸਕਦੇ ਸਨ। ਕੌਮੀ ਲਹਿਰ ਨਾਲੋਂ ਇਹ ਨਿਖੇੜਾ ਸਦਾ ਹੀ ਕਮਿਊਨਿਸਟਾਂ ਦਾ ਦੁਖਾਂਤ ਰਿਹਾ ਹੈ। ਸੰਸਾਰ ਜੰਗ ਵਿਚ ਫਾਸਿਜ਼ਮ ਹਾਰ ਗਿਆ। ਸੋਵੀਅਤ ਫੌਜਾਂ ਨੇ ਹਿਟਲਰ ਸ਼ਾਹੀ ਨੂੰ ਰੂਸ 'ਚੋਂ ਕੱਢਕੇ, ਬਲਕਾਨ ਰਿਆਸਤਾਂ ਆਜ਼ਾਦ ਕਰਵਾ ਕੇ ਬਰਲਿਨ ਦੇ ਪਾਰਲੀਮੈਂਟ ਹਾਊਸ (ਰੈਸਤੌਗ) 'ਤੇ ਕਬਜ਼ਾ ਕਰਕੇ ਲਾਲ ਝੰਡਾ ਝੁਲਾ ਦਿੱਤਾ। ਹਿਟਲਰ ਆਪ ਆਪਣੀ ਪ੍ਰੇਮਿਕਾ ਨਾਲ ਗੋਲੀ ਮਾਰ ਕੇ ਆਤਮ ਹੱਤਿਆ ਕਰ ਗਿਆ ਤੇ ਦੂਜੀ ਫਾਸ਼ੀ ਜੁੰਡਲੀ ਵਿਚੋਂ ਬਹੁਤੇ ਕਾਬੂ ਕਰ ਲਏ ਗਏ। ਫਾਸ਼ਿਜ਼ਮ ਦੀ ਹਾਰ ਤੇ ਜ਼ਾਹਰਾ ਤੌਰ 'ਤੇ ਸਾਮਰਾਜ ਦੀ ਜਿੱਤ ਨਾਲ ਸੰਸਾਰ ਵਿਚ ਇੱਕ ਨਵਾਂ ਉਭਾਰ ਆਇਆ। ਸਾਮਰਾਜ ਬੇਸ਼ੱਕ ਜਿੱਤ ਗਿਆ ਸੀ ਪਰੰਤੂ ਜੰਗ ਵਿਚ ਇੰਨਾ ਨਿਰਬਲ ਹੋ ਗਿਆ ਸੀ ਕਿ ਬਿਮਾਰ ਸ਼ੇਰ ਵਾਂਗ ਕੁਝ ਕਰਨੋਂ ਅਸਮਰੱਥ ਸੀ।

ਦੂਜੇ ਪਾਸੇ ਸੋਵੀਅਤ ਯੂਨੀਅਨ ਦੀ ਜਿੱਤ ਨਾਲ ਦੁਨੀਆਂ ਭਰ ਦੇ ਕਿਰਤੀਆਂ, ਕੌਮੀ ਆਜ਼ਾਦੀ ਦੀਆਂ ਲਹਿਰਾਂ ਤੇ ਜਮਹੂਰੀਅਤ ਪਸੰਦਾਂ ਨੂੰ ਇੱਕ ਨਵਾਂ ਉਤਸ਼ਾਹ ਮਿਲਿਆ ਸੀ। ਇਸ ਤਰ੍ਹਾਂ ਗੁਲਾਮ ਦੇਸ਼ਾਂ ਦੇ ਲੋਕਾਂ ਵਿਚ ਆਜ਼ਾਦੀ ਦੀ ਇੱਕ ਪ੍ਰਬਲ ਇੱਛਾ ਜਾਗ ਪਈ ਤੇ ਥਾਂ-ਥਾਂ 'ਤੇ ਕੌਮੀ ਆਜ਼ਾਦੀ ਦੀਆਂ ਲਹਿਰਾਂ ਸ਼ਕਤੀਸ਼ਾਲੀ ਹੋ ਗਈਆਂ। ਕੁਝ ਦੇਸ਼ਾਂ ਵਿਚ ਇਹਨਾਂ ਲਹਿਰਾਂ ਨੇ ਹਥਿਆਰਬੰਦ ਸੰਘਰਸ਼ਾਂ ਦਾ ਰੂਪ ਵੀ ਧਾਰ ਲਿਆ। ਭਾਰਤ ਵਿਚ ਹੀ ਵਿਦੇਸ਼ਾਂ ਵਿਚ ਬਣੀ ਆਜ਼ਾਦ ਹਿੰਦ ਫੌਜ ਦੀ ਰਿਹਾਈ ਲਈ ਤਿੱਖੇ ਸੰਘਰਸ਼ ਆਰੰਭ ਹੋ ਗਏ। ਬੰਬਈ ਵਿਚ ਭਾਰਤ ਦੀ ਸਮੁੰਦਰੀ ਫੌਜ ਨੇ ਬਗਾਵਤ ਕਰ ਦਿੱਤੀ। ਕਈ ਥਾਂ ਪੁਲਿਸ ਵਿਗੜ ਗਈ। ਡਾਕ, ਤਾਰ ਮਹਿਕਮੇ ਨੇ ਜ਼ਬਰਦਸਤ ਹੜਤਾਲ ਕਰ ਦਿੱਤੀ। ਇਹਨਾਂ ਸਾਰੇ ਹਾਲਾਤਾਂ ਅਧੀਨ ਦੇਸ਼ ਵਿਚ ਰਾਜ ਚਲਾਉਣਾ ਔਖਾ ਹੋ ਗਿਆ। ਉਧਰ ਇੰਗਲੈਂਡ ਦੀਆਂ ਪਾਰਟੀਮੈਂਟ ਚੋਣਾਂ ਵਿਚ ਲੇਬਰ ਪਾਰਟੀ ਬਹੁਮੱਤ ਨਾਲ ਜਿੱਤ ਗਈ। ਵਿਨਸਟਨ ਚਰਚਿਲ ਦੀ ਥਾਂ ਐਟਲੀ ਪ੍ਰਧਾਨ ਮੰਤਰੀ ਬਣ ਗਿਆ। ਇਸ ਤਰ੍ਹਾਂ ਦੇਸ਼ ਨੂੰ ਛੱਡਣ ਬਾਰੇ ਵਿਚਾਰਾਂ ਹੋਣ ਲੱਗ ਪਈਆਂ, ਪਰੰਤੂ ਅੰਗਰੇਜ਼ ਸਾਮਰਾਜ ਬਹੁਤ ਸ਼ਾਤਰ ਸੀ। ਉਹਨੇ ਦੇਸ਼ ਨੂੰ ਸਾਵਾਂ ਛੱਡਣ ਦੀ ਥਾਂ ਆਪਣੀ 'ਪਾੜੋ ਤੇ ਰਾਜ ਕਰੋ' ਦੀ ਪੁਰਾਣੀ ਨੀਤੀ ਨੂੰ ਵਰਤਿਆ। ਉਹਨੇ ਦੋ ਕੌਮਾਂ ਦੇ ਸਿਧਾਂਤ ਅਧੀਨ ਦੇਸ਼ ਦੀ ਬਹੁ-ਗਿਣਤੀ ਹਿੰਦੂ ਆਬਾਦੀ ਨਾਲੋਂ ਮੁਸਲਮਾਨ ਘੱਟ ਗਿਣਤੀ ਨੂੰ ਅੱਡ ਕਰਕੇ ਵੱਖਰਾ ਰਾਜ ਦੇਣ ਦਾ ਫੈਸਲਾ ਕਰ ਲਿਆ। ਇਹ ਗੱਲ ਪ੍ਰਤੱਖ ਹੋ ਗਈ ਕਿ ਦੇਸ਼ ਹੁਣ ਦੋ ਹਿੱਸਿਆਂ ਵਿਚ ਵੰਡਿਆ ਜਾਵੇਗਾ। ਇਸ ਮੋੜ 'ਤੇ ਭਾਰਤ ਦੀ ਕਮਿਊਨਿਸਟ ਪਾਰਟੀ ਨੇ ਇੱਕ ਹੋਰ ਗਲਤ ਫੈਸਲਾ ਕੀਤਾ। ਉਹ ਲੈਨਿਨ ਦੇ ਕੌਮੀ ਤੇ ਕੌਮੀਅਤਾਂ ਦੇ ਵਿਗਿਆਨਕ ਸਿਧਾਂਤ ਨੂੰ ਡੂੰਘੀ ਤਰ੍ਹਾਂ ਸਮਝਣ ਤੇ ਲਾਗੂ ਕਰਨ ਦੀ ਥਾਂ ਕੁਰਾਹੇ ਪੈ ਗਈ। ਵਿਗਿਆਨਕ ਸਿਧਾਂਤ ਅਨੁਸਾਰ ਜਿੱਥੇ ਕੌਮ ਤੇ ਕੌਮੀਅਤਾਂ ਦਾ ਆਧਾਰ ਭਾਸ਼ਾ, ਸਭਿਆਚਾਰ ਤੇ ਭੂਗੋਲਿਕ ਏਕਤਾ ਹੈ ਉੱਥੇ ਪਾਰਟੀ ਨੇ ਧਰਮ ਨੂੰ ਹੀ ਕੌਮ ਦਾ ਆਧਾਰ ਮੰਨ ਲਿਆ। ਸਿੱਟੇ ਵਜੋਂ ਮੁਸਲਮਾਨਾਂ ਨੂੰ ਕੌਮੀਅਤ ਮੰਨਕੇ ਉਹਨਾਂ ਦੇ ਵੱਖਰੇ ਰਾਜ ਦੀ ਮੰਗ ਦੀ ਹਮਾਇਤ ਕਰ ਦਿੱਤੀ। ਗੱਲ ਇਥੇ ਨਹੀਂ ਰੁਕੀ ਬਲਕਿ ਮੁਸਲਮਾਨ ਕਮਿਊਨਿਸਟਾਂ ਨੂੰ ਪਾਰਟੀ ਵਿਚੋਂ ਮੁਸਲਿਮ ਲੀਗ ਵਿਚ ਭੇਜਣ ਦਾ ਫੈਸਲਾ ਕਰ ਦਿੱਤਾ। ਉਸ ਵੇਲੇ ਦੇ ਵਿਦਵਾਨ ਕਮਿਊਨਿਸਟਾਂ ਨੇ ਇਸਨੂੰ ਗਲਤ ਦੱਸਿਆ ਤੇ ਇਸਦੀ ਵਿਰੋਧਤਾ ਕੀਤੀ, ਪਰੰਤੂ ਪਾਰਟੀ ਨੇ ਇਹ ਹੁਕਮ ਲਾਗੂ ਕਰ ਦਿੱਤਾ। ਇਹ ਗੱਲ ਇੱਥੇ ਹੀ ਨਹੀਂ ਰੁਕੀ ਬਲਕਿ ਸਿੱਖਾਂ ਨੂੰ ਵੀ ਇੱਕ ਕੌਮੀਅਤ ਮੰਨਕੇ ਇਹਨਾਂ ਲਈ ਇੱਕ ਵੱਖਰੇ ਰਾਜ ਦੀ ਤਜ਼ਵੀਜ ਵੀ ਪੇਸ਼ ਕਰ ਦਿੱਤੀ। ਪੰਜਾਬ ਦੇ "ਸਿਧਾਂਤਕਾਰ" ਹਰਕਿਸ਼ਨ ਸਿੰਘ ਸੁਰਜੀਤ ਨੇ ਇੱਕ ਥੀਸਸ ਲਿਖਿਆ ਜਿਹੜਾ ਜੀ. ਅਧਿਕਾਰੀ ਦੇ ਦਸਤਖਤਾਂ ਹੇਠ "ਸਿੱਖ ਦੇਸ਼ ਭੂਮੀਆਂ" ਦੇ ਨਾਂ ਹੇਠ ਛਪਿਆ ਪਰੰਤੂ ਚੰਗੀ ਗੱਲ ਇਹ ਕਿ ਉਸ ਸਮੇਂ ਦੇ ਸਿੱਖ ਲੀਡਰਾਂ ਨੇ ਇਸ ਗੱਲ ਨੂੰ ਬਹੁਤੀ ਮਾਨਤਾ ਨਹੀਂ ਦਿੱਤੀ ਤੇ ਇਹ ਨਾਹਰਾ ਮਿੱਟੀ-ਘੱਟੇ ਵਿਚ ਹੀ ਰੁਲ ਗਿਆ।

ਪੰਜਾਬ ਅੰਦਰ ਇਸ ਉੱਤੇ ਵੱਖੋ-ਵੱਖਰਾ ਰੱਦੇ ਅਮਲ ਹੋਇਆ। ਜਿੱਥੇ ਇੱਕ ਧਿਰ ਨੇ ਇਸ ਫੈਸਲੇ ਨੂੰ "ਇਲਾਹੀ ਹੁਕਮ" ਮੰਨ ਕੇ ਲਾਗੂ ਕਰਨ ਦਾ ਯਤਨ ਕੀਤਾ, ਉਥੇ ਦੂਜੀ ਧਿਰ ਨੇ ਇਸਨੂੰ ਗਲਤ ਦੱਸਿਆ। ਇਸ ਧਿਰ ਦਾ ਕਹਿਣਾ ਇਹ ਸੀ ਕਿ ਪਹਿਲਾਂ ਤਾਂ ਵੰਡ ਨਹੀਂ



ਹੋਣੀ ਚਾਹੀਦੀ ਜੇ ਹੋਣੀ ਹੀ ਹੈ ਤਾਂ ਕਮਿਊਨਿਸਟਾਂ ਨੂੰ ਇਸ ਵਿਚ ਸਰਗਰਮ ਦਖਲ-ਅੰਦਾਜ਼ੀ ਕਰਨੀ ਚਾਹੀਦੀ ਹੈ। ਪੂਰਬੀ ਬੰਗਾਲ ਵਿਚ ਨਿਵਾਖਲੀ ਇਲਾਕੇ ਵਿਚ ਹੋਏ ਫਸਾਦਾਂ ਨੇ ਦੱਸ ਦਿੱਤਾ ਕਿ ਇਹ ਵੰਡ ਪੁਰ ਅਮਨ ਨਹੀਂ ਹੋਵੇਗੀ ਬਲਕਿ ਫਸਾਦ ਹੋਣਗੇ, ਕਿਉਂਕਿ ਸਾਰੀਆਂ ਫਿਰਕੂ ਧਿਰਾਂ ਪੂਰੀ ਤਰ੍ਹਾਂ ਹਥਿਆਰਬੰਦ ਹੋ ਕੇ ਦੰਗਿਆਂ ਦੀ ਵਿਉਂਤਬੰਦ ਤਿਆਰੀ ਕਰ ਰਹੀਆਂ ਸਨ। ਇਸ ਲਈ ਲੋੜ ਹੈ ਕਿ ਕਮਿਊਨਿਸਟ ਵੀ ਹਥਿਆਰਬੰਦ ਹੋ ਕੇ ਲੋਕਾਂ ਦੀਆਂ ਜਾਨਾਂ ਬਚਾਉਣ ਲਈ ਤੱਤਪਰ ਹੋਣ ਤੇ ਆਬਾਦੀ ਦਾ ਤਬਾਦਲਾ ਲਾਲ ਝੰਡੇ ਦੀ ਛਾਂ ਹੇਠ ਕਰਵਾਉਣ। ਉਸ ਸਮੇਂ ਪੰਜਾਬ ਕਮਿਊਨਿਸਟ ਪਾਰਟੀ ਦਾ ਸਕੱਤਰ ਤੇਜਾ ਸਿੰਘ ਸੁਤੰਤਰ ਸੀ। ਉਹ ਇਸ ਵਿਚਾਰ ਦਾ ਮੋਢੀ ਸੀ। ਉਹ ਆਪ ਫੌਜੀ ਜਰਨੈਲ ਦੀ ਟਰੇਨਿੰਗ ਵੀ ਲੈ ਕੇ ਆਇਆ ਸੀ। ਉਸਨੇ ਜ਼ਿਲ੍ਹਿਆਂ ਦੇ ਸਕੱਤਰ ਸੱਦ ਕੇ ਫੌਜੀ ਟਰੇਨਿੰਗ ਕੈਂਪ ਲਾਉਣੇ ਸ਼ੁਰੂ ਕਰ ਦਿੱਤੇ। ਹਾਲੇ ਇੱਕ-ਦੋ ਕੈਂਪ ਹੀ ਲਾਏ ਸਨ ਕਿ ਦੂਜੀ ਧਿਰ ਨੇ ਪਾਰਟੀ ਕੇਂਦਰ ਕੋਲ ਸ਼ਿਕਾਇਤ ਕਰ ਦਿੱਤੀ ਜਿਸ ਉੱਤੇ ਕੇਂਦਰੀ ਪਾਰਟੀ ਦੇ ਸਕੱਤਰ ਪੂਰਨ ਚੰਦ ਜੋਸ਼ੀ ਨੇ ਇੱਕ ਸਰਕੂਲਰ ਕਰ ਦਿੱਤਾ ਕਿ ਕੋਈ ਵੀ ਕਮਿਊਨਿਸਟ ਆਪਣੇ ਕੋਲ ਹਥਿਆਰ ਤਾਂ ਕੀ ਚਾਕੂ ਵੀ ਨਾ ਰੱਖੇ। ਇਸ ਸਰਕੂਲਰ ਦਾ ਪਾਰਟੀ ਅੰਦਰ ਮਾਰੂ ਅਸਰ ਹੋਇਆ ਤੇ ਫਿਰਕੂ ਧਾੜਾਂ ਦੇ ਟਾਕਰੇ ਵਿਚ ਕਮਿਊਨਿਸਟਾਂ ਨੂੰ ਨਿਹੱਥੇ ਕਰ ਦਿੱਤਾ। ਇਹ ਗੱਲ ਕਹਿਣੀ ਤਾਂ ਫੜ ਮਾਰਨੀ ਹੋਵੇਗੀ ਕਿ ਉਸ ਸਮੇਂ ਕਮਿਊਨਿਸਟ ਦਖਲ-ਅੰਦਾਜ਼ੀ ਬਹੁਤ ਕੁਝ ਕਰ ਦਿੰਦੀ ਪਰੰਤੂ ਇਹ ਗੱਲ ਹਕੀਕਤ ਹੈ ਜੇਕਰ ਸਾਰੀ ਪਾਰਟੀ ਇੱਕ ਮੁੱਠ ਹੋ ਕੇ ਯਤਨ ਕਰਦੀ ਤਾਂ ਕਾਫ਼ੀ ਹੱਦ ਤੱਕ 1947 ਵਿਚ ਹੋਈ ਫਿਰਕੂ ਕਤਲੋ ਗਾਰਤ ਘਟਾਈ ਜਾ ਸਕਦੀ ਸੀ।

ਉਪਰੋਕਤ ਗਲਤੀ ਦੇ ਬਾਵਜੂਦ ਵੀ ਵੰਡ ਸਮੇਂ ਨਿਹੱਥੇ ਕਮਿਊਨਿਸਟ ਹੱਥ 'ਤੇ ਹੱਥ ਧਰਕੇ ਤਮਾਸ਼ਬੀਨ ਨਹੀਂ ਬਣੇ। ਉਹਨਾਂ ਨੇ ਆਪਣੇ ਪ੍ਰਭਾਵ ਹੇਠਲੇ ਖੇਤਰਾਂ ਵਿਚ ਰਵਾਇਤੀ ਹਥਿਆਰਾਂ ਨਾਲ ਹੀ ਪੂਰੀ ਸਰਗਰਮੀ ਕੀਤੀ ਤੇ ਹਜ਼ਾਰਾਂ ਨਿਹੱਥੇ ਬੇਕਸੂਰ ਲੋਕਾਂ ਨੂੰ ਕਤਲ ਹੋਣੋ ਬਚਾਇਆ ਤੇ ਦੋਨੋਂ ਪਾਸਿਆਂ ਤੋਂ ਹੀ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਪਾਕਿਸਤਾਨ ਬਣਨ ਪਿੱਛੋਂ ਰਹੇ ਭਾਰਤੀ ਪੰਜਾਬ ਵਿਚ ਸੈਂਕੜੇ ਉਦਾਹਰਨਾਂ ਅਜਿਹੀਆਂ ਦਿੱਤੀਆਂ ਜਾ ਸਕਦੀਆਂ ਹਨ ਜਿੱਥੇ ਕਮਿਊਨਿਸਟਾਂ ਦੀ ਅਗਵਾਈ ਵਿਚ ਆਮ ਲੋਕਾਂ ਨੇ ਨਿਹੱਥੇ ਲੋਕਾਂ ਨੂੰ ਬਚਾਇਆ। ਪੰਜਾਬ ਅੰਦਰ ਉੱਘੇ ਕਮਿਊਨਿਸਟ ਆਗੂ ਕਾਮਰੇਡ ਗਹਿਲ ਸਿੰਘ ਛੱਜਲ ਵੱਡੀ ਦੀ ਸ਼ਹੀਦੀ ਇਸਦਾ ਉੱਘਾ ਸਬੂਤ ਹੈ। ਕਾਮਰੇਡ ਗਹਿਲ ਸਿੰਘ ਨੇ ਹਜ਼ਾਰਾਂ ਲੋਕਾਂ ਨੂੰ ਫਿਰਕੂ ਜ਼ਬਰ ਤੋਂ ਬਚਾ ਕੇ ਕੈਂਪਾਂ ਵਿਚ ਭੇਜਣ ਦਾ ਕੰਮ ਕੀਤਾ। ਇਸ ਤਰ੍ਹਾਂ ਉਹ ਸਿੱਖ ਫਿਰਕਾਪ੍ਰਸਤਾਂ ਦੇ ਰਾਹ ਦਾ ਰੋੜਾ ਬਣ ਗਿਆ। ਉਸ ਸਮੇਂ ਦੇ ਆਗੂ ਜਥੇਦਾਰਾਂ ਨੇ ਉਹਨੂੰ ਚੁੱਕ ਲਿਆ ਤੇ ਤਸੀਹੇ ਦੇ ਕੇ ਦਰਬਾਰ ਸਾਹਿਬ ਅੰਦਰ ਭੱਠੀ ਵਿਚ ਝੋਕ ਦਿੱਤਾ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਮਸ਼ਹੂਰ ਕੌਮ ਪ੍ਰਸਤ ਮੁਸਲਿਮ ਆਗੂ ਡਾ. ਸੈਫ਼-ਉਦ-ਦੀਨ ਕਿਚਲੂ ਦੇ ਘਰ ਦੀ ਰਾਖੀ ਹਥਿਆਰਬੰਦ ਗੁੰਡਿਆਂ ਤੋਂ ਕਰਨਾ ਤੇ ਸਾਰੇ ਪਰਿਵਾਰ ਨੂੰ ਬਚਾ ਕੇ ਬਾਹਰ ਭੇਜਣਾ ਕਮਿਊਨਿਸਟਾਂ ਦਾ ਇੱਕ ਸੁਨਹਿਰੀ ਕਾਰਨਾਮਾ ਹੈ। ਇਹ ਕੁਝ ਤੇਜਾ ਸਿੰਘ ਸੁਤੰਤਰ ਦੀ ਸਿੱਧੀ ਅਗਵਾਈ ਵਿਚ ਕੀਤਾ ਗਿਆ ਸੀ। ਇਹ ਕੁਝ ਜਿੱਥੇ ਭਾਰਤੀ ਪੰਜਾਬ ਵਿਚ ਹੋਇਆ ਉੱਥੇ ਪੱਛਮੀ ਪੰਜਾਬ ਵਿਚ ਵੀ ਪੂਰੀ ਸਰਗਰਮੀ ਨਾਲ ਹੋਇਆ। ਸਾਡੇ ਕੋਲ ਅੰਕੜੇ

ਨਹੀਂ ਹਨ, ਪਰੰਤੂ ਇਤਲਾਹ ਹੈ ਕਿ ਉਥੇ ਹੇਠਲੀ ਪੱਧਰ ਤੇ ਕੁਝ ਕਮਿਊਨਿਸਟ ਫਿਰਕੂਆਂ ਹੱਥੋਂ ਸ਼ਹੀਦ ਹੋਏ ਸਨ।

ਉਸ ਸਮੇਂ ਦੀ ਕਮਿਊਨਿਸਟ ਪਾਰਟੀ ਦੀ ਰਾਜਨੀਤੀ ਦਾ ਜਾਇਜ਼ਾ ਲੈਣਾ ਵੀ ਠੀਕ ਰਹੇਗਾ। ਆਜ਼ਾਦੀ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਨੇ ਪੂਰਨ ਚੰਦ ਜੋਸ਼ੀ ਦੀ ਅਗਵਾਈ ਹੇਠ ਰਾਜਸੀ ਨਿਰਣਾ ਇਹ ਕੀਤਾ ਕਿ "ਅੰਗਰੇਜ਼ਾਂ ਦੇ ਜਾਣ ਪਿੱਛੋਂ ਬਣਨ ਵਾਲੀ ਸਰਕਾਰ ਕੌਮੀ ਸਰਮਾਇਦਾਰੀ ਦੀ ਹੋਵੇਗੀ। ਕੌਮੀ ਸਰਮਾਇਦਾਰੀ ਦੇ ਅਰਥ ਇਹ ਹਨ ਕਿ ਇਹ ਹੋਵੇਗੀ ਤਾਂ ਸਰਮਾਇਦਾਰੀ ਦੀ ਸਰਕਾਰ ਪਰੰਤੂ ਉਹ ਦੇਸ਼ ਦੇ ਹਿੱਤ ਵਿਚ ਅਹਿਮ ਫੈਸਲੇ ਇਹ ਕਰੇਗੀ, ਪਹਿਲਾਂ ਸਾਮਰਾਜ ਦਾ ਸਰਮਾਇਆ ਜ਼ਬਤ ਕਰੇਗੀ, ਦੂਜਾ ਜਾਗੀਰਦਾਰੀ ਤੇ ਰਜਵਾੜਾਸ਼ਾਹੀ ਖ਼ਤਮ ਕਰੇਗੀ, ਤੀਜਾ ਵਿਦੇਸ਼ੀ ਸਨਅਤਾਂ ਨੂੰ ਕੌਮੀ ਕਰਕੇ ਦੇਸ਼ ਦੇ ਹਿੱਤ ਵਿਚ ਵਰਤੇਗੀ।" ਇਸ ਤਰ੍ਹਾਂ ਕੌਮੀ ਕਾਂਗਰਸ ਇਸ ਜਮਾਤ ਦੀ ਪ੍ਰਤੀਨਿਧਤਾ ਕਰਦੀ ਹੈ। ਕਮਿਊਨਿਸਟਾਂ ਦਾ ਕੰਮ ਇਹ ਬਣਦਾ ਹੈ ਕਿ ਉਹ ਇਸ ਸਰਕਾਰ ਨਾਲ ਮਿਲਵਰਤਣ ਕਰਨ, ਇਹਦੀਆਂ ਔਕੜਾਂ ਨੂੰ ਦੂਰ ਕਰਨ ਲਈ ਸਹਾਈ ਹੋਣ। ਇਸ ਸੋਚ ਅਧੀਨ ਹੀ ਉੱਜੜ ਕੇ ਆਏ ਰਿਫਿਊਜ਼ੀਆਂ ਦੇ ਮੁੜ ਵਸੇਬੇ ਲਈ ਕਮਿਊਨਿਸਟ ਕੰਮ ਕਰਨ ਲੱਗੇ। ਉਹਨਾਂ ਨੇ ਘਰ-ਘਰ ਜਾ ਕੇ ਰਿਫਿਊਜ਼ੀਆਂ ਲਈ ਸਹਾਇਤਾ ਮੰਗੀ ਤੇ ਲੋੜਵੰਦਾਂ ਨੂੰ ਕੈਂਪਾਂ ਵਿਚ ਜਾ ਕੇ ਵੰਡੀ। ਬਿਮਾਰਾਂ ਤੇ ਬੁੱਢਿਆਂ ਦੀ ਸੇਵਾ ਕੀਤੀ। ਇਤਿਹਾਸ ਗਵਾਹ ਹੈ ਕਿ ਜਿਹੜੇ ਕੈਂਪਾਂ ਦਾ ਪ੍ਰਬੰਧ ਕਮਿਊਨਿਸਟਾਂ ਕੋਲ ਸੀ ਉਥੋਂ ਕੋਈ ਸ਼ਿਕਾਇਤ ਨਹੀਂ ਆਈ ਜਦੋਂ ਕਿ ਹੋਰਨੀਂ ਥਾਵੀਂ ਰਿਫਿਊਜ਼ੀ ਕੈਂਪ ਲੁੱਟ-ਖੋਹ ਤੇ ਭ੍ਰਿਸ਼ਟਾਚਾਰ ਦੇ ਅੱਡੇ ਸਨ। ਕਮਿਊਨਿਸਟ ਪਾਰਟੀ ਦਾ ਉਪਰੋਕਤ ਨਿਰਣਾ ਤੇ ਹਕੀਕਤਾਂ ਵਿਚ ਛੇਤੀ ਹੀ ਟਕਰਾਅ ਹੋ ਗਿਆ। ਕਮਿਊਨਿਸਟ ਇਹ ਸਮਝਣ ਲੱਗ ਪਏ ਕਿ ਇਹ ਆਜ਼ਾਦੀ ਸੱਚੀ ਨਹੀਂ ਹੈ, ਨਾ ਹੀ ਇਹ ਸਰਕਾਰ ਲੋਕ-ਪੱਖੀ ਹੈ। ਇਸ ਲਈ ਪਾਰਟੀ ਦੀ ਇਹ ਨੀਤੀ ਗਲਤ ਹੈ। ਜਨਵਰੀ 1948 ਵਿਚ ਕਲਕੱਤਾ ਵਿਖੇ ਹੋਈ ਪਾਰਟੀ ਦੀ ਦੂਜੀ ਕਾਨਫਰੰਸ ਵਿਚ ਉਪਰੋਕਤ ਨੀਤੀ ਨੂੰ ਰੱਦ ਕਰ ਦਿੱਤਾ ਗਿਆ ਤੇ ਇਸਦੀ ਥਾਂ ਇੱਕ ਤੰਗ ਨਜ਼ਰ ਰਾਹ ਅਪਣਾ ਲਿਆ ਗਿਆ। ਪਾਰਟੀ ਦੇ ਜਨਰਲ ਸਕੱਤਰ ਪੀ. ਸੀ. ਜੋਸ਼ੀ (ਪੂਰਨ ਚੰਦ ਜੋਸ਼ੀ) ਨੂੰ ਸਕੱਤਰੀ ਤੋਂ ਲਾਹ ਕੇ ਉਹਦੀ ਥਾਂ ਬੀ. ਟੀ. ਰਣਦੀਵੇ ਨੂੰ ਪਾਰਟੀ ਦਾ ਜਨਰਲ ਸਕੱਤਰ ਚੁਣ ਲਿਆ ਗਿਆ। ਇਸ ਰਾਹ ਦੇ ਵੀ ਗਲਤ ਸਿੱਟੇ ਨਿਕਲੇ ਤੇ ਪਾਰਟੀ ਇਕ ਵਾਰ ਫਿਰ ਲੋਕਾਂ ਨਾਲੋਂ ਕੱਟੀ ਗਈ ਅਤੇ ਸੁੰਗੜ ਕੇ ਛੋਟੀ ਜਿਹੀ ਰਹਿ ਗਈ। ਇਹ ਰਾਜਨੀਤੀ ਦਾ ਸਵਾਲ ਹੈ ਕਿ ਇਸ ਤੇ ਕਦੇ ਫਿਰ ਵਿਚਾਰ ਕਰਾਂਗੇ।

ਅੰਤ ਵਿਚ ਇਹ ਮੰਨਣਾ ਪਵੇਗਾ ਕਿ ਪਾਰਟੀ ਦੀਆਂ ਗਲਤ ਨੀਤੀਆਂ ਦੇ ਬਾਵਜੂਦ ਵੀ ਕਮਿਊਨਿਸਟਾਂ ਦੀ ਸੁਹਿਰਦਤਾ ਕਾਇਮ ਰਹੀ। ਉਹਨਾਂ ਨੇ ਸਦਾ ਹੀ ਆਪਣਾ ਮੂੰਹ ਲੋਕਾਂ ਵੱਲ ਰੱਖਣ ਦਾ ਯਤਨ ਕੀਤਾ। ਜਾਗੀਰਦਾਰ ਵਿਰੋਧੀ ਸੰਘਰਸ਼ਾਂ, ਰਜਵਾੜਾਸ਼ਾਹੀ ਜ਼ਬਰ ਤੇ ਹੋਰ ਅਨੇਕਾਂ ਜਬਰਾਂ ਵਿਰੁੱਧ ਸਦਾ ਆਪਣੇ ਵਿੱਤੋ ਬਾਹਰਾ ਸੰਘਰਸ਼ ਕੀਤਾ ਤੇ ਇਸ ਤਰ੍ਹਾਂ 1952 ਦੀਆਂ ਇਲੈਕਸ਼ਨਾਂ ਵਿਚ ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਬਣਕੇ ਉੱਭਰੀ।

**(ਪਿੰਡ ਤੇ ਡਾਕ. ਘੋਲੀਆ ਕਲਾਂ (ਮੋਗਾ)**





# ਜਿਨਾਹ ਇਤਿਹਾਸ ਦੇ ਰੂਬਰੂ

**- ਕੁਲਦੀਪ ਨੱਈਅਰ**

ਮੈਂ ਉਦੋਂ ਲਾਹੌਰ ਦੇ ਲਾਅ-ਕਾਲਜ ਵਿਚ ਦੂਜੇ ਸਾਲ ਦਾ ਵਿਦਿਆਰਥੀ ਸੀ। ਜਦੋਂ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਨੇ ਸਾਡੇ ਕਾਲਜ ਵਿਚ ਲੈਕਚਰ ਦੇਣ ਆਉਣਾ ਸੀ। ਜਿਨਾਹ ਨੂੰ ਕਾਇਦੇ ਆਜ਼ਮ ਦਾ ਲਕਬ ਮਹਾਤਮਾ ਗਾਂਧੀ ਵਲੋਂ ਦਿੱਤਾ ਗਿਆ ਸੀ। ਇਹ ਗੱਲ ਕੋਈ 1945 ਦੇ ਨੇੜੇ-ਤੇੜੇ ਦੀ ਹੈ। ਪਾਕਿਸਤਾਨ ਦਾ ਮਤਾ ਭਾਵੇਂ ਲਾਹੌਰ 'ਚ ਹੀ ਪਾਸ ਹੋਇਆ ਸੀ, ਪਰ ਫਿਰ ਵੀ ਜਿਨਾਹ ਦਾ ਇਸ ਸ਼ਹਿਰ ਨਾਲ ਕੋਈ ਖਾਸ ਰਾਬਤਾ ਨਹੀਂ ਸੀ। ਅਸਲ ਵਿਚ ਜਿਨਾਹ ਨਾ ਤਾਂ ਪੰਜਾਬ, ਨਾ ਹੀ ਸੂਬਾ ਸਰਹੱਦ, ਬਲੋਚਿਸਤਾਨ ਅਤੇ ਸਿੰਧ ਵਿਚ ਆਪਣੀ ਕੋਈ ਪੈਂਠ ਕਾਇਮ ਕਰ ਸਕਿਆ ਸੀ। ਇਹੀ ਉਹ ਇਲਾਕਾ ਹੈ ਜੋ ਪਹਿਲਾਂ ਪੱਛਮੀ ਪਾਕਿਸਤਾਨ ਬਣਿਆ ਅਤੇ ਹੁਣ ਅਜੋਕਾ ਪਾਕਿਸਤਾਨ ਹੈ। ਸੂਬਾ ਸਰਹੱਦ 'ਚ ਜਿਥੇ ਖਾਨ ਅਬਦੁਲ ਗੱਫਾਰ ਖਾਨ, ਜਿਸ ਨੂੰ ਸਾਰੇ ਸਰਹੱਦੀ ਗਾਂਧੀ ਕਹਿੰਦੇ ਸਨ, ਦੀ ਚੜ੍ਹਤ ਸੀ ਉਥੇ ਬਲੋਚਿਸਤਾਨ 'ਚ ਖਾਨ ਅਬਦੁਸ ਸਮਦ ਖਾਨ ਦੀ ਲੋਕਪ੍ਰਿਯਤਾ ਚੋਟੀ 'ਤੇ ਸੀ। ਪੰਜਾਬ ਵਿਚ ਖਿਜ਼ਰ ਹਯਾਤ ਖਾਨ ਟਿਵਾਣਾ ਦੀ ਅਗਵਾਈ ਹੇਠ ਕੇਂਦਰੀ ਸਰਕਾਰ ਦਾ ਰਾਜ ਸੀ। ਦੇਸ਼ ਦੇ ਇਨ੍ਹਾਂ ਖੇਤਰਾਂ ਵਿਚ ਭਾਵੇਂ ਮੁਸਲਿਮ ਲੀਗ ਨੇ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ ਸਨ ਪਰ ਇਸਦਾ ਅਸਲ ਗੜ੍ਹ ਯੂ. ਪੀ., ਬਿਹਾਰ ਅਤੇ ਬੰਗਾਲ ਸਨ।

ਜਿਨਾਹ ਦੇ ਲੈਕਚਰ ਲਈ ਕਾਲਜ 'ਚ ਹਾਜ਼ਰੀ ਬਹੁਤ ਹੀ ਘੱਟ ਸੀ। ਸਾਡੇ ਮੁਸਲਿਮ ਜਮਾਤੀ ਹਬੀਬ ਨੇ ਪਹਿਲਾਂ ਸਾਰੇ ਗੈਰ-ਮੁਸਲਿਮ ਵਿਦਿਆਰਥੀਆਂ ਨੂੰ ਇਸ ਲੈਕਚਰ ਲਈ ਸੱਦਾ ਨਾ ਦਿੱਤਾ ਪਰ ਜਦੋਂ ਉਸਨੇ ਦੇਖਿਆ ਕਿ ਲੈਕਚਰ ਲਈ ਹਾਜ਼ਰ ਲੋਕਾਂ ਦੀ ਗਿਣਤੀ ਬਹੁਤ ਹੀ ਘੱਟ ਹੈ ਤਾਂ ਉਸਨੇ ਸਾਰੇ ਸਿੱਖ ਅਤੇ ਹਿੰਦੂ ਵਿਦਿਆਰਥੀਆਂ ਨੂੰ ਜਿਨਾਹ ਦਾ ਲੈਕਚਰ ਸੁਣਨ ਲਈ ਖ਼ੁਦ ਬੇਨਤੀ ਕੀਤੀ। ਪਰ ਫਿਰ ਵੀ ਜਿਨਾਹ ਦਾ ਲੈਕਚਰ ਕਾਲਜ ਆਡੀਟੋਰੀਅਮ ਦੀ ਥਾਂ ਇਕ ਕਲਾਸ ਰੂਮ ਵਿਚ ਕਰਵਾਇਆ ਗਿਆ। ਇਸ ਘਟਨਾ ਦਾ ਜ਼ਿਕਰ ਕਰਨ ਦਾ ਮੇਰਾ ਮਕਸਦ ਇਹ ਦੱਸਣਾ ਹੈ ਕਿ ਦੇਸ਼ ਨੂੰ ਧਰਮ ਦੇ ਨਾਂ ਤੇ ਵੰਡਣ ਤੋਂ ਦੋ ਸਾਲ ਪਹਿਲਾਂ ਤੱਕ ਵੀ ਵੱਖਰੇ ਮੁਸਲਿਮ ਰਾਸ਼ਟਰ ਦੇ ਸੰਕਲਪ ਦੀ ਹਮਾਇਤ ਕਰਨ ਵਾਲੇ ਲੋਕ ਬਹੁਤੇ ਨਹੀਂ ਸਨ।

ਜਿਨਾਹ ਜਦੋਂ ਭਾਸ਼ਣ ਦੇਣ ਆਇਆ ਤਾਂ ਉਸਨੇ ਥ੍ਰੀ-ਪੀਸ ਸੂਟ ਪਾਇਆ ਹੋਇਆ ਸੀ ਅਤੇ ਉਹ ਖ਼ੂਬ ਫੱਬ ਰਿਹਾ ਸੀ। ਲੱਗਦਾ ਸੀ ਕਿ ਘੱਟ ਹਾਜ਼ਰੀ ਨਾਲ ਉਸਨੂੰ ਕੋਈ ਬਹੁਤਾ ਫ਼ਰਕ ਨਹੀਂ ਸੀ ਪਿਆ। ਉਸਨੇ ਇਕ ਜ਼ੋਰਦਾਰ ਪ੍ਰਚਾਰਕ ਵਾਂਗ ਆਪਣੇ ਪਾਕਿਸਤਾਨ ਦੇ ਖੁਆਬ ਨੂੰ ਸਾਡੇ ਨਾਲ ਸਾਂਝਾ ਕੀਤਾ। ਤੁਸੀਂ ਭਾਵੇਂ ਉਸਦੀ ਹਮਾਇਤ ਕਰੋ ਜਾਂ ਮੁਖ਼ਲਫਤ ਪਰ ਇੱਕ ਗੱਲ ਪੱਕੀ ਸੀ ਕਿ ਤੁਸੀਂ ਉਸਨੂੰ ਨਜ਼ਰਅੰਦਾਜ਼ ਨਹੀਂ ਸੀ ਕਰ ਸਕਦੇ। ਜਿਨਾਹ ਅਤੇ ਪਾਕਿਸਤਾਨ ਇਕ ਹਕੀਕਤ ਹਨ। ਉਸਨੇ ਉਸ ਦਿਨ ਆਪਣੇ ਲੈਕਚਰ 'ਚ ਮੋਟੇ ਤੌਰ ਤੇ

ਇਹ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਕਿ ਅਖੰਡ ਭਾਰਤ 'ਚ ਮੁਸਲਮਾਨ ਆਜ਼ਾਦ ਮਹਿਸੂਸ ਨਹੀਂ ਕਰਨਗੇ ਕਿਉਂਕਿ ਦੇਸ਼ 'ਚ ਹਿੰਦੂਆਂ ਦੀ ਬਹੁਗਿਣਤੀ ਹੋਵੇਗੀ ਅਤੇ ਇਸ ਸੂਰਤ ਵਿਚ ਇਕ ਗੈਰ-ਮੁਸਲਿਮ ਰਾਸ਼ਟਰ, ਮੁਸਲਿਮ ਰਾਸ਼ਟਰ ਤੇ ਸਾਸ਼ਨ ਕਰ ਰਿਹਾ ਹੋਵੇਗਾ ਪ੍ਰੰਤੂ ਜੇਕਰ ਦੋਹੇਂ ਰਾਸ਼ਟਰ ਸੁਤੰਤਰ ਦੇਸ਼ ਬਣ ਜਾਂਦੇ ਹਨ ਤਾਂ ਦੋਹੇਂ ਆਪੋ-ਆਪਣੀ ਸੋਚ ਅਨੁਰੂਪ ਵਿਕਾਸ ਕਰਨਗੇ ਅਤੇ ਦੋਹੇਂ ਦੇਸ਼ ਇਕ ਦੂਜੇ ਦੇ ਵਿਕਾਸ ਵਿਚ ਸਹਾਇਕ ਸਾਬਤ ਹੋਣਗੇ।

ਜਿਨਾਹ ਨੇ ਅੱਧਾ ਘੰਟਾ ਲੈਕਚਰ ਦਿੱਤਾ ਅਤੇ ਲੈਕਚਰ ਖ਼ਤਮ ਹੋਣ ਤੋਂ ਬਾਅਦ ਉਸ ਨੇ ਹਾਜ਼ਰੀਨ ਨੂੰ ਕਿਹਾ ਕਿ ਜੇਕਰ ਕੋਈ ਵੀ ਉਸ ਤੋਂ ਸਵਾਲ ਪੁੱਛਣਾ ਚਾਹੇ ਤਾਂ ਪੁੱਛ ਸਕਦਾ ਹੈ। ਉਸ ਦਿਨ ਮੈਂ ਜਿਨਾਹ ਨੂੰ ਦੋ ਸਵਾਲ ਪੁੱਛੇ। ਮੇਰੇ ਪਹਿਲੇ ਸਵਾਲ 'ਚ ਮੇਰੇ ਖਦਸ਼ੇ ਛੁਪੇ ਸਨ। ਮੈਂ ਜਿਨਾਹ ਨੂੰ ਪੁੱਛਿਆ ਕਿ ਪਿਛਲੇ ਕੁਝ ਸਾਲਾਂ ਦੌਰਾਨ ਹਿੰਦੂਆਂ ਅਤੇ ਮੁਸਲਮਾਨਾਂ ਵਿਚਾਲੇ ਜਿਸ ਢੰਗ ਨਾਲ ਨਫਰਤ ਦੇ ਬੀਜ ਬੀਜੇ ਗਏ ਹਨ, ਕੀ ਬਰਤਾਨਵੀ ਸ਼ਾਸਨ ਵਲੋਂ ਭਾਰਤ ਛੱਡਣ ਮਗਰੋਂ ਦੋਵੇਂ ਕੌਮਾਂ ਇਕ-ਦੂਜੇ ਦੇ ਖ਼ੂਨ ਦੀਆਂ ਪਿਆਸੀਆਂ ਨਹੀਂ ਹੋ ਜਾਣਗੀਆਂ? ਪਰ ਕਾਇਦੇ ਆਜ਼ਮ ਮੇਰੇ ਵਿਚਾਰਾਂ ਨਾਲ ਸਹਿਮਤ ਨਹੀਂ ਸੀ। ਉਸਦਾ ਖ਼ਿਆਲ ਸੀ ਖ਼ੂਨ-ਖਰਾਬੇ ਦੀਆਂ ਗੱਲਾਂ ਕਾਲਪਨਿਕ ਹਨ ਅਤੇ ਅਜਿਹਾ ਕੁਝ, ਕਦੇ ਵੀ ਨਹੀਂ ਵਾਪਰੇਗਾ। ਉਸਨੇ ਧੀਰੇ ਜਿਹੇ ਆਪਣੀ ਐਨਕ ਹੱਥ 'ਚ ਫੜਦਿਆਂ ਜਵਾਬ ਦਿੱਤਾ ਕਿ ਦੋਵੇਂ ਰਾਸ਼ਟਰਾਂ ਵਿਚਾਲੇ ਕੁਝ ਵੀ ਸਾਂਝਾ ਨਹੀਂ ਜੋ ਇਨ੍ਹਾਂ ਨੂੰ ਜੋੜਕੇ ਰੱਖ ਸਕੇ। ਪਰ ਜੇਕਰ ਦੋਹਾਂ ਰਾਸ਼ਟਰਾਂ ਨੂੰ ਵੱਖ-ਵੱਖਰੇ ਦੇਸ਼ ਦਾ ਰੂਪ ਦੇ ਦਿੱਤਾ ਜਾਂਦਾ ਹੈ ਤਾਂ ਇਹ ਦੋਵੇਂ ਦੇਸ਼ ਖ਼ੁਸ਼ ਰਹਿਣਗੇ ਅਤੇ ਇਨ੍ਹਾਂ ਵਿਚਾਲੇ ਪੈਦਾ ਤਣਾਅ ਅਤੇ ਟਕਰਾਅ ਵੀ ਖ਼ਤਮ ਹੋ ਜਾਵੇਗਾ। ਉਸਦੀ ਦਲੀਲ ਸੀ "ਖ਼ੂਨ ਪਾਣੀ ਤੋਂ ਗਾੜ੍ਹਾ ਹੁੰਦਾ ਹੈ।" ਕਾਇਦੇ ਆਜ਼ਮ ਦਾ ਕਹਿਣਾ ਸੀ ਕਿ ਦੂਜੇ ਤੋਂ ਵੱਖਰੇ ਹੁੰਦਿਆਂ ਹੀ ਦੋਹਾਂ ਰਾਸ਼ਟਰਾਂ ਦੇ ਸਾਰੇ ਝਗੜੇ-ਝੇੜੇ ਇਕਦਮ ਖ਼ਤਮ ਹੋ ਜਾਣਗੇ ਅਤੇ ਪਾਕਿਸਤਾਨ ਅਤੇ ਭਾਰਤ ਚੰਗੇ ਗੁਆਂਢੀਆਂ ਵਾਂਗ ਰਹਿਣਗੇ। ਉਸਨੇ ਕਿਹਾ, 'ਕੁਝ ਦੇਸ਼ਾਂ ਨੇ ਇਕ ਦੂਜੇ ਦੇ ਲੱਖਾਂ ਲੋਕਾਂ ਦਾ ਘਾਣ ਕੀਤਾ ਪਰ ਫਿਰ ਵੀ ਅਸੀਂ ਕਹਿ ਸਕਦੇ ਹਾਂ ਕਿ ਅੱਜ ਦਾ ਦੁਸ਼ਮਣ ਕੱਲ ਦੋਸਤ ਵੀ ਹੋ ਸਕਦਾ ਹੈ।"

ਵਰ੍ਹਿਆਂ ਮਗਰੋਂ ਜਦੋਂ 1971 ਦੇ ਸ਼ੁਰੂ 'ਚ ਮੈਂ ਆਪਣੀ ਪੁਸਤਕ 'ਡਿਸਟੈਂਟ ਨੇਬਰਜ਼ ਏ ਟੇਲ ਆਫ਼ ਸੈਂਟੀਮੈਂਟਸ' ਲਈ ਸਮੱਗਰੀ ਇਕੱਠੀ ਕਰਨ ਲਈ ਪਾਕਿਸਤਾਨ ਗਿਆ ਤਾਂ ਜਿਨਾਹ ਦੇ ਸੈਕਟਰੀ ਕੇ. ਐਚ. ਖ਼ੁਰਸ਼ੀਦ ਤੋਂ ਮੈਂ ਦੇਸ਼ ਦੀ ਵੰਡ ਮਗਰੋਂ ਭੜਕੇ ਦੰਗਿਆਂ ਅਤੇ ਵੱਡੇ ਪੱਧਰ ਤੇ ਲੋਕਾਂ ਦੀ ਹਿਜਰਤ ਬਾਰੇ ਕਾਇਦੇ ਆਜ਼ਮ ਦੇ ਪ੍ਰਤੀਕਰਮ ਬਾਰੇ ਪੁੱਛਿਆ ਤਾਂ ਖ਼ੁਰਸ਼ੀਦ ਦਾ ਜਵਾਬ ਸੀ ਕਿ ਪਹਿਲਾਂ ਤਾਂ ਕਾਇਦੇ ਆਜ਼ਮ ਦਾ ਇਹ ਮੰਨਣਾ ਸੀ ਕਿ ਵੰਡ ਵੇਲੇ ਵੱਡੇ ਪੱਧਰ ਤੇ ਦੰਗੇ ਹੋਏ ਹੀ ਨਹੀਂ, ਮਗਰੋਂ ਉਨ੍ਹਾਂ ਦਾ ਕਹਿਣਾ ਸੀ ਕਿ ਪਾਕਿਸਤਾਨ ਨੂੰ ਹੋਂਦ 'ਚ ਆਉਣ ਤੋਂ ਰੋਕਣ ਲਈ ਉਨ੍ਹਾਂ ਅਜਿਹਾ ਕੀਤਾ। ਇਥੇ 'ਉਨ੍ਹਾਂ' ਤੋਂ ਭਾਵ ਹਿੰਦੂ ਅਤੇ ਅਕਾਲੀ ਸਨ ਨਾ ਕਿ ਬਰਤਾਨਵੀ। ਖ਼ੁਰਸ਼ੀਦ ਨੇ ਦੱਸਿਆ ਕਿ ਅੰਤ ਨੂੰ ਉਹ ਘੋਰ ਨਿਰਾਸ਼ਾ ਅਤੇ ਉਦਾਸ ਜਾਪਦੇ ਸਨ। ਖ਼ੁਰਸ਼ੀਦ ਅਤੇ ਮੈਂ ਦੰਗਿਆਂ ਪਿਛਲੇ ਕਾਰਨਾਂ ਦਾ ਵਿਸ਼ਲੇਸ਼ਣ ਵੀ



ਕੀਤਾ। ਖ਼ੁਰਸ਼ੀਦ ਦਾ ਕਹਿਣਾ ਸੀ ਕਿ ਹਿੰਦੂ ਮਹਾਂ ਸਭਾ, ਅਕਾਲੀਆਂ ਅਤੇ ਕਾਂਗਰਸ ਵਿਚਲੇ ਕੁਝ ਫਿਰਕੂ ਤੱਤਾਂ ਨੇ ਦੰਗਿਆਂ ਦੀ ਸ਼ੁਰੂਆਤ ਕੀਤੀ। ਮੈਂ ਕਿਹਾ ਕਿ ਹੋ ਸਕਦੈ ਉਹ ਠੀਕ ਹੋਵੇ, ਪਰ ਮੁਸਲਿਮ ਲੀਗ ਵੀ ਕੋਈ ਘੱਟ ਦੋਖੀ ਨਹੀਂ ਸੀ। ਮੈਨੂੰ ਯਾਦ ਹੈ ਕਿ 1946 ਵਿਚ ਜਦੋਂ ਉਸ ਵੇਲੇ ਦੇ ਬੰਗਾਲ ਦੇ ਮੁੱਖ ਮੰਤਰੀ ਐਸ. ਸੁਹਰਾਵਰਦੀ ਨੇ ਸਿੱਧੀ ਕਾਰਵਾਈ ਦਾ ਸੱਦਾ ਦਿੱਤਾ ਸੀ ਅਤੇ ਜਿਨਾਹ ਨੂੰ ਜਦੋਂ ਪੁੱਛਿਆ ਗਿਆ ਕਿ ਇਹ ਸਿੱਧੀ-ਸਿੱਧੀ ਕਾਰਵਾਈ ਹਿੰਸਕ ਹੋਵੇਗੀ ਜਾਂ ਅਹਿੰਸਕ ਤਾਂ ਉਸਦਾ ਜਵਾਬ ਸੀ, 'ਮੈਂ ਇੱਥੇ ਇਸਦੇ ਨੈਤਿਕ ਪਹਿਲੂਆਂ ਦੀ ਘੋਖ ਪਰਖ ਨਹੀਂ ਕਰਨੀ।'

ਇਸ ਸਿੱਧੀ ਕਾਰਵਾਈ ਦੇ ਸੱਦੇ ਦਾ ਹੀ ਨਤੀਜਾ ਸੀ ਕਿ ਤਿੰਨ ਦਿਨਾਂ ਤੋਂ ਵੀ ਘੱਟ ਸਮੇਂ ਦੌਰਾਨ 5 ਹਜ਼ਾਰ ਤੋਂ ਵੱਧ ਲੋਕ ਕਲਕੱਤਾ ਵਿਚ ਭੜਕੇ ਦੰਗਿਆਂ ਦੀ ਭੇਟ ਚੜ੍ਹ ਗਏ। ਖ਼ੁਰਸ਼ੀਦ ਨੇ ਇਸ ਮੌਕੇ ਇਹ ਕਹਿ ਕੇ ਜਿਨਾਹ ਦਾ ਪੱਖ ਲਿਆ ਕਿ ਕਾਇਦੇ ਆਜ਼ਮ ਅਨੇਕਤਾਵਾਦੀ ਪਾਕਿਸਤਾਨ ਦੇ ਹੱਕ 'ਚ ਸਨ। ਉਸਨੇ ਮੈਨੂੰ ਵਾਰ-ਵਾਰ ਕਾਇਦੇ ਆਜ਼ਮ ਵਲੋਂ ਸੰਵਿਧਾਨ ਸਭਾ 'ਚ ਦਿੱਤਾ ਉਹ ਭਾਸ਼ਣ ਯਾਦ ਕਰਵਾਇਆ ਜੋ ਕੁਝ ਇਉਂ ਸੀ, 'ਪਾਕਿਸਤਾਨ ਦਾ ਹਰ ਬਾਸ਼ਿੰਦਾ ਆਪਣੇ ਅਕੀਦੇ ਅਨੁਸਾਰ ਮੰਦਰ, ਮਸਜਿਦ ਜਾਂ ਕਿਸੇ ਵੀ ਧਾਰਮਿਕ ਸਥਾਨ 'ਤੇ ਜਾਣ ਲਈ ਆਜ਼ਾਦ ਹੋਵੇਗਾ। ਤੁਹਾਡੇ ਧਰਮ, ਜ਼ਾਤ ਅਤੇ ਨਸਲ ਨਾਲ ਸਰਕਾਰ ਦਾ ਕੋਈ ਸਰੋਕਾਰ ਨਹੀਂ। ਆਉਣ ਵਾਲਾ ਸਮਾਂ ਇਹ ਸਾਬਤ ਕਰ ਦੇਵੇਗਾ ਕਿ ਪਾਕਿਸਤਾਨ ਵਿਚ ਕਿਸੇ ਵੀ ਬਸ਼ਰ ਦੀ ਪਛਾਣ ਉਸਦੇ ਮਜ਼ਹਬੀ ਅਕੀਦੇ ਮੁਤਾਬਕ ਹਿੰਦੂ ਜਾਂ ਮੁਸਲਮਾਨ ਵਜੋਂ ਨਹੀਂ ਸਗੋਂ ਇੱਕ ਪਾਕਿਸਤਾਨੀ ਵਜੋਂ ਹੋਵੇਗੀ।"

ਮੈਂ ਖ਼ੁਰਸ਼ੀਦ ਨੂੰ ਦੱਸਿਆ ਕਿ ਜਿਨਾਹ ਨੇ ਇਸੇ ਭਾਸ਼ਣ ਕਾਰਨ ਅਸੀਂ ਦੇਸ਼ ਵੰਡ ਹੋਣ ਤੋਂ ਕਈ ਦਿਨ ਬਾਅਦ ਭਾਵ 13 ਸਤੰਬਰ ਤੱਕ ਸਿਆਲਕੋਟ ਵਿਚਲਾ ਆਪਣਾ ਘਰ ਨਹੀਂ ਛੱਡਿਆ ਸੀ।

ਉਸ ਦਿਨ ਕਾਲਜ ਵਿਚ ਜਿਨਾਹ ਨੂੰ ਜਿਹੜਾ ਦੂਜਾ ਸੁਆਲ ਮੈਂ ਪੁੱਛਿਆ ਸੀ ਉਹ ਸੀ ਕਿ ਜੇਕਰ ਭਾਰਤ ਉੱਤੇ ਕੋਈ ਤੀਜਾ ਮੁਲਕ ਹਮਲਾ ਕਰ ਦਿੰਦਾ ਹੈ ਤਾਂ ਪਾਕਿਸਤਾਨ ਦਾ ਪ੍ਰਤੀਕਰਮ ਕੀ ਹੋਵੇਗਾ? ਮੇਰੇ ਇਸ ਸੁਆਲ ਦੇ ਜਵਾਬ ਵਿਚ ਜਿਨਾਹ ਨੇ ਬੇਝਿਜਕ ਆਖਿਆ, 'ਅਜਿਹੀ ਸੂਰਤ ਵਿਚ ਪਾਕਿਸਤਾਨ, ਭਾਰਤ ਦੀ ਪਿੱਠ 'ਤੇ ਖੜੇਗਾ। ਸਾਡਾ ਹਰ ਜਵਾਨ, ਦੁਸ਼ਮਣ ਦੇ ਟਾਕਰੇ ਲਈ ਲੜਾਈ 'ਚ ਡਟ ਕੇ ਤੁਹਾਡਾ (ਭਾਰਤ ਦਾ) ਸਾਥ ਦੇਵੇਗਾ।' ਵੰਡ ਦੇ ਕਾਰਨਾਂ ਨੂੰ ਡੂੰਘਾਈ 'ਚ ਜਾਣਨ ਲਈ ਸਤੰਬਰ 1971 ਵਿਚ ਮੈਂ ਲਾਰਡ ਲਈ ਮਾਊਂਟ ਬੈਟਨ ਨੂੰ ਇੰਗਲੈਂਡ 'ਚ ਮਿਲਿਆ। ਮਾਊਂਟਬੈਟਨ ਨੇ ਮੈਨੂੰ ਸਾਫ਼ ਅਤੇ ਸਪੱਸ਼ਟ ਦੱਸਿਆ, "ਉਸ ਵੇਲੇ ਦੇ ਬਰਤਾਨਵੀ ਪ੍ਰਧਾਨ ਮੰਤਰੀ ਕਲੀਮੈਂਟ ਐਟਲੀ ਭਾਰਤ ਨੂੰ ਇੱਕਜੁਟ ਰੱਖਣ ਦੇ ਇੱਛੁੱਕ ਸਨ। ਮੇਰੇ ਦਿੱਲੀ ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾਂ ਮੈਨੂੰ ਸਲਾਹ ਦਿੱਤੀ ਸੀ ਕਿ ਮੈਂ ਭਾਰਤ ਜਾ ਕੇ ਖੁੱਲ੍ਹੇ ਸੰਘੀ ਢਾਂਚੇ ਜਾਂ ਕੋਈ ਅਜਿਹਾ ਕੇਂਦਰ ਪ੍ਰਬੰਧ ਕਾਇਮ ਕਰਨ ਲਈ ਸਭ ਨੂੰ ਸਹਿਮਤ ਕਰਾਂ ਕਿ ਦੋਵੇਂ ਰਾਸ਼ਟਰ ਇਕ-ਦੂਜੇ ਨਾਲ ਜੁੜੇ ਰਹਿਣ ਪਰ ਹੋਰਨਾਂ ਬਰਤਾਨਵੀ

ਸਕੀ ਪਰ ਹੁਣ ਦੇਸ਼ ਦੀ ਵੰਡ ਯਕੀਨੀ ਸੀ। ਮਾਊਂਟਬੈਟਨ ਨੂੰ ਫੌਰੀ ਲੰਡਨ ਸੱਦਿਆ ਗਿਆ ਤੇ ਲੰਡਨ ਤੋਂ ਪਰਤ ਕੇ ਉਸਨੇ ਦੇਸ਼ ਦੀ ਵੰਡ ਦੀ ਯੋਜਨਾ ਨੂੰ ਅਮਲੀ ਰੂਪ ਦੇਣ ਦਾ ਕਾਰਜ ਸ਼ੁਰੂ ਕਰ ਦਿੱਤਾ। ਜਦੋਂ ਵੰਡ ਸਬੰਧੀ ਖਰੜਾ ਤਿਆਰ ਹੋ ਗਿਆ ਤਾਂ ਮਾਊਂਟਬੈਟਨ ਨੇ ਨਹਿਰੂ ਅਤੇ ਸਰਦਾਰ ਪਟੇਲ ਨੂੰ ਇਸ ਬਾਰੇ ਆਪਣੀ ਸਲਾਹ ਦੇਣ ਲਈ ਆਖਿਆ। ਦੋਹਾਂ ਨੇ ਫੌਰੀ ਇਸਨੂੰ ਪ੍ਰਵਾਨ ਕਰ ਲਿਆ। ਉਹ ਦੋਵੇਂ ਚਾਹੁੰਦੇ ਸਨ ਕਿ ਉਹ ਆਪਣੀ ਮਰਜ਼ੀ ਅਨੁਸਾਰ ਆਪਣੇ ਸੁਪਨਿਆਂ ਦੇ ਭਾਰਤ ਦਾ ਨਿਰਮਾਣ ਕਰਨ।

ਮੌਲਾਨਾ ਅਬੁਲ ਕਲਾਮ ਆਜ਼ਾਦ ਨੇ ਮੈਨੂੰ ਇੱਕ ਵਾਰ ਦੱਸਿਆ ਸੀ ਕਿ ਨਹਿਰੂ ਅਤੇ ਪਟੇਲ ਜਦੋਂ ਦੇਸ਼ਾਂ ਦੀ ਵੰਡ ਦੀ ਯੋਜਨਾ ਨਾਲ ਸਹਿਮਤ ਹੋ ਗਏ ਤਾਂ ਉਹ ਇਕਦਮ ਇਕੱਲੇ ਰਹਿ ਗਏ ਸਨ। ਉਸ ਵੇਲੇ ਉਹ ਆਪਣੀ ਪ੍ਰੇਸ਼ਾਨੀ ਲੈ ਕੇ ਗਾਂਧੀ ਜੀ ਕੋਲ ਗਏ ਪ੍ਰੰਤੂ ਗਾਂਧੀ ਜੀ ਕੋਲ ਵੀ ਆਜ਼ਾਦ ਨੂੰ ਤਸੱਲੀ ਦੇਣ ਲਈ ਕੋਈ ਲਫਜ਼ ਨਹੀਂ ਸਨ। ਉਹ ਬੇਵੱਸ ਸਨ। ਕਹਿੰਦੇ ਨੇ ਗਾਂਧੀ ਜੀ ਖ਼ੁਦ ਇਕ ਵਾਰੀ ਵੰਡ ਦੀ ਗੱਲ ਸੁਣਕੇ ਮਾਊਂਟਬੈਟਨ ਦੇ ਕਮਰੇ ਵਿਚੋਂ ਉੱਠ ਕੇ ਬਾਹਰ ਆ ਗਏ ਸਨ।

ਮਾਊਂਟਬੈਟਨ ਨੇ ਦੱਸਿਆ, 'ਨਹਿਰੂ ਅਤੇ ਪਟੇਲ ਦੀ ਪ੍ਰਵਾਨਗੀ ਤੋਂ ਬਾਅਦ ਮੈਂ ਜਿਨਾਹ ਨੂੰ ਸੱਦ ਕੇ ਦੱਸਿਆ ਕਿ ਉਸਦੀ ਪਾਕਿਸਤਾਨ ਦੀ ਮੰਗ ਪੂਰੀ ਹੋਣ ਵਾਲੀ ਹੈ। ਮੈਂ ਜਿਨਾਹ ਨੂੰ ਪੁੱਛਿਆ ਕਿ ਕੀ ਉਹ ਪਾਕਿਸਤਾਨ ਦੀ ਸਥਾਪਨਾ ਤੋਂ ਘੱਟ ਕਿਸੇ ਗੱਲ ਨੂੰ ਮੰਨਣ ਲਈ ਤਿਆਰ ਹੈ ਜਾਂ ਨਹੀਂ ਅਤੇ ਜੇ ਉਹ ਪਾਕਿਸਤਾਨ ਹੀ ਬਣਾਉਣਾ ਚਾਹੁੰਦਾ ਹੈ ਤਾਂ ਕਿ ਉਹ ਭਾਰਤ ਨਾਲ ਕਿਸੇ ਤਰ੍ਹਾਂ ਦਾ ਵਿਧਾਨਕ ਰਿਸ਼ਤਾ ਬਣਾਈ ਰੱਖਣਾ ਪਸੰਦ ਕਰੇਗਾ। ਉਸ ਨੇ ਇਸਦੀ ਹਾਮੀ ਨਹੀਂ ਭਰੀ। ਉਸਦਾ ਕਹਿਣਾ ਸੀ, "ਮੈਨੂੰ ਉਨ੍ਹਾਂ 'ਤੇ ਯਕੀਨ ਨਹੀਂ।"

ਮਾਊਂਟਬੈਟਨ ਇੱਕ ਵਾਰ ਫਿਰ ਲੰਡਨ ਗਿਆ ਤਾਂ ਜੋ ਭਾਰਤ ਦੀ ਵੰਡ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ। ਪ੍ਰਧਾਨ ਮੰਤਰੀ ਐਟਲੀ ਸਾਰਾ ਘਟਨਾਕ੍ਰਮ ਸੁਣ ਕੇ ਹੈਰਾਨ-ਪ੍ਰੇਸ਼ਾਨ ਸੀ। ਉਸਦਾ ਫੇਰ ਵੀ ਕਹਿਣਾ ਸੀ ਕਿ ਕੀ ਕੁਝ ਅਜਿਹਾ ਕੀਤਾ ਜਾ ਸਕਦਾ ਹੈ ਕਿ ਭਾਰਤ ਨੂੰ ਦੋ ਹਿੱਸਿਆਂ ਵਿਚ ਵੰਡਣ ਤੋਂ ਰੋਕਿਆ ਜਾ ਸਕੇ। ਪਰੰਤੂ ਦੂਜੀ ਵਿਸ਼ਵ ਜੰਗ ਦੌਰਾਨ ਇੰਗਲੈਂਡ ਦੇ ਪ੍ਰਧਾਨ ਮੰਤਰੀ ਰਹੇ ਵਿੰਸਟਨ ਚਰਚਿਲ ਦਾ ਕਹਿਣਾ ਸੀ ਕਿ ਜੇਕਰ ਬਰਤਾਨੀਆ ਨੇ ਭਾਰਤ ਛੱਡਣਾ ਹੈ ਤਾਂ ਭਾਰਤ ਨੂੰ ਦੋ ਹਿੱਸਿਆਂ ਵਿਚ ਵੰਡਣਾ ਹੀ ਪਵੇਗਾ।

ਮਾਊਂਟਬੈਟਨ ਨੇ ਦੱਸਿਆ ਕਿ ਵੰਡ ਬਾਰੇ ਮੁੱਖ ਵਿਚਾਰ-ਵਟਾਂਦਰਾ ਪੰਜਾਬ ਅਤੇ ਬੰਗਾਲ 'ਤੇ ਕੇਂਦਰਿਤ ਸੀ। ਉਸਦਾ ਕਹਿਣਾ ਸੀ ਕਿ ਇਨ੍ਹਾਂ ਦੋਵਾਂ ਰਾਜਾਂ ਦੀ ਵੰਡ ਵੀ ਇਸੇ ਸਿਧਾਂਤ ਦੇ ਆਧਾਰ 'ਤੇ ਹੋਣੀ ਸੀ ਜਿਸ ਆਧਾਰ 'ਤੇ ਬਾਕੀ ਉਪ-ਮਹਾਂਦੀਪ ਨੂੰ ਵੰਡਿਆ ਗਿਆ ਸੀ। ਜਿਨਾਹ ਇਹ ਦੋਵੇਂ ਰਾਜ ਪਾਕਿਸਤਾਨ ਵਿਚ ਰੱਖਣੇ ਚਾਹੁੰਦਾ ਸੀ। ਜਿਸ ਵੇਲੇ ਮਾਊਂਟਬੈਟਨ ਨੇ ਜਿਨਾਹ ਨੂੰ ਵੰਡ ਦੀ ਨਿਆਂਯੁਕਤ ਦਲੀਲ ਸਮਝਾਉਣ ਦੀ ਕੋਸ਼ਿਸ਼ ਕੀਤੀ ਜਿਸ ਅਧਾਰ 'ਤੇ ਪੰਜਾਬ ਤੇ ਬੰਗਾਲ ਨੂੰ ਵੰਡਿਆ ਜਾ ਰਿਹਾ ਸੀ ਤਾਂ ਜਿਨਾਹ ਦਾ ਅੱਗੋਂ ਕਹਿਣਾ ਸੀ ਕਿ ਬੰਗਾਲ ਅਤੇ ਪੰਜਾਬ ਦੇ ਲੋਕ ਪਹਿਲਾਂ ਬੰਗਾਲੀ ਅਤੇ ਪੰਜਾਬੀ ਹਨ ਫਿਰ ਹਿੰਦੂ ਜਾਂ ਮੁਸਲਮਾਨ।



ਇਸ ਦਲੀਲ ਦੇ ਜਵਾਬ 'ਚ ਮਾਊਂਟਬੈਟਨ ਨੇ ਕਿਹਾ, "ਮੈਂ ਇਹ ਦਲੀਲ ਪ੍ਰਵਾਨ ਨਹੀਂ ਕਰ ਸਕਦਾ ਜੇਕਰ ਇਹੀ ਗੱਲ ਹੈ ਤਾਂ ਇਹ ਦਲੀਲ ਤਾਂ ਸਮੁੱਚੇ ਭਾਰਤ ਉੱਤੇ ਵੀ ਲਾਗੂ ਹੁੰਦੀ ਹੈ।" ਜਿਨਾਹ ਨੂੰ ਉਸ ਘੜੀ ਇਹ ਕੌੜੀ ਹਕੀਕਤ ਪ੍ਰਵਾਨ ਕਰਨ ਲਈ ਕੁਝ ਪਲ ਲੱਗੇ। ਉਸਨੇ ਇਹ ਸੋਚਿਆ ਵੀ ਨਹੀਂ ਸੀ ਕਿ ਜਿਸ ਪਾਕਿਸਤਾਨ ਦੀ ਉਹ ਮੰਗ ਕਰਦਾ ਆ ਰਿਹਾ ਹੈ ਉਹ ਇੰਨੀ ਛੇਤੀ ਅਤੇ ਇਸ ਰੂਪ 'ਚ ਉਸਦੇ ਸਾਹਮਣੇ ਆਵੇਗਾ।

ਕਹਿੰਦੇ ਨੇ ਕਾਇਦੇ ਆਜ਼ਮ ਮੁਹੰਮਦ ਅਲੀ ਜਿਨਾਹ ਦਾ ਇਕ ਨੌਜਵਾਨ ਨੇਵਲ ਅਟੈਚੀ ਵੰਡ ਮਗਰੋਂ ਵੱਡੀ ਪੱਧਰ 'ਤੇ ਹੋਈ ਹਿਜਰਤ ਅਤੇ ਖ਼ੂਨ ਖਰਾਬੇ ਕਾਰਨ ਮਾਨਸਿਕ ਤੌਰ ਤੇ ਬਹੁਤ ਪ੍ਰੇਸ਼ਾਨ ਸੀ। ਕਿਸੇ ਨੂੰ ਇਸ ਕਿਸਮ ਦੀ ਕਤਲੋ-ਗਾਰਦ ਦੀ ਉਮੀਦ ਨਹੀਂ ਸੀ ਅਤੇ ਨਾ ਹੀ ਕੋਈ ਅਜਿਹਾ ਚਾਹੁੰਦਾ ਸੀ ਪਰ ਸਾਰੇ ਬੇਵੱਸ ਸਨ। ਦੋਵੇਂ ਦੇਸ਼ ਇਕ-ਦੂਜੇ ਨੂੰ ਦੋਸ਼ੀ ਠਹਿਰਾ ਰਹੇ ਸਨ ਪਰ ਇਸ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੀ ਹਿਜ਼ਰਤ ਨਾ ਰੁਕੀ। ਉਸਦੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਅਜਿਹੇ ਹਾਲਾਤ ਦੀ ਮਾਰ ਹੇਠ ਆ ਗਏ ਸਨ। ਉਸਦੇ ਮਨ 'ਚ ਵਾਰ-ਵਾਰ ਸੁਆਲ ਉੱਠਦੇ। ਆਖ਼ਰ ਇਹ ਹਿਜਰਤ ਕਿਉਂ? ਕੀ ਇਸ ਖ਼ੂਨ-ਖਰਾਬੇ ਨੂੰ ਰੋਕਿਆ ਨਹੀਂ ਜਾ ਸਕਦਾ? ਹਜ਼ਾਰਾਂ ਬੇਗੁਨਾਹ ਜੋ ਦੇਸ਼ ਵੰਡ ਦੀ ਭੇਟ ਚੜ੍ਹ ਗਏ। ਆਖ਼ਰ ਉਨ੍ਹਾਂ ਦਾ ਕੀ ਕਸੂਰ ਸੀ? ਆਖ਼ਰ ਇਸ ਸਭ ਲਈ ਕੌਣ ਜ਼ਿੰਮੇਵਾਰ ਸੀ?

ਕਰਾਚੀ ਵਿਚ ਇਕ ਦਿਨ ਇਹ ਨੌਜਵਾਨ ਅਟੈਚੀ ਆਪਣੇ ਬੌਸ ਜਿਨਾਹ ਵਲੋਂ ਦਿੱਤੇ ਭੋਜ 'ਚ ਸ਼ਾਮਲ ਹੋਇਆ। ਜਿਨਾਹ ਵੀ ਆਪਣੇ ਸਟਾਫ ਨਾਲ ਖਾਣੇ ਦੀ ਮੇਜ਼ 'ਤੇ ਬੈਠਾ ਹੋਇਆ ਸੀ ਕਿ ਅਚਾਨਕ ਇਸ ਨੇ ਖਾਣਾ ਖਾਂਦਿਆਂ ਕਾਇਦੇ ਆਜ਼ਮ ਨੂੰ ਪੁੱਛਿਆ, 'ਸਰ, ਕੀ ਪਾਕਿਸਤਾਨ ਬਹੁਤ ਜ਼ਰੂਰੀ ਸੀ? ਇਸ ਕਾਰਨ ਲੋਕਾਂ ਨੂੰ ਜੋ ਦੁੱਖ ਅਤੇ ਸੰਤਾਪ ਹੰਢਾਉਣਾ ਪੈ ਰਿਹਾ ਹੈ ਉਹ ਤਾਂ ਕਲਪਨਾ ਤੋਂ ਵੀ ਪਰ੍ਹੇ ਹੈ। ਆਉਣ ਵਾਲਾ ਸਮ ਕਿਸ ਪਾਸੇ ਕਰਵਟ ਲਵੇਗਾ?' ਉਸਦੇ ਇਹ ਸ਼ਬਦ ਸੁਣ ਕੇ ਉਥੇ ਮੌਜੂਦ ਸਾਰੇ ਲੋਕ ਹੱਕੇ-ਬੱਕੇ ਰਹਿ ਗਏ। ਉਸ ਵੇਲੇ ਫਾਤਿਮਾ ਜਿਨਾਹ ਵੀ ਉਥੇ ਮੌਜੂਦ ਸੀ। ਚਾਰੇ ਪਾਸੇ ਇਕ ਦਮ ਚੁੱਪ ਵਰਤ ਗਈ। ਸਭ ਦੀਆਂ ਨਜ਼ਰਾਂ ਜਿਨਾਹ 'ਤੇ ਸਨ। ਉਸਨੂੰ ਬੋਲਣ ਲਈ ਕੁਝ ਸਮਾਂ ਲੱਗਿਆ। ਅਖ਼ੀਰ ਉਸਨੇ ਏਨਾ ਆਖਿਆ ਕਿ "ਉਸ ਕੋਲ ਇਨ੍ਹਾਂ ਸਵਾਲਾਂ ਦੇ ਕੋਈ ਜਵਾਬ ਨਹੀਂ। ਆਉਣ ਵਾਲੀਆਂ ਨਸਲਾਂ ਹੀ ਇਸ ਬਾਰੇ ਕੋਈ ਫਤਵਾ ਦੇਣਗੀਆਂ।" ਏਨਾ ਕਹਿ ਕੇ ਉਹ ਚੁੱਪ ਕਰ ਗਿਆ ਅਤੇ ਅਗਲੇ ਹੀ ਪਲ ਉਹ ਖਾਣੇ ਦੀ ਮੇਜ਼ ਤੋਂ ਉੱਠ ਕੇ ਚਲਾ ਗਿਆ।

ਉਸ ਦੇ ਸਕੱਤਰ ਖ਼ੁਰਸ਼ੀਦ ਅਹਿਮਦ ਨੇ ਵਰ੍ਹਿਆਂ ਮਗਰੋਂ ਮੈਨੂੰ ਦੱਸਿਆ ਸੀ ਕਿ ਜਿਨਾਹ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਪਾਕਿਸਤਾਨ ਬਣਨ ਮਗਰੋਂ ਏਨੇ ਵੱਡੇ ਪੱਧਰ ਤੇ ਖ਼ੂਨ-ਖਰਾਬਾ ਹੋਵੇਗਾ। ਉਸਦਾ ਪਾਕਿਸਤਾਨ ਦਾ ਸੰਕਲਪ ਇਕ ਅਜਿਹੇ ਦੇਸ਼ ਦਾ ਸੀ ਜਿੱਥੇ ਸੰਸਦੀ ਜਮਹੂਰੀਅਤ ਹੋਵੇ ਅਤੇ ਮੁਸਲਮਾਨ ਅਤੇ ਗੈਰ-ਮੁਸਲਮਾਨ ਵਿਚਾਲੇ ਕੋਈ ਫ਼ਰਕ ਨਾ ਹੋਵੇ। ਦੋ ਰਾਸ਼ਟਰਾਂ ਦੇ ਸੰਕਲਪ ਦੀ ਪੈਰਵੀ ਕਰਨ ਵਾਲੇ ਮੁਸਲਮਾਨਾਂ ਲਈ ਵੱਖਰੇ ਰਾਜ ਦੀ ਮੰਗ 'ਤੇ ਅੜੇ ਰਹਿਣ ਵਾਲੇ ਆਗੂ ਦੀ ਇਹ ਸੋਚ ਮੇਰੀ ਸਮਝ ਤੋਂ ਪਰ੍ਹੇ ਸੀ। •

(ਪੰਜਾਬੀ ਟ੍ਰਿਬਿਊਨ 30-8-09 'ਚੋਂ ਧੰਨਵਾਦ ਸਹਿਤ)

ਵਾਪਰਦੀਆਂ ਹਨ। ਇਹ ਇਸ ਕਾਰਨ ਹੁੰਦਾ ਹੈ, ਕਿਉਂਕਿ ਸਾਮਰਾਜੀ ਤੇ ਗ਼ੈਰ-ਸਾਮਰਾਜਵਾਦੀ ਹਾਕਮ 'ਪਾੜੋ ਤੇ ਰਾਜ ਕਰੋ' ਉੱਤੇ ਚੱਲਦੇ ਹਨ। ਏਕਾ-ਅਧਿਕਾਰਵਾਦ ਹਾਕਮ ਸਾਂਝੀ ਸਹਿਮਤੀ ਵਿਚ ਨਾ ਵਿਸ਼ਵਾਸ ਰੱਖਦੇ ਹਨ, ਨਾ ਇਸ ਉੱਤੇ ਅਮਲ ਕਰਦੇ ਹਨ। ਯੋਗੋਸਲਾਵੀਆ ਦੇ 1991 ਅਤੇ 1992 ਦੇ ਬਹੁਤੇ ਬਟਵਾਰੇ ਏਕਾ-ਅਧਿਕਾਰਵਾਦੀ ਰਿਆਸਤ ਦੇ ਇਤਿਹਾਸ ਕਾਰਨ ਉਪਜੇ। ਇਸੇ ਤਰ੍ਹਾਂ ਹੀ ਬਰਤਾਨਵੀ ਹਾਕਮਾਂ ਦੇ ਆਇਰਲੈਂਡ ਭਾਗ ਤੇ ਫਲਸਤੀਨ ਦੇ ਬਟਵਾਰੇ ਕੀਤੇ। ਤਿੰਨੀਂ ਥਾਈਂ ਜਾਤੀਗਤ ਘ੍ਰਿਣਾ ਅਤੇ ਹਿੰਸਾ ਦਾ ਵਿਰਸਾ ਸੀ ਤੇ ਇੰਝ ਹੀ ਪਿੱਛੋਂ ਸਾਈਪਰੈਸ ਵਿਚ ਵਾਪਰਿਆ।

ਜਿਹੜੇ ਲੋਕ ਵੰਡਾਂ ਦੀ ਮੰਗ ਕਰਦੇ ਹਨ, ਉਹਨਾਂ ਦਾ ਵਿਸ਼ਵਾਸ ਹੈ ਕਿ ਵੱਖ-ਵੱਖ ਜਾਤੀਆਂ ਤੇ ਧਾਰਮਿਕ ਬਰਾਦਰੀਆਂ ਇਕੱਠੀਆਂ ਨਹੀਂ ਰਹਿ ਸਕਦੀਆਂ। ਕੀ ਬਰਾਦਰੀਆਂ ਵਿਚ ਕੋਈ ਵਿਚਾਰਧਾਰਕ ਅਤੇ ਰਾਜਸੀ ਵਖਰੇਵੇਂ ਨਹੀਂ ਹੁੰਦੇ ਅਤੇ ਕਿ ਕੌਮ ਅਤੇ ਸਟੇਟ ਨੂੰ ਲੋੜ ਪੈਣ ਉੱਤੇ ਧੱਕੇ ਨਾਲ ਜੋੜਨਾ ਚਾਹੀਦਾ ਹੈ।

ਬਟਵਾਰੇ ਕੌਮੀ ਸਟੇਟ ਦੀ ਵਿਸ਼ੇਸ਼ ਵਿਚਾਰਧਾਰਾ ਤੋਂ ਕਿਸੇ ਹੱਦ ਤੀਕ ਪ੍ਰੇਰਨਾ ਲੈਂਦੇ ਹਨ। ਬਟਵਾਰੇ ਉੱਤੇ ਅਮਲ ਕਰਨ ਵਾਲਿਆਂ ਨੇ ਜਾਤੀ, ਸਭਿਆਚਾਰ, ਭਾਸ਼ਾ ਤੇ ਧਰਮ ਨੂੰ ਇਲਾਕੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਕਿਉਂਕਿ ਵੰਡਾਂ ਦੀ ਮੰਗ ਹਮੇਸ਼ਾਂ ਹੀ ਇਸੇ ਕਾਰਨ ਹੁੰਦੀ ਰਹੀ ਹੈ ਤੇ ਇਹ ਵਾਪਰਦੀ ਵੀ ਰਹੀ ਹੈ ਕਿ ਜਿਨ੍ਹਾਂ ਇਲਾਕਿਆਂ ਵਿਚ ਵੱਖ-ਵੱਖ ਭਾਈਚਾਰੇ ਖਿੰਡੇ ਪੁੰਡੇ ਹੋਏ ਸਨ ਅਤੇ ਹਥਿਆਰਬੰਦ ਟਕਰਾ ਦਾ ਇਲਾਕਾ ਸਮਝ ਜਾਂਦੇ ਸਨ।

ਸੰਸਾਰ ਦੀਆਂ ਨੱਬੇ ਫੀਸਦੀ ਰਿਆਸਤਾਂ ਬਹੁ-ਜਾਤੀ ਹਨ। ਆਪਸੀ ਸਮਝੌਤਾ ਤੇ ਰਲ ਕੇ ਰਹਿਣ ਦੀ ਰੁਚੀ ਲਈ ਵੱਖ-ਵੱਖ ਭਾਈਚਾਰਿਆਂ ਵਿਚ ਸਿਮਲਿਤ ਕੌਮ ਅਤੇ ਸਟੇਟ ਦੇ ਬਹੁ-ਵਾਦੀ ਸੰਕਲਪ ਦੀ ਲੋੜ ਹੁੰਦੀ ਹੈ। ਜਿਸ ਵਿਚ ਕੌਮੀ ਪਛਾਣਾਂ ਤੇ ਹਿੱਤਾਂ ਦੀ ਸਟੇਟ ਵਲੋਂ ਰਾਖੀ ਕੀਤੀ ਜਾਂਦੀ ਹੋਵੇ। ਇਸ ਵਿਚ ਵਿਅਕਤੀਗਤ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਅਤੇ ਸੁਰੱਖਿਆ ਸ਼ਾਮਿਲ ਹੁੰਦੀ ਹੈ। ਜਿਹੜੇ ਕਿ ਲੋਕ-ਰਾਜੀ ਸਟੇਟ ਵਿਚ ਹੀ ਪ੍ਰਾਪਤ ਹੋ ਸਕਦੇ ਹਨ। ਸਟੇਟ ਜਿਹੜੀ ਕਿ ਕਿਸੇ ਇੱਕ ਭਾਈਚਾਰੇ ਨਾਲ ਨਾ ਜੁੜਦੀ ਹੋਵੇ। ਜਾਤੀਗਤ ਧਾਰਮਿਕ ਜਾਂ ਸਭਿਆਚਾਰਕ ਬਹੁ-ਗਿਣਤੀ ਰਾਜਸੀ ਬਹੁ-ਗਿਣਤੀ ਨਾਲੋਂ ਵੱਖਰੀ ਹੁੰਦੀ ਹੈ, ਜੋ ਸਾਰੀਆਂ ਬਰਾਦਰੀਆਂ ਦੇ ਸ਼ਹਿਰੀਆਂ ਦੀ ਪ੍ਰਤੀਨਿਧਤਾ ਕਰਦੀ ਹੁੰਦੀ ਹੈ।

ਸਟੇਟ ਤੇ ਦੇਸ਼ ਧਾਰਮਿਕ, ਜਾਤੀਗਤ, ਜਾਂ ਸਭਿਆਚਾਰਕ ਵੰਡਾਂ ਦੇ ਕਾਰਨ ਉਹਨਾਂ ਅਵਸਥਾਵਾਂ ਨੂੰ ਪੈਦਾ ਕਰਨ ਦੇ ਨਾਲ ਗੁੰਝਲਦਾਰ ਢੰਗ ਨਾਲ ਜੁੜੇ ਹੋਏ ਹਨ, ਜੋ ਸੰਸਾਰ ਦੇ ਵੱਖ-ਵੱਖ ਭਾਗਾਂ ਵਿਚ ਬਟਵਾਰੇ ਦਾ ਕਾਰਨ ਬਣਦੇ ਹਨ। ਇਹ ਨਿੱਕੀ ਜਿਹੀ ਪੁਸਤਕ ਇਹ ਗੱਲ ਵਿਖਾਉਂਦੀ ਹੈ ਕਿ ਕਿਵੇਂ ਬਰਤਾਨਵੀ ਸਵਾਰਥ ਅਤੇ ਭਾਰਤੀ ਪਾਰਟੀਆਂ ਵਿਚਲੇ ਪਾੜੇ ਨੇ ਬਰਤਾਨਵੀ ਭਾਰਤ ਦੀ ਵੰਡ ਕਰਵਾਈ ਅਤੇ ਇਹ ਵੰਡ ਪ੍ਰਗਟ ਤੌਰ ਉੱਤੇ ਅਗਸਤ 1947 ਵਿਚ ਧਾਰਮਿਕ ਆਧਾਰ ਉੱਤੇ ਹੋਈ ਸੀ।•

('ਭਾਰਤ ਦੀ ਵੰਡ' ਪੁਸਤਕ ਵਿਚੋਂ ਅਨੁਵਾਦ)





# ਸੰਤਾਲੀ ਦੀ ਵੰਡ ਪਿੱਛੇ ਪਏ ਅਣਉਤਰਿਤ ਪ੍ਰਸ਼ਨ

- ਡਾ. ਮਨਮੋਹਨ

'47 ਦੀ ਦੇਸ਼ ਵੰਡ ਅਜਿਹੀ ਤ੍ਰਾਸਦੀ ਹੈ ਜਿਸ ਦਾ ਕਾਰਨ ਨਾ ਤਾਂ ਕੋਈ ਬਾਹਰੀ ਹਮਲਾ ਸੀ ਨਾ ਖਾਨਾਜੰਗੀ, ਨਾ ਬਾਜ਼ਾਰ ਦੀਆਂ ਆਰਥਿਕ ਮਜਬੂਰੀਆਂ ਅਤੇ ਨਾ ਹੀ ਕੋਈ ਕੁਦਰਤੀ ਆਫਤ ਜਾਂ ਸਥਾਈ ਭੂਗੋਲਿਕ ਬੰਨ੍ਹ। ਪ੍ਰਤੱਖ ਰੂਪ ਵਿਚ ਇਹ ਕਰੋੜਾਂ ਦੇਸ਼ ਵਾਸੀਆਂ ਦੇ ਵਿਧਾਨਕ ਤੌਰ 'ਤੇ ਚੁਣੇ ਰਹਿਨੁਮਾਵਾਂ ਰਾਹੀ ਇੱਛਾ ਨਾਲ ਕੀਤਾ ਫੈਸਲਾ ਸੀ ਜੋ ਦੇਸ਼ ਦੇ ਇਤਿਹਾਸ ਤੇ ਸੱਭਿਅਤਾ ਦੇ ਸੰਦਰਭ ਵਿਚ ਓਨਾ ਹੀ ਕਾਲ ਨੂੰ ਖੰਡਿਤ ਕਰਨ ਵਾਲਾ ਸੀ ਜਿਥੋਂ ਜਾਂ ਤਾਂ ਸਮਾਜ ਆਤਮ ਵਿਨਾਸ਼ ਵੱਲ ਮੁੜ ਜਾਂਦੇ ਨੇ ਜਾਂ ਫਿਰ ਹੈਰਾਨੀਜਨਕ ਢੰਗ ਨਾਲ ਆਪਣੀ ਜੜ੍ਹਤਾ ਨੂੰ ਤੋੜ ਕੇ ਅਗਾਂਹ ਨਿਕਲ ਜਾਂਦੇ ਨੇ। ਦੇਸ਼ ਦੇ ਇਤਿਹਾਸ ਵਿਚ ਸੈਂਕੜੇ ਸਾਲਾਂ ਤੱਕ ਬਾਹਰੀ ਹਮਲਿਆਂ, ਅੰਦਰੂਨੀ, ਧਾਰਮਿਕ ਜਦੋਜਹਿਦਾਂ, ਜਾਤੀ ਭੇਦਾਂ, ਰਾਜਨੀਤਕ ਵਿਦਰੋਹਾਂ, ਸਮਾਜਿਕ ਤੇ ਪ੍ਰਕਿਰਤਕ ਆਫਤਾਂ ਦੇ ਬਾਅਦ ਵੀ ਕਦੇ ਦੇਸ਼ ਵੰਡ ਨਹੀਂ ਸੀ ਹੋਈ। ਆਪਣੇ ਪੁਰਾਣੇ ਇਤਿਹਾਸ, ਮਿਲੀਆਂ ਜੁਲੀਆਂ ਸੱਭਿਆਤਾਵਾਂ, ਪਰੰਪਰਾਵਾਂ ਤੇ ਸੀਮਾਵਾਂ ਨੂੰ ਕਾਇਮ ਰੱਖਣ ਵਾਲਾ ਦੇਸ਼ ਆਖਿਰਕਾਰ 1947 'ਚ ਦੋ ਹਿੱਸਿਆਂ 'ਚ ਵੰਡ ਦਿੱਤਾ ਗਿਆ। ਵਿਵੇਕ ਬੁੱਧੀ ਤੇ ਸਾਰੇ ਹਿੱਤਾਂ ਨੂੰ ਧਿਆਨ 'ਚ ਰੱਖਣ ਦਾ ਦਾਅਵਾ ਕਰਦਿਆਂ ਹੋਇਆਂ ਵਿਧਾਨਕ ਤਰੀਕੇ ਨਾਲ ਇੱਕ ਦੇਸ਼ ਨੂੰ ਤੋੜ ਕੇ ਉਸ ਦੇ ਅੰਦਰੋਂ ਹੀ ਦੂਜੇ ਵਿਰੋਧੀ ਦੇਸ਼ ਨੂੰ ਜਨਮ ਦੇ ਦਿੱਤਾ ਗਿਆ। ਹਿੰਦੂਆਂ ਤੇ ਮੁਸਲਮਾਨਾਂ ਦੇ ਨਾਲ-ਨਾਲ ਨਾ ਰਹਿ ਸਕਣ ਦੀ ਮਜਬੂਰੀ ਨੂੰ ਇਸ ਵੰਡ ਦਾ ਨੈਤਿਕ ਤੇ ਨਾ ਟਾਲਿਆ ਜਾ ਸਕਣ ਵਾਲਾ ਕਾਰਨ ਦੱਸਿਆ ਗਿਆ।

ਇੰਞ ਕਿਉਂ ਹੋਇਆ ਕਿ 1857 ਦੇ ਵਿਦਰੋਹ ਦੀ ਅਸਫਲਤਾ ਤੋਂ ਬਾਅਦ ਹੀ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਦੋ ਭਿੰਨ ਦਿਸ਼ਾਵਾਂ ਤੈਹ ਹੋਣ ਲੱਗ ਪਈਆਂ ਸਨ, ਜਦੋਂ ਕਿ ਲਗਭਗ ਪਿਛਲੇ 600 ਸਾਲ ਤੋਂ ਦੋਵੇਂ ਸਮਾਜ ਤੇ ਸੱਭਿਆਤਾਵਾਂ ਨਾਲ-ਨਾਲ ਰਹਿ ਰਹੀਆਂ ਸਨ। ਬਾਹਰੀ ਦਖਲ-ਅੰਦਾਜ਼ੀ ਦੇ ਰੂਪ ਵਿਚ ਬ੍ਰਿਟਿਸ਼ ਸਰਕਾਰ ਦੀਆਂ ਨੀਤੀਆਂ ਸਨ ਜੋ ਇੱਕ ਸ਼ਾਸਕ ਨੂੰ ਸੱਤਾ 'ਚ ਰਹਿਣ ਲਈ ਜ਼ਰੂਰੀ ਚਾਹੀਦੀਆਂ ਹੁੰਦੀਆਂ ਹਨ। ਸਤਵੰਜਾ ਦੇ ਵਿਦਰੋਹ ਦੀ ਹਿੰਦੂ-ਮੁਸਲਿਮ ਏਕਤਾ ਨੇ ਬ੍ਰਿਟਿਸ਼ ਨੂੰ ਪੂਰੀ ਤਰ੍ਹਾਂ ਹਿਲਾ ਦਿੱਤਾ ਸੀ। ਇਹ ਏਕਤਾ ਬ੍ਰਿਟਿਸ਼ ਸੱਤਾ ਲਈ ਖਤਰਨਾਕ ਸੀ। ਆਪਣੀਆਂ ਸਾਜਿਸ਼ਾਂ, ਜੁਗਤਾਂ ਤੇ ਸਕੀਮਾਂ ਨਾਲ ਇਸ ਏਕਤਾ ਨੂੰ ਆਪਣੇ ਵਿਰੁੱਧ ਹਟਾ ਕੇ ਇੱਕ-ਦੂਜੇ ਵਿਰੁੱਧ ਕਰਨ ਵਿਚ ਬ੍ਰਿਟਿਸ਼ ਲਗਭਗ ਸੌ ਸਾਲ ਬਾਅਦ ਸਫਲ ਹੋਏ।

ਮਹਾਨ ਸੰਸਕ੍ਰਿਤੀ, ਪ੍ਰੰਪਰਾ ਤੇ ਗੌਰਵ ਅਸਲ ਵਿਚ ਬੰਦ ਸਮਾਜਾਂ ਨੂੰ ਆਤਮ-ਮੁਗਧ ਕਰਕੇ ਨਾਰਸਿਸਟ ਅੰਤ ਤੱਕ ਲੈ ਜਾਂਦੇ ਹਨ। ਭਾਰਤੀ ਪੁਨਰ-ਜਾਗਰਣ ਤੋਂ ਬਾਅਦ ਹਿੰਦੂਆਂ

ਇਹ ਸਿਰਫ਼ ਜਿਨਾਹ ਦੀ ਜ਼ਿੱਦ, ਸੱਟ ਖਾਧਾ, ਅੰਹ ਤੇ ਮਹੱਤਵ ਅਖਾਂਕਿਆਵਾਂ ਸਨ, ਜਿਸ ਨੇ ਇਨ੍ਹਾਂ ਤਰਕਾਂ ਨੂੰ ਵੱਡਾ ਸਰੂਪ ਦੇ ਕੇ ਪਾਕਿਸਤਾਨ ਨੂੰ ਜਨਮ ਦੇ ਦਿੱਤਾ ਨਾ ਕਿ ਕਿਸੇ ਬਾਹਰੀ ਦਿਸਦੇ ਸਪੱਸ਼ਟ ਧਾਰਮਿਕ ਆਧਾਰ ਨੇ। ਅਸਲ ਵਿਚ ਜਿਨਾਹ ਜਿਸ ਆਧਾਰ 'ਤੇ ਅਤੇ ਜਿਸ ਧਰਮ ਦੀ ਲੜਾਈ ਲੜਨ ਦਾ ਨਾਟਕ ਕਰ ਰਿਹਾ ਸੀ, ਉਸਦਾ ਉਹ ਕਦੀ ਵੀ ਸਮਰਥਕ ਨਹੀਂ ਸੀ। ਉਹ ਮੁਸਲਿਮ ਲੀਗ ਦਾ ਨੇਤਾ ਸੀ, ਮੁਸਲਮਾਨਾਂ ਦਾ ਨਹੀਂ। ਇਸਲਾਮੀ ਜਗਤ ਵਿਚ ਉਹ ਸਦਾ ਹੀ ਆਤਮ ਨਿਰਵਾਸਤ (ਅੰਗਰੇਜ਼ੀ) ਵਾਂਗ ਰਿਹਾ। ਹਿੰਦੂ ਧਰਮ ਜਿਨਾਹ ਲਈ ਨਾ ਕਦੇ ਸਮੱਸਿਆ ਸੀ ਨਾ ਕੋਈ ਕਾਰਨ। ਬਾਅਦ ਵਿਚ ਜਿਸ ਕਾਂਗਰਸ ਉੱਪਰ 'ਹਿੰਦੂ ਪਾਰਟੀ' ਹੋਣ ਦਾ ਦੋਸ਼ ਉਸਨੇ ਲਾਇਆ, ਉਸੇ ਕਾਂਗਰਸ ਨਾਲ ਸਮਝੌਤਾ ਕਰ ਅਣਵੰਡੇ/ਇਕਜੁੱਟ ਭਾਰਤ ਵਿਚ ਰਹਿ ਕੇ ਸਰਕਾਰ ਚਲਾ ਸਕਦੇ ਸਨ। ਜਿਨਾਹ ਨੇ ਕਦੀ ਵੀ ਹਿੰਦੂ ਧਰਮ ਤੇ ਹਿੰਦੂਆਂ ਖਿਲਾਫ਼ ਕੁਝ ਨਹੀਂ ਬੋਲਿਆ, ਪਰ 'ਬਾਣੀਆਂ ਮਾਨਸਿਕਤਾ' ਦਾ ਜ਼ਰੂਰ ਕਿਹਾ। ਉਸ ਨੂੰ ਪਰ ਸਦਾ ਆਪਣੇ ਧਾਰਮਿਕ ਗੁਰੂ ਖੋਜਾ ਸੰਪਰਦਾਇ ਦੇ ਮੁਖੀ ਆਗਾ ਖਾਂ ਨਾਲ ਸਖ਼ਤ ਨਫ਼ਰਤ ਰਹੀ ਸੀ। ਉਹ ਤਿਲਕ ਦੇ ਗੋਖਲੇ ਦਾ ਕਰੀਬੀ ਰਿਹਾ, ਦਾਦਾ ਭਾਈ ਨਾਰੋ ਜੀ ਦਾ ਸਕੱਤਰ ਸੀ। 1906 ਦੇ ਕਲਕੱਤਾ ਕਾਂਗਰਸ ਅਧਿਵੇਸ਼ਨ ਵਿਚ ਉਹ ਏਸੇ ਹੈਸੀਅਤ 'ਚ ਸ਼ਾਮਲ ਹੋਇਆ।

1940 ਤੋਂ ਬਾਅਦ ਮੁਸਲਿਮ ਲੀਗ ਜਿਨਾਹ ਦੇ ਪੂਰਨ ਕੰਟਰੋਲ 'ਚ ਸੀ। ਕਾਂਗਰਸ ਉਪਰ ਗਾਂਧੀ ਵਾਂਗ ਉਸਦਾ ਨਿਯੰਤਰਣ ਕਦੇ ਖੀਣ ਨਹੀਂ ਹੋਇਆ। ਵੰਡ ਦੇ ਸਮਰਥਕਾਂ ਅਨੁਸਾਰ ਜੇਕਰ ਦੋ ਅਲੱਗ ਧਰਮਾਂ ਦੀ ਅਲੱਗ-ਅਲੱਗ ਸੱਤਾ ਹੀ ਵੰਡ ਦਾ ਕਾਰਨ ਸੀ ਤਾਂ ਜਿਨਾਹ ਇਕੱਲਾ ਹੀ ਕਿਵੇਂ ਵੰਡ ਨੂੰ ਜਨਮ ਦੇ ਸਕਦਾ ਸੀ ਜਾਂ ਰੋਕ ਸਕਦਾ ਸੀ। ਪਰ ਇਹੋ ਸੱਚ ਹੈ ਕਿ ਇਕ ਬੰਦੇ ਨੇ ਆਪਣੀ ਜ਼ਿੱਦ ਦੇ ਕਾਰਨ ਅਤੇ ਬਿਨਾਂ ਕਿਸੇ ਆਧਾਰ ਜਾਂ ਪਰੰਪਰਾ ਦੇ ਇੱਕ ਦੇਸ਼ ਦੇ ਅੰਦਰੋਂ ਹੀ ਦੂਜੇ ਦੇਸ਼ ਨੂੰ ਜਨਮ ਦੇ ਦਿੱਤਾ। 1940 ਤੋਂ 1947 ਤੱਕ ਦੇ ਸਿਰਫ਼ ਸੱਤਾਂ ਸਾਲਾਂ ਦੇ ਵਕਫੇ ਵਿਚ ਮੁਸਲਿਮ ਰਾਜ ਹੀ ਧਾਰਨਾ ਦੇ ਜਨਮ ਤੋਂ ਬਾਅਦ ਇਕੱਲੇ ਬੰਦੇ ਜਿਨਾਹ ਨੇ ਇੱਕ ਦੇਸ਼ ਨੂੰ ਪੈਦਾ ਕਰ ਦਿੱਤਾ। ਇਹ ਹੈਰਾਨਕੁੰਨ ਕਰਨ ਵਾਲਾ ਤੱਥ ਹੈ। ਕਿੰਨਾ ਸੌਖਾ ਸੀ ਵੰਡ ਦਾ ਰੁਕ ਜਾਣਾ ਜੇਕਰ ਜਿਨਾਹ ਤੇ ਕਾਂਗਰਸ ਕਿਸੇ ਵੀ ਪੱਧਰ 'ਤੇ ਸਮਝੌਤੇ ਲਈ ਉਸ ਤਰ੍ਹਾਂ ਤਿਆਰ ਹੋ ਜਾਂਦੇ ਜਿਵੇਂ 1916 ਵਿਚ ਲਖਨਊ ਪੈਕਟ ਵੇਲੇ ਜਿਨਾਹ ਤੇ ਤਿਲਕ ਰਾਜੀ ਹੋ ਗਏ ਸਨ। ਹਾਲਾਂਕਿ ਕੈਬਨਿਟ ਮਿਸ਼ਨ ਦੀ ਯੋਜਨਾ ਨੂੰ ਪੂਰਨ ਰੂਪ ਵਿਚ ਮੁਸਲਿਮ ਲੀਗ ਨੇ ਪਹਿਲਾਂ ਮੰਨਿਆ ਤੇ ਕਾਂਗਰਸ ਨੇ ਬਾਅਦ ਵਿਚ, ਉਹ ਵੀ ਟੁਕੜਿਆਂ 'ਚ। ਲੀਗ ਦਾ ਮੰਨ ਜਾਣਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਵੰਡ ਨੂੰ ਰੋਕਣ ਦੇ ਆਖਰੀ ਮੌਕੇ ਜਿਨਾਹ ਨੇ ਸਵੀਕਾਰ ਕਰ ਲਿਆ ਸੀ, ਪਰ ਮਾਊਂਟ ਬੈਟਨ ਦੇ ਆਉਣ ਤੋਂ ਬਾਅਦ ਪਟੇਲ ਤੇ ਨਹਿਰੂ ਹੀ ਵੰਡ ਲਈ ਜ਼ਿਆਦਾ ਉਤਾਵਲੇ ਸਨ, ਕਿਉਂਕਿ ਵੰਡ ਦੀ ਮਾਊਂਟ ਬੈਟਨ ਦੀ ਯੋਜਨਾ ਨੂੰ ਕਾਂਗਰਸ ਨੇ ਪਹਿਲਾਂ ਮੰਨਿਆ। ਇਸ ਤੋਂ ਬਾਅਦ, ਵਿਚ ਦੋ



ਜੂਨ ਦੀ ਰਾਤ ਮਾਊਂਟ ਬੈਟਨ ਨੇ ਜਿਨਾਹ ਨੂੰ ਧਮਕਾ ਕੇ ਉਸਦੇ ਸਿਰ ਥੋਪ ਦਿੱਤਾ, ਜਿਸਨੂੰ ਜਿਨਾਹ ਨੂੰ ਸਵੀਕਾਰ ਕਰਨਾ ਪਿਆ। ਇਸੇ ਲਈ ਇਹ ਵੀ ਮੰਨਿਆ ਜਾਂਦਾ ਰਿਹਾ ਹੈ ਕਿ ਜਿਨਾਹ ਅੰਤ ਤੱਕ ਪਾਕਿਸਤਾਨ ਨਹੀਂ ਚਾਹੁੰਦਾ ਸੀ। ਪਾਕਿਸਤਾਨ ਉਸ ਲਈ ਸਿਰਫ਼ ਇਕ ਮੋਹਰਾ ਸੀ, ਜਿਸਨੂੰ ਉਹ ਰਾਜਨੀਤੀ ਦੀ ਸ਼ਤਰੰਜ ਵਿਚ ਬੜੇ ਸਲੀਕੇ ਨਾਲ ਅੱਗੇ ਵਧਾ ਰਹੇ ਸਨ ਤਾਂ ਕਿ ਕਾਂਗਰਸ ਨੂੰ ਦਬਾਅ ਵਿਚ ਰੱਖ ਕੇ ਮੁਸਲਮਾਨਾਂ ਲਈ ਵੱਧ ਤੋਂ ਵੱਧ ਸ਼ਕਤੀ ਦੇ ਅਧਿਕਾਰ ਲੈ ਸਕੇ। ਸੱਚ ਤਾਂ ਇਹ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਦਾ ਅਲੱਗ-ਅਲੱਗ ਜੀਵਨ ਪੱਧਤੀ, ਅਲੱਗ ਧਰਮ, ਅਲੱਗ ਪਰੰਪਰਾ ਤੇ ਪਰਿਭਾਸ਼ਾ ਵੰਡ ਦਾ ਕਾਰਨ ਨਹੀਂ ਸੀ, ਬਲਕਿ ਇਹ ਸ਼ਤਰੰਜ ਦੀ ਬਿਸਾਤ 'ਤੇ ਖੇਡੀ ਜਾ ਰਹੀ ਬਾਜ਼ੀ ਸੀ, ਜਿਸ ਦੇ ਮੋਹਰਿਆਂ ਦੀ ਥਾਂ ਕਰੋੜਾਂ ਲੋਕਾਂ ਦੇ ਜੀਵਨ ਦਾਅ 'ਤੇ ਲੱਗੇ ਤੇ ਨਸ਼ਟ ਹੋ ਗਏ।

ਵੰਡ ਨਾਲ ਇੱਕ ਵੱਡੇ ਸ਼ਕਤੀਸ਼ਾਲੀ ਭਾਰਤ ਦੀ ਸੰਭਾਵਨਾ ਖਤਮ ਹੋ ਗਈ, ਅੰਗਰੇਜ਼ ਹਮੇਸ਼ਾ ਇਹ ਮਾਣ ਕਰਨਗੇ। ਉਨ੍ਹਾਂ ਨੇ ਬਿਨਾਂ ਕੋਈ ਗੋਲੀ ਚਲਾਇਆ, ਲੋਕਤਾਂਤਰਿਕ ਢੰਗ ਨਾਲ ਇੱਕ ਦੇਸ਼ ਨੂੰ ਵਿਆਪਕ ਤੇ ਭਿਆਨਕ 'ਖਾਨਾਜੰਗੀ' ਤੇ ਅੰਦਰੂਨੀ ਹਿੰਸਾ ਤੋਂ ਬਚਾਉਂਦਿਆਂ ਹੋਇਆਂ ਸੱਤਾ ਦੀ ਵੰਡ ਕਰ ਦਿੱਤੀ ਅਤੇ ਦੋਵਾਂ ਦੇਸ਼ਾਂ ਨੂੰ ਇਕ ਸਰਕਾਰ, ਕਾਨੂੰਨ ਦਾ ਸ਼ਾਸਨ, ਲੋਕਤਾਂਤਰਿਕ ਪ੍ਰਣਾਲੀ, ਪ੍ਰਸ਼ਾਸਨ ਦਾ ਮਜ਼ਬੂਤ ਅਧਾਰ, ਸਮਾਨਤਾ ਵਾਲਾ ਕਾਨੂੰਨ ਤੇ ਵਿਕਸਤ ਆਰਥਿਕ ਢਾਂਚਾ ਦਿੱਤਾ, ਜੋ ਅਣਵੰਡੇ ਭਾਰਤ ਲਈ ਸੁਪਨਾ ਸੀ, ਜਦੋਂ ਉਨ੍ਹਾਂ ਨੇ ਇਸ ਦੇਸ਼ ਦੀ ਵਾਗਡੋਰ ਸੰਭਾਲੀ ਸੀ।

ਪਰ ਕੁਝ ਮੂਲ ਪ੍ਰਸ਼ਨ ਨੇ। ਵੰਡ ਕਿਉਂ ਨਹੀਂ ਹੋਣੀ ਚਾਹੀਦੀ ਸੀ? ਵੰਡ ਨਾਲ ਕੀ ਗਲਤ ਹੋਇਆ? ਕੀ ਇਹ ਸਹੀ ਸੀ ਕਿ ਵੰਡ ਨਾ ਕਰਕੇ ਦੇਸ਼ ਨੂੰ ਖਾਨਾਜੰਗੀ 'ਚ ਝੋਕ ਦਿੱਤਾ ਜਾਂਦਾ, ਜਿਸ ਦੀ ਸ਼ੁਰੂਆਤ ਸੰਪਰਦਾਇਕ ਦੰਗਿਆਂ ਨਾਲ ਸ਼ੁਰੂ ਹੋ ਚੁੱਕੀ ਸੀ। ਕੀ ਵੰਡ ਨੂੰ ਰੋਕ ਕੇ ਅੰਗਰੇਜ਼ਾਂ ਦੀ ਗੁਲਾਮੀ ਹੋਰ ਲੰਮੀ ਹੋ ਜਾਣੀ ਸੀ? ਕਿਉਂ ਭਾਰਤ ਇਸਨੂੰ ਵੱਡੀ ਤ੍ਰਾਸਦੀ ਤੇ ਦੁਰਘਟਨਾਵਾਂ ਮੰਨਦਾ ਹੈ, ਜਦਕਿ ਪਾਕਿਸਤਾਨ ਲਈ ਇਹ ਮੁਕਤੀ ਤੇ ਆਜ਼ਾਦੀ ਦੀ ਭਾਵਨਾ ਸੀ। ਪਰ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਫਿਰ ਪ੍ਰਸ਼ਨਾਂ ਦੇ ਰੂਪ ਵਿਚ ਹੀ ਦਿੱਤੇ ਜਾ ਸਕਦੇ ਹਨ ਜਿਵੇਂ ਕਿ ਵੰਡ ਦੀ ਕੀ ਪ੍ਰਾਪਤੀ ਰਹੀ? ਵੰਡ ਦਾ ਕਿਸ ਨੂੰ ਲਾਭ ਹੋਇਆ? ਕੀ ਇਹ ਜ਼ਰੂਰੀ ਹੈ ਕਿ ਵੰਡ ਨਾ ਹੁੰਦੀ ਤਾਂ ਦੰਗੇ ਹੁੰਦੇ ਹੀ ਤੇ ਦੇਸ਼ ਵਿਚ ਖਾਨਾਜੰਗੀ ਸ਼ੁਰੂ ਹੋ ਜਾਂਦੀ? ਅੰਗਰੇਜ਼ ਕਈ ਸਾਲ ਹੋਰ ਭਾਰਤ ਵਿਚ ਹੀ ਰੁਕ ਜਾਂਦੇ, ਇਸ ਪਿੱਛੇ ਕੀ ਤਰਕ ਹੈ। ਜੇਕਰ ਫਿਰ ਵੀ ਜਾਇਜ਼ ਉੱਤਰ ਦੇਣਾ ਪਵੇ ਕਿ ਵੰਡ ਤ੍ਰਾਸਦੀ ਕਿਉਂ ਸੀ ਤਾਂ ਉੱਤਰ ਦਿੱਤਾ ਜਾ ਸਕਦਾ ਹੈ ਕਿ ਇਸਦੇ ਸਾਰੇ ਨਤੀਜੇ ਨਕਾਰਾਤਮਕ ਸਨ। ਸਿਰਫ਼ ਇੱਕ ਹੀ ਸਾਕਾਰਾਤਮਕ ਪਰਿਣਾਮ ਸੀ ਕਿ ਦੋ ਦੇਸ਼ਾਂ ਨੂੰ ਆਜ਼ਾਦੀ ਮਿਲੀ। ਜੇਕਰ ਵੰਡ ਨਾ ਹੁੰਦੀ ਤਾਂ ਅੰਗਰੇਜ਼ਾਂ ਦੇ ਵਿਰੁੱਧ ਜਾਂ ਆਪਸ ਵਿਚ ਲੀਗ ਤੋਂ ਕਾਂਗਰਸ ਵਿਚਾਲੇ ਸੰਘਰਸ਼ ਚੱਲਦਾ ਰਹਿੰਦਾ ਤਾਂ ਕੀ ਹੁੰਦਾ? ਮਾਊਂਟ ਬੈਂਟਨ ਨੇ ਤਾਂ ਸੱਤਾ ਸੌਂਪਣੀ ਹੀ ਸੀ। ਪ੍ਰਧਾਨ ਮੰਤਰੀ ਐਟਲੀ ਨੇ ਅੰਤਿਮ

ਤਿਥੀ ਨਿਰਧਾਰਤ ਕਰ ਦਿੱਤੀ ਸੀ। ਜੇਕਰ ਇਸ ਵੰਡ ਨੂੰ ਦੋਵੇਂ ਪਾਰਟੀਆਂ ਸਵੀਕਾਰ ਨਾ ਕਰਦੀਆਂ ਤਾਂ ਹੋ ਸਕਦਾ ਸੀ ਸੱਤਾ ਪ੍ਰਾਂਤਾਂ ਨੂੰ ਸੌਂਪ ਦਿੱਤੀ ਜਾਂਦੀ, ਜਿਸਨੂੰ ਪ੍ਰਸ਼ਾਸਨਿਕ ਅਧਿਕਾਰੀਆਂ ਰਾਹੀਂ ਚਲਾਇਆ ਜਾਂਦਾ। ਪਰ ਵੰਡ ਨੇ ਦੋਹਾਂ ਦੇਸ਼ਾਂ ਲਈ ਆਜ਼ਾਦੀ ਦਾ ਮਾਰਗ ਨਿਰਧਾਰਤ ਕੀਤਾ। ਇਹ ਵੀ ਸੰਭਵ ਸੀ ਕਿ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਇਕ ਸਮਝ ਵਿਕਸਤ ਹੁੰਦੀ ਤੇ ਲੀਗ ਅਤੇ ਕਾਂਗਰਸ ਦੀ ਲੀਡਰਸ਼ਿਪ ਸਮੱਸਿਆ ਨੂੰ ਸੁਲਝਾ ਲੈਂਦੀ, ਜਿਵੇਂ ਕਿ ਮਹਾਤਮਾ ਗਾਂਧੀ ਦੀ ਇੱਛਾ ਸੀ, ਪਰ ਇੰਞ ਨਹੀਂ ਹੋਇਆ। ਏਨਾ ਜ਼ਰੂਰ ਹੋਇਆ ਕਿ ਵੰਡ ਦੇ ਸਪੱਸ਼ਟ ਨਾਕਾਰਾਤਮਕ ਨਤੀਜੇ ਸਾਹਮਣੇ ਆਏ।

ਸਭ ਤੋਂ ਪਹਿਲੀ ਥਾਂ ਹਜ਼ਾਰਾਂ ਲੋਕ ਮਾਰੇ ਗਏ, ਲੱਖਾਂ ਬੇਘਰ ਹੋਏ। ਜਿਹੜੇ ਲੋਕ ਲੰਮੀ ਨਿਰਾਸ਼ਾ, ਦੁੱਖ ਤੇ ਪੀੜ ਵਿਚ ਡੁੱਬ ਗਏ, ਉਨ੍ਹਾਂ ਦੀ ਕੋਈ ਗਿਣਤੀ ਹੀ ਨਹੀਂ ਸੀ। ਪਾਕਿਸਤਾਨ ਦੇ ਇੱਕ ਕਰੋੜ ਵੀਹ ਵੱਖ ਹਿੰਦੂ ਰਿਫਿਊਜੀ ਬਣ ਕੇ ਦੂਸਰੇ ਦਰਜੇ ਦੇ ਨਾਗਰਿਕ ਬਣ ਗਏ। ਭਾਰਤ ਵਿਚ ਰਹਿ ਗਏ ਪੰਜ ਕਰੋੜ ਮੁਸਲਮਾਨ ਵੀ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਸਦਾ ਲਈ ਅਸੁਰੱਖਿਆ ਦੀ ਭਾਵਨਾ ਨਾਲ ਗ੍ਰੱਸਿ ਗਏ। ਭਾਰਤੀ ਉਪ ਮਹਾਂਦੀਪ ਤਿੰਨ ਭਾਗਾਂ ਵਿਚ ਵੰਡਿਆ ਗਿਆ, ਭਾਰਤ, ਪੱਛਮੀ ਤੇ ਪੂਰਬੀ ਪਾਕਿਸਤਾਨ। ਜਿੱਥੇ ਮੁਸਲਮਾਨਾਂ ਦੇ ਮਹੱਤਵਪੂਰਨ ਧਾਰਮਿਕ ਤੇ ਸੱਭਿਆਚਾਰਕ ਸਥਾਨ ਭਾਰਤ ਵਿਚ ਰਹਿ ਗਏ, ਉੱਥੇ ਸਿੱਖਾਂ ਦੀ ਸ਼ਰਧਾ ਦੇ ਪ੍ਰਤੀਕ ਵੱਡੇ ਗੁਰਦੁਆਰੇ ਪਾਕਿਸਤਾਨ ਵਿਚ ਰਹਿ ਗਏ। ਉਰਦੂ, ਸਿੰਧੀ, ਪੰਜਾਬੀ ਤੇ ਬੰਗਾਲੀ ਭਾਸ਼ਾਵਾਂ ਧਰਮ ਦੇ ਨਾਂਅ 'ਤੇ ਵੰਡੀਆਂ ਗਈਆਂ। ਸੰਗੀਤ, ਸਾਹਿਤ, ਫਿਲਮ ਤੇ ਸੂਖਮ ਕਲਾਵਾਂ ਨੇ ਕਲਾਕਾਰ ਵੀ ਵੰਡੇ ਗਏ। ਵੰਡ ਦਾ ਦੂਜਾ ਨਕਾਰਾਤਮਕ ਨਤੀਜਾ ਇਹ ਸੀ ਕਿ ਇਸ ਨਾਲ ਕਿਸੇ ਵੀ ਸਮੱਸਿਆ ਦਾ ਸਥਾਈ ਹੱਲ ਨਹੀਂ ਨਿਕਲਿਆ। ਪਾਕਿਸਤਾਨ ਬਣਾਉਣ ਦਾ ਉਦੇਸ਼ ਸੀ ਕਿ ਹਿੰਦੂਆਂ ਤੇ ਮੁਸਲਮਾਨਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਅੰਤ ਹੋ ਜਾਏ। ਮੁਸਲਮਾਨਾਂ ਨੂੰ ਉਨ੍ਹਾਂ ਦੀ ਆਜ਼ਾਦ ਪਹਿਚਾਣ ਤੇ ਦੇਸ਼ ਮਿਲ ਜਾਏ। ਕੀ ਇੰਞ ਹੋਇਆ? ਦੁਰਭਾਗ ਇਹ ਹੈ ਕਿ ਅੱਜ ਵੀ ਧਰਮ ਦੇ ਨਾਂਅ 'ਤੇ ਭਾਰਤ ਤੇ ਪਾਕਿਸਤਾਨ ਦੀ ਆਪਸੀ ਲੜਾਈ ਦੋਵਾਂ ਦੇਸ਼ਾਂ ਲਈ ਵੱਡੀ ਅੰਦਰੂਨੀ ਸਮੱਸਿਆ ਹੈ। ਕੀ ਲਾਭ ਹੋਇਆ ਵੰਡ ਦਾ? ਕੀ ਇਸੇ ਲਈ ਵੰਡ ਹੋਈ ਸੀ? ਪਾਕਿਸਤਾਨ ਦੇ ਨਾਂਅ 'ਤੇ ਮੁਸਲਮਾਨਾਂ ਨੂੰ ਉਹੀ ਇਲਾਕਾ ਮਿਲਿਆ, ਜਿੱਥੇ ਉਹ ਪਹਿਲਾਂ ਹੀ ਬਹੁਮਤ 'ਚ ਸਨ ਅਤੇ ਉਥੋਂ ਦੇ ਮੁਸਲਮਾਨਾਂ ਦੇ ਮੂਹਰੇ ਸਮਾਜਿਕ, ਸੱਭਿਆਚਾਰਕ ਤੇ ਰਾਜਨੀਤਕ ਅਸੁਰੱਖਿਆ ਦਾ ਕੋਈ ਸੰਕਟ ਨਹੀਂ ਸੀ। ਜੋ ਘਰੋਂ ਬੇਘਰ ਹੋਏ ਤੇ ਦੇਸ਼ੋਂ ਬਦਰ, ਉਹ ਤਾਂ ਅਲਪ ਸੰਖਿਅਕ ਸਨ, ਜਿਸ ਇਲਾਕੇ 'ਚ ਜੋ ਅਲਪ ਸੰਖਿਅਕ ਸੀ, ਜਦੋਂ ਵੰਡ ਹੋਈ ਤਾਂ ਵੀ ਅਲਪ ਸੰਖਿਅਕ ਦੀ ਅਸੁਰੱਖਿਆ। ਜੋ ਪੂਰੀ ਤਰ੍ਹਾਂ ਗਲਤ ਤੇ ਝੂਠਾ ਸਾਬਿਤ ਹੋਇਆ। ਇਹ ਕੋਈ ਅਜਿਹੀ ਯੋਜਨਾ ਨਹੀਂ ਸੀ, ਜਿੱਥੇ ਅਲਪ ਸੰਖਿਅਕਾਂ ਨੂੰ ਵੰਡ ਤੋਂ ਬਾਅਦ ਬਹੁ ਸੰਖਿਅਕਾਂ ਵਾਲੀ ਸੁਰੱਖਿਆ ਮਿਲਦੀ। ਅਣਵੰਡੇ ਭਾਰਤ ਦੇ ਅਲਪ ਸੰਖਿਅਕਾਂ (ਚਾਹੇ ਹਿੰਦੂ, ਮੁਸਲਮਾਨ ਜਾਂ ਸਿੱਖ)



ਨਾਲ ਉਨ੍ਹਾਂ ਦੇ ਰਹਿਨੁਮਾਵਾਂ ਨੇ ਹੀ ਧੋਖਾ ਕੀਤਾ। ਵੰਡ ਇਕ ਥੋਪਿਆ ਹੋਇਆ ਵਰਤਾਰਾ ਸਾਬਤ ਹੋਇਆ। ਲੋਕਾਂ ਦੀ ਸਹਿਮਤੀ ਤੇ ਸਵਿਕ੍ਰਿਤੀ ਜਾਂ ਭਾਵਨਾਵਾਂ ਦਾ ਕੋਈ ਖ਼ਿਆਲ ਨਹੀਂ ਰੱਖਿਆ ਗਿਆ। ਵੰਡ ਤੋਂ ਐਨ ਪੰਝੀ ਸਾਲ ਬਾਅਦ ਪਾਕਿਸਤਾਨ ਵੀ ਵੰਡਿਆ ਗਿਆ। ਇਹ ਤਿੰਨੋਂ ਦੇਸ਼ ਅੱਜ ਤੱਕ ਵੀ ਆਪਣੀਆਂ ਦੁਰਭਾਵਨਾਵਾਂ ਨਾਲ ਗ੍ਰਸਤ ਹਨ। ਵੰਡ ਦੇ ਨਾਲ-ਨਾਲ ਉਜਾੜੇ/ਹਿਜਰਤ ਦੀ ਤ੍ਰਾਸਦੀ ਵੀ ਜੁੜੀ ਹੋਈ ਹੈ। ਪਹਿਲੀ ਵਾਰ ਇਹ ਹਿੰਦੋਸਤਾਨ ਨਾਲ ਹੋਈ। ਦੂਜੀ ਵਾਰ ਬੰਗਲਾਦੇਸ਼ ਨਾਲ ਤੇ ਫਿਰ ਕਸ਼ਮੀਰ ਵਿਚ ਪੈਦਾ ਹੋਈ ਅਸ਼ਾਂਤੀ ਨਾਲ। ਸੰਭਵ ਹੈ ਕਿ ਆਉਣ ਵਾਲਿਆਂ ਸਮਿਆਂ ਵਿਚ ਵੀ ਕੁਝ ਹੋਰ ਵੰਡਾਂ ਤੇ ਉਜਾੜੇ ਛੁਪੇ ਹੋਣ। ਪਾਕਿਸਤਾਨ ਅਜੇ ਵੀ ਆਪਣੇ ਅੰਦਰ ਇਸ ਸਮੱਸਿਆ ਨਾਲ ਜੂਝ ਰਿਹਾ ਹੈ ਤੇ ਭਾਰਤ ਵਿਚ ਵੀ ਕਈ ਇਲਾਕਿਆਂ ਵਿਚ ਅਲੱਗ ਹੋਣ ਦੀ ਪ੍ਰਵਿਰਤੀ ਛਾਈ ਹੋਈ ਹੈ।

1940 ਦੇ ਲਾਹੌਰ ਸੈਸ਼ਨ ਤੋਂ ਬਾਅਦ ਪਾਕਿਸਤਾਨ ਬਾਰੇ ਮੁਸਲਿਮ ਲੀਗ ਨੇ ਆਪਣੇ ਪ੍ਰਸਤਾਵ ਵਿਚ ਨਾ ਤਾਂ ਇਸਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਸੀ, ਨਾ ਕੋਈ ਸੰਪੂਰਨ ਯੋਜਨਾ ਬਣਾਈ। ਉਸਨੇ ਸਿਰਫ਼ ਸਿਧਾਂਤਕ ਰੂਪ ਵਿਚ ਅਲੱਗ-ਅਲੱਗ ਇਲਾਕੇ ਦੀ ਮੰਗ ਕੀਤੀ। 'ਪਾਕਿਸਤਾਨ' ਸ਼ਬਦ ਪ੍ਰਸਤਾਵ ਵਿਚ ਕਿਤੇ ਵੀ ਨਹੀਂ ਸੀ। ਇਸ ਬਾਰੇ ਪੂਰੀ ਰੂਪ ਰੇਖਾ, ਭੂਗੋਲਿਕ ਸੀਮਾਵਾਂ ਆਦਿ ਬਾਅਦ ਵਿਚ ਵਿਚਾਰ ਕਰਨ ਮਗਰੋਂ ਪ੍ਰਕਾਸ਼ਿਤ ਹੋਣੀਆਂ ਸਨ, ਜੋ ਅੰਤ ਤੱਕ ਨਹੀਂ ਹੋਈਆਂ। ਜੇਕਰ ਕੋਈ ਲੀਗ ਦੇ ਪ੍ਰਸਤਾਵ 'ਤੇ ਅਧਾਰਿਤ ਪਾਕਿਸਤਾਨ ਨੂੰ ਸਮਝਣਾ ਚਾਹਵੇ ਤਾਂ ਉਹ ਅਸਮਰੱਥ ਹੈ। ਲੀਗ ਕੋਲ ਅੰਤਮ ਪਲਾਂ ਤੱਕ ਇਹ ਯੋਗਤਾ ਕਿਉਂ ਨਹੀਂ ਸੀ? ਮੁਸਲਮਾਨਾਂ ਦਾ ਭਵਿੱਖ ਜਿਸ ਦੇਸ਼ ਵਿਚ ਸੁਰੱਖਿਅਤ ਕੀਤਾ ਜਾ ਰਿਹਾ ਸੀ, ਉਹ ਕਿੱਥੇ ਸੀ? ਉਸਦਾ ਢਾਂਚਾ ਕੀ ਸੀ? ਉਸਦਾ ਅੰਦਰੂਨੀ ਸੰਗਠਨ ਕੀ ਸੀ? ਕੀ ਸੀਮਾਵਾਂ ਸਨ? ਸੈਨਾ ਕੀ ਸੀ, ਉਦਯੋਗ ਤੇ ਆਰਥਿਕ ਸਾਧਨ ਕਿਹੜੇ ਸਨ? ਕੌਣ ਇਸ ਦੇਸ਼ ਬਾਰੇ ਜਾਣਦਾ ਸੀ? ਜਿਨਾਹ, ਲਿਆਕਤ ਅਲੀ ਜਾਂ ਲੀਗ ਦੇ ਦੂਜੇ ਨੇਤਾ। ਵਿਸਥਾਰ ਨਾਲ ਇਸ ਦੇ ਸਾਰੇ ਪੱਖਾਂ ਬਾਰੇ ਚਰਚਾ ਕਿਉਂ ਨਹੀਂ ਹੋਇਆ? ਕਿਉਂ ਨਹੀਂ ਲੀਗ ਦੇ ਪ੍ਰਸਤਾਵ 'ਤੇ ਸਾਰੇ ਦੇਸ਼ ਦੇ ਮੁਸਲਮਾਨਾਂ ਵਿਚਾਲੇ ਬਹਿਸ ਚਲਾਈ ਗਈ? ਇਸ ਧੁੰਦੂਕਾਰੇ ਤੇ ਅਸਪੱਸ਼ਟ ਮਾਹੌਲ ਵਿਚ ਪਾਕਿਸਤਾਨ ਦੀ ਸਾਫ ਤੇ ਮੁਕੰਮਲ ਤਸਵੀਰ ਕਿਉਂ ਨਹੀਂ ਰੱਖੀ ਗਈ, ਜੋ ਕਿ ਕਰੋੜਾਂ ਲੋਕਾਂ ਦਾ ਜੀਵਨ ਨਸ਼ਟ ਹੋਣ ਤੋਂ ਬਚਾਅ ਸਕਦੀ? ਸੈਨਾ ਵਾਂਗ ਜਾਂ ਦੇਸ਼ ਦੇ 400 ਕਰੋੜ ਰੁਪਇਆਂ ਵਾਂਗ ਆਬਾਦੀ ਦੀ ਤਬਦੀਲੀ ਕੀ ਸ਼ਾਂਤੀ ਜਾਂ ਸਹਿਮਤੀ ਨਾਲ ਨਹੀਂ ਹੋ ਸਕਦੀ ਸੀ? ਸਭ ਤੋਂ ਵੱਡੀ ਸਮੱਸਿਆ ਕਿ ਜਨਸੰਖਿਆ ਦੀ ਬਦਲੀ ਸਵੈ-ਇੱਛਕ ਨਹੀਂ ਹੋ ਸਕਦੀ ਸੀ। ਇਸ ਲਈ ਇਕ ਵਿਧਾਨਕ ਕਾਨੂੰਨ ਦੀ ਜ਼ਰੂਰਤ ਸੀ, ਭਾਵ ਸਾਰੇ ਮੁਸਲਮਾਨ ਤੇ ਹਿੰਦੂ ਆਪਣੇ-ਆਪਣੇ ਬਹੁਸੰਖਿਆ ਵਾਲੇ ਇਲਾਕਿਆਂ ਵਿਚ ਸ਼ਾਂਤੀ ਨਾਲ ਚਲੇ ਜਾਣ। ਇੱਛਾ ਅਨੁਸਾਰ ਸਥਾਨ ਬਦਲਣ ਦੀ ਚੋਣ ਨਾਲ ਸਥਿਤੀ ਉਹੀ ਬਣੀ

ਰਹਿਣੀ ਸੀ। ਕੋਈ ਵੀ ਆਪਣਾ ਘਰ, ਜ਼ਮੀਨ, ਦੋਸਤ, ਪਰਿਵਾਰ ਨਹੀਂ ਛੱਡਣਾ ਚਾਹੁੰਦਾ ਸੀ। ਇਕ ਸ਼ੰਕਾਲੂ ਭਵਿੱਖ ਲਈ ਕੋਈ ਆਪਣਾ ਸੁਖੀ ਤੇ ਖੁਸ਼ ਵਰਤਮਾਨ ਕਿਉਂ ਨਸ਼ਟ ਕਰੇ? ਜਦੋਂ ਕਿ ਦੂਜੇ ਦੇਸ਼ ਦੀਆਂ ਸੀਮਾਵਾਂ ਦੇ ਇਲਾਕੇ ਅੰਤ ਤੱਕ ਅਸਪੱਸ਼ਟ ਸਨ। ਅਜਿਹੀ ਕੋਈ ਭੂਗੋਲਿਕ ਤੇ ਕੁਦਰਤੀ ਹੱਦ ਨਹੀਂ ਸੀ ਕਿ ਇਥੋਂ ਦੂਜੇ ਦੇਸ਼ ਦੀਆਂ ਹੱਦਾਂ ਅਲੱਗ ਤੇ ਨਿਸ਼ਚਿਤ ਰੂਪ 'ਚ ਸ਼ੁਰੂ ਹੁੰਦੀਆਂ ਹਨ, ਪਰ ਪ੍ਰਸ਼ਨ ਤਾਂ ਉੱਥੇ ਖੜ੍ਹਾ ਹੈ ਕਿ ਵੰਡ ਦੀ ਅਜਿਹੀ ਨੀਤੀ ਕਿਉਂ ਨਹੀਂ ਬਣੀ ਕਿ ਆਬਾਦੀ ਦਾ ਸਥਾਨਾਂਤਰਣ ਸ਼ਾਂਤੀਪੂਰਵਕ ਹੁੰਦਾ? ਮਾਉਂਟ ਬੈਟਨ ਕਿਸ ਜਲਦੀ 'ਚ ਸੀ ਕਿ ਉਨ੍ਹਾਂ ਜੂਨ 1948 ਦੀ ਨਿਰਧਾਰਿਤ ਤਿਥੀ ਤੋਂ ਲਗਭਗ 10 ਮਹੀਨੇ ਪਹਿਲਾਂ ਹੀ ਵੰਡ ਕਰ ਦਿੱਤੀ? ਸਾਰੇ ਨੇਤਾਵਾਂ ਨੂੰ ਕੀ ਜਲਦੀ ਸੀ ਕਿ ਇੱਕ ਵਾਰ ਵੰਡ 'ਤੇ ਦਸਤਖਤ ਹੋਣ ਤੋਂ ਬਾਅਦ ਸ਼ਾਂਤੀਪੂਰਨ ਆਬਾਦੀ ਦੀ ਤਬਦੀਲੀ ਲਈ ਕਿਉਂ ਯਤਨ ਨਹੀ ਹੋਏ। ਉਸ ਵੇਲੇ ਜਿਨਾਹ ਦੀ ਉਮਰ 72 ਸਾਲ, ਪਟੇਲ ਦੀ 71 ਸਾਲ ਤੇ ਨਹਿਰੂ ਦੀ ਲਗਭਗ 60 ਸਾਲ ਸੀ। ਕੀ ਇਸੇ ਲਈ ਦੇਸ਼ ਦੀ ਵੰਡ ਹੜਬੜੀ 'ਚ ਕਰ ਦਿੱਤੀ ਗਈ?

ਵੰਡ ਦਾ ਇੱਕ ਹੋਰ ਨਾਕਾਰਮਤਕ ਪਹਿਲੂ ਹੈ ਕਿ ਇਸ ਨੇ ਪੁਰਾਣੀ ਤੇ ਵਿਕਸਤ ਮਿਲੀ-ਜੁਲੀ ਸੱਭਿਅਤਾ ਨੂੰ ਨਸ਼ਟ ਕਰ ਦਿੱਤਾ। ਮਿਲੀ-ਜੁਲੀ ਸੰਸਕ੍ਰਿਤੀ ਤੇ ਆਦਾਨ-ਪ੍ਰਦਾਨ ਨੇ ਹੀ ਇਸ ਦੇਸ਼ ਨੂੰ ਵੰਡ ਤੋਂ ਪਹਿਲਾਂ ਕਈ ਸਦੀਆਂ ਤੱਕ ਬੇਰੋਕ, ਅਖੰਡਿਤ ਇਤਿਹਾਸ ਦਿੱਤਾ। ਇਸੇ ਲਈ ਤਾਂ ਬ੍ਰਿਟਿਸ਼ ਦਸਤਾਵੇਜ਼ਾਂ 'ਚ ਭਾਰਤ ਦੀਆਂ ਸਥਿਤੀਆਂ 'ਤੇ ਟਿੱਪਣੀ ਕਰਨ ਵੇਲੇ ਅਨਪੜ੍ਹਤਾ, ਜਾਤੀ ਭੇਦ, ਲਾਲਚ ਆਦਿ ਹੋਰ ਬੁਰਾਈਆਂ ਦਾ ਤਾਂ ਜ਼ਿਕਰ ਮਿਲਦਾ ਹੈ, ਪਰ ਹਿੰਦੂ ਮੁਸਲਿਮ ਵੈਰ ਭਾਵ, ਸੰਘਰਸ਼ ਜਾਂ ਧਾਰਮਿਕ ਮੱਤਭੇਦਾਂ ਦਾ ਬਹੁਤਾ ਜ਼ਿਕਰ ਨਹੀਂ ਮਿਲਦਾ। ਵੰਡ ਨਾਲ ਦੋ ਧਾਰਮਿਕ ਰਾਸ਼ਟਰ ਪੈਦਾ ਹੋ ਗਏ। ਇਸਲਾਮ ਦੇ ਆਧਾਰ 'ਤੇ ਪਾਕਿਸਤਾਨ ਦੇ ਜਨਮ ਨਾਲ ਹੀ ਭਾਰਤ 'ਚ ਵੀ ਇੱਕ 'ਹਿੰਦੂ ਰਾਸ਼ਟਰ' ਦੀ ਧਾਰਨਾ ਤੇ ਸੰਭਾਵਨਾ ਨੂੰ ਵਿਚਾਰਕ ਤੇ ਭਾਵਨਾਤਮਕ ਅਧਾਰ ਮਿਲਿਆ। ਗਾਂਧੀ ਦੀ ਹੱਤਿਆ ਇੱਕ ਕੱਟੜ ਹਿੰਦੂ ਨੇ ਕੀਤੀ। ਵੰਡ ਤੋਂ 50 ਸਾਲ ਬਾਅਦ ਭਾਰਤੀ ਲੋਕਤੰਤਰ ਨੇ ਇੱਕ ਹਿੰਦੂ ਪਾਰਟੀ ਨੂੰ ਦਿੱਲੀ ਦੇ ਸ਼ਾਸਨ 'ਤੇ ਬਿਠਾ ਦਿੱਤਾ, ਜੋ ਅਜੇ ਤੱਕ 600 ਸਾਲ ਦੇ ਇਤਿਹਾਸ ਵਿਚ ਨਹੀਂ ਸੀ ਹੋਇਆ। ਭਾਵੇਂ ਵਿਰਾਸਤ 'ਚ ਗਾਂਧੀ ਤੇ ਨਹਿਰੂ ਦੀਆਂ ਨੀਤੀਆਂ ਕਾਰਨ ਚਾਲੀ ਸਾਲ ਤੱਕ ਭਾਰਤ 'ਤੇ ਹਿੰਦੂ ਰੰਗ ਨਹੀਂ ਚੜ੍ਹਿਆ, ਪਰ ਪਾਕਿਸਤਾਨ ਦਾ ਤਾਂ ਅਧਾਰ ਹੀ ਇਸਲਾਮ ਸੀ। ਪਾਕਿਸਤਾਨ ਹੁਣ ਵੀ ਜਦੋਂ-ਜਦੋਂ ਆਪਣੇ ਜਨਮ ਤੇ ਵਿਚਾਰਕ ਅਧਾਰ 'ਇਸਲਾਮ' ਦੀ ਸ਼ਰਨ ਲਵੇਗਾ, 'ਭਾਰਤ ਦੇ ਹਿੰਦੂਵਾਦੀ ਹੋਣ ਦੀਆਂ ਸੰਭਾਵਨਾਵਾਂ ਉੱਸਲਵੱਟੇ ਲੈਣਗੀਆਂ। ਇੱਕ ਸਰਵਭੋਮ ਰਾਜ ਦਾ ਵਿਗਠਨ ਵੰਡ ਦਾ ਇੱਕ ਹੋਰ ਨਾਂਹਵਾਦੀ ਨਤੀਜਾ ਸੀ। ਵੰਡ ਕਿਸ ਤਰ੍ਹਾਂ ਦੇ ਸੰਕਟਾਂ ਨੂੰ ਜਨਮ ਦਿੰਦੀ ਹੈ, ਅਸੀਂ ਪਿਛਲੇ ਸੱਠ ਸਾਲਾਂ ਤੋਂ ਆਪਣੇ ਅੱਖੀਂ ਦੇਖ ਚੁੱਕੇ ਹਾਂ। ਲਗਾਤਾਰ ਵੰਡੇ ਜਾਣਾ ਇੱਕ ਹੋਣੀ ਬਣ ਜਾਂਦੀ ਹੈ।

ਵੰਡ ਕਿਉਂ ਹੋਈ? ਇਹ ਪ੍ਰਸ਼ਨ ਸਦਾ ਅਣਉੱਤਰਿਤ ਰਹੇਗਾ, ਪਰ ਇਹ ਜ਼ਰੂਰ ਪੁੱਛਿਆ



ਜਾ ਸਕਦਾ ਹੈ ਕਿ ਵੰਡ ਕੌਣ ਚਾਹੁੰਦਾ ਸੀ। ਕੀ ਕਾਂਗਰਸ? ਕੀ ਜਿਨਾਹ? ਕੀ ਅੰਗਰੇਜ਼? ਕੀ ਸਿੱਖ? ਕੀ ਦਲਿਤ? ਕੀ ਕਮਿਊਨਿਸਟ? ਕੀ ਸੀਮਾਵਰਤੀ ਇਲਾਕਿਆਂ ਦੇ ਲੋਕ? ਕੀ ਇਸ ਦੇਸ਼ ਦੇ ਹਿੰਦੂ? ਮੁਸਲਮਾਨ? ਇਨ੍ਹਾਂ ਵਿਚੋਂ ਹਰ ਕੋਈ ਕਹੇਗਾ ਅਸੀਂ ਨਹੀਂ ਸੀ ਚਾਹੁੰਦੇ, ਪਰ ਵੰਡ ਹੋਈ। ਸਹਿਮਤੀ ਨਾਲ, ਸੰਵਿਧਾਨਕ ਤਰੀਕੇ ਨਾਲ, ਪ੍ਰਸਤਾਵ ਪਾਸ ਕਰਕੇ, ਅਜ਼ਾਦੀ ਦਾ ਜਸ਼ਨ ਮਨਾਉਂਦੇ ਹੋਏ। ਇਹ ਇਤਿਹਾਸ ਦੀ ਵਿਡੰਬਨਾ ਹੈ ਕਿ ਹਰ ਬੰਦਾ ਕਹੇ ਕਿ ਮੈਂ ਨਹੀਂ ਚਾਹੁੰਦਾ ਸੀ, ਪਰ ਘਟਨਾ ਘਟ ਜਾਵੇ। ਸੋਫੋਕਿਲੀਜ਼ ਤੇ ਯੂਰੀਪਡੀਜ਼ ਦੇ ਨਾਟਕਾਂ ਵਿਚ ਤ੍ਰਾਸਦੀਆਂ ਦਾ ਸ਼ਾਇਦ ਜਨਮ ਇੰਝ ਹੀ ਹੋਇਆ ਹੋਵੇ ਕਿ ਹਰ ਪਾਤਰ ਦੇ ਨਾ ਚਾਹੁੰਦਿਆਂ ਹੋਇਆਂ ਵੀ ਹੋਣੀ ਵਾਪਰ ਹੀ ਜਾਂਦੀ ਹੈ। ਮਨੁੱਖ ਸਿਰਫ਼ ਇੱਕ ਦਰਸ਼ਕ ਬਣ ਕੇ ਰਹਿ ਜਾਂਦਾ ਹੈ। ਮੂਕ ਦਰਸ਼ਕ!

ਸ਼ੁਰੂ ਵਿਚ ਵੰਡ ਕੋਈ ਨਹੀਂ ਸੀ ਚਾਹੁੰਦਾ। 1938 ਦੀਆਂ ਚੋਣਾਂ ਵਿਚ ਕਿਸੇ ਵੀ ਮਹੱਤਵਪੂਰਨ ਰਾਜਨੀਤਕ ਪਾਰਟੀ, ਨੇਤਾ ਜਾਂ ਸੰਗਠਨ ਕੋਲ ਵੰਡ ਦੀ ਕੋਈ ਵਿਚਾਰ ਨਹੀਂ ਸੀ। 1906 ਵਿਚ ਪਾਕਿਸਤਾਨ ਦਾ ਵਿਚਾਰ ਦੇਣ ਵਾਲੇ ਰਹਿਮਤ ਅਲੀ ਨੂੰ ਮਜ਼ਾਕ ਦੇ ਲਹਿਜੇ ਵਿਚ ਲਿਆ ਜਾਂਦਾ ਸੀ। ਪਰ ਸੱਚ ਇਹ ਹੈ ਕਿ ਅੰਤ ਵਿਚ ਸਭ ਨੇ ਵੰਡ ਚਾਹੀ। ਜੋ ਮਹਾਤਮਾ ਗਾਂਧੀ ਕਹਿੰਦਾ ਸੀ ਕਿ ਵੰਡ ਮੇਰੀ ਲਾਸ਼ 'ਤੇ ਹੋਵੇਗੀ, ਅੰਤ 14 ਜੂਨ 1947 ਨੂੰ ਕਾਂਗਰਸ ਦੀ ਮੀਟਿੰਗ ਵਿਚ ਵੰਡ ਦੇ ਪ੍ਰਸਤਾਵ 'ਤੇ ਚਾਲੀ ਮਿੰਟ ਤੱਕ ਬੋਲੇ ਤੇ ਬੜੀ ਮਹੱਤਵਪੂਰਨ ਗੱਲ ਕਹੀ ਕਿ ਵੰਡ 'ਤੇ ਸਹਿਮਤ ਹੋ ਜਾਣ ਤੋਂ ਬਾਅਦ ਲੀਗ ਤੇ ਕਾਂਗਰਸ ਨੂੰ ਆਪਸ ਵਿਚ ਬਿਠਾ ਕੇ ਇਸ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਤੈਅ ਕਰਨੀ ਚਾਹੀਦੀ ਹੈ। ਅੰਗਰੇਜ਼ ਸਰਕਾਰ ਨੂੰ ਇਸ ਤੋਂ ਬਿਲਕੁਲ ਬਾਹਰ ਰੱਖਿਆ ਜਾਵੇ। ਇਹ ਸੁਝਾਅ ਅਸਲ ਵਿਚ ਵੰਡ ਨੂੰ ਰੋਕਣ ਦੀ ਗਾਂਧੀ ਦੀ ਆਖ਼ਰੀ ਕੋਸ਼ਿਸ਼ ਕਹੀ ਜਾ ਸਕਦੀ ਹੈ। ਗਾਂਧੀ ਸੋਚਦਾ ਸੀ ਕਿ ਵੰਡ ਦੀ ਪ੍ਰਕਿਰਿਆ ਏਨੀ ਜਟਿਲ ਤੇ ਗੁੰਝਲਦਾਰ ਤੇ ਅਵਿਹਾਰਕ ਹੈ, ਜਦੋਂ ਦੋਵੇਂ ਪਾਰਟੀਆਂ ਬੈਠ ਕੇ ਸੋਚ ਵਿਚਾਰ ਕਰਨਗੀਆਂ ਤਾਂ ਹੋ ਸਕਦਾ ਹੈ ਕਿ ਉਹਨਾਂ ਨੂੰ ਇਹ ਗੱਲ ਸਮਝ ਆ ਜਾਵੇ ਕਿ ਉਹ ਇੰਨਾ ਗਲਤ ਕਰ ਰਹੇ ਹਨ ਤੇ ਸ਼ਾਇਦ ਇਸ ਦਾ ਕੋਈ ਬਦਲ ਸੋਚ ਲੈਣ। ਮਾਊਂਟ ਬੈਟਨ ਨੇ ਚਾਕੂ ਨਾਲ ਕੇਕ ਕੱਟਣ ਦੀ ਤਰ੍ਹਾਂ ਭਾਰਤ ਨੂੰ ਟੁਕੜੇ ਕਰ ਵੰਡ ਦਿੱਤਾ, ਜਿਸ ਨਾਲ ਲੱਖਾਂ ਜ਼ਿੰਦਗੀਆਂ ਪ੍ਰਭਾਵਿਤ ਤੇ ਨਸ਼ਟ ਹੋਈਆਂ। ਹੋ ਸਕਦਾ ਸੀ ਗਾਂਧੀ ਦੇ ਸੁਝਾਅ ਨਾਲ ਬਚ ਜਾਂਦੀਆਂ।

1916 ਦੇ ਲਖਨਊ ਪੈਕਟ ਵਿਚ ਤਿਲਕ-ਜਿਨਾਹ ਦੇ ਸਮਝੌਤੇ ਤੋਂ ਬਾਅਦ ਜਿਸ ਵਿਚ ਦੋਵਾਂ ਦਾ ਸਾਂਝਾ ਦੁਸ਼ਮਣ ਅੰਗਰੇਜ਼ ਸੀ, ਅਜਿਹੀ ਕਿਹੀ ਸਥਿਤੀ ਬਦਲ ਗਈ ਕਿ 1937 ਦੇ ਬਾਅਦ ਜਿਨਾਹ ਦਾ ਮੁੱਖ ਦੁਸ਼ਮਣ ਅੰਗਰੇਜ਼ ਨਾ ਰਹਿ ਕੇ ਕਾਂਗਰਸ ਹੋ ਗਈ। 1905 ਵਿਚ ਬੰਗਾਲ ਵੰਡ ਦਾ ਵਿਰੋਧ ਕਰਨ ਵਾਲੇ 1909 ਵਿਚ ਮੁਸਲਮਾਨਾਂ ਲਈ ਅਲੱਗ ਚੁਣਾਓ ਮੰਡਲ ਦਾ ਵਿਰੋਧ ਕਰਨ ਵਾਲੇ, ਕਾਂਗਰਸ ਦੇ ਕੌਮੀ ਤੇ ਪ੍ਰਗਤੀਸ਼ੀਲ

ਵਿਚਾਰਾਂ ਦੇ ਹੱਕ ਵਿਚ ਬੋਲਣ ਵਾਲੇ, ਸਰ ਸੱਯਦ ਅਹਿਮਦ ਖਾਨ ਨੂੰ ਨਾ-ਪਸੰਦ ਕਰਨ ਵਾਲੇ ਤੇ ਹਿੰਦੂ-ਮੁਸਲਿਮ ਏਕਤਾ ਦਾ ਦੂਤ ਸਮਝੇ ਜਾਣ ਵਾਲੇ ਜਿਨਾਹ, ਬਾਅਦ ਵਿਚ ਪਾਕਿਸਤਾਨ ਦੇ 'ਜਨਮਦਾਤਾ' ਕਿਵੇਂ ਬਣੇ? ਜਿਨਾਹ ਦਾ ਇਹ ਵਿਚਾਰਧਾਰਕ ਤੇ ਭਾਵਨਾਤਮਕ ਰੂਪਾਂਤਰਣ ਬਹੁਤ ਸਾਰੇ ਪ੍ਰਸ਼ਨਾਂ ਨੂੰ ਜਨਮ ਦਿੰਦਾ ਹੈ। ਜਦੋਂ ਇਹ ਗੱਲ ਉਠੇਗੀ ਕਿ ਜਿਨਾਹ ਹੀ ਵੰਡ ਦਾ ਜ਼ਿੰਮੇਵਾਰ ਸੀ ਤਾਂ ਉਦੋ ਇਹ ਵੀ ਪ੍ਰਸ਼ਨ ਉਠਣਗੇ ਕਿ ਇਸ ਰੂਪਾਂਤਰਣ ਦਾ ਜ਼ਿੰਮੇਵਾਰ ਕੌਣ ਸੀ? ਕਾਂਗਰਸ ਕਿਉਂ ਜਿਨਾਹ ਲਈ ਸਿਰਫ਼ 'ਹਿੰਦੂ ਪਾਰਟੀ' ਬਣ ਕੇ ਰਹਿ ਗਈ। ਕਿਉਂ ਕਾਂਗਰਸ ਦਾ ਬਹੁਮਤ ਜਿਨਾਹ ਨੂੰ ਹਿੰਦੂ ਰਾਜ ਲੱਗਣ ਲੱਗ ਪਿਆ? ਆਪਣੇ ਇੰਗਲੈਂਡ ਦੇ 5 ਸਾਲ ਦੇ ਪ੍ਰਵਾਸ ਤੋਂ ਬਾਅਦ 1937 ਵਿਚ ਜਦੋਂ ਜਿਨਾਹ ਭਾਰਤ ਪਰਤੇ ਤਾਂ ਉਸਨੇ ਕਾਂਗਰਸ ਮੂਹਰੇ ਲੀਗ ਨਾਲ ਮਿਲ ਕੇ ਚੋਣਾਂ ਲੜਨ ਦਾ ਪ੍ਰਸਤਾਵ ਦਿੱਤਾ। ਕਾਂਗਰਸ ਜਿਹੜੀ ਆਪਣੇ ਆਪ ਨੂੰ ਸਾਰੇ ਭਾਰਤ ਦੇ ਮੁਸਲਮਾਨਾਂ ਦੀ ਪ੍ਰਤੀਨਿਧ ਪਾਰਟੀ ਸਮਝਦੀ ਸੀ ਤੇ ਦੂਜੇ ਪਾਸੇ ਮੁਸਲਿਮ ਲੀਗ ਦੀ ਵੀ ਕੋਈ ਵਿਸ਼ੇਸ਼ ਪਹਿਚਾਣ ਨਹੀਂ ਸੀ ਬਣੀ, ਨੇ ਆਪਣੀ ਜਿੱਤ ਦਾ ਪੂਰਨ ਵਿਸ਼ਵਾਸ ਹੋਣ ਕਾਰਨ ਕਾਂਗਰਸ ਨੇ ਜਿਨਾਹ ਦਾ ਪ੍ਰਸਤਾਵ ਠੁਕਰਾ ਦਿੱਤਾ। ਬਾਅਦ ਵਿਚ ਉੱਤਰ ਪ੍ਰਦੇਸ਼ ਦੇ ਸੂਬੇ ਦੇ ਮੰਤਰੀ ਮੰਡਲ ਵਿਚ ਵੀ ਲੀਗ ਨੂੰ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਜੋ ਕਿ 1935 ਦੇ ਇੰਡੀਆ ਐਕਟ ਦੀ ਭਾਵਨਾ ਦੇ ਵਿਰੁੱਧ ਸੀ ਅਤੇ ਜਿਨਾਹ ਨੇ ਇਸਦੀ ਵਿਆਖਿਆ ਆਪਣੇ ਢੰਗ ਨਾਲ ਠੀਕ ਕੀਤੀ ਸੀ। ਕਾਂਗਰਸ ਨੇ ਇੱਥੇ ਹੀ ਜਿਨਾਹ ਦੀ ਸ਼ਕਤੀ, ਸਮਰੱਥਾ ਤੇ ਹੰਕਾਰ ਨੂੰ ਸਮਝਣ ਦੀ ਭੁੱਲ ਕਰ ਦਿੱਤੀ। ਕਾਂਗਰਸ ਦੀ ਨਕੇਲ ਨੇ ਜਿਨਾਹ ਦੇ ਅੰਹ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਕਾਂਗਰਸ ਦੀ ਇਸ ਗਲਤੀ ਦਾ ਜਵਾਬ ਜਿਨਾਹ ਨੇ ਬਾਕੀ ਸਾਰਾ ਜੀਵਨ ਕਾਂਗਰਸ ਨੂੰ ਹਿੰਦੂ ਪਾਰਟੀ ਕਹਿ ਕੇ ਦਿੱਤਾ ਹੈ ਤੇ ਕਾਂਗਰਸੀ ਨੇਤਾਵਾਂ ਨੂੰ ਹਿੰਦੂ ਨੇਤਾ ਕਿਹਾ। ਜਦੋਂ ਵੀ ਕਾਂਗਰਸ ਨੇ ਕਦੇ ਪੂਰੇ ਭਾਰਤ ਦਾ ਪ੍ਰਤੀਨਿਧ ਹੋਣ ਦੀ ਗੱਲ ਕਹੀ, ਜਿਨਾਹ ਉੱਥੇ ਹੀ ਅੜ ਗਿਆ। ਅੰਤਰਮ ਸਰਕਾਰ ਵਿਚ ਜਿਨਾਹ ਨੇ ਪੂਰਾ ਵਿਰੋਧ ਕੀਤਾ ਕਿ ਕਾਂਗਰਸ ਆਪਣੇ ਵਲੋਂ ਮੁਸਲਮਾਨ ਦਾ ਨਾਂਅ ਨਹੀਂ ਦੇਵੇਗੀ।

ਜੋਗਿੰਦਰ ਨਾਥ ਮੰਡਲ ਦਾ ਨਾਂਅ ਜਿਨਾਹ ਨੇ ਮੁਸਲਿਮ ਲੀਗ ਵਲੋਂ ਇਸ ਲਈ ਦਿੱਤਾ ਕਿਉਂਕਿ ਉਹ ਅਨੁਸੂਚਿਤ ਜਾਤੀ ਦੇ ਸਨ ਅਤੇ ਕਾਂਗਰਸ ਆਪਣੇ ਆਪ ਨੂੰ ਹਰੀਜਨਾਂ ਦਾ ਰਹਿਨੁਮਾ ਸਮਝਦੀ ਸੀ। ਨਹਿਰੂ ਤੇ ਗਾਂਧੀ ਨੂੰ ਇਹ ਗੱਲ ਬੁਰੀ ਤਰ੍ਹਾਂ ਖਟਕੀ ਕਿ ਉਹਨਾਂ ਦਾ ਹਰੀਜਨ ਮੁਸਲਿਮ ਲੀਗ ਵਲੋਂ ਆਵੇ। ਕਾਂਗਰਸ ਨੂੰ ਹਿੰਦੂ ਪਾਰਟੀ ਅਤੇ ਨਹਿਰੂ ਨੂੰ ਹਿੰਦੂ ਨੇਤਾ ਕਹਿ ਕੇ ਜਿਨਾਹ ਨੂੰ ਸੁੱਖ ਮਿਲਦਾ ਸੀ। ਗਾਂਧੀ ਦੀ ਮੌਤ 'ਤੇ ਜਿਨਾਹ ਨੇ ਕਿਹਾ ਸੀ ਕਿ ਗਾਂਧੀ ਹਿੰਦੂਆਂ ਦਾ ਮਹਾਨ ਨੇਤਾ ਸੀ। ਜਿਨਾਹ ਦਾ ਇਹ ਸੱਟ ਖਾਧਾ ਅੰਹ ਅੰਗਰੇਜ਼ਾਂ ਨੂੰ ਸੂਤ ਕਰਦਾ ਸੀ। ਜਿਵੇਂ-ਜਿਵੇਂ ਜਿਨਾਹ ਕਾਂਗਰਸ ਨੂੰ ਸਿਰਫ਼ ਹਿੰਦੂਆਂ ਦਾ ਪ੍ਰਤੀਨਿਧ ਬਣਾਉਂਦੇ ਗਏ, ਬ੍ਰਿਟਿਸ਼ ਸਰਕਾਰ, ਜਿਨਾਹ ਤੇ ਮੁਸਲਿਮਲੀਗ ਨੂੰ ਭਾਰਤ ਦੇ ਸਾਰੇ ਮੁਸਲਮਾਨਾਂ ਦਾ



ਇਕੋ-ਇਕ ਪ੍ਰਤੀਨਿਧ ਮੰਨਣ ਲੱਗ ਪਈ। 1937 ਦੀਆਂ ਚੋਣਾਂ ਜਾਂ ਉਸ ਤੋਂ ਬਾਅਦ ਇੱਕ ਵਾਰ ਵੀ ਕਾਂਗਰਸ ਨੇ ਇਹ ਮੰਨ ਲਿਆ ਹੁੰਦਾ ਕਿ ਜਿਨਾਹ ਤੇ ਮੁਸਲਿਮ ਲੀਗ ਹੀ ਮੁਸਲਮਾਨਾਂ ਦੇ ਇਕੋ-ਇਕ ਪ੍ਰਤੀਨਿਧ ਹਨ ਤਾਂ ਸ਼ਾਇਦ ਹੋ ਸਕਦਾ ਸੀ ਕਿ ਜਿਨਾਹ ਪੂਰੀ ਸਮੱਸਿਆ ਨੂੰ ਦਸ ਮਿੰਟਾਂ ਵਿਚ ਹੱਲ ਕਰ ਦਿੰਦਾ। ਪਰ ਨਹਿਰੂ ਹੀ ਇਸ ਗੱਲ 'ਤੇ ਅਡਿੱਗ ਸੀ। ਜਿਨਾਹ ਦੇ ਵਿਰੁੱਧ ਨਹਿਰੂ ਦੀਆਂ ਭਾਵਨਾਵਾਂ ਥਕਾਵਟ ਅਤੇ ਕੜਵਾਹਟ ਨਾਲ ਇਸ ਹੱਦ ਤੱਕ ਭਰੀਆਂ ਹੋਈਆਂ ਸਨ ਕਿ ਉਹ ਸਿਰ ਦਰਦ ਤੋਂ ਮੁਕਤੀ ਪਾਉਣ ਲਈ ਸਿਰ ਕਟਵਾਉਣ ਨੂੰ ਵੀ ਤਿਆਰ ਸੀ। ਜਿਨਾਹ ਦੀ ਸਿੱਧੀ ਕਾਰਵਾਈ ਤੋਂ ਬਾਅਦ ਪਟੇਲ ਵੀ ਖੁੱਲੇਆਮ ਵੰਡ ਦੀ ਗੱਲ ਕਰਨ ਲੱਗ ਪਏ ਸਨ। ਮੁਸਲਮਾਨਾਂ ਨੂੰ ਪਟੇਲ ਅੰਦਰ ਸਦਾ ਹੀ ਇੱਕ ਕੱਟੜ ਹਿੰਦੂਵਾਦੀ ਦਿਸਦਾ ਸੀ। ਮੁਸਲਿਮ ਲੀਗ ਇਹ ਅਕਸਰ ਦੋਸ਼ ਲਾਉਂਦੀ ਸੀ ਕਿ ਵੰਡ ਮੁੱਖ ਤੌਰ 'ਤੇ ਪਟੇਲ ਦੀਆਂ ਭਾਵਨਾਵਾਂ ਦਾ ਹੀ ਨਤੀਜਾ ਸੀ। ਪਟੇਲ ਜਿਨਾਹ ਨੂੰ ਮਿਲਣੋਂ ਹਮੇਸ਼ਾ ਝਿਜਕਦੇ ਸਨ। ਦੋ ਬੜੇ ਮਹੱਤਵਪੂਰਨ ਮੌਕਿਆਂ 'ਤੇ ਪਟੇਲ ਨੇ ਜਿਨਾਹ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਇੱਕ ਵਾਰ 1946 ਵਿਚ ਸੰਵਿਧਾਨ ਸਭਾ ਦੇ ਸੰਕਟ 'ਤੇ ਪ੍ਰਧਾਨ ਮੰਤਰੀ ਐਟਲੀ ਦੇ ਸੱਦੇ 'ਤੇ ਇੰਗਲੈਂਡ ਜਾਣ ਵਾਲੇ ਦਲ ਵਿਚ ਸ਼ਾਮਲ ਹੋਣੋਂ ਤੇ ਦੂਜੀ ਵਾਰ ਵੰਡ ਤੋਂ ਬਾਅਦ ਕਸ਼ਮੀਰ ਦੇ ਮਸਲੇ ਵਿਚ ਜਿਨਾਹ ਨਾਲ ਮਿਲ ਬੈਠ ਕੇ ਵਿਚਾਰ ਕਰਨ ਵਾਸਤੇ। ਨਹਿਰੂ ਨੇ ਵੀ ਇਸ ਪ੍ਰਸੰਗ ਵਿਚ ਬਿਮਾਰੀ ਦਾ ਬਹਾਨਾ ਬਣਾ ਕੇ ਜਿਨਾਹ ਨੂੰ ਮਿਲਣ ਤੋਂ ਨਾਂਹ ਕਰ ਦਿੱਤੀ। ਜਦ ਕਿ ਉਦੋਂ ਮਾਊਂਟ ਬੈਟਨ ਨੂੰ ਭਾਰਤ ਦੇ ਗਵਰਨਰ ਜਨਰਲ ਦੀ ਹੈਸੀਅਤ ਵਿਚ ਜਿਨਾਹ ਨੂੰ ਮਿਲਣਾ ਪਿਆ। ਪਟੇਲ ਦੇ ਅੰਦਰ ਦਾ ਕੱਟੜ ਹਿੰਦੂ, ਮੁਸਲਿਮ ਲੀਗ ਦੇ ਮਾਮਲੇ 'ਤੇ ਆ ਕੇ ਹੋਰ ਕਠੋਰ ਹੋ ਜਾਂਦਾ ਸੀ। ਅੰਤ ਵਿਚ ਪਟੇਲ ਨੇ ਆਪਣਾ ਧੀਰਜ ਪੂਰੀ ਤਰ੍ਹਾਂ ਖੋਹ ਦਿੱਤਾ। ਮਾਊਂਟ ਬੈਟਨ ਨਾਲ ਨਹਿਰੂ ਦੀ ਨਜ਼ਦੀਕੀ ਦਾ ਕਾਰਨ ਲੇਡੀ ਐਡਵਿਨ ਮਾਊਂਟ ਬੈਟਨ ਨੂੰ ਮੰਨਿਆ ਜਾਂਦਾ ਸੀ। ਪਰ ਪਟੇਲ ਨਾਲ ਮਾਊਂਟ ਬੈਟਨ ਦੀ ਨਜ਼ਦੀਕੀ ਇਸ ਲਈ ਵਧੀ ਕਿਉਂਕਿ ਪਟੇਲ ਵੰਡ ਦੇ ਹੱਕ ਵਿਚ ਬੋਲਦੇ ਸਨ ਤੇ ਇਸ ਦੇ ਕੱਟੜ ਸਮਰਥਕ ਸਨ। ਮਾਊਂਟ ਬੈਟਨ ਨੇ ਪਟੇਲ ਨੂੰ ਜ਼ਿਆਦਾ ਵਿਹਾਰਕ ਤੇ ਆਪਣੀਆਂ ਭਾਵਨਾਵਾਂ ਦੇ ਅਨੁਰੂਪ ਵੰਡ ਦੇ ਵੱਲ ਜ਼ਿਆਦਾ ਝੁਕਿਆ ਹੋਇਆ ਪਾਇਆ ਸੀ।

ਪਾਕਿਸਤਾਨ ਦੇ ਜਨਮ, ਮੁਸਲਮਾਨਾਂ ਦੇ ਹਿੰਦੂਆਂ ਨਾਲ ਆਰਥਿਕ ਸੰਘਰਸ਼ ਦੀ ਅੰਤਮ ਹੋਣੀ ਦੇ ਰੂਪ ਵਿਚ ਸਥਾਪਤ ਕਰਨ ਵਾਲਾ ਵੀ ਇੱਕ ਭਰੋਸੇਯੋਗ ਤਰਕ ਹੈ। ਬੰਗਾਲ ਵਿਚ ਸੂਤੀ ਤੇ ਸਿਲਕੀ ਕੱਪੜੇ ਦੇ ਉਦਯੋਗ ਦੇ ਨਸ਼ਟ ਹੋਣ ਨਾਲ ਮੁਸਲਮਾਨ ਕਾਰੀਗਰ ਤੇ ਜ਼ਿਮੀਂਦਾਰ ਵਰਗ ਦੇ ਵਿਰਵੇ ਹੋਣ ਦੇ ਨਾਲ ਕੁਲੀਨ ਤੇ ਜਾਗੀਰਦਾਰ ਮੁਸਲਮ ਵਰਗ ਆਰਥਿਕ ਰੂਪ ਵਿਚ ਹਿੰਦੂਆਂ ਤੋਂ ਪਿਛੜਨਾ ਸ਼ੁਰੂ ਹੋ ਗਿਆ। ਅੰਗਰੇਜ਼ੀ ਸਿੱਖਿਆ, ਸਰਕਾਰੀ ਨੌਕਰੀਆਂ ਵਿਚ ਪਿੱਛੜਦੇ ਹੋਏ ਮੁਸਲਮਾਨ ਹੌਲੀ-ਹੌਲੀ ਉਦਯੋਗ, ਬੈਂਕਿੰਗ, ਸ਼ੇਅਰ ਬਜ਼ਾਰ ਦੇ ਵਪਾਰ ਵਿਚ ਪਿਛੜਦੇ ਚਲੇ ਗਏ। ਪਾਕਿਸਤਾਨ ਅਸਲ ਵਿਚ ਆਰਥਿਕ ਰੂਪ ਵਿਚ

ਪੱਛੜੇ ਹੋਏ ਮੁਸਲਮਾਨਾਂ ਦਾ ਅੰਦੋਲਨ ਸੀ। ਇਸ ਅੰਦੋਲਨ ਨੇ ਉਹਨਾਂ ਨੂੰ ਸੁਪਨਾ ਦਿੱਤਾ ਆਪਣੇ ਮੁਲਕ, ਆਪਣੀ ਕੌਮ, ਆਪਣੇ ਧਰਮ ਵਿਚ ਉਹਨਾਂ ਦੀ ਆਰਥਿਕ ਖੁਸ਼ਹਾਲੀ ਫਿਰ ਵਾਪਸ ਪਰਤੇਗੀ। ਇਸ ਦੇ ਨਾਲ-ਨਾਲ ਅਣਵੰਡੇ ਭਾਰਤ ਵਿਚ ਹਿੰਦੂ ਦਾਬੇ (ਅੰਗਰੇਜ਼ੀ) ਦਾ ਭੈਅ ਉਸਨੂੰ ਹੁਣ ਆਸਾਨੀ ਨਾਲ ਸਮਝ ਆਉਣ ਲੱਗ ਪਿਆ ਸੀ। ਮੁਸਲਮਾਨਾਂ ਦੀ ਇਹ ਆਰਥਿਕ ਅਧੋਗਤੀ ਤੋਂ ਪਤਨ ਮੁੱਖ ਰੂਪ ਵਿਚ ਉਸ ਮੱਧਲੇ, ਉੱਚੇ ਤੇ ਜਾਂ ਉੱਚ ਵਰਗ ਦੇ ਮੁਸਲਮਾਨਾਂ ਵਿਚ ਵੱਧ ਸੀ ਜਿਨ੍ਹਾਂ ਦੇ ਹਿੱਤ ਜਾਂ ਤਾਂ ਤੇਜ਼ੀ ਨਾਲ ਸਿਮਟ ਰਹੇ ਸਨ ਜਾਂ ਖ਼ਤਮ ਹੋ ਰਹੇ ਸਨ। ਉਹ ਕਿਸੇ ਵੀ ਖੇਤਰ ਵਿਚ ਹਿੰਦੂਆਂ ਨਾਲ ਮੁਕਾਬਲਾ ਨਹੀਂ ਕਰ ਪਾ ਰਿਹਾ ਸੀ। ਮੁਸਲਿਮ ਲੀਗ ਨੂੰ ਜਨਮ ਦੇਣ ਵਾਲੇ ਅਤੇ ਇਸ ਦੇ ਕਰਤੇ-ਧਰਤੇ ਵੀ1937 ਤੱਕ ਮੁੱਖ ਰੂਪ ਵਿਚ ਇਸੇ ਵਰਗ ਦੇ ਲੋਕ ਸਨ। ਪਾਕਿਸਤਾਨ ਇਸ ਵਰਗ ਦੀ ਛਟਪਟਾਹਟ ਦਾ ਨਤੀਜਾ ਸੀ।

ਨਿਮਨ ਵਰਗੀ ਮੁਸਲਮਾਨ ਤਾਂ ਜਿਵੇਂ ਸਦੀਆਂ ਤੋਂ ਭਾਵ ਮੁਗਲ ਕਾਲ ਤੋਂ, ਤਾਂ ਵੈਸਾ ਹੀ ਜੀਵਨ ਜੀ ਰਿਹਾ ਸੀ। ਉਸ ਲਈ ਪਾਕਿਸਤਾਨ ਦਾ ਅਰਥ ਸਿਵਾ 'ਇਸਲਾਮ ਦੀ ਸ਼ਾਨ' ਅਤੇ ਸੱਤਾ ਤੋਂ ਵੱਧ ਕੁਝ ਨਹੀਂ ਸੀ। ਮੁੱਲਾ ਵਰਗ ਜੋ 'ਇਸਲਾਮਕ ਪਾਕਿਸਤਾਨ' ਉਸਨੂੰ ਦੇ ਰਿਹਾ ਸੀ ਉਸਨੂੰ ਉਹੀ ਸਮਝ ਆਉਂਦਾ ਸੀ। ਹਾਲਾਂਕਿ ਆਰਥਿਕਤਾ ਦੀ ਦ੍ਰਿਸ਼ਟੀ ਤੋਂ ਪਾਕਿਸਤਾਨ ਉਸਨੂੰ ਧੁੰਦਲਾ ਦਿਸਦਾ ਸੀ। ਹਿੰਦੂਆਂ ਨਾਲ ਉਸਦਾ ਕੋਈ ਸੰਘਰਸ਼ ਨਹੀਂ ਸੀ। ਸੰਘਰਸ਼ ਦੇ ਭੇਦ ਭਾਵ ਨਿਮਨ ਵਰਗੀ ਮੁਸਲਮਾਨ ਤੱਕ ਬਹੁਤ ਬਾਅਦ ਵਿਚ ਪਹੁੰਚਿਆ ਜਦੋਂ ਕਿ ਪਾਕਿਸਤਾਨ ਦੀ ਜ਼ਮੀਨ 1937 ਤੋਂ ਬਾਅਦ ਵਿੱਚ ਤਿਆਰ ਹੋਈ। ਇਹ ਵੀ ਮਹੱਤਵਪੂਰਨ ਹੈ ਕਿ ਇਸੇ ਹੀ ਵਰਗ ਨੇ 600 ਸਾਲ ਤੱਕ ਹਿੰਦੂ-ਮੁਸਲਿਮ ਏਕਤਾ ਬਣਾਈ ਰੱਖੀ। ਅਲੱਗ-ਅਲੱਗ ਪ੍ਰਵਿਰਤੀਆਂ, ਅਲੱਗ ਧਰਮ, ਇਤਿਹਾਸ ਤੇ ਪ੍ਰੰਪਰਾਵਾਂ ਦੀਆਂ ਦੋ ਸਮਾਨਾਂਤਰ ਧਾਰਾਵਾਂ ਨੂੰ ਬਣਾਈ ਰੱਖਣ ਤੇ ਚੱਲਦੇ ਰਹਿਣ ਦਾ ਆਧਾਰ ਨਿਮਨ ਵਰਗ ਹੀ ਸੀ ਨਾ ਕਿ ਕੁਲੀਨ/ਜਗੀਰੂ ਮੁਸਲਮਾਨੀ ਵਰਗ। ਇਹ ਅਮੀਰ ਮੁਸਲਿਮ ਵਰਗ ਹੀ ਸੀ ਜਿਸਨੇ ਹਿੰਦੂਆਂ/ਸਿੱਖਾਂ ਤੋਂ ਅਲੱਗ ਮੁਸਲਿਮ ਵਿਘਟਨ ਨੂੰ ਤੇ ਮੁਸਲਿਮ ਅਲਗਾਓ ਨੂੰ ਇੱਕ ਮਜ਼ਬੂਰੀ ਤੇ ਜ਼ਰੂਰਤ ਦੱਸਦਿਆਂ ਹੋਇਆ ਇਸਲਾਮ ਦੇ ਪਰਦੇ ਵਿਚ ਇਸ ਨੂੰ ਪਰਿਭਾਸ਼ਿਤ ਕੀਤਾ ਅਤੇ ਆਧਾਰ ਬਣਾਕੇ ਪਾਕਿਸਤਾਨ ਨੂੰ ਜਨਮ ਦਿੱਤਾ।

ਸੱਯਦ ਅਹਿਮਦ ਤੋਂ ਲੈ ਕੇ ਜਿਨਾਹ ਤੱਕ ਗਰੀਬ, ਕਾਮੇ ਤੇ ਕਿਸਾਨ-ਮਜ਼ਦੂਰ ਮੁਸਲਮਾਨ ਲਈ ਕਿਸੇ ਮੁਸਲਮਾਨ ਰਹਿਨੁਮਾ ਕੋਲ ਕੋਈ ਸੁਪਨਾ ਨਹੀਂ ਸੀ, ਨਾ ਰਣਨੀਤੀ ਸੀ ਤੇ ਨਾ ਹੀ ਉਸ ਦੀਆਂ ਜੀਵਨ ਸਥਿਤੀਆਂ ਦਾ ਗਿਆਨ ਸੀ। ਪਾਕਿਸਤਾਨ ਦੀ ਲੜਾਈ ਸ਼ੁਰੂ ਤੋਂ ਹੀ ਅਮੀਰ ਤੇ ਧਨੀ ਉੱਚ ਵਰਗ ਦੇ ਮੁਸਲਮਾਨ ਦੀ ਰਹੀ ਤੇ ਉਹਦੇ ਆਪਣੇ ਹਿੱਤਾਂ ਦਾ ਸੰਘਰਸ਼ ਰਹੀ। ਮੁਸਲਮਾਨਾਂ ਦਾ ਬੁੱਧੀਜੀਵੀ ਵੀ ਇਸੇ ਵਰਗ ਤੋਂ ਆਉਂਦਾ ਸੀ। ਅਲੀਗੜ੍ਹ ਇਨ੍ਹਾਂ ਦਾ ਕੇਂਦਰ ਸੀ। ਰਾਜਨੀਤਕ ਪੱਧਰ 'ਤੇ ਇਹ ਕਿਸੇ ਲੋਕ ਸੰਘਰਸ਼ ਤੋਂ ਨਹੀਂ ਉੱਠੇ ਸਨ। 1937 ਦੀ



ਕੇਂਦਰੀ ਕੌਂਸਲ ਵਿਚ 66 ਮੁਸਲਮਾਨ ਮੈਂਬਰ ਸਨ। ਜਿਨ੍ਹਾਂ ਵਿਚੋਂ 21 ਨਵਾਬ/ਰਾਜਾ ਤੇ ਜਗੀਰਦਾਰ ਸਨ। 12 ਖਾਨ ਬਹਾਦੁਰ, 23 ਜ਼ਿਮੀਂਦਾਰ ਪਰਿਵਾਰਾਂ ਨਾਲ ਸੰਬੰਧਤ ਵਕੀਲ ਸਨ ਤੇ 10 ਹੋਰ ਅਮੀਰ ਵਰਗ ਦੇ ਮੁਸਲਮਾਨ ਸਨ। ਪਾਕਿਸਤਾਨ ਇਹਨਾਂ ਦੀਆਂ ਹੀ ਇੱਛਾਵਾਂ ਤੇ ਮਹੱਤਵਕਾਂਖਿਆਵਾਂ ਦਾ ਸਾਕਾਰ ਸਰੂਪ ਸੀ। ਇਸੇ ਵਰਗ ਦਾ ਸੁਪਨਾ ਸੀ। ਮਿਹਨਤਕਸ਼, ਗਰੀਬ ਕਾਮੇ ਮੁਸਲਮਾਨ ਦਾ ਹਰਗਿਜ਼ ਨਹੀਂ ਸੀ। ਪਾਕਿਸਤਾਨ ਬਣਨ ਨਾਲ ਇਸੇ ਵਰਗ ਨੂੰ ਹਿੰਦੂਆਂ ਦੇ ਨਾਲ ਆਰਥਿਕ ਵਿਰੋਧ ਤੋਂ ਮੁਕਤੀ ਮਿਲੀ।

ਵੰਡ ਰਾਸ਼ਟਰੀ ਅੰਦੋਲਨ ਦੀ ਅਣਚਾਹੀ ਤੇ ਕਰੂਪ ਅੰਤਮ ਹੋਣੀ ਸੀ। ਇਸ ਸੰਘਰਸ਼ ਦਾ ਨਾ ਤਾਂ ਕੋਈ ਟੀਚਾ ਸੀ, ਨਾ ਹੀ ਦਿਸ਼ਾ ਸੀ। ਦੇਸ਼ ਆਪਣੇ ਆਪ ਹੀ ਹੌਲੀ-ਹੌਲੀ ਉਸ ਦਿਸ਼ਾ ਵੱਲ ਵੱਧਦਾ ਗਿਆ, ਜਿਧਰ ਉਸਨੇ ਜਾਣਾ ਸੀ। ਉਹ ਲੋਕ, ਉਹ ਸ਼ਕਤੀਆਂ, ਉਹ ਸਥਿਤੀਆਂ ਹੀ ਅੰਤਮ ਰੂਪ ਵਿਚ ਫੈਸਲਾਕੁੰਨ ਹੋ ਨਿਬੜੀਆਂ ਜੋ ਅਣਵੰਡੇ ਭਾਰਤ ਵਿਚ ਉਦੇਸ਼ਹੀਣ ਤੇ ਵਜੂਦਹੀਣ ਪਈਆਂ ਸਨ। ਅਜਿਹੀ ਆਜ਼ਾਦੀ ਕਿਸੇ ਦੇ ਸੁਪਨੇ ਵਿਚ ਵੀ ਨਹੀਂ ਸੀ। ਆਜ਼ਾਦੀ ਦੇ ਨਾਂਅ 'ਤੇ ਲੱਖਾਂ, ਕਰੋੜਾਂ ਲੋਕ ਉਨ੍ਹਾਂ ਅਧਿਕਾਰਾਂ, ਸੁਵਿਧਾਵਾਂ ਤੇ ਸੁਪਨਿਆਂ ਤੋਂ ਵਿਰਵੇ ਤੇ ਵਿਛੁੰਨੇ ਗਏ ਜੋ ਆਜ਼ਾਦੀ ਤੋਂ ਪਹਿਲਾਂ ਉਹਨਾਂ ਨੂੰ ਗੌਰਵਪੂਰਨ ਤੇ ਭਰੋਸੇਯੋਗ ਢੰਗ ਨਾਲ ਪ੍ਰਾਪਤ ਸਨ।

ਵਿਸ਼ਲੇਸ਼ਣ ਤੇ ਵਿਗਿਆਨ ਦੇ ਯੁੱਗ ਵਿਚ ਭਾਸ਼ਾ, ਧਰਮ ਜਾਂ ਅੰਧ-ਵਿਸ਼ਵਾਸਾਂ ਦੇ ਆਧਾਰ 'ਤੇ ਘਿਰਣਾ ਪੈਦਾ ਕਰਨ ਵਾਲੇ ਇਤਿਹਾਸ ਦੀ ਕੋਈ ਥਾਂ ਨਹੀਂ ਹੈ। ਨਵੀਂ ਪੀੜ੍ਹੀ ਨੂੰ ਨਵੇਂ ਤਾਰਕਿਕ ਢੰਗ ਨਾਲ ਨਵੀਆਂ ਪਰਿਭਾਸ਼ਾਵਾਂ ਨਾਲ ਵਸਤੂਪਰਕ ਦ੍ਰਿਸ਼ਟੀ ਤੋਂ ਵਰਤਮਾਨ ਨੂੰ ਪਹਿਚਾਨਣ ਲਈ ਇਤਿਹਾਸ ਨੂੰ ਨਵੇਂ ਜਾਵੀਏ ਤੋਂ ਦੇਖਣ ਦੀ ਲੋੜ ਹੈ। 1947 ਦੀ ਵੰਡ ਨੂੰ ਸਮਝਣ ਲਈ ਇਹਨਾਂ ਅਣਉੱਤਰਿਤ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਇਹ ਇਕ ਯਤਨ ਹੈ।

ਵਰਤਮਾਨ ਨੂੰ ਜੇਕਰ ਸਮਝਣਾ ਹੈ, ਭਵਿੱਖ ਨੂੰ ਜੇਕਰ ਸਵਾਰਨਾ ਹੈ ਤਾਂ ਇਤਿਹਾਸ ਨੂੰ ਨਵੇਂ ਸਿਰਿਓਂ ਵਾਚਣਾ ਹੀ ਪਵੇਗਾ। ਨਹੀਂ ਤਾਂ ਨਵੀਂ ਗੁਲਾਮੀ ਤੇ ਹੋਰ ਵੰਡਾਂ ਤੋਂ ਸਾਨੂੰ ਕੋਈ ਨਹੀਂ ਰੋਕ ਸਕੇਗਾ। •

(29 ਮਈ 2009 ਦੇ ਨਵਾਂ ਜ਼ਮਾਨਾ ਵਿਚੋਂ ਧੰਨਵਾਦ ਸਹਿਤ)

## ਹਾਰਦਿਕ ਮੁਬਾਰਕਾਂ

ਇਸ ਵਰ੍ਹੇ ਦਾ ਭਾਰਤੀ ਸਾਹਿਤ ਅਕਾਡਮੀ ਦਾ ਪੁਰਸਕਾਰ ਪ੍ਰਗਤੀਵਾਦੀ ਪ੍ਰਮੁੱਖ ਨਾਟਕਕਾਰ ਡਾ. ਆਤਮਜੀਤ ਸਿੰਘ ਦੇ ਨਾਟਕ "ਤੱਤੀ ਤਵੀ ਦਾ ਸੱਚ" ਨੂੰ ਪ੍ਰਦਾਨ ਕੀਤਾ ਗਿਆ ਹੈ। ਅਦਾਰਾ ਚਿਰਾਗ਼ ਸਾਹਿਤ ਅਕਾਡਮੀ ਦੀ ਸਹੀ ਚੋਣ ਲਈ ਡਾ. ਆਤਮਜੀਤ ਸਿੰਘ ਨੂੰ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹੈ।

– ਸੰਪਾਦਕੀ ਮੰਡਲ

# ਦੇਸ਼ ਦੀ ਵੰਡ - ਉੱਜੜੇ ਘਰ ਅਤੇ ਕਬਰਾਂ

- ਸੂਫ਼ੀ ਅਮਰਜੀਤ

ਹਿੰਦੁਸਤਾਨ ਦੀ ਵੰਡ ਦਾ ਵਿਸ਼ਾ ਨਿਰੋਲ ਰਾਜਨੀਤਿਕ ਹੈ। ਅਸਲ ਵਿਚ ਰਾਜਨੀਤੀ ਹੁੰਦੀ ਹੀ ਹਾਕਮ ਜਮਾਤਾਂ ਦੀਆਂ ਆਰਥਿਕ ਨੀਤੀਆਂ ਦੇ ਹਿੱਤਾਂ ਤੋਂ ਪਰੇਰਤ। ਉਸ ਸਮੇਂ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ਾਂ ਦਾ ਦੌਰ, ਉਸ ਨੁਕਤੇ ਉੱਪਰ ਪਹੁੰਚ ਗਿਆ ਸੀ, ਜਦੋਂ ਬਰਤਾਨਵੀ ਸਾਮਰਾਜ ਦੀ ਦੇਸ਼ ਨੂੰ ਗੁਲਾਮ ਰੱਖ ਸਕਣ ਦੀ ਸ਼ਕਤੀ, ਦੂਜੇ ਰਾਜਨੀਤਿਕ ਵੰਡ ਦਾ ਪਿਛੋਕੜ ਸੰਸਾਰ ਯੁੱਧ ਦੇ ਕਾਰਨ, ਬੇਹੱਦ ਕਮਜ਼ੋਰ ਹੋ ਚੁੱਕੀ ਸੀ।

ਦੂਜੇ ਯੁੱਧ ਪਿੱਛੋਂ ਬਰਤਾਨਵੀ ਚੋਣਾਂ ਵਿਚ ਲੇਬਰ ਪਾਰਟੀ ਜੇਤੂ ਹੋ ਕੇ ਨਿਕਲੀ ਸੀ। ਉਸਦੇ ਪ੍ਰਧਾਨ ਮੰਤਰੀ ਐਟਲੀ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਨ ਦਾ ਫੈਸਲਾ ਲੈ ਲਿਆ ਸੀ। ਪ੍ਰੰਤੂ ਹਾਰ ਗਈ ਟੋਰੀ ਪਾਰਟੀ, ਇਸਦੇ ਵਿਰੁੱਧ ਸੀ, ਖ਼ਾਸ ਕਰਕੇ ਉਸਦਾ ਆਗੂ ਮਾਰਸ਼ਲ ਚਰਚਲ। ਬਰਤਾਨੀਆ ਦੀਆਂ ਖੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਅਨੁਸਾਰ ਦੇਸ਼ ਕਈ ਕਾਰਨਾਂ ਕਰਕੇ ਘਰੇਲੂ ਜੰਗ ਦੇ ਕੰਢੇ ਉੱਤੇ ਖੜ੍ਹਾ ਸੀ। ਦੇਸ਼ ਵਿਚ ਭਾਵੇਂ ਕਮਿਊਨਿਸਟ ਪਾਰਟੀ ਵੱਡੀ ਸ਼ਕਤੀ ਨਹੀਂ ਸੀ ਪ੍ਰੰਤੂ ਉਸਦੀ ਅਗਵਾਈ ਵਿਚ ਦੀਆਂ ਟਰੇਡ ਯੂਨੀਅਨਾਂ, ਖ਼ਾਸ ਕਰਕੇ ਰੇਲਵੇ, ਡਾਕ-ਤਾਰ, ਗੋਦੀ ਮਜ਼ਦੂਰ ਅਤੇ ਹੋਰ ਕਾਰਖਾਨਿਆਂ ਵਿਚ ਅਤੇ ਕਿਸਾਨ ਸਭਾ, ਜੋ ਬਹੁਤ ਥਾਵੀਂ ਪੰਜਾਬ, ਬੰਗਾਲ ਆਦਿ ਵਿਚ ਜੁਝਾਰੂ ਵਿਚਾਰਾਂ ਵਾਲੀਆਂ ਸਨ। ਜੇਕਰ ਸਥਿਤੀ ਖਾਨਾਜੰਗੀ ਦੀ ਬਣ ਜਾਵੇ ਤਾਂ ਪੈਰੋ-ਪੈਰ ਸਾਰੇ ਦੇਸ਼ ਨੂੰ ਲਪੇਟ ਵਿਚ ਲੈ ਸਕਦੀ ਸੀ।

ਉਧਰ ਦੇਸ਼ ਵਿਚ ਆਜ਼ਾਦੀ ਦੀ ਲਹਿਰ ਬੜੀ ਜ਼ੋਰ ਫੜ ਗਈ ਸੀ। ਦੇਸ਼ ਵਿਚ ਹੋਈਆਂ ਚੋਣਾਂ ਵਿਚ ਕਾਂਗਰਸ ਪਾਰਟੀ ਵੱਡੀਆਂ ਜਿੱਤਾਂ ਪ੍ਰਾਪਤ ਕਰ ਗਈ ਸੀ। ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿਚ ਮੁਸਲਮ ਲੀਗ ਦੂਜੇ ਨੰਬਰ ਦੀ ਪਾਰਟੀ ਸੀ। ਪਰੰਤੂ ਇਹ ਕਾਂਗਰਸ ਨਾਲ ਮਿਲਕੇ ਨਹੀਂ ਚੱਲ ਸਕਦੀ ਸੀ। ਉਸਨੇ ਪਾਕਿਸਤਾਨ ਦੀ ਮੰਗ ਉੱਚੀ ਕਰਨੀ ਸ਼ੁਰੂ ਕਰ ਦਿੱਤੀ ਸੀ ਭਾਵੇਂ ਉਸਨੂੰ ਵੱਡਾ ਹੁੰਗਾਰਾ ਨਹੀਂ ਮਿਲ ਰਿਹਾ ਸੀ। ਮੁਸਲਮ ਲੀਗ ਪਹਿਲਾਂ ਤਾਂ ਮੁਸਲਮ ਘੱਟ ਗਿਣਤੀ ਦੇ ਹੱਕਾਂ ਦੀ ਹੀ ਗੱਲ ਕਰਦੀ ਸੀ। ਇਸ ਲਈ ਇਹ ਨਵੀਂ ਹਕੂਮਤ ਵਿਚ ਵੱਧ ਹਿੱਸੇ ਦੀ ਮੰਗ ਕਰ ਰਹੀ ਸੀ। ਦੂਜੇ ਪਾਸੇ ਹਿੰਦੂ ਮਹਾਂ ਸਭਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ. ਐਸ.) ਹਿੰਦੂ ਸ਼ਾਵਨਵਾਦ ਨੂੰ ਉੱਚਾ ਚੁੱਕੇ ਕੇ, ਮੁਸਲਮ ਵਿਰੋਧੀ ਭਾਵਨਾਵਾਂ ਭੜਕਾ ਰਹੇ ਸਨ। ਹਿੰਦੂ ਕੱਟੜਵਾਦੀ, ਦੇਸ਼ ਦੀ ਵੰਡ ਦੇ ਵਿਰੁੱਧ ਸਨ ਅਤੇ ਉਹ ਮੁਸਲਮ ਘੱਟ ਗਿਣਤੀ ਨੂੰ ਗੋਡੇ ਹੇਠਾਂ ਰੱਖਣਾ ਚਾਹੁੰਦੇ ਸਨ। ਆਰ. ਐਸ. ਐਸ. ਦੀ ਤਾਂ ਹੋਂਦ ਹੀ ਜਰਮਨੀ ਦੇ ਯਹੂਦੀਆਂ ਦੇ ਵਿਰੁੱਧ ਨਾਜ਼ੀ ਸੰਗਠਨ ਦੀਆਂ ਲੀਹਾਂ ਉੱਪਰ ਹੋਈ ਸੀ।

ਇਸ ਸਥਿਤੀ ਵਿਚ ਬਰਤਾਨਵੀ ਸਾਮਰਾਜ ਨੇ ਦੇਸ਼ ਨੂੰ ਆਜ਼ਾਦ ਕਰਨ ਦੇ ਲਈ



ਕਾਂਗਰਸ ਦੇ ਲੀਡਰਾਂ ਅਤੇ ਮੁਸਲਮ ਲੀਗ ਨਾਲ ਗੱਲ ਕੀਤੀ। ਬਰਤਾਨੀਆ ਨੇ ਮੁਹੰਮਦ ਅਲੀ ਜਿਨਾਹ ਨੂੰ ਡਟੇ ਰਹਿਣ ਲਈ ਥਾਪੜਾ ਦਿੱਤਾ ਹੋਇਆ ਸੀ। ਵੈਸੇ ਕਾਂਗਰਸ ਵਿਚ ਵੀ ਕੌਮੀ ਪੱਧਰ ਦੇ ਮੁਸਲਮਾਨ ਪ੍ਰਵਾਨਿਤ ਆਗੂ ਸਨ ਜੋ ਕਿ ਕਿਸੇ ਤਰ੍ਹਾਂ ਵੀ ਦੇਸ਼ ਦੀ ਵੰਡ ਨਹੀਂ ਚਾਹੁੰਦੇ ਸਨ।

ਹਿੰਦੁਸਤਾਨ ਵਿਚ ਬਰਤਾਨੀਆ ਦੇ ਨੁਮਾਇੰਦੇ ਲਾਰਡ ਮਾਊਂਟਬੇਟਨ ਨੇ ਕਾਂਗਰਸ ਦੇ ਆਗੂਆਂ ਮਹਾਤਮਾ ਗਾਂਧੀ ਅਤੇ ਕਾਂਗਰਸ ਦੇ ਉਸ ਸਮੇਂ ਦੇ ਪ੍ਰਧਾਨ ਅਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਗੱਲ ਕੀਤੀ। ਹਾਲਾਂਕਿ ਕਾਂਗਰਸ ਦੇ ਮੁਸਲਮ ਮੈਂਬਰ, ਜੋ ਪਹਿਲਾਂ ਕਾਂਗਰਸ ਪ੍ਰਧਾਨ ਸਨ, ਮੌਲਾਨਾ ਅਬੁਉਲ ਕਲਾਮ 'ਆਜ਼ਾਦ', ਰਫ਼ੀ ਅਹਿਮਦ ਕੁਦਵਾਈ, ਡਾ. ਜ਼ਾਕਰ ਹੁਸੈਨ ਅਤੇ ਖ਼ਾਸ ਕਰਕੇ ਸਰਹੱਦੀ ਗਾਂਧੀ ਦੇ ਨਾਂ ਨਾਲ ਜਾਣੇ ਜਾਂਦੇ ਸੂਬਾ ਸਰਹੱਦ ਦੇ ਪੁਖ਼ਤੂਨ ਆਗੂ ਖ਼ਾਨ ਅਬਦੁਲ ਗ਼ਫਾਰ ਖਾਂ ਵੀ ਸਨ। ਜਿਨ੍ਹਾਂ ਨਾਲ ਵੰਡ ਦੇ ਮਸਲੇ ਉੱਪਰ ਬਰਤਾਨੀਆ ਨੇ ਤਾਂ ਕੀ, ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਨੇ ਵੀ, ਹਾਂ ਕਰਨ ਤੋਂ ਪਹਿਲਾਂ, ਗੱਲ ਤੱਕ ਨਹੀਂ ਕੀਤੀ ਸੀ। ਅਕਸਰ ਇਸਦਾ ਕਾਰਨ ਕੀ ਸੀ? ਕਾਰਨ ਬੜਾ ਹੀ ਸੰਜੀਦਾ ਅਤੇ ਵੱਡੀ ਮਹੱਤਤਾ ਦਾ ਸੀ। ਮਾਊਂਟਬੇਟਨ ਨੇ ਪਹਿਲਾਂ ਮਹਾਤਮਾ ਗਾਂਧੀ ਨਾਲ, ਜੋ ਦੇਸ਼ ਦੀ ਵੰਡ ਦੇ ਮਸਲੇ ਉੱਪਰ ਕਹਿੰਦੇ ਸਨ ਕਿ ਇਹ ਮੇਰੀ ਲਾਸ਼ ਉੱਪਰ ਬਣੇਗਾ, ਨਾਲ ਗੱਲ ਕੀਤੀ ਅਤੇ ਵੰਡ ਲਈ ਹਾਂ ਕਰਵਾ ਲਈ। ਜਦੋਂ ਜਵਾਹਰ ਲਾਲ ਨੂੰ ਪਤਾ ਲੱਗਾ ਤਾਂ ਗੁੱਸੇ ਵਿਚ ਰਾਤ ਭਰ ਸੌਂ ਨਾ ਸਕਿਆ। ਸੌਣ ਵਾਲੇ ਕਮਰੇ ਵਿਚ ਉੱਠ ਕੇ ਤੇਜ਼ ਪੈਰੀਂ ਚੱਕਰ ਕੱਢਦਾ ਰਿਹਾ ਸੀ। ਪ੍ਰੰਤੂ ਜਦੋਂ ਉਹ ਮਾਊਂਟਬੇਟਨ ਨੂੰ ਮਿਲਕੇ ਆਇਆ ਤਾਂ ਉਸਨੇ ਮੌਲਾਨਾ ਆਜ਼ਾਦ ਅਤੇ ਹੋਰਨਾਂ ਮਿਲਣ ਵਾਲਿਆਂ ਨੂੰ ਮਾਯੂਸੀ ਵਿਚ ਉਹ ਸ਼ਬਦ ਹੀ ਕਹੇ ਜੋ ਮਹਾਤਮਾ ਗਾਂਧੀ ਨੇ ਕਹੇ ਸਨ ਕਿ "ਵੰਡ ਤੋਂ ਬਿਨਾਂ ਕੋਈ ਰਾਹ ਨਹੀਂ।" ਮਾਊਂਟਬੇਟਨ ਨੇ ਜੋ ਗੱਲ ਆਖੀ ਉਹ ਇਹ ਸੀ, "ਇਸ ਸਮੇਂ ਬਰਤਾਨੀਆ ਦੀ ਸ਼ਕਤੀ ਦੂਜੇ ਯੁੱਧ ਕਾਰਨ ਬੇਹੱਦ ਕਮਜ਼ੋਰ ਹੋ ਗਈ ਹੈ ਜੇਕਰ ਦੇਸ਼ ਵਿਚ ਹਿੰਦੂ-ਮੁਸਲਮ ਫਿਰਕੂ ਭਾਵਨਾਵਾਂ ਭੜਕ ਕੇ ਖਾਨਾਜੰਗੀ ਸ਼ੁਰੂ ਹੋ ਗਈ, ਅਸੀਂ ਕੰਟਰੋਲ ਕਰਨ ਤੋਂ ਅਸਮਰਥ ਹੋਵਾਂਗੇ। ਫਿਰ ਹਿੰਦੁਸਤਾਨ ਨਾ ਸਾਡੇ ਕੋਲ, ਨਾ ਤੁਹਾਡੇ ਕੋਲ ਰਹੇਗਾ, ਫਿਰ ਇਥੇ ਖ਼ੂਨੀ ਇਨਕਲਾਬ ਹੀ ਹੋਵੇਗਾ।"

ਕਾਂਗਰਸ ਦੇ ਤੀਜੇ ਵੱਡੇ ਲੀਡਰ ਸਰਦਾਰ ਪਟੇਲ ਸਨ। ਉਹ ਆਰ. ਐਸ. ਐਸ. ਐਸ. ਦੇ ਸਿੱਧੇ ਮੈਂਬਰ ਤਾਂ ਨਹੀਂ ਸਨ ਪ੍ਰੰਤੂ ਹਿੰਦੂ ਭਾਵਨਾਵਾਂ ਦੇ ਪ੍ਰਭਾਵ ਹੇਠ ਸੀ ਅਤੇ ਉਹ ਆਰਜ਼ੀ ਸਰਕਾਰ ਵਿਚ ਮੁਸਲਮ ਮੰਤਰੀਆਂ ਅਤੇ ਮੁਸਲਮ ਅਫਸਰਸ਼ਾਹੀ ਤੋਂ ਤੰਗ ਸੀ। ਖ਼ਾਸ ਕਰਕੇ ਖਜ਼ਾਨੇ ਦੇ ਮੰਤਰੀ ਤੋਂ ਜੋ ਉਸ ਦੀਆਂ ਲੋੜਾਂ ਲਈ ਪੈਸੇ ਰਲੀਜ਼ ਨਹੀਂ ਕਰ ਰਿਹਾ ਸੀ, ਇਥੋਂ ਤੱਕ ਕਿ ਉਸਨੂੰ ਚਪੜਾਸੀ ਲਈ ਵੀ ਪਰਵਾਨਗੀ ਨਹੀਂ ਦੇ ਰਹੇ ਸਨ। ਸਰਦਾਰ ਪਟੇਲ ਨੇ ਮੁਸ਼ਕਿਲਾਂ ਤੋਂ ਛੁਟਕਾਰਾ ਪਾਉਣ ਲਈ, ਵੰਡ ਪ੍ਰਵਾਨ ਕਰਨ ਦਾ ਸੌਖਾ ਰਾਹ ਚੁਣ ਲਿਆ ਕਿ ਭਵਿੱਖ ਵਿਚ ਵੀ ਕੋਈ ਅੜਿੱਕਾ ਨਹੀਂ ਰਹੇਗਾ।

ਓੜਕ ਦੇਸ਼ ਦੀ ਵੰਡ ਪ੍ਰਵਾਨ ਕਰ ਲਈ ਗਈ, ਜਿਸਦੇ ਨਤੀਜੇ ਕਰੋੜਾਂ ਲੋਕਾਂ ਦੀਆਂ ਦੁਖਦਾਈ ਮੁਸ਼ਕਿਲਾਂ ਅਤੇ ਲੱਖਾਂ ਦੀਆਂ ਕਤਲੇਆਮ ਨਾਲ ਹੋਈਆਂ ਮੌਤਾਂ, ਦੋਵਾਂ ਨਵੇਂ ਬਣੇ ਦੇਸ਼ਾਂ ਭਾਰਤ ਅਤੇ ਪਾਕਿਸਤਾਨ ਵਿਚ ਹੋਈਆਂ ਇੰਨੀ ਵੱਡੀ ਗਿਣਤੀ ਵਿਚ ਮੌਤਾਂ, ਉਹ ਵੀ ਇਸ ਤੋਂ ਅੱਧੀਆਂ ਨਾਜ਼ੀਆਂ ਵਲੋਂ ਯਹੂਦੀਆਂ ਦੀਆਂ ਕੀਤੀਆਂ ਗਈਆਂ ਸਨ। ਕੋਈ 10 ਲੱਖ (?) ਲੋਕਾਂ ਦੀਆਂ ਜਾਨਾਂ ਗਈਆਂ ਅਤੇ ਇੱਕ ਕਰੋੜ ਤੋਂ ਵੱਧ ਉਜੜ ਕੇ ਨਵੇਂ ਦੇਸ਼ ਵਿਚ ਗਏ।

ਵੰਡ ਦੇ ਸਵਾਲ ਉੱਪਰ ਇੱਕ ਵਿਸ਼ੇਸ਼ ਗੱਲ ਕਮਿਊਨਿਸਟ ਪਾਰਟੀ ਬਾਰੇ ਇਹ ਹੈ ਕਿ ਉਹ ਇੰਨੀ ਸ਼ਕਤੀਸ਼ਾਲੀ ਨਹੀਂ ਸੀ ਕਿ ਇਸ ਤਰ੍ਹਾਂ ਦੇ ਰਾਜਨੀਤਿਕ ਮੁੱਦੇ ਉੱਪਰ ਕੋਈ ਪ੍ਰਭਾਵ ਪਾ ਸਕਦੀ। ਭਾਵੇਂ ਟਰੇਡ ਯੂਨੀਅਨਾਂ ਅਤੇ ਕਈ ਥਾਵੀਂ ਕਿਸਾਨ ਸਭਾਵਾਂ ਵਿਚ ਉਸਦੀ ਜਥੇਬੰਦਕ ਸ਼ਕਤੀ ਸੀ। ਜਦੋਂ ਦੇਸ਼ ਦੀ ਵੰਡ ਦਾ ਸਵਾਲ ਆਇਆ ਤਾਂ ਮਰਹੂਮ ਡਾਕਟਰ ਜੀ. ਅਧਿਕਾਰੀ ਦੀ ਅਗਵਾਈ ਵਿਚ 'ਆਤਮਨਿਰਨੇ ਦੇ ਵਿਚਾਰਧਾਰਕ' ਪੱਖ ਦੇ ਗ਼ਲਤ ਅਰਥ ਲੈ ਕੇ 'ਧਰਮ' ਨੂੰ ਕੌਮ ਮੰਨ ਲਿਆ। ਨਾ ਕੇਵਲ ਇਹੋ ਹੀ ਉਹ ਸਿੱਖਾਂ ਦੇ ਆਤਮ ਨਿਰਨੇ ਤੱਕ ਦੀ ਗ਼ਲਤ ਗੱਲ ਕਰਨ ਤੱਕ ਚਲੇ ਗਏ ਸਨ। ਉਸ ਸਮੇਂ ਸਿੱਖਾਂ ਅਤੇ ਕਮਿਊਨਿਸਟਾਂ ਦੀ, ਨਿਸਬਤਨ ਆਵਾਜ਼ ਬੜੀ ਕਮਜ਼ੋਰ ਸੀ। ਹੋਰ ਤਾਂ ਹੋਰ ਮਾਸਟਰ ਤਾਰਾ ਸਿੰਘ ਤਾਂ ਦੇਸ਼ ਦੀ ਵੰਡ ਦੇ ਵੀ ਵਿਰੁੱਧ ਸੀ ਕਿਉਂਕਿ ਉਸਦੇ ਤਾਂ ਸਾਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਵੀ ਉਜੜਨਾ ਪੈ ਰਿਹਾ ਸੀ।

## ਵੰਡ ਸਮੇਂ ਦੀਆਂ ਮੇਰੀਆਂ ਯਾਦਾਂ

ਦੇਸ਼ ਦੀ ਵੰਡ ਸਮੇਂ ਮੈਂ ਅੱਠਵੇਂ ਵਰ੍ਹੇ ਵਿਚ ਸੀ। ਫਿਰ ਵੀ ਯਾਦਾਂ ਵਿਚ ਉਹ ਉਦਾਸ ਕਰਨ ਵਾਲੇ ਦ੍ਰਿਸ਼ ਉਸੇ ਤਰ੍ਹਾਂ ਅੱਖਾਂ ਅੱਗੇ ਆ ਸਾਕਾਰ ਹੋ ਜਾਂਦੇ ਹਨ। ਵੈਸੇ ਉਸ ਸਮੇਂ ਜਿਹੜੇ ਪ੍ਰੌੜ ਉਮਰ ਅਤੇ ਬਚਪਨ ਤੇ ਜੁਆਨੀ ਦੀ ਦਹਿਲੀਜ਼ ਤੇ ਆਰ-ਪਾਰ ਖੜ੍ਹੇ ਹੱਸਾਸ ਲੋਕ ਹੁਣ ਵੀ ਉਦਾਸੀ ਵਿਚ, ਪੀੜ ਮਹਿਸੂਸ ਕਰਦੇ ਗ਼ਮ ਵਿਚ ਡੁੱਬ ਜਾਂਦੇ ਹਨ। ਇਹ ਆਪਣੇ ਆਪ ਵਿਚ ਹੀ ਇੱਕ ਤ੍ਰਾਸਦਿਕ ਸਥਿਤੀ ਹੈ ਕਿ ਕੌਮੀ ਆਜ਼ਾਦੀ ਦੀ ਪ੍ਰਾਪਤੀ ਦੀ ਪੂਰਵ-ਸੰਧਿਆ ਅਤੇ ਉੱਤਰ ਸੰਧਿਆ ਖੁਸ਼ੀਆਂ ਅਤੇ ਆਸਾਂ ਦਾ ਹੁਲਾਰਾ ਦੇਣ ਦੀ ਥਾਵੇਂ ਲਹੂ ਵਿਚ ਡੁੱਬ ਗਈ ਸੀ ਜੋ ਉਸ ਸਮੇਂ ਅਤੇ ਅੱਜ ਵੀ ਕੋਮਲ ਭਾਵਨਾਵਾਂ ਨੂੰ ਵਲੂੰਧਰਦੀ ਮਹਿਸੂਸ ਹੁੰਦੀ ਹੈ।

ਉਸ ਸਮੇਂ ਮੈਂ ਜੋ ਅੱਖੀਂ ਦੇਖਿਆ ਸੀ, ਉਸ ਤੋਂ ਬਿਨਾਂ ਪਿਛੋਂ ਜਾ ਕੇ ਸੰਤਾਲੀ ਦੀ ਵੰਡ ਬਾਰੇ, ਹੋਰ ਕਾਫ਼ੀ ਕੁਝ ਪੜ੍ਹਨ ਨੂੰ ਮਿਲਿਆ। ਜਿਸ ਨੇ ਉਦਾਸੀ ਨੂੰ ਹੋਰ ਵੀ ਗੂੜ੍ਹਾ ਕਰ ਦਿੱਤਾ ਹੈ। ਉਸ ਵੇਲੇ ਇਹ ਸਮਝਣਾ ਮੁਸ਼ਕਿਲ ਸੀ ਕਿ ਸੰਤਾਲੀ ਦੀ ਵੰਡ ਨੂੰ ਹੋਰਨਾਂ ਨਾਵਾਂ ਨਾਲ ਵੀ ਕਿਉਂ ਪੁਕਾਰਦੇ ਸਨ। ਬਹੁਤ ਲੋਕ ਉਸ ਸਮੇਂ ਨੂੰ 'ਵੱਢਾ ਟੁੱਕੀ ਦਾ ਸਾਲ', 'ਹੱਲਿਆਂ ਵੇਲੇ', 'ਪਾਕਿਸਤਾਨ ਬਣਨ ਸਮੇਂ', 'ਉਜਾੜੇ ਦਾ ਸਮਾਂ', ਕਈ 'ਤਬਾਦਲੇ ਦਾ ਸਮਾਂ' ਆਦਿ ਵੀ ਕਹਿੰਦੇ ਹਨ। ਸਾਰੇ ਨਾਵਾਂ ਵਿਚ ਬਰਬਾਦੀ ਅਤੇ ਮੌਤ ਦੇ ਦ੍ਰਿਸ਼ ਹੀ ਪੈਦਾ ਹੁੰਦੇ ਨਜ਼ਰ ਆਉਂਦੇ



ਹਨ। ਭਾਵੇਂ ਮੇਰਾ ਦੇਖਿਆ ਦ੍ਰਿਸ਼ ਕੁਝ ਘਟਨਾਕ੍ਰਮ ਦਾ, ਇੱਕ ਨਿੱਕਾ ਜਿਹਾ ਹਿੱਸਾ ਹੀ ਸੀ ਪਰੰਤੂ ਉਸਦਾ ਮਾਰੂ ਪ੍ਰਭਾਵ ਸਦਾ ਹੀ ਕਾਇਮ ਰਿਹਾ ਹੈ।

ਮੈਂ ਉਸ ਸਮੇਂ ਦੂਸਰੀ ਜਮਾਤ ਵਿਚ ਪੜ੍ਹਦਾ ਸੀ। ਮੇਰੇ ਕੁਝ ਜਮਾਤੀ ਸਨ ਜੁਲਾਹਿਆਂ ਦਾ ਯੂਸਫ, ਕਾਲਾ ਯੂਸਫ ਰੌਂਤਾਂ ਦਾ, ਉਮਰਦੀਨ, ਗਲੋਲੂ ਆਦਿ। ਸੰਭਵ ਹੈ ਉਹ ਜਿਉਂਦੇ ਜੀ ਵੰਡ ਦੀ ਲਕੀਰ, ਸ਼ਾਇਦ ਭੁੱਖਣ ਭਾਣੇ, ਟੱਪ ਕੇ ਕਿਸੇ ਘਰ ਦੀ ਛੱਤ ਹੇਠ ਜਾ ਸੁੱਤੇ ਹੋਣ। ਸ਼ਾਇਦ ਅੱਜ ਵੀ ਮੇਰੀ ਉਮਰ ਦੇ ਬੁਢਾਪੇ ਨੂੰ ਹੰਢਾ ਰਹੇ ਹੋਣ। ਕੌਣ ਕਹਿ ਸਕਦਾ ਹੈ ਕਿ ਉਹ ਸਾਡੇ ਪਿੰਡ ਲਾਗੇ ਦੇ ਕੈਂਪ ਵਿਚੋਂ ਚੱਲ ਹੀ ਨਾ ਸਕੇ ਹੋਣ ਤੇ ਕਿਸੇ ਕਬਰ ਵਿਚ ਬਾਬੇ ਨਾਨਕ ਦੇ ਕਹਿਣ ਅਨੁਸਾਰ

ਸਜਣ ਮੈਂਡੇ ਰਾਂਗਲੇ ਜਾਇ ਸੁਤੇ ਜੀਰਾਣੁ॥

ਦੇ ਅਰਥਾਂ ਦੇ ਨਾਲ ਇਕਮਿਕ ਹੋ ਕੇ, ਜੰਮਣ ਭੋਇੰ ਵਿਚ ਹੀ ਰਹਿ ਗਏ ਹੋਣ।

ਜਿਸ ਸਮੇਂ ਕੈਂਪ ਦੇ ਲੋਕਾਂ ਦਾ ਕਾਫਲਾ ਮੇਰੇ ਪਿੰਡ ਬੱਸੀਆਂ ਵਿਚੋਂ ਗੁਜ਼ਰਿਆ ਸੀ ਮੈਂ ਵੀ ਹੋਰਨਾਂ ਲੋਕਾਂ ਵਾਂਗ ਸੜਕ ਤੋਂ ਦੂਰ ਖਲੋਤਾ ਦੇਖ ਰਿਹਾ ਸੀ। ਕਈ ਦੂਰ ਦਿਸਦੀ ਸਾਡੇ ਪਿੰਡ ਦੀ ਖੂਬਸੂਰਤ ਬਾਹਰਲੀ ਵੱਡੀ ਮੁਸਜਿਦ ਅੱਗੇ ਸੜਕ ਉਤੇ ਖਲੋ ਕੇ ਅੱਲਾ ਅੱਗੇ ਨਮਾਜ਼ ਗੁਜ਼ਾਰ ਰਹੇ ਸਨ ਕਿ ਉਹ ਅਣਕਿਆਸੇ, ਅਣਡਿੱਠੇ ਓਪਰੇ ਦੇਸ਼ ਵਿਚ ਰਾਜ਼ੀ-ਬਾਜ਼ੀ ਪਹੁੰਚ ਜਾਣ ਦੀ ਮਿਹਰ ਕਰੇ। ਕੀ ਇਹ ਸੱਚ ਹੈ ਕਿ ਰਹਿਮਾਨ, ਰਹੀਮ, ਸਦ ਬਖ਼ਸ਼ੰਦ ਦੇ ਹੁਕਮ ਤੋਂ ਬਿਨਾਂ ਕੁਝ ਵੀ ਨਹੀਂ ਵਾਪਰਦਾ? ਇਹਨਾਂ ਬਦਕਿਸਮਤ ਲੋਕਾਂ ਨੂੰ ਕਾਹਦੀ ਸਜ਼ਾ ਮਿਲ ਰਹੀ ਸੀ? ਕੌਣ ਜਾਣਦਾ ਹੈ ਕਿੰਨੇ ਲੋਕਾਂ ਦੀ ਦੁਆ ਸੁਣਕੇ ਰਹਿਮਤ ਦੀ ਬਖਸ਼ਿਸ਼ ਹੋਈ? ਪ੍ਰੰਤੂ ਆਮ ਲੋਕ ਇਹ ਨਹੀਂ ਜਾਣਦੇ ਕਿ ਅੱਲਾ ਦਾ ਸੰਕਲਪ, ਮਨੁੱਖ-ਸਿਰਜਤ ਦੁਖਾਂਤਾਂ ਤੇ ਤਰਾਸਦੀਆਂ ਵਿਚ ਅਤੇ ਖੁਸ਼ਗਵਾਰ ਪ੍ਰਾਪਤੀਆਂ ਵਿਚ ਦਖ਼ਲ ਨਹੀਂ ਦਿੰਦਾ। ਅਜਿਹੇ ਸੰਤਾਲੀ ਵਰਗੇ ਸੰਤਾਪ, ਸ਼ੈਤਾਨ ਸਿਆਸਤਦਾਨਾਂ ਦੇ ਖੁਦਗਰਜ਼ ਜਮਾਤੀ ਹਿੱਤਾਂ ਦੀ ਉਪਜ ਹੁੰਦੇ ਹਨ।

ਸੰਤਾਲੀ ਦੀ ਦੇਸ਼ ਵੰਡ ਦੀਆਂ ਤਿੰਨ ਧਿਰਾਂ ਦੋਸ਼ੀ ਸਨ - ਕਾਂਗਰਸ ਪਾਰਟੀ, ਮੁਸਲਮ ਲੀਗ ਅਤੇ ਇਹਨਾਂ ਦੇ ਆਗੂ, ਤੀਜੇ ਮੁੱਖ ਮੁਜਰਮ ਬਰਤਾਨਵੀ ਸਾਮਰਾਜ।

ਉਹਨੀਂ ਦਿਨੀਂ ਸਾਡੇ ਪਿੰਡ ਵਿਚ, ਕਿਸੇ ਨੇ ਅਫਵਾਹ ਉਡਾ ਦਿੱਤੀ ਕਿ ਮੁਸਲਮ ਆਬਾਦੀ ਵਾਲਾ ਸਾਲਮ, ਪਿੰਡ ਹਠੂਰ ਪਿੰਡ ਉੱਪਰ ਹਮਲਾ ਕਰੇਗਾ। ਲੋਕ ਇੱਟਾਂ ਵੱਟੇ, ਕੱਚ ਦੀਆਂ ਬੋਤਲਾਂ ਲੈ ਕੇ ਕੋਠਿਆਂ ਉੱਪਰ ਚੜ੍ਹ ਗਏ। ਅਸੀਂ ਵੀ ਸਾਡੇ ਪਰਿਵਾਰ ਵਿਚੋਂ ਭਰਾ ਲੱਗਦੇ ਬਾਬੂ ਨੱਥਾ ਸਿੰਘ ਐਸ. ਡੀ. ਓ. ਦੀ ਹਵੇਲੀ ਉੱਪਰ ਜਾ ਚੜ੍ਹੇ। ਇਥੇ ਸਭ ਔਰਤਾਂ ਅਤੇ ਬੱਚੇ ਸਨ ਜਾਂ ਉਹਨਾਂ ਦੇ ਪਰਿਵਾਰ ਦੇ ਚੌਂਹ ਵਿਚੋਂ ਦੋ ਮੁੰਡੇ ਸਨ। ਮੈਨੂੰ ਨਹੀਂ ਪਤਾ ਕਿ ਮੇਰੇ ਬਾਪੂ ਜੀ ਕਿਉਂ ਸਾਡੇ ਨਾਲ ਨਹੀਂ ਸਨ। ਉੱਚੀ ਹਵੇਲੀ ਤੋਂ ਖਲੋਤਿਆਂ ਦੇਖ ਸਕਦੇ ਸੀ ਕਿ ਸੱਤ-ਅੱਠ ਮੀਲ ਦੂਰ ਹਠੂਰ ਦਾ ਪਿੰਡ ਤਾਂ ਨਹੀਂ ਦਿਸਦਾ ਸੀ ਪਰ ਲੋਕ ਕਹਿ ਰਹੇ ਸਨ ਕਿ

ਹਠੂਰ ਨੂੰ ਅੱਗ ਲੱਗੀ ਹੈ ਜੋ ਉਥੋਂ ਧੂੰਆਂ ਨਿਕਲਦਾ ਦਿਸ ਰਿਹਾ ਸੀ। ਫਿਰ ਰਾਏਕੋਟ ਕੈਂਪ ਤੋਂ ਪੂਰਬ ਦਿਸ਼ਾ ਨੂੰ, ਪਰ੍ਹੇ ਆਂਡਲੂ ਇਕ ਹੋਰ ਮੁਸਲਮ ਆਬਾਦੀ ਦੇ ਪਿੰਡ ਨੂੰ ਅੱਗ ਲੱਗਣ ਦੀ ਖ਼ਬਰ ਸੁਣਨ ਦੇ ਨਾਲ ਹੀ, ਉਧਰੋਂ ਧੂੰਆਂ ਨਿਕਲਦਾ ਦਿਸ ਰਿਹਾ ਸੀ। ਉਸ ਸਮੇਂ ਝੁੱਲਦੀ ਮੁਸਲਮ ਵਿਰੋਧੀ ਜਨੂੰਨੀ ਫਿਰਕੂ ਹਵਾ ਦੇ ਪ੍ਰਭਾਵ ਹੇਠ ਬੇਆਸਰਾ, ਨਿਤਾਣੇ, ਬੇਘਰ ਹੋ ਰਹੇ ਲੋਕਾਂ ਨੂੰ, ਘਰਾਂ ਵਿਚੋਂ ਕੱਢ ਕੇ, ਲੁੱਟਣ ਲਈ ਜਨੂੰਨੀਆਂ ਨੇ ਅੱਗਾਂ ਲਾ ਦਿੱਤੀਆਂ ਸਨ।

ਇਹ ਕਿੱਡੀ ਅਣਮਨੁੱਖੀ ਸ਼ਰਾਰਤ ਸੀ ਕਿ ਘਰੋਂ ਉੱਜੜੇ ਲੋਕ, ਕਿਵੇਂ ਕਿਸੇ ਪਿੰਡ ਉੱਪਰ ਹਮਲਾ ਕਰ ਸਕਦੇ ਸਨ? ਜਿਵੇਂ ਕਹਾਵਤ ਹੈ ਕਿ ਕਿਸੇ ਨੇ ਸਹੇ ਨੂੰ ਕਿਹਾ, "ਮਾਸ ਖਾਣਾ?" ਉਹ ਕਹਿੰਦਾ, "ਆਪ ਦਾ ਹੀ ਬਚ ਰਹੇ, ਕਾਫ਼ੀ ਹੈ।"

ਮੇਰੇ ਬਾਪੂ ਜੀ ਨੇ ਕਿਹਾ, "ਕਿਸੇ ਦੇ ਨਾਲ ਜਾ ਕੇ ਮੁਸਲਮਾਨਾਂ ਦੇ ਘਰਾਂ ਵਿਚੋਂ ਕੋਈ ਚੀਜ਼ ਚੁੱਕ ਘਰ ਨਹੀਂ ਲਿਆਉਣੀ।" ਫਿਰ ਵੀ ਮੈਂ ਆਪਣੇ ਹਾਣੀ ਮੁੰਡਿਆਂ ਨਾਲ ਚਲਿਆ ਗਿਆ ਸੀ। ਜਦੋਂ ਲੋਕ ਕੈਂਪ ਵਿਚ ਗਏ, ਲੋਕਾਂ ਦੇ ਬੂਹੇ ਤੋੜ ਕੇ ਲੁੱਟ ਰਹੇ ਸਨ। ਕੋਈ ਮੰਜੇ ਚੁੱਕੀ ਜਾਵੇ, ਕੋਈ ਬਿਸਤਰੇ। ਮੈਨੂੰ ਯਾਦ ਹੈ ਸਾਡੇ ਗੁਆਂਢੀ ਭਾਈ ਜੀ ਸ਼ੇਰ ਸਿੰਘ ਦੇ ਇਕ ਹੱਥ ਵਿਚ ਵੱਡਾ ਪਿੱਤਲ ਦਾ ਪਤੀਲਾ, ਉਸ ਵਿਚ ਇੱਕ ਕੜਛੀ ਫੜੀ। ਇਧਰ-ਉਧਰ ਕਾਹਲੀ ਨਾਲ ਹੋਰਾਂ ਲੋਕਾਂ ਦੇ ਨਾਲ ਹੀ ਘਰ ਵਿਚ ਕੁਝ ਹੋਰ ਚੁੱਕਣ ਲਈ ਆ-ਜਾ ਰਿਹਾ ਸੀ। ਮੇਰੇ ਨਾਲ ਮੇਰਾ ਆੜੀ ਫਕੀਰੀਆ ਸੀ, ਉਸਨੇ ਵੀ ਕੁਝ ਚੁੱਕ ਲਿਆ ਸੀ। ਮੇਰੇ ਮਨ ਵਿਚ ਵੀ ਆਵੇ ਪ੍ਰੰਤੂ ਬਾਪੂ ਜੀ ਦੀ ਤਾੜਨਾ ਵੀ ਸਿਰ ਵਿਚ ਘੁੰਮ ਰਹੀ ਸੀ। ਫਿਰ ਵੀ ਮੈਨੂੰ ਇੱਕ ਪਿੱਤਲ ਦੀ ਟੂਟੀ ਲੱਭ ਗਈ, ਮੈਨੂੰ ਉਹ ਸੋਹਣੀ ਲੱਗੀ, ਮੈਂ ਉਹ ਚੁੱਕ ਲਈ। ਫਿਰ ਉਸਨੂੰ ਲਿਆ ਕੇ, ਘਰੇ ਤੂੜੀ ਵਿਚ ਦੱਬ ਕੇ ਰੱਖ ਦਿੱਤੀ। ਮੈਨੂੰ ਫਿਰ ਫਕੀਰੀਆ ਲੈ ਗਿਆ, ਅਸੀਂ ਸਾਨੂੰ ਪੜ੍ਹਾਉਂਦੇ ਮੁਨਸ਼ੀ ਵਲੀ ਮੁਹੰਮਦ ਦੇ ਘਰੇ, ਜੋ ਅੰਦਰਲੀ ਮਸੀਤ ਦੇ ਲਾਗੇ ਸੀ ਜਾ ਵੜੇ। ਉਹ ਸਾਰਾ ਘਰ ਖਾਲੀ ਕੀਤਾ ਪਿਆ ਸੀ। ਉਹਨਾਂ ਦੀ ਕੰਧ ਵਿਚ ਇਕ ਗੁਪਤ ਰੱਖਣਾ ਸੀ ਜਿਸ ਨੂੰ ਅੱਗੋਂ ਇੱਟਾਂ ਦਾ ਰੋੜਾ ਲਾ ਕੇ ਬੰਦ ਕੀਤਾ ਹੋਇਆ ਸੀ। ਉਸ ਵਿਚ ਇੱਕ ਕੁੱਜਾ ਕੰਧ ਕੱਢਣ ਸਮੇਂ, ਕੀਮਤੀ ਗਹਿਣੇ ਜਾਂ ਰੁਪਏ ਰੱਖਣ ਲਈ ਲਾਇਆ ਹੋਇਆ ਸੀ, ਜੋ ਖਾਲੀ ਪਿਆ ਸੀ। ਮਸਜਿਦ ਵਿਚ ਕੁਰਾਨ ਮਜੀਦ ਦੇ ਵਰਕੇ ਖਿੱਲਰੇ ਪਏ ਸਨ ਜੋ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਏ ਸਨ ਜਿਵੇਂ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਪਾਕਿਸਤਾਨ ਦੇ ਕਿਸੇ ਗੁਰਦੁਆਰੇ ਵਿਚ ਖਿਲਰੇ ਹੋਣ। ਮੈਨੂੰ ਇਹ ਕੁਝ ਹੈਰਾਨ ਕਰਨ ਵਾਲਾ ਲੱਗਿਆ ਸੀ।

ਇਕ ਹੋਰ ਛੋਟੀ ਜਿਹੀ ਘਟਨਾ ਸਾਡੇ ਘਰ ਦੇ ਪਿਛਲੇ ਪਾਸੇ ਮੁਸਲਮਾਨਾਂ ਦੇ ਘਰਾਂ ਨੂੰ ਲੁੱਟ ਹੁੰਦੇ ਦੇਖਣ ਦੀ ਸੀ। ਇਹ ਬਾਹਲਿਆਂ ਦੇ ਘਰ ਸਨ। ਮੈਨੂੰ ਨਹੀਂ ਪਤਾ ਉਹਨਾਂ ਦੀ 'ਬਾਹਲੇ' ਅੱਲ ਕਿਉਂ ਸੀ। ਕਾਫੀ ਲੋਕ ਸਮਾਨ ਚੁੱਕੀ ਜਾਂਦੇ ਸਨ। ਇਕ ਨੁੱਕਰ ਵਾਲੇ ਘਰ ਦਾ ਬੜਾ ਸੋਹਣਾ ਮਜ਼ਬੂਤ ਦਰਵਾਜ਼ਾ ਸੀ ਜਿਸ ਉਪਰ ਕੁਰੇਦ ਕੇ ਵੇਲ ਬੂਟੇ ਪਾਏ ਹੋਏ ਸਨ। ਉਸਦੀ ਵੇਲ ਬੂਟਿਆਂ ਵਾਲੀ ਚੁਗਾਠ ਵੀ ਮੇਰੀਆਂ ਅੱਖਾਂ ਵਿਚ ਹੈ, ਜਦੋਂ ਤਖਤਿਆਂ ਨੂੰ



ਤੋੜਿਆ ਜਾ ਰਿਹਾ ਸੀ। ਮੈਨੂੰ ਚੰਗਾ ਨਹੀਂ ਲੱਗ ਰਿਹਾ ਸੀ। ਉਹ ਮੁੜ-ਮੁੜ ਜ਼ਿੰਦਰਾ ਤੋੜਨ ਦਾ ਯਤਨ ਕਰ ਰਹੇ ਸਨ, ਜੋ ਟੁੱਟ ਨਹੀਂ ਰਿਹਾ ਸੀ। ਓੜਕ ਉਹ ਸਫ਼ਲ ਹੋ ਗਏ। ਜਦੋਂ ਬੰਦਾ ਆਈ ਤੇ ਆ ਜਾਵੇ ਤਾਂ ਉਹ ਕੁਝ ਵੀ ਕਰ ਸਕਦਾ ਹੈ। ਚੰਗਾ ਵੀ ਤੇ ਮਾੜਾ ਵੀ। ਪ੍ਰੰਤੂ ਉਹ ਦਿਨ ਮਾੜੇ ਕੰਮਾਂ ਦੇ ਹੀ ਸਨ। ਖ਼ੈਰ ਦਰਵਾਜ਼ਾ ਤੋੜ ਕੇ ਅੰਦਰੋਂ ਇੱਕ ਸੇਵੀਆਂ ਦੀ ਭਰੀ ਚਾਟੀ ਨੂੰ ਨੱਥੂ ਘੁੱਦੇ ਕਾ ਅਤੇ ਸਾਡੀ ਗੁਆਂਢਣ ਮਾਸਟਰਨੀ ਜਸਵੰਤ ਕੌਰ, ਇਕ ਦੂਜੇ ਤੋਂ ਖੋਹਣ ਲਈ ਆਪਣੇ ਵੱਲ ਖਿੱਚਣ। ਆਖ਼ਰ ਉਹ ਕਿਹੜਾ ਬਲਟੋਹੀ ਸੀ। ਮਿੱਟੀ ਦੀ ਘੁੰਮਾਰ ਬਣਾਈ ਚਾਟੀ ਹੀ ਸੀ। ਉਹ ਟੁੱਟ ਗਈ ਤੇ ਸੇਵੀਆਂ ਹੇਠ ਡੁੱਲ੍ਹ ਗਈਆਂ। ਨੱਥੂ ਤਾਂ ਲੁੱਟਣ ਵਾਲਿਆਂ ਵਿਚ ਓਝਲ ਹੋ ਗਿਆ, ਪਰ ਭੈਣ ਜੀ ਜਸਵੰਤ ਕੌਰ ਆਪਣੀ ਚੁੰਨੀ ਦੇ ਪੱਲੇ ਵਿਚ ਸੇਵੀਆਂ ਪਾ ਕੇ ਪੌੜੀਆਂ ਚੜ੍ਹਕੇ ਉੱਪਰ ਆ ਗਈ। ਮੇਰੇ ਲਾਗੇ ਦੀ ਲੰਘ ਕੇ ਉਹ ਘਰ ਰੱਖ ਗਈ। ਇਹਨਾਂ ਦੇ ਘਰ ਨੂੰ ਗੋਧੇ ਕਾ ਘਰ ਕਹਿੰਦੇ ਸਨ। ਇਹਨਾਂ ਦੇ ਕੋਠੇ ਉੱਪਰ ਮੈਂ ਬਾਹਲਿਆਂ ਦੇ ਘਰ ਵਿਚੋਂ ਤੇ ਹੋਰਨਾਂ ਘਰਾਂ ਵਿਚੋਂ ਲਿਆਂਦੇ ਚੱਕੀਆਂ ਦੇ ਕੋਈ 10-12 ਪੁੜ ਸ਼ਾਇਦ ਵੱਧ ਹੋਣ, ਦੇਖੇ ਸਨ। ਘਰ ਵਿਚ ਚੱਕੀ ਤਾਂ ਇੱਕ ਹੀ ਚਾਹੀਦੀ ਹੁੰਦੀ ਹੈ, ਉਹ ਇਹਨਾਂ ਦੇ ਹੈ ਹੀ ਸੀ। ਸ਼ਾਇਦ ਵੱਡਾ ਪਰਿਵਾਰ ਹੋਣ ਕਾਰਨ ਹਰ ਇੱਕ ਲਈ ਚੱਕੀ ਚਾਹੁੰਦੇ ਹੋਣ ਕਿ ਥੋੜ੍ਹੇ ਸਮੇਂ ਵਿਚ ਆਟਾ ਪੀਹ ਲੈਣਾ ਚਾਹੁੰਦੇ ਹੋਣ। ਪ੍ਰੰਤੂ ਉਹਨਾਂ ਤਾਂ ਚੱਕੀਆਂ ਆਪਣੇ ਘਰ ਦੇ ਅੰਦਰ ਟੋਇਆ ਪੁੱਟ ਕੇ ਦੱਬ ਦਿੱਤੀਆਂ, ਜੋ ਮੈਂ ਖ਼ੁਦ ਦੇਖੀਆਂ ਸਨ। ਇਹ ਲਿਖਦਿਆਂ ਮਨ ਵਿਚ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ, 'ਅੱਜ ਆਖਾਂ ਵਾਰਸ ਸ਼ਾਹ ਨੂੰ' ਯਾਦ ਆ ਰਹੀ ਹੈ।

## ਵੰਡ ਤੋਂ ਪਹਿਲਾਂ ਦਾ ਮੁਸਲਿਮ ਮੁਹੱਲਾ

ਲੁਧਿਆਣੇ ਜ਼ਿਲ੍ਹੇ ਦਾ ਸਾਡਾ ਪਿੰਡ ਬੱਸੀਆਂ ਵੱਡਿਆਂ ਪਿੰਡਾਂ ਵਿਚੋਂ ਇੱਕ ਹੈ। ਮੁਸਲਮਾਨਾਂ ਦੇ ਦੋ ਮੁਹੱਲੇ ਸਨ। ਇੱਕ ਨੂੰ ਗੁੱਜਰਾਂ ਦੀ ਪੱਤੀ ਕਹਿੰਦੇ ਸਨ, ਜੋ ਖਾਂਦੇ-ਪੀਂਦੇ ਲੋਕਾਂ ਦੀ ਸੀ। ਦੂਜੇ ਨੂੰ ਅੰਦਰਲੀ ਮਸੀਤ ਦਾ ਮੁਹੱਲਾ। ਮੈਨੂੰ ਤਾਂ ਅੰਦਰਲੀ ਮਸੀਤ ਦੇ ਮੁਹੱਲੇ ਬਾਰੇ ਹੀ ਕੁਝ ਪਤਾ ਹੈ, ਜਿਥੋਂ ਅਸੀਂ ਆਪ ਹੀ ਲੰਘਦੇ ਹੁੰਦੇ ਸੀ। ਇਥੇ ਹੀ ਮੇਰੇ ਹਮਜਮਾਤੀ ਅਤੇ ਮੁਨਸ਼ੀ ਵਲੀ ਮੁਹੰਮਦ ਹੋਰੀਂ ਰਹਿੰਦੇ ਸਨ। ਛੋਟੇ-ਛੋਟੇ ਘਰ ਸਾਡੀ ਪੱਤੀ ਵਿਚੋਂ ਸ਼ੁਰੂ ਹੋ ਕੇ ਮਸੀਤ ਦੀ ਗਲੀ, ਜ਼ਰਾ ਕੁ ਗੋਲਾਈ ਵਿਚ ਮੁੜਦੀ ਹੋਈ, ਬਰੈਕਟ ਦੇ ਚਿੰਨ੍ਹ ਵਾਂਗ ਸੀ, ਜਾ ਕੇ ਪਿੰਡ ਦੇ ਬਾਜ਼ਾਰ ਵਿਚ ਜਾ ਮਿਲਦੀ ਸੀ।

ਅੰਦਰਲੀ ਮਸੀਤ ਤੋਂ ਸ਼ੁਰੂ ਹੁੰਦੇ ਇਹਨਾਂ ਘਰਾਂ ਦੀਆਂ ਸੁਆਣੀਆਂ, ਗਲੀ ਵਿਚ ਹੀ ਮਾਰੋ-ਮਾਰ ਚਰਖੇ ਕੱਤ ਰਹੀਆਂ ਹੁੰਦੀਆਂ। ਕੋਈ ਕਿਸੇ ਦਾ ਸਿਰ ਗੁੰਦ ਰਹੀ ਹੁੰਦੀ। ਮਸੀਤ ਦੀ ਕੰਧ ਲਾਗੇ ਇੱਕ ਵੱਡਾ ਪਿੱਪਲ ਹੁੰਦਾ ਸੀ, ਉਸਦੀ ਛਾਵੇਂ ਮੰਜੀਆਂ ਉੱਪਰ ਕਈ ਹੁੱਕਾ ਪੀ ਰਹੇ ਹੁੰਦੇ। ਇਹ ਪਿੱਪਲ ਮੇਰੇ ਦੋਸਤ ਯੂਸਫ਼ ਦੇ ਘਰ ਦੇ ਸਾਹਮਣੇ ਸੀ। ਜਿਵੇਂ-ਜਿਵੇਂ ਅੱਗੇ ਤੁਰੇ ਜਾਂਦੇ, ਲੋਕਾਂ ਦੀਆਂ ਗਲੀ ਵਿਚ ਰੌਣਕਾਂ ਹੀ ਲੱਗੀਆਂ ਹੁੰਦੀਆਂ। ਕਿਸੇ ਦੇ ਨਿਕਾਹ ਦੀ ਤਿਆਰੀ, ਵਿਆਹ ਦੇ ਗੀਤ ਹਾਲੇਂ ਤੱਕ ਵੀ ਮਿੱਠੀ ਆਵਾਜ਼ ਵਿਚ ਕੰਨਾਂ ਵਿਚ ਸੁਣਦੇ

ਮਹਿਸੂਸ ਹੋ ਰਹੇ ਹਨ। ਜੁਲਾਹਿਆਂ ਦੀਆਂ ਜ਼ਨਾਨੀਆਂ ਤੇ ਉਹਨਾਂ ਦੇ ਖਾਵੰਦ ਤੂਤ ਦੀਆਂ ਛਿਟੀਆਂ ਗੱਡ ਕੇ ਤਾਣਾ ਤਣ ਰਹੇ ਹੁੰਦੇ। ਸਵੇਰ ਤੋਂ ਸ਼ਾਮ ਤੱਕ ਇਸ ਮਸੀਤ ਦੀ ਗਲੀ ਵਿਚ ਜੋ ਰੌਣਕਾਂ ਹੁੰਦੀਆਂ, ਉਹ ਚੰਗੇ ਲੋਕਾਂ ਦੇ ਨਾਲ ਹੀ ਉੱਠ ਗਈਆਂ। ਮੁੜ ਅੱਜ ਸੱਠ ਸਾਲ ਪਿਛੋਂ ਇਸ ਗਲੀ ਵਿਚੋਂ ਲੰਘਦਿਆਂ ਹੁਣ ਵੀ, ਇਸ ਗਲੀ ਨੂੰ ਉਦਾਸ ਹੋਈ ਦੇਖ ਕੇ, ਮਨ ਉਦਾਸ ਹੋ ਜਾਂਦਾ ਹੈ। ਇਹ ਮੇਰੇ ਕਹਿਣ ਦੀ ਨਹੀਂ, ਸਗੋਂ ਹਕੀਕਤ ਹੈ। ਕਿਉਂਕਿ ਇਹੋ ਜਿਹੀਆਂ ਰੌਣਕਾਂ ਮੈਨੂੰ ਹੋਰ ਕਿਧਰੇ ਵੀ ਦੇਖਣ ਲਈ ਨਹੀਂ ਮਿਲੀਆਂ। ਭਾਵੇਂ ਮੈਂ ਬਚਪਨ ਦੀ ਦਹਿਲੀਜ਼ ਉਮਰ ਸੀ ਪ੍ਰੰਤੂ ਇਹ ਇਕ ਫਿਲਮ ਵਾਂਗ ਮਨ ਉਪਰ ਚਿਤਰਿਆ ਹੋਇਆ ਦ੍ਰਿਸ਼ ਹੈ।

ਅੰਦਰਲੀ ਮਸੀਤ ਦੇ ਮਗਰਲੇ ਪਾਸੇ ਇਕ ਭਾਗੀ ਜਿਹੀ ਬੁੜ੍ਹੀ ਮੁਕਾਸਰ ਦਾ ਘਰ ਸੀ। ਇਹ ਅਰਾਈਂ ਸਨ। ਇਹਨਾਂ ਦੇ ਘਰੋਂ ਤਾਜ਼ੀ ਸਬਜ਼ੀ ਦੇ ਭਰੇ ਟੋਕਰੇ, ਉਸੇ ਤਰ੍ਹਾਂ ਪਏ ਤਾਜ਼ੇ ਹੀ ਨਜ਼ਰ ਆ ਰਹੇ ਹਨ। ਅੱਲਾਂ, ਟਿੰਡੇ, ਤਰਾਂ, ਮਿਰਚਾਂ ਆਦਿ। ਜਿਥੋਂ ਮਸੀਤ ਦੀ ਗਲੀ ਬਜ਼ਾਰ ਵਿਚ ਜਾ ਮਿਲਦੀ ਸੀ। ਉਸਦੀ ਸੱਜੀ ਨੁੱਕਰ ਉੱਪਰ ਰਹਿਮਦ ਦੀ ਸਬਜ਼ੀ ਦੀ ਦੁਕਾਨ ਸੀ। ਉਸਦੀ ਤਾਜ਼ਗੀ ਮਨ ਮੋਹਦੀ ਸੀ। ਉਸ ਵਰਗੀਆਂ ਦੁਕਾਨਾਂ ਮਲੇਰਕੋਟਲੇ ਅਤੇ ਹੋਰਨੀਂ ਥਾਵੀਂ ਤਾਂ ਅੱਜ ਵੀ ਦੇਖ ਸਕਦੇ ਹਾਂ। ਪ੍ਰੰਤੂ ਰਹਿਮਤ ਦੀ ਦੁਕਾਨ ਦੀ ਖੂਬਸੂਰਤ ਤਸਵੀਰ ਤਾਂ ਆਪਣੀ ਹੀ ਸੀ। ਤੂਤ ਦੀਆਂ ਬਣੀਆਂ ਟੋਕਰੀਆਂ ਵਿਚ ਸਜ਼ਾ ਕੇ ਰੱਖੀਆਂ ਸਬਜ਼ੀਆਂ। ਅੱਗੇ ਤਾਜ਼ਾ ਪੁਦੀਨੇ, ਧਨੀਏ ਦੀਆਂ ਟੋਕਰੀਆਂ, ਆਪਣੀ ਮਹਿਕ ਵੰਡ ਰਹੀਆਂ ਹੁੰਦੀਆਂ। ਇਕ ਪਾਸੇ ਲੰਮੇ-ਉੱਚੇ ਮੋਟੇ ਪੋਨੀ ਗੰਨੇ ਤਾਂ ਮਲੇਰਕੋਟਲੇ ਅੱਜ ਵੀ ਦੇਖਣ ਨੂੰ ਨਹੀਂ ਮਿਲਦੇ। ਫਿਰ ਰਹਿਮਤ ਨੇ ਤਾਂ ਗਨੇਰੀਆਂ, ਜਿਸਨੂੰ ਅਸੀਂ ਗੰਡੇਰੀਆਂ ਕਹਿੰਦੇ ਹੁੰਦੇ ਸੀ, ਝੱਟ ਹੀ ਕੱਟ ਕੇ ਬਣਾ ਦੇਣੀਆਂ। ਪੋਨੀ ਗੰਨੇ ਚੂਪਣ ਦਾ ਆਪਣਾ ਆਨੰਦ ਸੀ, ਗਨੇਰੀਆਂ ਦੀ ਆਪਣੀ ਵਿਲੱਖਣਤਾ ਸੀ।

## ਕੈਂਪ ਦੇ ਤੁਰ ਜਾਣ ਪਿਛੋਂ

ਆਪਣੀ ਜਨਮਭੂਮੀ, ਗ਼ੈਰ-ਮੁਸਲਮ ਦੋਸਤਾਂ-ਮਿੱਤਰਾਂ, ਹਮ-ਜਮਾਤੀਆਂ ਸਗੋਂ ਹਮਵਤਨਾਂ ਨੂੰ ਇਸ ਤਰ੍ਹਾਂ ਵਸਦੇ-ਹੱਸਦੇ ਘਰਾਂ ਨੂੰ ਛੱਡ ਕੇ ਉਜੜ ਜਾਣ ਵਾਲੇ, ਰਾਏਕੋਟ ਕੈਂਪ ਵਿਚ ਭੁੱਖਣਭਾਣੇ, ਬੀਮਾਰੀਆਂ ਸਹਿੰਦੇ ਬੇਇਲਾਜ ਹੀ ਸੈਂਕੜੇ ਮਰ ਗਏ। ਮੰਦੇਭਾਗਾਂ ਵਾਲਿਆਂ ਨੇ ਆਪਣੀ ਇਹ ਦਸ਼ਾ ਆਪ ਨਹੀਂ ਬਣਾਈ ਸੀ। ਹਾਂ, ਇਹਨਾਂ ਵਿਚੋਂ ਕੁਝ ਰਾਏ ਮੁਹੰਮਦ ਇਕਬਾਲ ਵਰਗੇ, ਮੁਸਲਮ ਲੀਗ ਦੇ ਲੀਡਰ 'ਕਾਇਦੇ ਆਜ਼ਮ' ਜਿਨਾਹ, ਪਾਕਿਸਤਾਨ ਲੈਣ ਦੇ ਗੁੰਮਰਾਹ ਕੁੰਨ ਪ੍ਰਚਾਰ ਦਾ ਸ਼ਿਕਾਰ ਹੋ ਗਏ, ਮੁਨਸ਼ੀ ਵਲੀ ਮੁਹੰਮਦ ਵਰਗੇ ਵੀ, ਇਸ ਕੈਂਪ ਵਿਚ ਰੁਲ ਰਹੇ ਸਨ। ਇਹਨਾਂ ਵਿਚੋਂ ਅਨੇਕਾਂ ਸਨ, ਜਿਨ੍ਹਾਂ ਦੀਆਂ ਕਬਰਾਂ ਰਾਏਕੋਟ ਜਗਰਾਉਂ ਸੜਕ ਦੇ ਦੋਵੇਂ ਪਾਸੀਂ ਕੈਂਪ ਦੇ ਤੁਰ ਜਾਣ ਪਿਛੋਂ ਦੂਰ ਤੱਕ ਨਜ਼ਰ ਆ ਰਹੀਆਂ ਸਨ। ਸ਼ਾਇਦ ਮਹੀਨਾ ਜਾਂ ਕੁਝ ਵੱਧ ਸਮਾਂ ਪਿਛੋਂ ਮੈਂ ਆਪਣੀ ਮਾਂ ਦੇ ਨਾਲ,



ਆਪਣੇ ਨਾਨਕਿਆਂ ਨੂੰ ਤਾਂਗੇ ਵਿਚ ਜਾਂਦਿਆਂ, ਬਣੀਆਂ ਕਬਰਾਂ ਦਾ ਦੂਰ ਤਕ ਕਈ ਏਕੜਾਂ ਤੱਕ ਫੈਲਿਆਂ ਕਬਰਸਤਾਨ ਦੇਖਿਆ ਸੀ। ਇਹ ਨਹੀਂ ਸਗੋਂ ਰਾਏਕੋਟ ਤੋਂ ਲੁਧਿਆਣੇ ਜਾਣ ਵਾਲੀ ਸੜਕ ਤੇ ਵੀ, ਰਾਏਕੋਟ ਲਾਗੇ ਹੀ, ਹੋਰ ਬਹੁਤ ਕਬਰਾਂ ਦੇਖੀਆਂ ਸਨ। ਸਗੋਂ ਅੱਗੇ ਵੀ ਕੋਈ-ਕੋਈ ਕਬਰ ਸੀ। ਇਸੇ ਤਰ੍ਹਾਂ ਹੀ ਜਗਰਾਉਂ ਪਹੁੰਚਣ ਤੱਕ ਵੀ, ਮੁਸਲਮ ਲੋਕਾਂ ਦੇ ਅਣਕਿਆਸੇ, ਓਪਰੇ ਦੇਸ਼ ਪਹੁੰਚਣ ਤੱਕ ਵੀ ਪਤਾ ਨਹੀਂ ਹੋਰ ਕਿੰਨਿਆਂ ਦੀਆਂ ਕਬਰਾਂ ਨਵੀਂ ਬਣੀ ਸਰਹੱਦ ਦੇ ਇਧਰ ਬਣੀਆਂ ਹੋਣ। ਇਸੇ ਤਰ੍ਹਾਂ ਹੀ ਇਧਰ ਆਉਣ ਵਾਲੇ ਘਰ ਘਾਟ, ਕੰਮ ਧੰਦੇ, ਜ਼ਮੀਨਾਂ ਛੱਡ ਕੇ ਵੀ ਅਨੇਕਾਂ ਉੱਤੇ ਮੁਸੀਬਤਾਂ ਦੇ ਪਹਾੜ ਟੁੱਟੇ ਸਨ।

## ਇੱਕ ਨਿਜੀ ਤ੍ਰਾਸਦਿਕ ਯਾਦ

ਜਿਸ ਦਿਨ ਅਸੀਂ ਬਾਬੂ ਨੱਥਾ ਸਿੰਘ ਦੀ ਹਵੇਲੀ ਉੱਪਰ ਦਹਿਸ਼ਤਜ਼ਦਾ ਹੋਏ ਖੜ੍ਹੇ ਮੁਸਲਮ ਪਿੰਡਾਂ ਨੂੰ ਲੱਗੀਆਂ ਅੱਗਾਂ ਕਾਰਨ ਧੂੰਆਂ ਨਿਕਲਦਾ ਦੇਖ ਰਹੇ ਸੀ, ਉਸੇ ਸਮੇਂ ਮੇਰੇ ਪਰਿਵਾਰ ਨਾਲ ਇਕ ਤ੍ਰਾਸਦਿਕ ਘਟਨਾ ਵਾਪਰਦੀ-ਵਾਪਰਦੀ ਟਲ ਗਈ। ਜਿਸਨੇ ਸਾਡੇ ਜੀਵਨ ਨੂੰ ਨਰਕ ਬਣਨ ਤੋਂ ਬਚਾ ਲਿਆ। ਗੱਲ ਇਸ ਤਰ੍ਹਾਂ ਹੋਈ ਕਿ ਸਾਡੇ ਹਲਕੇ ਦਾ ਉਸ ਸਮੇਂ 1946 ਦੀਆਂ ਹੋਈਆਂ ਚੋਣਾਂ ਵਿਚ ਕਾਂਗਰਸੀ ਐਮ. ਐਲ. ਏ. ਦੇਸ਼ਭਗਤ ਸ. ਕੇਹਰ ਸਿੰਘ ਅੱਚਰਵਾਲ ਸੀ, ਜੋ ਆਪਣੇ ਚਾਚੇ ਦਾਨ ਸਿੰਘ ਨਾਲ 1914 ਵਿਚ ਕਾਮਾਗਾਟਾ ਜਹਾਜ਼ ਦਾ ਇੱਕ ਮੁਸਾਫਰ ਸੀ।

ਉਹਨੀਂ ਦਿਨੀਂ ਸ਼ਿਮਲੇ ਆਈਨਸਾਜ਼ ਅਸੈਂਬਲੀ ਜਿਵੇਂ ਉਸ ਸਮੇਂ ਵਿਧਾਨ ਸਭਾ ਨੂੰ ਕਿਹਾ ਜਾਂਦਾ ਸੀ, ਦਾ ਇਜਲਾਸ ਸੀ। ਕੇਹਰ ਸਿੰਘ ਨੇ ਉਸ ਵਿਚ ਸ਼ਾਮਿਲ ਹੋਣਾ ਸੀ। ਉਸਨੂੰ ਰਾਏਕੋਟ ਤੱਕ ਛੱਡਣ ਲਈ, ਮੇਰੇ ਬਾਪੂ ਜੀ ਹਰਚਰਨ ਸਿੰਘ, ਪ੍ਰੀਤਮ ਸਿੰਘ ਚੀਮਾ, ਭਾਈ ਜੀ ਨਿਰੰਜਣ ਸਿੰਘ ਚੀਮਾ, ਜੱਥੇਦਾਰ ਬਖਤੌਰ ਸਿੰਘ ਉੱਪਲ ਅਤੇ ਜਥੇਦਾਰ ਬਲੀ ਸਿੰਘ ਧਾਲੀਵਾਲ ( ਇਹ ਉਸ ਸਮੇਂ ਦਾ ਪ੍ਰਸਿੱਧ ਗਵੱਈਆ ਭਾਵ ਢੱਡ-ਸਾਰੰਗੀ ਨਾਲ ਗਾਉਣ ਵਾਲੇ ਜਥੇ ਦਾ ਆਗੂ ਸੀ। ਇਹ ਧਾਰਮਿਕ ਨਹੀਂ ਲੋਕ ਵਾਰਾਂ, ਦੁੱਲਾ ਭੱਟੀ, ਮਿਰਜ਼ਾ ਸਾਹਿਬ ਆਦਿ ਗਾਉਂਦੇ ਸਨ।) ਰਾਏਕੋਟ ਮੁਸਲਮ ਕੈਂਪ ਹੋਣ ਕਾਰਨ ਨਾਲ ਗਏ। ਇਹ ਕੇਹਰ ਸਿੰਘ ਦੀ ਜੀਪ ਵਿਚ ਗਏ ਸੀ, ਜੋ ਉਸਨੇ ਆਪ ਚਲਾ ਕੇ ਸ਼ਿਮਲੇ ਲੈ ਕੇ ਜਾਣੀ ਸੀ। ਜਦੋਂ ਉਸਨੂੰ ਛੱਡ ਕੇ ਮੁੜੇ ਸਨ ਤਾਂ ਰਾਏਕੋਟ ਦੇ ਖਾਨਦਾਨ ਵਿਚੋਂ ਮੁਸਲਮ ਲੀਗ ਦੇ ਲੀਡਰ ਰਾਏ ਇਕਬਾਲ ਮੁਹੰਮਦ ਨੇ ਦੇਖ ਲਏ। ਉਹ ਮੇਰੇ ਬਾਪੂ ਜੀ ਹੋਰਾਂ ਨੂੰ ਜਾਣਦਾ ਸੀ ਕਿ ਇਹ ਇਲਾਕੇ ਦਾ ਕਾਂਗਰਸੀ ਹਨ। ਉਸਨੇ ਮਿਲਟਰੀ ਦੇ ਬਲੋਚ ਅਫਸਰ ਨੂੰ ਇਹਨਾਂ ਦੇ ਖ਼ਿਲਾਫ਼ ਕੁਝ ਕਹਿ ਦਿੱਤਾ। ਜਿਸਨੇ ਇਹਨਾਂ ਨੂੰ ਰੋਕ ਲਿਆ। ਇਹ ਘਟਨਾ ਗਿਆਰਾਂ ਕੁ ਵਜੇ ਦੀ ਸੀ। ਜਦੋਂ ਇਹਨਾਂ ਦੱਸਿਆ ਕਿ ਉਹ ਐਮ. ਐਲ. ਏ. ਕੇਹਰ ਸਿੰਘ ਨੂੰ ਇਥੇ ਛੱਡਣ ਆਏ ਹਨ ਤਾਂ ਉਸਨੇ ਕਿਹਾ ਉਸਨੂੰ ਲੈ ਕੇ ਆਓ। ਜਦੋਂ ਇਹਨਾਂ ਵਿਚੋਂ ਇਕ ਜਣੇ ਨੇ ਜਾ ਕੇ ਦੱਸਿਆ ਕਿ ਬਲੋਚ ਮਿਲਟਰੀ ਨੇ ਉਹਨਾਂ ਨੂੰ ਇਕ ਤਰ੍ਹਾਂ ਰੋਕ ਲਿਆ, ਭਾਵ ਗ੍ਰਿਫਤਾਰ ਹੀ ਕਰ ਲਿਆ ਹੈ। ਉਹ ਤੁਹਾਨੂੰ

ਬੁਲਾਉਂਦੇ ਹਨ। ਪਰ ਸਾਡੇ ਨਾਲ ਤਾਂ ਜੋ ਹੋਣੀ ਹੈ ਪਤਾ ਹੀ ਹੈ ਕਿ ਉਹਨਾਂ ਸ਼ਾਮ ਨੂੰ ਜਗਰਾਉਂ ਨੂੰ ਲੈ ਜਾ ਕੇ ਉਥੇ ਸਰਹੰਦ ਨਹਿਰ ਦੇ ਪੁੱਲ ਉੱਪਰ ਗੋਲੀ ਮਾਰ ਕੇ ਵਿਚ ਸੁੱਟ ਦੇਣਾ ਹੈ। ਇਸ ਤਰ੍ਹਾਂ ਅੱਗੇ ਵੀ ਕੁਝ ਬੰਦੇ ਉਹਨਾਂ ਫੜਕੇ ਮਾਰ ਦਿੱਤੇ ਹਨ। ਇਸ ਲਈ ਤੁਸੀਂ ਸ਼ਿਮਲੇ ਨੂੰ ਜਾਓ। ਪ੍ਰੰਤੂ ਕੇਹਰ ਸਿੰਘ ਨੇ ਕਿਹਾ, ਇਹ ਕਿਵੇਂ ਹੋ ਸਕਦਾ ਹੈ ਕਿ ਤੁਹਾਨੂੰ ਮਰਨ ਲਈ ਤੋਰ ਦੇਵਾਂ ਪਰ ਮੈਂ ਬਚਕੇ ਚਲਿਆ ਜਾਵਾਂ। ਉਹ ਵੀ ਸੱਦਣ ਗਏ ਬੰਦੇ ਦੇ ਨਾਲ ਹੀ ਬਲੋਚ ਅਫਸਰ ਕੋਲ ਆ ਗਿਆ। ਜਿੱਥੇ ਇਹ ਚਾਰੇ ਬੈਠੇ ਸਨ। ਬਲੋਚ ਅਫਸਰ ਫਜ਼ੂਲ ਕਿਸਮ ਦੀਆਂ ਪੁੱਛ-ਗਿੱਛ ਕਰਦਾ ਗੱਲਾਂ ਮਾਰਦਾ ਰਿਹਾ। ਅਸਲ ਵਿਚ ਉਹ ਦੇਰ ਕਰ ਰਿਹਾ ਸੀ ਕਿ ਸੂਰਜ ਢਲੇ ਅਤੇ ਸ਼ਾਮ ਹੋਵੇ।

ਉਧਰ ਰਾਏਕੋਟ ਵਿਚ ਕਾਂਗਰਸੀ ਆਗੂ ਡਾ. ਦੁਆਰਕਾ ਨਾਥ ਸੀ, ਜੋ ਕੇਹਰ ਸਿੰਘ ਦੇ ਪਿੰਡ ਲਾਗੇ ਫੇਰੂਰਾਈਂ ਪਿੰਡ ਦਾ ਸੀ। ਉਹ ਬਹੁਤ ਹੀ ਸਮਝਦਾਰ ਸੀ। ਉਸਨੇ ਕੇਹਰ ਸਿੰਘ ਦੀ ਜੀਪ ਲਈ ਤੇ ਮਿਸਤਰੀ ਥੰਮਣ ਸਿੰਘ ਨੂੰ ਡਰਾਇਵਰ ਲਿਆ ਅਤੇ ਆਪਣੇ ਨਾਲ ਇਕ ਹੋਰ ਕਾਂਗਰਸੀ ਸ. ਆਤਮਾ ਸਿੰਘ ਨੂੰ ਲਿਆ। ਉਹ ਸਿੱਧੇ ਲੁਧਿਆਣੇ ਡਿਪਟੀ ਕਮਿਸ਼ਨਰ ਨੂੰ ਜਾ ਮਿਲੇ। ਉਹਨਾਂ ਨੂੰ ਸਾਰੀ ਗੱਲ ਦੱਸੀ। ਡੀ. ਸੀ. ਨੇ ਆਪਣੇ ਕਿਸੇ ਅਫਸਰ ਨੂੰ ਉਹਨਾਂ ਦੇ ਨਾਲ ਜਗਰਾਉਂ ਬਲੋਚ ਮਿਲਟਰੀ ਦੇ ਕਮਾਂਡਰ ਕੋਲ ਭੇਜ ਦਿੱਤਾ ਅਤੇ ਉਸ ਨਾਲ ਵਾਇਰਲੈੱਸ ਉੱਤੇ ਗੱਲ ਕਰਕੇ, ਇਸ ਕਾਰਵਾਈ ਨੂੰ ਗ਼ੈਰਕਾਨੂੰਨੀ ਅਤੇ ਅਫਸੋਸਨਾਕ ਕਿਹਾ। ਇਥੋਂ ਡਾ. ਦੁਆਰਕਾ ਨਾਥ ਦੀ ਜੀਪ ਨਾਲ ਉਹ ਸਰਕਾਰੀ ਜੀਪ ਉਪਰ ਜਗਰਾਉਂ ਪਹੁੰਚ ਗਏ, ਜਿਥੋਂ ਬਲੋਚ ਕਮਾਂਡਰ ਨੇ ਆਪਣਾ ਸਹਾਇਕ ਨਾਲ ਭੇਜ ਦਿੱਤਾ। ਜਦੋਂ ਇਹ ਰਾਏਕੋਟ ਹਾਈ ਸਕੂਲ ਵਿਚ ਲੱਗੇ ਮੁਸਲਮ ਕੈਂਪ ਪਹੁੰਚੇ। ਉਸ ਸਮੇਂ ਸੂਰਜ ਛਿਪ ਰਿਹਾ ਸੀ। ਇਹਨਾਂ ਨੂੰ ਮਿਲਟਰੀ ਦੇ ਟਰੱਕ ਵਿਚ ਸਰਹੰਦ ਨਹਿਰ ਦੇ ਪੁਲ ਉੱਪਰ ਗੋਲੀ ਮਾਰਨ ਲਈ ਬਿਠਾ ਲਿਆ ਸੀ ਤੇ ਇਹਨਾਂ ਡਾ. ਦੁਆਰਕਾ ਨਾਥ ਨੂੰ ਜਦੋਂ ਦੇਖਿਆ, ਇਹਨਾਂ ਨੇ ਟਰੱਕ ਵਿਚੋਂ ਛਾਲਾਂ ਮਾਰ ਦਿੱਤੀਆਂ। ਜਗਰਾਉਂ ਤੋਂ ਆਏ ਬਲੋਚ ਕਮਾਂਡਰ ਦੇ ਸਹਾਇਕ ਨੇ, ਰਾਏਕੋਟ ਦੇ ਬਲੋਚ ਅਫਸਰ ਨੂੰ ਝੂਠੀਆਂ-ਸੱਚੀਆਂ ਝਾੜਾਂ ਪਾਈਆਂ ਕਿ ਜਦੋਂ ਤੈਨੂੰ ਪਤਾ ਸੀ ਕਿ ਇਹ ਐਮ. ਐਲ. ਏ. ਹੈ ਤੇ ਇਹ ਕਾਂਗਰਸ ਆਗੂ ਹਨ, ਤੂੰ ਕਿਉਂ ਇਹ ਗੈਰ-ਕਾਨੂੰਨੀ ਕਾਰਵਾਈ ਕੀਤੀ।

ਖ਼ੈਰ ਡਾ. ਦੁਆਰਕਾ ਨਾਥ ਦੀ ਹਿੰਮਤ, ਦਲੇਰੀ ਅਤੇ ਦੂਰ-ਅੰਦੇਸ਼ੀ ਕਾਰਨ ਮੇਰੇ ਬਾਪੂ ਜੀ ਹੀ ਨਹੀਂ, ਸਾਰਿਆਂ ਗਿਫ੍ਰਤਾਰ ਕੀਤੇ, ਪਰ ਖੁਸ਼ਕਿਸਮਤ ਲੋਕਾਂ ਦੀਆਂ ਜ਼ਿੰਦਗੀਆਂ ਬਚ ਗਈਆਂ। ਇਸ ਤਰ੍ਹਾਂ ਮੇਰੇ ਨਾਲ ਇਸ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀ ਤ੍ਰਾਸਦੀ ਟਲ ਗਈ ਸੀ।



## ਵੰਡ ਦਾ ਨਤੀਜਾ

**ਹਿੰਦੁਸਤਾਨ ਦੀ ਵੰਡ ਨੂੰ ਜਦੋਂ 'ਆਜ਼ਾਦੀ' ਕਹਿੰਦੇ ਹਾਂ ਤਾਂ ਦਿਲ ਮੂੰਹ ਨੂੰ ਆਉਂਦਾ ਹੈ।**

ਅੱਜ ਭਾਰਤ ਅਤੇ ਪਾਕਿਸਤਾਨ ਦੋ ਦੇਸ਼ਾਂ ਦੀ ਹੋਂਦ ਇੱਕ ਹਕੀਕਤ ਹੈ। ਪ੍ਰੰਤੂ ਲਹੂ ਨਾਲ ਲਿਖੇ ਉਸ ਸਮੇਂ ਦੇ ਇਤਿਹਾਸ ਅਤੇ ਦੋ ਦੇਸ਼ਾਂ ਨੂੰ ਹੋਂਦ ਵਿਚ ਲਿਆਉਣ ਵਾਲੇ ਨਕਸ਼ੇ ਦੀ ਲਕੀਰ ਕੱਢਣ ਵਾਲੀ ਕਲਮ ਨੇ ਸਿਆਹੀ ਨਾਲ ਨਹੀਂ, ਲੋਕਾਂ ਦੇ ਲਹੂ ਨਾਲ ਇਹ ਲਕੀਰ ਕੱਢੀ ਸੀ। ਇਹ ਲਕੀਰ ਭਾਵੇਂ ਕੱਢੀ ਇਕ ਕਲਮ ਨਾਲ ਹੀ ਗਈ ਸੀ ਪ੍ਰੰਤੂ ਜਿਵੇਂ ਨਵੇਂ ਵਿਦਿਆਰਥੀ ਨੂੰ ਪਹਿਲੇ ਅੱਖਰ ਲਿਖਣੇ ਸਿਖਾਉਣ ਲਈ ਅਧਿਆਪਕ ਆਪ ਕਲਮ ਨਾਲ ਫੜਕੇ ਲਿਖਣਾ-ਸਿੱਖਣਾ, ਸਿਖਲਾ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਹੀ ਵੰਡ ਦੀ ਕਲਮ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਸਰਦਾਰ ਪਟੇਲ ਦੇ ਨਾਲ ਮੁਹੰਮਦ ਅਲੀ ਜਿਨਾਹ ਅਤੇ ਲਿਆਕਤ ਅਲੀ ਨੇ ਫੜੀ ਹੋਈ ਸੀ। ਇਥੇ ਲਿਖਣਾ ਸਿਖਾਉਣ ਵਾਲਾ ਕੋਈ ਅਧਿਆਪਕ ਨਹੀਂ ਸੀ, ਸਗੋਂ ਵੰਡਣ ਵਾਲਾ ਅੰਗਰੇਜ਼ ਸਾਮਰਾਜ ਸੀ। ਜਿਸਦੀ ਵੰਡ ਨੇ ਦੇਸ਼ਭਗਤਾਂ ਅਤੇ ਸ਼ਹੀਦਾਂ ਦੇ ਸੁਪਨੇ ਦਾ ਦੇਸ਼, ਉਜੜੇ ਘਰਾਂ ਅਤੇ ਬਲਦੇ ਸਿਵਿਆਂ ਤੇ ਕਬਰਾਂ ਦਾ ਦੇਸ਼ ਬਣਾ ਦਿੱਤਾ ਸੀ। ਜਿਸ ਇਨਕਲਾਬ ਨੇ ਗਰੀਬ ਲੋਕਾਂ ਦੀ ਨੁਹਾਰ ਬਦਲਣੀ ਸੀ, ਉਸਦੇ ਲਈ ਵਗਣ ਵਾਲਾ ਲਹੂ ਬੇਕਾਰ ਹੋ ਗਿਆ। ਇਸ ਤਰ੍ਹਾਂ ਵੰਡ ਦੀ ਲਹੂ ਨਾਲ ਬਣੀ ਲਕੀਰ ਹੀ ਨਹੀਂ, ਸਗੋਂ ਲਕੀਰ ਤਾਂ ਲਹੂ ਦੀ ਨਦੀ ਬਣ ਵਗੀ ਸੀ। ਇਸ ਲਕੀਰ ਤੱਕ ਪੂਰਬ ਤੋਂ ਅਤੇ ਪੱਛਮ ਵਲੋਂ ਪਹੁੰਚਣ ਵਾਲੇ ਲੱਖਾਂ ਲੋਕਾਂ, ਸਾਰਾ ਲਹੂ ਵਗ ਜਾਣ ਕਾਰਨ ਪੀਲੇ ਭੂਕ ਹੋ ਗਏ ਸਨ।

ਅੱਜ ਮੇਰੇ ਜ਼ਿਹਨ ਵਿਚ ਉਸ ਸਮੇਂ ਦੀ ਜੋ ਤਸਵੀਰ ਸਾਕਾਰ ਹੋ ਰਹੀ ਹੈ ਉਹ ਹੈ :

ਦੇਸ਼ ਦੀ ਵੰਡ – ਉਜੜੇ ਘਰਾਂ ਅਤੇ ਕਬਰਾਂ ਦੀ •


**ਹਰਭਜਨ ਸਿੰਘ ਹੁੰਦਲ ਦੀਆਂ ਨਵੀਆਂ ਪੁਸਤਕਾਂ**

**ਪੰਜ ਵਿਸ਼ਵ ਕਵੀ**

ਪੰਨੇ 214, ਮੁੱਲ 290/-

**ਦੇਸ਼ ਦੇਸ਼ ਦੇ ਕਵੀ**

(ਚਾਲੀ ਤੋਂ ਵੱਧ ਦੇਸ਼ਾਂ ਦੇ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ)

**ਮੇਰੀ ਗ਼ਜ਼ਲ**

(ਹੁਣ ਤੀਕ ਲਿਖੀਆਂ ਸਮੁੱਚੀਆਂ ਗ਼ਜ਼ਲਾਂ ਦਾ ਸੰਗ੍ਰਹਿ)

(ਸੰਪਾਦਕ ਸੁਲੱਖਣ ਸਰਹੱਦੀ)

ਅੰਗਰੇਜ਼ੀ ਕਵਿਤਾ
ਇੰਗਲੈਂਡ

## ਵੰਡ

-ਡਬਲਯੂ. ਐਚ. ਆਡਨ

ਜਦੋਂ ਉਹ ਆਪਣੇ ਮਿਸ਼ਨ ਤੇ ਆਇਆ
ਉਹ ਪੱਖਪਾਤੀ ਨਹੀਂ ਸੀ
ਉਸਨੇ ਜਿਸ ਦੇਸ਼ ਦੀ ਵੰਡ ਕਰਨੀ ਸੀ
ਕਦੇ ਉਹਨੇ ਉਸਦੇ
ਦਰਸ਼ਨ ਤੀਕ ਵੀ ਨਹੀਂ ਸੀ ਕੀਤੇ।
ਉਸਨੇ ਉਸ ਦੇਸ਼ ਦੀ ਵੰਡ ਕਰਨੀ ਸੀ
ਜਿੱਥੇ ਦੋਵਾਂ ਧਿਰਾਂ ਦਾ
ਸਿਰ-ਵੱਢਵਾਂ ਵੈਰ ਸੀ।
ਜਿੱਥੇ ਭੋਜਨ ਵੱਖਰਾ ਸੀ
ਤੇ ਦੇਵਤੇ ਅੱਡੋ-ਅੱਡ।

ਲੰਡਨ ਵਿਚ ਉਹਨਾਂ ਨੇ
ਉਸਨੂੰ ਹਦਾਇਤ ਦਿੱਤੀ
"ਸਮਾਂ ਥੋੜ੍ਹਾ ਹੈ
ਤੇ ਆਪਸੀ ਸਮਝੌਤੇ ਤੇ ਤਰਕ-ਸੰਗਤ
ਵਿਚਾਰ-ਵਟਾਂਦਰੇ ਲਈ ਪਹਿਲਾਂ ਹੀ ਬਹੁਤ
ਦੇਰ ਹੋ ਚੁੱਕੀ ਹੈ।
ਹੁਣ ਅੱਡ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ।

'ਵਾਇਸਰਾਏ ਸੋਚਦਾ ਹੈ
ਤੇ ਤੂੰ ਉਸਦੀ ਚਿੱਠੀ ਪੜ੍ਹਕੇ
ਖ਼ੁਦ ਵੇਖ ਲਵੇਂਗਾ
ਜਿੰਨਾ ਘੱਟ ਤੂੰ ਉਸਦੇ ਗੋਡੇ ਮੁੱਢ ਬਹੇਂਗਾ
ਓਨਾ ਹੀ ਬਿਹਤਰ
ਇਸ ਕਾਰਜ ਲਈ
ਤੇਰੀ ਕੋਠੀ ਵੱਖਰੀ ਹੋਵੇਗੀ
ਤੈਨੂੰ ਚਾਰ ਜੱਜ ਦੇਵਾਂਗੇ,
ਸਲਾਹ ਮਸ਼ਵਰੇ ਲਈ
ਦੋ ਮੁਸਲਮਾਨ ਤੇ ਦੋ ਹਿੰਦੂ
ਪਰ ਅੰਤਮ ਫੈਸਲਾ ਤੇਰਾ ਹੋਵੇਗਾ।"
ਵੱਖਰੀ ਕੋਠੀ ਵਿਚ ਕੈਦ
ਤੇ ਬਾਗਾਂ ਵਿਚ
ਰਾਤ-ਦਿਨ ਪੁਲਸ ਦੀ ਗਸ਼ਤ ਹੇਠਾਂ
ਕਾਤਲਾਂ ਦੀ ਮਾਰ ਤੋਂ ਬਚਦਾ
ਲੱਖਾਂ ਲੋਕਾਂ ਦੀ
ਕਿਸਮਤ ਦਾ ਫੈਸਲਾ ਕਰਨ ਲਈ
ਉਹ ਸਿਰ-ਸੁੱਟ ਕੇ ਕੰਮ ਵਿਚ ਖੁੱਭ ਗਿਆ।

ਉਸਦੇ ਨਕਸ਼ੇ ਪੁਰਾਣੇ ਸਨ
ਤੇ ਜਨਸੰਖਿਆ ਦੀਆਂ ਰਿਪੋਰਟਾਂ ਗਲਤ
ਪਰ ਇਹਨਾਂ ਨੂੰ ਚੈੱਕ ਕਰਨ ਲਈ
ਨਾ ਸਮਾਂ ਸੀ
ਤੇ ਨਾ ਝਗੜੇ ਵਾਲੇ ਇਲਾਕਿਆਂ ਨੂੰ
ਵੇਖਣ-ਪਰਖਣ ਦਾ ਵੇਲਾ।

ਮੌਸਮ ਅਤਿ ਦਾ ਗਰਮ ਸੀ
ਤੇ ਪੇਚਸ, ਉਸਨੂੰ ਦੁੜਕੀ ਲਾਈ ਰੱਖਦੀ
ਪੂਰੇ ਸੱਤ ਹਫ਼ਤਿਆਂ ਵਿਚ
ਉਸਨੇ ਕੰਮ ਕਰਕੇ ਔਹ ਮਾਰਿਆ
ਸਰਹੱਦਾਂ ਵੰਡ ਦਿੱਤੀਆਂ
ਤੇ ਮਹਾਂ-ਦੀਪ ਨੂੰ
ਚੰਗਾ ਜਾਂ ਬੁਰਾ ਪਾੜ ਸੁੱਟਿਆ

ਵਿਹਲਾ ਹੋ ਕੇ ਅਗਲੇ ਦਿਨ
ਜਹਾਜ਼ ਵਿਚ ਬੈਠਕੇ
ਉਹ ਇੰਗਲਿਸਤਾਨ ਨੂੰ ਤੁਰ ਗਿਆ
ਉੱਥੇ ਪਹੁੰਚ ਚੰਗੇ ਵਕੀਲ ਵਾਂਗੂ
ਉਹ ਸਭ ਕੁਝ ਭੁੱਲ ਭੁਲਾ ਗਿਆ
ਡਰੇ ਹੋਏ ਨੇ, ਵਾਪਸ ਆ ਕੇ ਉਸਨੇ
ਕਿੱਥੇ ਵੇਖਣਾ ਸੀ
ਉਹਨੇ ਆਪਣੇ ਕਲੱਬ ਨੂੰ ਦੱਸਿਆ
ਕਿ ਕੋਈ ਉਸਨੂੰ
ਗੋਲੀ ਵੀ ਮਾਰ ਸਕਦਾ ਸੀ। •

('ਹੁਣ' ਵਿਚੋਂ ਧੰਨਵਾਦ ਸਹਿਤ)
ਮਈ 1966, ਪੰਜਾਬੀ ਅਨੁਵਾਦ ਹ.ਸ.ਹ.



# ਭਾਗ - ਦੂਜਾ

## ਵੰਡ ਦੀਆਂ ਯਾਦਾਂ

- ਖ਼ੁਸ਼ਵੰਤ ਸਿੰਘ

ਸੰਤਾਲੀ ਦੇ ਜੂਨ ਮਹੀਨੇ ਦਾ ਇਕ ਦਿਨ ਸੀ, ਇੱਕ ਖਾਮੋਸ਼ ਗਰਮ ਦਿਨ ਜਦੋਂ ਸਭ ਕੁਝ ਰੁਕ ਗਿਆ ਲੱਗਦਾ ਹੋਵੇ। ਅਚਨਚੇਤ ਨਾਅਰੇਬਾਜ਼ੀ ਤੇ ਪਟਾਕਿਆਂ ਦੀਆਂ ਉੱਚੀਆਂ-ਉੱਚੀਆਂ ਅਵਾਜ਼ਾਂ ਨੇ ਲੋਕਾਂ ਨੂੰ ਦੁਪਹਿਰ ਦੀ ਨੀਂਦ 'ਚੋਂ ਝੰਜੋੜ ਕੇ ਜਗਾ ਦਿੱਤਾ। ਮਾਰਚ ਮਹੀਨੇ ਤੋਂ ਹੀ ਲੋਕਾਂ ਦੀ ਰਾਤ ਦੀ ਨੀਂਦ ਹਰਾਮ ਸੀ। ਰਾਤ ਭਰ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਤੇ ਲੋਕੀਂ ਚੀਕਾਂ ਮਾਰਦੇ ਗਲੀਆਂ ਵਿਚ ਦੌੜਦੇ ਰਹਿੰਦੇ। ਨਾਅਰੇ ਬੰਬਾਂ ਤੋਂ ਵੀ ਉੱਚੀ ਆਵਾਜ਼ ਵਿਚ ਗੂੰਜਦੇ ਸਨ। ਇਕ ਸਿਰੇ ਤੇ ਮੁਸਲਮਾਨ ਹੱਥਾਂ ਵਿਚ ਲਾਠੀਆਂ ਤੇ ਚਾਕੂ ਫੜੀ 'ਨਾਅਰਾ-ਏ-ਤਕਬੀਰ' ਬੋਲਦੇ ਤੇ ਗਲਾ ਫਾੜ ਕੇ 'ਅੱਲਾ ਹੂ ਅਕਬਰ' ਦੇ ਨਾਅਰੇ ਮਾਰਦੇ। ਦੂਸਰੇ ਸਿਰੇ ਤੇ 'ਹਰ ਹਰ ਮਹਾਦੇਵ' ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਨਾਅਰੇ ਗੂੰਜ ਜਾਂਦੇ। ਇਕ ਦੂਜੇ 'ਤੇ ਪੱਥਰ ਮਾਰੇ ਜਾਂਦੇ, ਗੰਦੀਆਂ ਗਾਲ੍ਹਾਂ ਕੱਢੀਆਂ ਜਾਂਦੀਆਂ ਤੇ ਰਾਹ ਜਾਂਦੇ ਰਾਹੀਆਂ ਤੱਕ ਨੂੰ ਛੁਰੇ ਮਾਰ ਦਿੱਤੇ ਜਾਂਦੇ। ਪੁਲਿਸ ਭੀੜ ਨੂੰ ਖਿੰਡਾਉਣ ਲਈ ਹਵਾ ਵਿਚ ਗੋਲੀ ਚਲਾਉਂਦੀ ਤਾਂ ਵੀ ਸ਼ਾਂਤੀ ਵਾਪਸ ਪਰਤਣ ਤੋਂ ਪਹਿਲਾਂ ਕਈ ਬੇਗੁਨਾਹ ਮਾਰੇ ਜਾਂਦੇ। ਅਗਲੇ ਦਿਨ ਅਖ਼ਬਾਰਾਂ ਵਿਚ ਮੌਤਾਂ ਦੀ ਗਿਣਤੀ ਇਂਝ ਛਪਦੀ ਜਿਵੇਂ ਇਹ ਮੁਸਲਮਾਨ ਤੇ ਬਾਕੀਆਂ ਵਿਚਕਾਰ ਕ੍ਰਿਕਟ ਦਾ ਮੈਚ ਹੋ ਰਿਹਾ ਹੋਵੇ। ਹਾਂ ਥੋੜ੍ਹੇ-ਬਹੁਤ ਫ਼ਰਕ ਨਾਲ ਸਕੋਰ ਹਮੇਸ਼ਾਂ ਮੁਸਲਮਾਨਾਂ ਦੇ ਪੱਖ ਵਿਚ ਹੀ ਰਹਿੰਦਾ। ਕਾਰਨ ਸਪੱਸ਼ਟ ਸੀ ਕਿ ਰੈਫਰੀ ਉਨ੍ਹਾਂ ਦੇ ਆਪਣੇ ਸਨ। ਉਦੋਂ ਪੁਲਿਸ ਵਿਚ 80% ਤੱਕ ਮੁਸਲਮਾਨ ਤੇ ਪ੍ਰਸ਼ਾਸਨ ਵਿਚ ਵੀ ਵਧੇਰੇ ਤਾਕਤ ਮੁਸਲਮਾਨਾਂ ਦੇ ਹੱਥ ਵਿਚ ਹੀ ਸੀ। ਸਾਰੇ ਪੱਛਮੀ ਪੰਜਾਬ ਵਿਚ ਇਹੋ ਹਾਲ ਸੀ। ਬਹੁ-ਗਿਣਤੀ ਹਿੰਦੂ ਤੇ ਸਿੱਖਾਂ ਨੇ ਮੁਸਲਮਾਨ ਟਿਕਾਣਿਆਂ 'ਚੋਂ ਨਿਕਲ ਕੇ ਲਾਹੌਰ ਵੱਲ ਆਉਣਾ ਸ਼ੁਰੂ ਕਰ ਦਿੱਤਾ ਸੀ। ਲਾਹੌਰ ਕਦੋਂ ਸੁਰੱਖਿਅਤ ਸੀ, ਸੋ ਉਹ ਅੰਮ੍ਰਿਤਸਰ ਤੇ ਪੂਰਬੀ ਪੰਜਾਬ ਦੇ ਹੋਰ ਸ਼ਹਿਰਾਂ ਵੱਲ ਜਾਣ ਲੱਗੇ। ਇਨ੍ਹਾਂ ਵਿਚ ਹਿੰਦੂਆਂ ਤੇ ਸਿੱਖਾਂ ਦੀ ਬਹੁ-ਗਿਣਤੀ ਸੀ।

1947 ਦੇ ਜੂਨ ਦੇ ਮਹੀਨੇ ਦਾ ਉਹ ਤੀਜਾ ਪਹਿਰ ਮੇਰੇ ਮਨ 'ਤੇ ਅਜੇ ਵੀ ਜਿਉਂ ਦਾ ਤਿਉਂ ਉਕਰਿਆ ਪਿਆ ਹੈ। ਮੈਂ ਉਦੋਂ ਅਜੇ ਹਾਈਕੋਰਟ ਤੋਂ ਪਰਤਿਆ ਹੀ ਸਾਂ ਜਦੋਂ ਮੈਂ ਇਹ ਉੱਚਾ ਸ਼ੋਰ-ਸ਼ਰਾਬਾ ਸੁਣਿਆ। ਮੈਂ ਪਤਾ ਕਰਨ ਲਈ ਭੱਜ ਕੇ ਆਪਣੇ ਘਰ ਦੀ ਛੱਤ 'ਤੇ ਜਾ ਚੜ੍ਹਿਆ। ਸੂਰਜ ਆਪਣੀ ਤਪਸ਼ ਨਾਲ ਸ਼ਹਿਰ ਤੇ ਕਹਿਰ ਵਰਤਾ ਰਿਹਾ ਸੀ। ਸ਼ਹਿਰ ਦੇ ਮੱਧ ਤੋਂ ਕਾਲੇ ਧੂੰਏਂ ਦੇ ਗਾੜ੍ਹੇ ਬੱਦਲ ਉੱਪਰ ਅਕਾਸ਼ ਵੱਲ ਨੂੰ ਉੱਠ ਰਹੇ ਸਨ। ਮੈਨੂੰ ਬਹੁਤਾ ਸੋਚਣ ਦੀ ਲੋੜ ਨਾ ਪਈ, ਸਾਫ ਸੀ ਕਿ ਹਿੰਦੂ ਸਿੱਖਾਂ ਦਾ ਸ਼ਾਹ ਆਲਮੀ ਮੁਹੱਲਾ ਭਿਆਨਕ ਅੱਗ ਦੀ ਲਪੇਟ ਵਿਚ ਸੀ। ਮੁਸਲਮਾਨ ਗੁੰਡਿਆਂ ਨੇ ਗੈਰ-ਮੁਸਲਿਮਾਂ ਦੀ ਕਮਰ ਤੋੜ ਦਿੱਤੀ ਸੀ। ਸ਼ਾਹ ਆਲਮੀ ਮੁਹੱਲੇ ਦੀਆਂ ਘਟਨਾਵਾਂ ਪਿਛੋਂ ਲਾਹੌਰ ਵਿਚ ਲੜਾਈ ਸਿੱਖਾਂ ਤੇ ਹਿੰਦੂਆਂ ਹੱਥੋਂ

ਜਾਂਦੀ ਰਹੀ। ਅਸੀਂ ਮੂਕ ਦਰਸ਼ਕ ਬਣਕੇ ਦੇਖਦੇ ਰਹਿੰਦੇ ਜਦੋਂ ਮੁਸਲਿਮ ਲੀਗ ਦੇ ਸਮਰਥਕ ਲਾਹੌਰ ਦੀਆਂ ਸੜਕਾਂ 'ਤੇ "ਪਾਕਿਸਤਾਨ ਕਾ ਨਾਅਰਾ ਲਿਆ – 'ਲਾਇਲਾਹ ਇਲਿਲਾਹ' ਦੇ ਨਾਅਰੇ ਮਾਰਦੇ ਲੰਘਦੇ।

ਇਸ ਫਿਰਕੂ ਕਤਲੋਗਾਰਤ ਦਾ ਲਾਰੈਂਸ ਗਾਰਡਨ ਇਲਾਕੇ (ਹੁਣ ਬਾਗ ਏ ਜਿਨਾਹ) ਅਤੇ ਲਾਹੌਰ ਦੇ ਪੁਰਾਣੇ ਸਿਰੇ ਤੱਕ ਜਾਂਦੀ ਨਹਿਰ ਦੇ ਇਰਦ-ਗਿਰਦ ਦੇ ਇਲਾਕੇ 'ਤੇ ਬਹੁਤ ਥੋੜ੍ਹਾ ਪ੍ਰਭਾਵ ਸੀ। ਅਸੀਂ ਆਪਣੇ ਦਫ਼ਤਰਾਂ ਨੂੰ ਪਹਿਲਾਂ ਵਾਂਗੂੰ ਆਪਣੀਆਂ ਕਾਰਾਂ ਤੇ ਜਾਂਦੇ ਸਾਂ। ਸ਼ਾਮੀ ਕਾਸਮੋਪੋਲੀਟਨ ਜਾਂ ਜਿਮਖਾਨਾ ਕਲੱਬ ਵਿਚ ਟੈਨਿਸ ਖੇਡਦੇ ਤੇ ਰਾਤਰੀ ਭੋਜ ਸਮੇਂ ਗਿਆਰਾਂ ਰੁਪਏ ਪ੍ਰਤੀ ਬੋਤਲ ਵਾਲੀ ਸਕਾਚ, ਰਾਵੀ ਦੇ ਪਾਣੀ ਵਾਂਗੂੰ ਵਹਿੰਦੀ। ਸ਼ਾਨਦਾਰ ਰਿਹਾਇਸ਼ੀ ਇਲਾਕਿਆਂ ਵਿਚ ਹਿੰਦੂ-ਮੁਸਲਿਮ ਭਾਈ-ਭਾਈ ਦੀ ਪੁਰਾਣੀ ਮਿਲਣਸਾਰੀ ਬਰਕਰਾਰ ਸੀ। ਸਾਨੂੰ ਪੰਜਾਬ ਵਿਚਲੀ ਖਿਜ਼ਰ ਹਿਯਾਤ ਦੀ ਯੂਨੀਅਨਨਿਸਟ ਸਰਕਾਰ, ਜਿਸ ਵਿਚ ਹਿੰਦੂ ਤੇ ਸਿੱਖ ਵਜ਼ੀਰ ਸ਼ਾਮਲ ਸਨ ਤੇ ਪੂਰਾ ਭਰੋਸਾ ਸੀ। ਉਹ ਅਲੱਗ ਮੁਸਲਿਮ ਦੇਸ਼ ਬਣਾਉਣ ਦੇ ਹੱਕ ਵਿਚ ਨਹੀਂ ਸੀ। ਲੀਗ ਲੀਡਰ ਉਸਦੇ ਪ੍ਰਤੀ ਮੰਦੀ ਭਾਵਨਾ ਰੱਖਦੇ ਸਨ। ਅੰਦੋਲਨਕਾਰੀ 'ਤਾਜ਼ੀ ਖਬਰ, ਮਰ ਗਿਆ ਖਿਜ਼ਰ' ਦੇ ਮੰਦੇ ਨਾਅਰੇ ਮਾਰਦੇ। ਆਖ਼ਰ ਉਹ ਵੀ ਈਨ ਮੰਨ ਹੀ ਗਿਆ, ਲਿਹਾਜ਼ਾ ਰਾਤੋ ਰਾਤ ਹੀਰੋ ਬਣ ਗਿਆ। 'ਹੁਣ ਤਾਜ਼ੀ ਖਬਰ ਆਈ ਹੈ ਖਿਜ਼ਰ ਹਮਾਰਾ ਭਾਈ ਹੈ' ਦੇ ਨਾਅਰੇ ਗੂੰਜਣ ਲੱਗ ਪਏ।

ਕਤਲੇਆਮ ਹੋਰ ਵੱਧਣ ਲੱਗੀ। ਹਿੰਦੂਆਂ ਤੇ ਸਿੱਖਾਂ ਨੇ ਆਪਣੀਆਂ ਜਾਇਦਾਦਾਂ ਵੇਚ ਕੇ ਪੂਰਬੀ ਪੰਜਾਬ ਵੱਲ ਜਾਣਾ ਸ਼ੁਰੂ ਕਰ ਦਿੱਤਾ। ਇਕ ਦਿਨ ਮੈਂ ਦੇਖਿਆ ਕਿ ਮੇਰੇ ਇਕ ਗੁਆਂਢੀ ਨੇ ਆਪਣੇ ਮਕਾਨ 'ਤੇ ਉਰਦੂ ਅੱਖਰਾਂ ਵਿਚ 'ਪਾਰਸੀ ਦਾ ਮਕਾਨ' ਲਿਖ ਦਿੱਤਾ। ਦੂਸਰੇ ਪਾਸੇ ਦੇ ਮਕਾਨ 'ਤੇ ਸਫੇਦੀ ਨਾਲ ਵੱਡੀ ਕਾਟ ਮਾਰ ਦਿੱਤੀ। ਇਸ ਤਰ੍ਹਾਂ ਨਿਸ਼ਾਨੀ ਤਹਿਤ ਹਿੰਦੂ-ਸਿੱਖਾਂ ਦੇ ਘਰ ਪੂਰੀ ਤਰ੍ਹਾਂ ਨਿਸ਼ਾਨਾ ਬਣ ਗਏ। ਅਸੀਂ ਮੁਸਲਿਮ ਗੁੰਡਿਆਂ ਦੀ 'ਮੋਜੰਗ' ਦੇ ਬਿਲਕੁਲ ਨੇੜੇ ਰਹਿੰਦੇ ਸਾਂ।

ਮੈਂ ਕਿਸੇ ਨੂੰ ਅੱਖਾਂ ਮੂਹਰੇ ਮਰਦਾ ਨਹੀਂ ਵੇਖਿਆ। ਹਾਂ, ਮੈਂ ਆਪ ਕਤਲ ਹੁੰਦਾ ਮਸਾਂ-ਮਸਾਂ ਬਚਿਆ। ਮੈਂ ਇਕ ਕੇਸ ਦੇ ਸਿਲਸਿਲੇ ਵਿਚ ਐਲਟਾਬਾਦ ਗਿਆ ਹੋਇਆ ਸਾਂ। ਮੈਂ ਤਕਸ਼ਿਲਾ ਤੱਕ ਪੈਦਲ ਤੁਰ ਕੇ ਅੱਗੋਂ ਲਾਹੌਰ ਦੀ ਗੱਡੀ ਫੜਨ ਦਾ ਮਨ ਬਣਾ ਲਿਆ। ਮੈਂ ਸੁੰਨਸਾਨ ਸੜਕ ਦੇਖ ਕੇ ਹੈਰਾਨ ਸਾਂ। ਅਚਾਨਕ ਸਿੱਖ ਫੌਜੀਆਂ ਦੀ ਗੱਡੀ ਮੇਰੇ ਪਾਸ ਆ ਕੇ ਰੁਕੀ ਤੇ ਇਕ ਅਫ਼ਸਰ ਨੇ ਮੈਨੂੰ ਗੱਡੀ ਵਿਚ ਚੜ੍ਹਨ ਦਾ ਹੁਕਮ ਦਿੱਤਾ, "ਕੀ ਤੂੰ ਸ਼ੁਦਾਈ ਹੈਂ?" ਉਹਨੇ ਰੋਹਬ ਨਾਲ ਪੁੱਛਿਆ। "ਉਨ੍ਹਾਂ ਨੇ ਨੇੜੇ ਦੇ ਪਿੰਡਾਂ ਵਿਚ ਸਾਰੇ ਦੇ ਸਾਰੇ ਸਿੱਖ ਕਤਲ ਕਰ ਦਿੱਤੇ ਹਨ ਤੇ ਤੂੰ ਇੱਥੇ ਸੜਕ 'ਤੇ ਬੇਫਿਕਰੀ ਵਿਚ ਸੈਰ ਕਰ ਰਿਹਾਂ ਏਂ।" ਤਕਸ਼ਿਲਾ ਸਟੇਸ਼ਨ 'ਤੇ ਗੱਡੀ ਨੂੰ ਇਸ਼ਾਰਾ ਦੇ ਕੇ ਰੋਕਿਆ ਗਿਆ। ਸਾਰੇ ਸਿੱਖਾਂ ਨੂੰ ਗੱਡੀ ਵਿਚੋਂ ਧੂਹ ਕੇ ਬਾਹਰ ਕੱਢਿਆ ਗਿਆ ਤੇ ਕਤਲ ਕਰ ਦਿੱਤੇ ਗਏ। ਬਦਾਮੀ ਬਾਗ ਵਿਚ ਇਕ ਹੋਰ ਕਤਲ ਹੋਇਆਂ। ਮੈਂ ਪਹਿਲੇ ਦਰਜੇ ਦੇ ਡੱਬੇ ਵਿਚ ਬੰਦ ਸਾਂ ਤੇ ਨਾ ਕੁਝ ਦੇਖਿਆ ਤੇ ਨਾ ਕੁਝ ਸੁਣਿਆ। ਲਾਹੌਰ ਵਿਚ ਮੇਰਾ ਇਕ ਮਿੱਤਰ, ਮਨਜ਼ੂਰ ਕਾਦਰ ਜੋ ਪਿੱਛੋਂ ਜਾ ਕੇ ਪਾਕਿਸਤਾਨ



ਦਾ ਵਿਦੇਸ਼ ਮੰਤਰੀ ਬਣਿਆ, ਪਲੇਟਫਾਰਮ ਤੇ ਮੇਰਾ ਇੰਤਜ਼ਾਰ ਕਰ ਰਿਹਾ ਸੀ, ਉਹ ਮੈਨੂੰ ਘਰ ਲੈ ਗਿਆ।

ਜੁਲਾਈ 1947 ਤੱਕ ਪੂਰਬੀ ਪੰਜਾਬ ਵਿਚ ਮੁਸਲਮਾਨਾਂ ਖ਼ਿਲਾਫ ਭੜਕੀ ਹਿੰਸਾ ਤੇ ਕਤਲੋਗਾਰਤ ਦੀਆਂ ਖਬਰਾਂ ਵੀ ਲਾਹੌਰ ਅੱਪੜਨ ਲੱਗ ਪਈਆਂ ਸਨ। ਇਸਦੇ ਨਾਲ-ਨਾਲ ਮੁਸਲਮਾਨ ਸ਼ਰਨਾਰਥੀਆਂ ਦੇ ਕਾਫਲੇ ਵੀ ਪੱਛਮੀ ਪੰਜਾਬ ਪਹੁੰਚਣ ਲੱਗ ਪਏ ਸਨ। ਇਸ ਨਾਲ ਮੁਸਲਮਾਨ ਹੋਰ ਭੜਕ ਉੱਠੇ। ਆਖਰੀ ਵਾਰ ਜਦੋਂ ਮੈਂ ਹਾਈਕੋਰਟ ਗਿਆ ਸਾਂ, ਉਸ ਦਿਨ ਨੈਸ਼ਨਲ ਕਾਲਜ ਦੇ ਦਰਜਨ ਸਿੱਖ ਵਿਦਿਆਰਥੀਆਂ ਨੂੰ ਹੱਥਕੜੀਆਂ ਪਹਿਨਾ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਉਨ੍ਹਾਂ 'ਤੇ ਆਪਣੇ ਕਾਲਜ ਅੱਗੋਂ ਲੰਘਦੀ ਸ਼ਾਹਰਾਹ 'ਤੇ ਦੋ ਮੁਸਲਮਾਨਾਂ ਦਾ ਕਤਲ ਕਰਨ ਦਾ ਦੋਸ਼ ਸੀ। ਉਨ੍ਹਾਂ ਚੋਂ ਇਕ ਗੰਗਾ ਸਿੰਘ ਢਿੱਲੋਂ ਸੀ ਜੋ ਬਾਅਦ ਵਿਚ ਖਾਲਿਸਤਾਨ ਦੀ ਮੰਗ ਨਾਲ ਜੁੜ ਗਿਆ ਸੀ। ਉਨ੍ਹਾਂ ਨੂੰ ਇਕੋ-ਇਕ ਸਿੱਖ ਜੱਜ, ਜਸਟਿਸ ਤੇਜਾ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਉਸ ਨੇ ਉਨ੍ਹਾਂ ਦੀ ਝੱਟਪਟ ਜ਼ਮਾਨਤ ਕਰ ਦਿੱਤੀ। ਇਹੋ ਜਿਹੀ ਨਿਆਂ ਵਿਧੀ ਚੱਲ ਰਹੀ ਸੀ ਉਦੋਂ।

ਆਜ਼ਾਦੀ ਪ੍ਰਾਪਤੀ ਤੋਂ ਇਕ ਹਫਤਾ ਪਹਿਲਾਂ ਪੰਜਾਬ ਵਿਚ ਸੀ. ਆਈ. ਡੀ. ਦੀ ਮੁਖੀ ਕਰਿਸ ਐਵਰੈਟ, ਜੋ ਮੇਰੇ ਲੰਡਨ ਵਿਚ ਕਾਨੂੰਨ ਦੀ ਪੜ੍ਹਾਈ ਸਮੇਂ ਸਹਿਪਾਠਣ ਸੀ, ਨੇ ਮੈਨੂੰ ਜਲਦੀ ਤੋਂ ਜਲਦੀ ਲਾਹੌਰ ਛੱਡ ਜਾਣ ਲਈ ਕਿਹਾ। ਅਸੀਂ ਆਪਣੇ ਬੱਚੇ ਪਹਿਲਾਂ ਹੀ ਆਪਣੇ ਮਾਪਿਆਂ ਪਾਸ ਕਸੌਲੀ ਭੇਜ ਚੁੱਕੇ ਸਾਂ ਤੇ ਹੁਣ ਮੈਂ ਤੇ ਮੇਰੀ ਪਤਨੀ ਨੇ ਛੇ ਬਲੋਚੀ ਸਿਪਾਹੀਆਂ ਦੀ ਸੁਰੱਖਿਆ ਹੇਠ ਕਾਲਕਾ ਲਈ ਗੱਡੀ ਜਾ ਫੜੀ ਤਾਂ ਕਿ ਆਪਣੇ ਪਰਿਵਾਰ ਵਿਚ ਸ਼ਾਮਿਲ ਹੋ ਸਕੀਏ। ਸ਼ਿਮਲਾ ਤੋਂ ਵਾਪਸ ਆਉਂਦਾ ਮਨਜ਼ੂਰ ਕਾਦਰ ਸਾਨੂੰ ਮਿਲ ਪਿਆ ਤੇ ਅਸੀਂ ਆਪਣੇ ਘਰ ਦੀਆਂ ਚਾਬੀਆਂ ਉਹਦੇ ਸਪੁਰਦ ਕਰ ਦਿੱਤੀਆਂ।

ਫੇਰ ਮੈਂ 13 ਅਗਸਤ 1947 ਨੂੰ ਦਿੱਲੀ ਪਹੁੰਚਿਆ। ਅਗਲੀ ਰਾਤ ਮੈਂ ਉਸ ਭੀੜ ਵਿਚ ਸ਼ਾਮਲ ਸਾਂ, ਜੋ ਸੰਸਦ ਭਵਨ ਦੇ ਸਾਹਮਣੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਮਾਰ ਰਹੀ ਸੀ। ਲਾਊਡ ਸਪੀਕਰ 'ਤੇ ਸੁਚੇਤਾ ਕ੍ਰਿਪਲਾਨੀ ਨੇ 'ਵੰਦੇ ਮਾਤਰਮ' ਗਾਇਆ। ਫਿਰ ਨਹਿਰੂ ਨੇ ਹੋਣੀ ਨਾਲ ਅਹਿਦ ਦਾ ਯਾਦਗਾਰੀ ਭਾਸ਼ਨ ਦਿੱਤਾ। ਇਹ ਕਿਹੋ ਜਿਹਾ ਅਹਿਦ ਸੀ! ਇਹ ਕਿਹੋ ਜਿਹੀ ਹੋਣੀ!! •

## *ਸੋਗ ਸਮਾਚਾਰ*

*ਪੰਜਾਬੀ ਦੇ ਪ੍ਰਸਿੱਧ ਗੀਤਕਾਰ ਤੇ ਫਿਲਮਕਾਰ ਇੰਦਰਜੀਤ ਹਸਨਪੁਰੀ ਦੇ ਅਚਾਨਕ ਅਕਾਲ ਚਲਾਣੇ ਉੱਪਰ ਸੰਪਾਦਕੀ ਮੰਡਲ ਦੁਖੀ ਪਰਿਵਾਰ ਦੇ ਗ਼ਮ ਵਿਚ ਸ਼ਾਮਿਲ ਹੁੰਦਾ ਹੈ।* – *ਸੰਪਾਦਕੀ ਮੰਡਲ*

# ਅਸੀਂ ਲਾਹੌਰੋਂ ਕਿਵੇਂ ਨਿਕਲੇ

- ਪ੍ਰਿੰ. ਪ੍ਰੀਤਮ ਸਿੰਘ

...ਬੇਬੇ ਰੋਜ਼ ਤਰਲੇ ਲੈਂਦੀ, "ਹਾੜੇ ਹਾੜੇ ਕਾਕਾ! ਤੁਸੀਂ ਲਾਹੌਰੋਂ ਨਿਕਲ ਜਾਓ। ਤੁਹਾਨੂੰ ਨਹੀਂ ਪਤਾ, ਕਾਕਾ! ਇਹਨੂੰ ਜੁਗ-ਗਰਦੀ ਕਹਿੰਦੇ ਨੇ। ਮੇਰੀ ਗੱਲ ਮੰਨ ਲਓ। ਜੁਗ-ਗਰਦੀ ਕਹਿਰ ਵਰਤਾਉਣੀ ਹੁੰਦੀ ਐ। ਲਹੂ-ਪੀਣੀ ਹੁੰਦੀ ਐ। ਨਾ ਛੋਟਾ ਵੇਖੇ, ਨਾ ਵੱਡਾ। ਇਹ ਤੁਰਦੀ ਐ ਲਾਸ਼ਾਂ ਉੱਤੇ। ਆਹ ਵੇਖੋ, ਮੈਂ ਹੱਥ ਜੋੜਦੀ ਆਂ, ਤੂੰ ਨਰਿੰਦਰ ਨੂੰ ਤੇ ਬੱਚਿਆਂ ਨੂੰ ਲੈ ਕੇ ਅੰਬਰਸਰ, ਆਪਣੇ ਸਹੁਰੇ ਚਲਿਆ ਜਾ। ਮੈਂ ਏਥੇ ਰਵਾਂਗੀ, ਤੁਹਾਡੇ ਸਮਾਨ ਦੀ ਰਾਖੀ। ਕਾਕਾ ਐਹ ਰੇਡੀਓ ਵਾਲੇ ਨਿਰਾ ਝੂਠ ਬਕਦੇ ਨੇ, ਨੰਗਾ-ਚਿੱਟਾ ਤੂਫਾਨ ਤੋਲਦੇ ਨੇ। ਇਥੇ ਕਿਸੇ ਨਹੀਂ ਬਚ ਸਕਣਾ। ਤੁਸੀਂ ਜਾਓ, ਮੇਰੇ ਲਾਲ!"

ਉਹ ਚੌਵੀਂ ਘੰਟੇ ਇਹੀ 'ਜਾਉ', 'ਨਿਕਲੋ' ਦੀ ਚੱਕੀ ਝੋਈ ਰੱਖਦੀ। ਮੈਂ ਉਸ ਦੀਆਂ ਘਿਘਿਆਈਆਂ ਮਿੰਨਤਾਂ ਤੋਂ ਅੱਕ-ਖਿੱਝ ਕੇ ਕਹਿੰਦਾ, "ਗੋਪੀ ਚੰਦ ਰੋਜ਼ ਬਕਦੈ, ਜਿੱਥੇ ਹੈਗੇ ਓ, ਉਥੇ ਹੀ ਬੈਠੇ ਰਹੋ, ਕੋਈ ਖ਼ਤਰਾ ਨਹੀਂ। ਸਵਰਨ ਸਿੰਘ ਸੰਘ ਪਾੜ-ਪਾੜ ਕਹਿੰਦੈ, ਸਭ ਸੁੱਖ ਹੈ, ਕਿਸੇ ਨੂੰ ਕੋਈ ਖ਼ਤਰਾ ਨਹੀਂ, ਟਿਕੇ ਰਹੋ। ਐਵੇਂ ਘਬਰਾਉਣ ਦੀ ਲੋੜ ਨਹੀਂ। ਇਹ ਲੋਕ ਵਜ਼ੀਰ ਨੇ, ਸਾਡੇ ਦੁਸ਼ਮਣ ਤਾਂ ਨਹੀਂ। ਨਾਲੇ ਜੇ ਲਾਹੌਰ ਪਾਕਿਸਤਾਨ ਨੂੰ ਮਿਲ ਵੀ ਗਿਆ, ਫਿਰ ਕੀ ਉਹ ਲਾਸ਼ਾਂ ਉੱਤੇ ਰਾਜ ਕਰਨਗੇ? ਆਖ਼ਰ, ਉਹ ਵੀ ਸਰਕਾਰ ਹੋਵੇਗੀ ਤੇ ਅਮਨ-ਅਮਾਨ ਰੱਖਣਾ ਸਰਕਾਰਾਂ ਦਾ ਪਹਿਲਾ ਕੰਮ ਹੁੰਦੈ।"

ਮੇਰੇ ਇਨ੍ਹਾਂ ਕਿਤਾਬੀ ਕਿਸਮ ਦੇ ਉੱਤਰਾਂ ਵਿਚ ਉਹ, ਆਪਣੇ ਧੌਲੇ ਝਾਟੇ ਨਾਲ ਕੱਜੇ ਤਜਰਬੇਕਾਰ ਸਿਰ ਨੂੰ, ਰੱਦ-ਕਰਨੀ ਹਰਕਤ ਵਿਚ, ਸੱਜੇ-ਖੱਬੇ ਜ਼ੋਰ ਨਾਲ ਹਿਲਾਉਂਦੀ ਤੇ ਫਿਰ ਆਪਣੀ ਮੁਹਾਰਨੀ ਦੁਹਰਾਉਣੀ ਸ਼ੁਰੂ ਕਰ ਦਿੰਦੀ। "ਕਾਕਾ! ਸਰਕਾਰਾਂ ਹਮੇਸ਼ਾਂ ਝੂਠ ਬੋਲਦੀਆਂ ਆਈਆਂ ਨੇ। ਇਹ ਵਜ਼ੀਰ-ਵਜ਼ੂਰ ਕੋਰਾ ਝੂਠ ਪਰੋਸ ਰਹੇ ਨੇ। ਤੂੰ ਪਤਾ ਕਰ ਲੈ, ਇਨ੍ਹਾਂ ਨੇ ਆਪਣੇ ਟੱਬਰ ਟੀਰ ਜਲੰਧਰ, ਦਿੱਲੀ ਜਾਂ ਵਲੈਤ ਭੇਜ ਦਿੱਤੇ ਹੋਣੇ ਨੇ ਤੇ ਲੋਕਾਂ ਨੂੰ ਕਹੀ ਜਾਂਦੇ ਨੇ 'ਆਰਾਮ ਨਾਲ ਟਿਕੇ ਰਹੋ' ਲੂੰਬੜ ਕਿਤੋਂ ਦੇ। ਵੈਰੀ ਆਪਣੇ ਲੋਕਾਂ ਦੇ।"

ਬੇਬੇ ਕਲਪਦੀ, ਤੜਫਦੀ, ਨਦੀਓਂ-ਵਿਛੜੀ ਮੱਛੀ ਦੀ ਤਰ੍ਹਾਂ। ਚੜ੍ਹਿਆ ਆਉਂਦਾ ਰੱਤ ਵਰਾਉਂਦਾ ਕਾਲਾ-ਬੋਲਾ ਝੱਖੜ ਉਸਨੂੰ ਆਪਣੇ ਕੰਨਾਂ ਦੁਆਲੇ ਸ਼ੂਕਦਾ ਸੁਣੀਂਦਾ ਤੇ ਉਹ ਆਪਣੀ ਕੁੱਖ ਦੇ ਜਾਏ ਤੇ ਉਸਦੇ ਟੱਬਰ-ਟੀਰ ਲਈ ਸੁੱਖ ਦੀ ਭਾਲ ਲਈ ਤਰਲੋ-ਮੱਛੀ ਹੁੰਦੀ ਰਹਿੰਦੀ। ਇਧਰ ਮੈਂ ਆਪਣੇ ਕਿਰਾਏ ਦੇ ਮਕਾਨ ਦੀਆਂ ਚਾਰ ਬੁੱਢੀਆਂ ਕੰਧਾਂ ਨੂੰ ਭਵਿੱਖ ਵਿਚ ਵਾਪਰ ਸਕਣ ਵਾਲੇ ਖ਼ਤਰਿਆਂ ਅੱਗੇ ਤਣੀਆਂ ਹੋਈਆਂ ਵਿਸ਼ਾਲ ਅਟੁੱਟ ਢਾਲਾਂ ਮੰਨ ਕੇ, ਆਪਣੇ ਆਪ ਘਰੋਂ-ਬੇਘਰ ਹੋ ਜਾਣ ਦੀ ਕਲਪਨਾ ਮਾਤਰ ਤੋਂ ਵੀ ਆਕੀ ਹੋਇਆ ਬੈਠਾ ਸਾਂ ਤੇ ਇਸੇ ਲਈ ਬੇਬੇ ਜੀ ਦੇ ਹਾੜ੍ਹਿਆਂ ਨੂੰ ਮਮਤਾ-ਪ੍ਰੇਰੀ ਕਾਇਰਤਾ ਦੀ ਬੁੜਬੁੜ ਤੋਂ ਵੱਧ



ਕੋਈ ਵਜ਼ਨ ਨਹੀਂ ਸਾਂ ਦੇ ਰਿਹਾ।

ਰੇਡੀਓ ਤੋਂ ਸਿਵਾ, ਦੁਨੀਆਂ ਨਾਲ ਸੰਪਰਕ ਦੇ ਸਾਰੇ ਰਾਹ ਬੰਦ ਸਨ। ਲਾਹੌਰ ਤੇ ਦਿੱਲੀ ਦੇ ਰੇਡੀਓ ਸੁਣਦਾ ਤਾਂ ਮੈਨੂੰ ਆਪਣੇ ਟਿਕੇ ਰਹਿਣ ਵਾਲਾ ਫੈਸਲਾ ਦੇਸ਼ ਭਗਤ ਜੋਧਿਆਂ ਵਾਲਾ ਲੱਗਦਾ, ਪਰ ਬੀ. ਬੀ. ਸੀ. ਦਾ ਹਰ ਖਬਰਨਾਮਾ, ਆਲ ਇੰਡੀਆ ਰੇਡੀਓ ਦੀ ਪੈਦਾ ਕੀਤੀ ਦੇਸ਼ ਭਗਤੀ ਤੇ ਬਹਾਦਰੀ ਦੇ ਗੋਡੇ ਖੜਕਾਉਣ ਤੱਕ ਜਾਂਦਾ ਤੇ ਬੇਬੇ ਦੀ ਭਵਿੱਖ-ਬਾਣੀ ਉੱਤੇ ਕੰਨ ਧਰਨ ਲਈ ਮਜ਼ਬੂਰ ਕਰਦਾ। ਪ੍ਰੋ. ਬ੍ਰਿਜ ਨਰਾਇਣ, ਜੋ ਟ੍ਰਿਬਿਊਨ ਵਿਚ ਛਪ ਰਹੀ ਆਪਣੀ ਇੱਕ ਲੰਮੀ ਲੇਖ-ਲੜੀ ਰਾਹੀਂ ਸਿੱਧ ਕਰ ਰਹੇ ਸਨ ਕਿ ਪਾਕਿਸਤਾਨ ਹੋਂਦ ਵਿਚ ਆ ਜਾਏ ਤਾਂ ਆਪਣੇ ਆਰਥਿਕ ਪੈਰਾਂ ਉੱਤੇ ਖੜ੍ਹਾ ਹੋ ਸਕਣ ਵਾਲਾ ਸੁਤੰਤਰ ਦੇਸ਼ ਨਹੀਂ ਹੋਵੇਗਾ, ਦੰਗਈਆਂ ਦੇ ਛੁਰੇ ਦਾ ਸ਼ਿਕਾਰ ਹੋ ਗਏ ਸਨ। ਮੇਰੇ ਨਾਲ ਕਾਲਜ ਵਿਚ ਇਤਿਹਾਸ ਪੜ੍ਹਾਉਣ ਵਾਲੇ ਪ੍ਰੋ. ਰਾਜਿੰਦਰ ਸਿੰਘ (ਚਿੜਾ) ਵੀ ਕਿਸੇ ਫਸਾਦੀ ਦੇ ਘਾਤਕ ਵਾਰ ਦਾ ਨਿਸ਼ਾਨਾ ਬਣ ਗਏ ਸਨ।

ਬੇਬੇ ਜੀ ਦਾ ਕਿਸੇ ਕੰਮ ਦੇ ਸਿਲਸਿਲੇ ਵਿਚ ਕੁਝ ਦਿਨਾਂ ਲਈ ਬਾਹਰ ਜਾਣਾ ਜ਼ਰੂਰੀ ਸੀ, ਸੋ ਮੈਂ ਨਰਿੰਦਰ ਤੇ ਬੱਚੇ ਇਕੱਲੇ ਰਹਿ ਗਏ। ਇਧਰ ਹਰ ਖ਼ਬਰ ਅੱਗੇ ਨਾਲੋਂ ਵਧੇਰੇ ਲਹੂ-ਲਿੱਬੜੀ ਆਉਣ ਲੱਗ ਪਈ। ਹਰ ਖ਼ਬਰ ਬੇਬੇ ਦੇ ਹੱਕ ਵਿਚ ਭੁਗਤਣ ਲੱਗ ਪਈ। ਹਰ ਖ਼ਬਰ ਮੇਰੀ ਨਾ-ਤਜਰਬੇਕਾਰੀ, ਗਲਤ ਹੱਠ ਅਤੇ ਨਿਰਉਦਮਤਾ ਦਾ ਮੂੰਹ ਚਿੜਾਉਂਦੀ। ਹਾਲਾਤ ਦੇ ਵੇਗ ਨੂੰ ਆਪਣੀ ਮਰਜ਼ੀ ਅਨੁਸਾਰ ਵਗਦੇ ਵੇਖਣ ਦੀ ਮੇਰੀ ਖ਼ੁਸ਼-ਫਹਿਮੀ ਨੂੰ, ਜਦੋਂ ਬੇਲਿਹਾਜ਼ ਅਸਲੀਅਤ ਨਾਲ ਟਕਰਾਉਣਾ ਪਿਆ ਤਾਂ ਖੜ੍ਹੇ ਪੈਰ ਨਾ ਗੋਪੀ ਚੰਦ ਬਹੁੜਿਆ, ਨਾ ਸਵਰਨ ਸਿੰਘ, ਉਦੋਂ ਯਾਦ ਆਈ ਬੇਬੇ। ਬੇਬੇ ਦੀ ਤਾੜਨਾ ਅਣਸੁਣੀ ਕਿਉਂ ਕੀਤੀ? ਸਾਡੇ ਇਹਾਤੇ ਵਿਚ ਉਦੋਂ ਸਾਥੋਂ ਛੁੱਟ, ਇੱਕ ਹੋਰ ਟੱਬਰ ਵੱਸ ਰਿਹਾ ਸੀ। ਸਾਨੂੰ ਇੱਕ ਦੂਜੇ ਦੀ ਢਾਰਸ ਸੀ। ਅਚਾਨਕ ਉਸ ਘਰ ਵਾਲੇ ਨੇ ਘਰ ਛੱਡ ਕੇ ਭੱਜ ਜਾਣ ਦਾ ਫੈਸਲਾ ਕਰ ਲਿਆ ਪਰ ਜਾਂਦੇ-ਜਾਂਦੇ ਆਵਾਜ਼ ਦੇ ਗਿਆ, "ਪ੍ਰੋਫੈਸਰ ਸਾਹਿਬ! ਆਪਣੇ ਪਿਛਵਾੜੇ ਦੇ ਘਰ ਲੁੱਟੇ ਜਾ ਰਹੇ ਨੇ। ਲੁਟੇਰੇ ਇਧਰ ਆਏ ਕਿ ਆਏ। ਅਸੀਂ ਚੱਲੇ ਜੇ। ਤੁਸੀਂ ਵੀ ਨਿਕਲਣ ਦੀ ਕਰੋ। ਜਾਨ ਬਚਾਓ, ਜਾਨ।" ਇਹ ਲਲਕਾਰ ਮੇਰੀ ਬੇਬੇ ਦੀ ਨਹੀਂ ਸੀ ਕਿ ਮੈਂ ਉਸਦੀ ਸੁਣੀ ਨੂੰ ਅਣਸੁਣੀ ਕਰ ਕੇ ਉਸ ਨੂੰ ਆਪਣੀਆਂ ਹਵਾਈ ਦਲੀਲਾਂ ਨਾਲ ਜ਼ਬਰਦਸਤੀ ਚੁੱਪ ਕਰਾ ਦਿੰਦਾ। ਇਸ ਵੇਲੇ ਤਾਂ ਨੰਗੀ੍ ਤਲਵਾਰ ਵਰਗੀ ਅਸਲੀਅਤ ਸਾਹਮਣੇ ਖੜ੍ਹੀ ਪੁੱਛ ਰਹੀ ਸੀ "ਹੰਨੇ ਕਿ ਬੰਨੇ?" ਬਿਜਲੀ ਦੇ ਲਿਸ਼ਕਾਰੇ ਵਾਂਗ ਗੋਪੀ ਚੰਦ, ਸਵਰਨ ਸਿੰਘ ਤੇ ਬੇਬੇ ਜੀ, ਇਕੋ ਵੇਲੇ, ਮੇਰੇ ਮੱਥੇ ਵਿਚੋਂ ਲੰਘੇ ਵਜ਼ੀਰਾਂ ਦਾ ਜੁੱਟ ਆਪਣੇ ਪੂਰੇ ਜ਼ੋਰ ਨਾਲ ਬੈਠੇ ਰਹਿਣ ਦੀ ਵੰਗਾਰ ਪਾ ਰਿਹਾ ਸੀ ਤੇ ਬੇਬੇ ਛੇਤੀ ਤੋਂ ਛੇਤੀ ਉਜੜ ਜਾਣ ਲਈ ਤਰਲਾ ਰਹੀ ਸੀ।

ਹੁਣ ਜਾਹ-ਜਾਂਦੀਆਂ ਕਰਨ ਦਾ, ਝੋਰੇ ਦਾ ਜਾਂ ਸੋਚਣ ਦਾ ਤਾਂ ਵਕਤ ਹੀ ਕੋਈ ਨਹੀਂ ਸੀ। ਜਿਵੇਂ ਬੈਠੇ ਸਾਂ, ਉਵੇ ਉੱਠ ਬੈਠੇ ਤੇ ਘਰ ਨੂੰ ਜਿੰਦਰਾ ਲਾ ਕੇ ਬਾਹਰ ਨਿਕਲ ਆਏ। ਠਾਣੇਦਾਰ ਦਾ ਇਹ ਅਹਾਤਾ ਮੀਆਂ ਮੀਰ ਸਟੇਸ਼ਨ ਵੱਲ ਜਾਂਦੀ ਵੱਡੀ ਚੌੜੀ ਸੜਕ ਤੋ ਕੁਝ ਹੱਟਵਾਂ ਬਣਿਆ ਹੋਇਆ ਸੀ। ਮੈਂ ਬਾਹਰਲੇ ਗੇਟ ਕੋਲ ਖੜ੍ਹੇ ਹੋ ਕੇ, ਸੱਜੇ ਖੱਬੇ ਵੇਖਣ ਲਈ ਆਪਣਾ ਸਿਰ ਬਾਹਰ ਕੱਢਿਆ ਤੇ ਇੱਕ ਹੱਥ ਨਾਲ ਨਰਿੰਦਰ ਨੂੰ, ਬੱਚਿਆਂ ਸਮੇਤ, ਪਿੱਛੇ ਹੀ ਖੜ੍ਹੀ ਰਹਿਣ ਦਾ ਇਸ਼ਾਰਾ ਕੀਤਾ। ਸਾਡੀ ਖ਼ੁਸ਼ਕਿਸਮਤੀ ਨੂੰ ਚੁਪਾਸੀ ਸੁੰਨਸਾਨ ਸੀ। ਗੇਟ ਦੇ ਬਾਹਰਵਾਰ ਵਾਲੀ ਛੋਟੀ ਪੱਕੀ ਸੜਕ ਮੀਆਂਮੀਰ ਸਟੇਸ਼ਨ ਵੱਲ ਜਾਂਦੀ ਚੌੜੀ ਸੜਕ ਤੋਂ ਪਾਟ ਕੇ ਇਹਾਤੇ ਵੱਲ ਆ ਰਹੀ ਸੀ।

ਬਚਾਓ ਦਾ ਰਾਹ ਇਕੋ ਦਿਸ ਰਿਹਾ ਸੀ ਕਿ ਕਿਸੇ ਤਰ੍ਹਾਂ ਮੀਆਂ ਮੀਰ ਸਟੇਸ਼ਨ ਉੱਤੇ ਪਹੁੰਚਿਆ ਜਾਵੇ। ਇਹਾਤੇ ਦੇ ਗੇਟ ਦੇ ਬਿਲਕੁਲ ਸਾਹਮਣੇ, ਸੜਕੋਂ ਪਾਰ, ਛਾਉਣੀ ਦੇ ਅਫ਼ਸਰਾਂ ਦੀਆਂ ਸਰਕਾਰੀ ਕੋਠੀਆਂ ਦੁਆਲੇ ਢਾਈ-ਫੁੱਟੀ ਕੰਧ ਦੀ ਵਲਗਣ ਉਸਰੀ ਹੋਈ ਸੀ। ਅਸੀਂ ਵਲਗਣ ਦੇ ਮੁੱਢ ਵਿਚ ਜਾ ਬੈਠੇ।

ਵਲਗਣ ਦੇ ਅੰਦਰ ਕਿਸੇ ਵੱਡੇ ਫੌਜੀ ਅਫਸਰ ਦੀ ਰਿਹਾਇਸ਼ ਹੋਵੇਗੀ, ਕੋਠੀ ਚੌੜੀ ਸੜਕ ਤੋਂ ਢੇਰ ਪਿਛਾਂਹ ਜਾ ਕੇ ਬਣੀ ਹੋਈ ਸੀ ਤੇ ਉਸਦੇ ਦੁਆਲੇ ਕਈ ਵਿੱਘੇ ਖਾਲੀ ਥਾਂ ਵਿਹਲੀ ਪਈ ਸੀ। ਇਸ ਵਿਹਲੀ ਪਈ ਜ਼ਮੀਨ ਵਿਚ ਨਾ ਕੋਈ ਫਸਲ ਉਗਾਈ ਹੋਈ ਸੀ ਤੇ ਨਾ ਮਸ਼ੀਨ ਨਾਲ ਬਕਾਇਦਾ ਕੱਟਿਆ ਜਾਣ ਵਾਲਾ ਕੂਲਾ ਰੂਸੀ ਘਾਹ ਬੀਜਿਆ ਹੋਇਆ ਸੀ। ਫੇਰ ਵੀ ਉਥੇ ਕਬਾੜ ਨਹੀਂ ਸੀ ਦਿਸ ਰਿਹਾ, ਪਰ ਵਲਗਣ ਦੇ ਬਾਹਰਵਾਰ ਜਿੱਥੇ ਅਸੀਂ ਸਾਰਾ ਟੱਬਰ ਲੁੱਕ ਕੇ ਬੈਠੇ ਹੋਣ ਦਾ ਭਰਮ ਪਾਲਣ ਲੱਗੇ ਸਾਂ, ਪਤਾ ਨਹੀਂ ਕਿਹੜੇ ਜ਼ਮਾਨੇ ਦੀ ਅਣਛੂਹ ਗੰਦਗੀ ਖਿੱਲਰੀ ਪਈ ਸੀ? ਕੁੱਤਿਆਂ ਬਿੱਲੀਆਂ ਦਾ ਮੈਲਾ, ਮਨੁੱਖੀ ਵਿਸ਼ਟਾ, ਇੱਟਾਂ-ਰੋੜੇ, ਕੱਚ ਦੇ ਹਰ ਸਾਇਜ਼ ਦੇ ਟੋਟੇ, ਫਟੇ-ਪੁਰਾਣੇ ਮਰੁੰਡੇ ਹੋਏ ਕਾਗਜ਼ ਦੇ ਗੱਤੇ, ਲਿੱਬੜੀਆਂ ਹੋਈਆਂ ਟਾਕੀਆਂ, ਇਕ ਪਾਸਿਉਂ ਚਿੱਥੇ ਹੋਏ ਦਾਤਣ ਤੇ ਹੋਰ ਕਿੰਨਾ ਬੜਾ ਨਿਕ-ਸੁੱਕ। ਕੰਡਿਆਲੀਆਂ ਤੇ ਬਿਨ-ਕੰਡਿਓਂ ਝਾੜੀਆਂ, ਬਾਥੂ, ਚਲਾਈ, ਜੰਗਲੀ ਪਾਲਕ, ਕਈ ਤਰ੍ਹਾਂ ਦੀਆਂ ਵੇਲਾਂ ਤੇ ਕਈ ਤਰ੍ਹਾਂ ਦਾ ਉੱਚਾ-ਨੀਵਾਂ ਘਾਹ। ਥਾਂ-ਥਾਂ ਮੋਰੀਆਂ, ਜਿਸ ਕਰਕੇ ਸੱਪ ਸਲੂਣ ਦਾ ਡਰ ਵੱਖਰਾ। ਵਲਗਣ ਦੇ ਨਾਲ ਅਸੀਂ ਬੈਠੇ-ਬੈਠੇ ਹੌਲੀ-ਹੌਲੀ ਚੌੜੀ ਸੜਕ ਵੱਲ ਵੱਧ ਰਹੇ ਸਾਂ। ਇਹ ਸੜਕ ਸਾਹਮਣੇ ਦਿਸ ਰਹੀ ਸੀ ਤੇ ਵਗਦੀ ਸੀ। ਅਸੀਂ ਸਾਰੇ ਤਾਣ ਨਾਲ ਚਾਹ ਰਹੇ ਸਾਂ ਕਿ ਸੜਕ ਉੱਤੇ ਆਵਾਜਾਈ ਬਿਲਕੁਲ ਬੰਦ ਹੋ ਜਾਵੇ, ਪਰ ਸਾਡੀ ਚਾਹ ਵਿਚ ਇੰਨਾ ਜ਼ੋਰ ਕਿੱਥੇ ਸੀ ਕਿ ਸਾਇਕਲ-ਸਵਾਰ, ਮੋਟਰ-ਸਵਾਰ, ਆਦਮ-ਬੋ-ਆਦਮਬੋ ਕਰਦੇ ਗੁੰਡਿਆਂ ਨੂੰ ਠੱਲ ਪਾ ਦਿੰਦੀ। ਜਿਹੜਾ ਜੱਥਾ ਲੰਘਦਾ ਉਹ ਸਾਡੇ ਲਈ ਸਾਰੇ



ਮਾਹੌਲ ਨੂੰ ਹੌਲਨਾਕ ਬਣਾ ਜਾਂਦਾ। ਰਿਸਕਦਿਆਂ-ਰਿਸਕਦਿਆਂ, ਖਿਸਕਦਿਆਂ-ਖਿਸਕਦਿਆਂ ਜਦੋਂ ਅਸੀਂ ਵੱਡੀ ਸੜਕ ਦੇ ਨੇੜੇ ਪਹੁੰਚੇ ਤਾਂ ਅਸੀਂ ਵਲਗਣ ਵਾਲੀ ਕੰਧ ਟੱਪ ਕੇ ਉਸਦੇ ਅੰਦਰਲੇ ਪਾਸੇ ਜਾ ਬੈਠੇ। ਉਸ ਵੇਲੇ ਸਾਡੀ ਸਮੱਸਿਆ ਸੀ ਕਿ ਕਿਸ ਤਰ੍ਹਾਂ ਆਪਣੇ ਆਪ ਨੂੰ, ਵਗਦੀ ਸੜਕ ਉੱਤੇ ਹਰਲ-ਹਰਲ ਕਰਦੀਆਂ, ਰੱਬ-ਵਾਸਤੇ ਵੈਰੀ ਬਣੀਆਂ, ਢਿੱਡ-ਪਾੜ ਟੋਲੀਆਂ ਦੀਆਂ ਮੰਦੀਆਂ ਨਜ਼ਰਾਂ ਤੋਂ ਉਹਲੇ ਰੱਖਿਆ ਜਾਵੇ ਅੱਗੋਂ ਸੜਕ ਨੇੜੇ ਆ ਜਾਣ ਦੇ ਕਾਰਨ, ਵਲਗਣ ਦੇ ਅੰਦਰ ਕੋਠੀਆਂ ਵਾਲਿਆਂ ਜਾਂ ਉਨ੍ਹਾਂ ਦੇ ਕੁੱਤਿਆਂ ਜਾਂ ਸੇਵਾਦਾਰਾਂ ਦੀਆਂ ਨਿਗਾਹਾਂ ਦੀ ਹੀ ਸੰਭਾਵਨਾ ਸੀ।

ਗਰਮੀਆਂ ਦਾ ਮੌਸਮ ਸੀ ਅਤੇ ਸਿਖ਼ਰ ਦੁਪਹਿਰ- ਓਸ ਵੇਲੇ ਅਫ਼ਸਰ ਤਾਂ ਕਿਤੇ ਰਹੇ, ਉਨ੍ਹਾਂ ਦੇ ਕੁੱਤੇ ਵੀ ਠੰਡੀ ਹਵਾ ਵਿਚ ਸੁੱਤੇ ਹੋਏ ਹੋਣਗੇ। ਸੋ ਜਾਨ ਤਾਂ ਭਾਵੇਂ ਦੋਵੇਂ ਪਾਸੇ ਤਲੀ ਉੱਤੇ ਧਰਨੀ ਸੀ, ਪਰ ਬਾਹਰ ਦੇ ਮੁਕਾਬਲੇ ਅੰਦਰਲਾ ਪਾਸਾ ਵਧੇਰੇ ਸਾਫ ਸੀ ਪਰ ਸਾਡੇ ਕਿਸ ਕੰਮ? ਸੂਰਜ ਦੇਵਤਾ ਦੀ ਕਰੋਪੀ ਨੇ ਸਾਨੂੰ ਤਾਂ ਭੱਠ ਵਿਚ ਝੋਕਿਆ ਹੋਇਆ ਸੀ। ਬੈਠ ਕੇ ਪੈਰਾਂ ਭਾਰ ਤੁਰਨ ਦਾ ਅਭਿਆਸ ਹੈ ਨਹੀਂ ਸੀ। ਸੋ ਕਈ ਆਸਣ ਤੇ ਕਈ ਮੁਦਰਾਵਾਂ ਦੇ ਤਜਰਬੇ ਕਰਨੇ ਪਏ। ਜਦੋਂ ਇੱਕ ਮੁਦਰਾ ਘਰਕਾ ਦਿੰਦੀ, ਉਦੋਂ ਦੂਜੀ ਨੂੰ ਅਜ਼ਮਾਉਣ ਲੱਗ ਪੈਂਦੇ। ਇਸੇ ਦੌਰਾਨ ਅਸੀਂ ਹੱਥ ਪੈਰ ਦੋਵੇਂ ਥੱਲੇ ਕਰਕੇ ਚੌਪਾਏ ਵੀ ਬਣੇ, ਕੋਡੇ ਹੋ ਕੇ ਹੌਲੀ-ਹੌਲੀ, ਦੁੜਕੀ ਲਗਾਉਣ ਦਾ ਯਤਨ ਵੀ ਕੀਤਾ, ਬੈਠ ਕੇ ਕਦੇ ਪੱਬਾਂ ਭਾਰ, ਕਦੇ ਪੈਰਾਂ ਭਾਰ ਤੁਰਦੇ ਰਹੇ। ਜਿਹੜੀ ਵੀ ਪੁਜੀਸ਼ਨ ਲੈਂਦੇ ਸਾਂ, ਉਹੀ ਪਹਿਲੀ ਨਾਲੋਂ ਔਖੀ ਲੱਗਦੀ। ਪਰ ਕੀ ਕਰਦੇ? ਖੜ੍ਹੇ ਹੁੰਦੇ ਤਾਂ ਦੂਰੋਂ ਦਿਸਦੇ ਸਾਂ। ਸੋ ਚੀਂ ਕਰਦੇ ਭਾਵੇਂ ਪੀਂ, ਇਹ ਨਰਕ ਤਾਂ ਭੋਗਣਾ ਹੀ ਪੈਣਾ ਸੀ। ਜਦੋਂ ਕਿਸੇ ਰੁੱਖ ਦੀ ਛਾਂ ਆਉਂਦੀ ਤਾਂ ਠਹਿਰਦੇ ਨਹੀਂ ਸਾਂ, ਮਤੇ ਗੱਡੀ ਲੰਘ ਜਾਏ, ਗੱਡੀ ਜਿਸਦੇ ਆਉਣ ਜਾਂ ਜਾਣ ਬਾਰੇ ਅਸੀਂ ਉੱਕਾ ਕੁਝ ਨਹੀਂ ਸਾਂ ਜਾਣਦੇ। ਹਾਏ ਪਾਣੀ! ਬੱਚਿਆਂ ਨੂੰ ਰੋਣ ਜਾਂ ਆਵਾਜ਼ ਕੱਢਣ ਦੀ ਮਨਾਹੀ ਸੀ ਤੇ ਸ਼ੁਕਰ ਹੈ ਕਿ ਉਹ ਵੇਲੇ ਦੀ ਨਜ਼ਾਕਤ ਨੂੰ ਸਮਝ ਕੇ ਚੁੱਪ ਰਹੇ ਪਰ ਉਨ੍ਹਾਂ ਦੀ ਵਿਆਕੁਲਤਾ ਦੇਖੀ ਨਹੀਂ ਸੀ ਜਾਂਦੀ। ਹੇ ਵਾਹਿਗੁਰੂ! ਇਹ ਕਿਹੜੇ ਪਾਪ ਦੀ ਸਜ਼ਾ ਸੀ? ਪਰ ਇਹ ਜਾਨ ਕੈਸੀ ਚੀਜ਼ ਹੈ। ਇਸ ਨੂੰ ਬਚਾਉਣ ਲਈ ਬੰਦੇ ਪਾਸੋਂ ਕੀੜੇ ਦੀ ਜੂਨ, ਪਸ਼ੂ ਦੀ ਜੂਨ, ਹੋਰ ਜਿਹੜੀ ਵੀ ਜੂਨ ਚਾਹੋ ਭੁਗਤਾ ਲਓ, ਧੰਨ ਜ਼ਿੰਦਗੀ! ਧੰਨ ਆਜ਼ਾਦੀ!

ਸਾਰੀਆਂ ਕੋਠੀਆਂ ਦੇ ਵੱਡੇ ਗੇਟ ਵਗਦੀ ਸੜਕ ਵੱਲ ਖੁੱਲਦੇ ਸਨ। ਗੇਟ ਪਾਰ ਕਰਨ ਵੇਲੇ ਤਾਂ ਵਲਗਣਾਂ ਟੱਪਣ ਵੇਲੇ ਚੋਖੀ ਸਾਵਧਾਨੀ ਵਰਤਣੀ ਪੈਂਦੀ ਸੀ। ਕਦੀਂ ਡੱਡੂ ਤੋਰ, ਕਦੀਂ ਡੰਗਰ ਤੋਰ, ਮੈਨੂੰ ਬੇਅੰਤ ਔਖੀ ਲੱਗਦੀ ਸੀ। ਨਰਿੰਦਰ ਨੂੰ ਮੇਰੇ ਨਾਲੋਂ ਵੀ ਔਖੀ, ਤੇ ਬੱਚਿਆਂ ਨੂੰ ਸਾਡੇ ਦੋਹਾਂ ਨਾਲੋਂ ਔਖੀ, ਪਰ ਬੇਬੇ ਦੇ ਤਰਲਿਆਂ ਨੂੰ ਅਣਸੁਣਿਆ ਕਰਨ ਦੀ

ਏਨੀ ਕੁ ਸਜ਼ਾ ਤਾਂ ਭੁਗਤਣੀ ਹੀ ਚਾਹੀਦੀ ਸੀ। ਸਾਡੀ ਖੁਸ਼ਕਿਸਮਤੀ ਸੀ ਕਿ ਕਿਸੇ ਕੋਠੀ ਦੇ ਰਾਖਵੇਂ ਸ਼ਿਕਾਰੀ ਕੁੱਤੇ ਨੇ ਸਾਡੀ ਬਿੜਕ ਨਾ ਸੁਣੀ ਤੇ ਨਾ ਹੀ ਕਿਸੇ ਬੰਦੇ ਦੀ ਭੈ-ਭੀਤ ਕਰ ਦੇਣ ਵਾਲੀ ਘੁਰਕੀ ਸੁਣਨੀ ਪਈ। ਲੱਗਦਾ ਤਾਂ ਇਉਂ ਸੀ ਜਿਵੇਂ ਸਾਨੂੰ ਸਜ਼ਾ ਭੁਗਤਦਿਆਂ ਨੂੰ ਸਦੀਆਂ ਲੰਘ ਗਈਆਂ ਹੋਣ, ਮੁੜਕੇ ਦੇ ਪਰਨਾਲੇ ਵਗ ਰਹੇ ਸਨ। ਖੱਲੀਆਂ ਕਰ ਕੇ ਪੈਰ ਸਰੀਰ ਦਾ ਭਾਰ ਚੁੱਕਣ ਤੋਂ ਆਤੁਰ ਹੋਏ ਪਏ ਸਨ। ਤ੍ਰੇਹ ਨਾਲ ਕਰਬਲਾ ਦੁਹਰਾਈ ਜਾ ਰਹੀ ਸੀ। ਅੱਧੇ ਨਹੀਂ, ਪੌਣੇ ਮਰੇ ਪਏ ਸਾਂ, ਜਦੋਂ ਦੂਰ ਮੀਆਂਮੀਰ ਦਾ ਸਟੇਸ਼ਨ ਦਿਸ ਪਿਆ। ਉਥੇ ਕਾਫ਼ੀ ਚਹਿਲ ਪਹਿਲ ਦਿਸ ਰਹੀ ਸੀ, ਸੋ ਅਸੀਂ ਨਿਡਰ ਹੋ ਕੇ ਪੱਕੀ ਸੜਕ ਉੱਤੇ ਜਾ ਚੜ੍ਹੇ ਤੇ ਗਏ ਸਿੱਧੇ ਸਟੇਸ਼ਨ ਦੇ ਅੰਦਰ।

ਸਾਡੀ ਵਧੀ ਹੋਈ ਸੀ, ਸੋ ਅੱਗੇ ਗੱਡੀ ਤਿਆਰ ਖੜ੍ਹੀ ਦਿਸੀ ਪਰ ਜਿਵੇਂ ਬੋਰੀ ਵਿਚ ਤੂਸ-ਤੂਸ ਕੇ ਭਿੰਡੀਆਂ ਭਰੀਆਂ ਹੋਣ, ਰੱਤੀ ਭਰ ਵਿਰਲ ਨਹੀਂ ਸੀ, ਜਿੱਥੇ ਬੰਦਾ ਆਪਣਾ ਪੈਰ ਅੜਾ ਲੈਂਦਾ। ਗੱਡੀ ਖੁੰਝਾਉਣ ਦਾ ਖ਼ਤਰਾ ਡਾਢਾ ਡਰਾਉਣਾ ਸੀ, ਸੋ ਭੁੱਖ ਤੇ ਤ੍ਰੇਹ ਨੂੰ ਭੁੱਲ ਕੇ ਇੱਕ ਬੱਚੇ ਨੂੰ ਇੱਕ ਖਿੜਕੀ ਵਿਚ ਬੈਠੀ ਸਵਾਰੀ ਰਾਹੀਂ ਖੜੋਤੀਆਂ ਸਵਾਰੀਆਂ ਦਿਆਂ ਸਿਰਾਂ ਦੇ ਉੱਤੋਂ ਦੀ ਅੰਦਰ ਵਗਾਹ ਮਾਰਿਆ ਤੇ ਇਸੇ ਤਰ੍ਹਾਂ ਦੂਜੇ ਨੂੰ ਇੱਕ ਹੋਰ ਖਿੜਕੀ ਰਾਹੀਂ ਕਿਸਮਤ ਦੇ ਹਵਾਲੇ ਕਰ ਦਿੱਤਾ। ਉਹ ਕਿੱਥੇ ਡਿੱਗੇ, ਕਿਵੇਂ ਡਿੱਗੇ, ਰੱਬ ਜਾਣੇ, ਪਰ ਜਿੱਥੇ ਵੀ ਡਿੱਗੇ, ਉਥੇ ਉਨ੍ਹਾਂ ਨੂੰ ਰੱਜ ਕੇ ਰੋਣ ਦੀ ਖੁੱਲ ਹੈ ਹੀ ਸੀ। ਇਥੋਂ ਤੱਕ ਪਹੁੰਚਣ ਤੋਂ ਪਹਿਲਾਂ ਤਾਂ ਅਸੀਂ ਉਨ੍ਹਾਂ ਦੇ ਬੁੱਲ ਸੀਤੀ ਰੱਖੇ ਸਨ। ਓਸ ਡੱਬੇ ਦੇ ਦਰਵਾਜ਼ੇ ਵਿਚ ਨਪੀੜੇ ਖੜ੍ਹੇ ਬੰਦਿਆਂ ਦੀਆਂ ਅਣਗਿਣਤ ਲੱਤਾਂ ਦੇ ਜੰਗਲ ਦੇ ਵਿਚ ਦੀ ਮੈਂ ਨਰਿੰਦਰ ਦੇ ਚੂਰ ਹੋਏ ਸਰੀਰ ਨੂੰ ਇੰਚ-ਇੰਚ ਕਰਕੇ ਕਿਵੇਂ ਅੰਦਰ ਸਰਕਾਇਆ, ਧੱਕਣ ਲਈ ਮੇਰੇ ਆਪਣੇ ਗੋਹਾ ਹੋਏ ਸਰੀਰ ਵਿਚ ਬਲ ਕਿਥੋਂ ਆਇਆ, ਮੈਂ ਨਹੀਂ ਜਾਣਦਾ। ਬੱਸ ਏਨਾ ਚੇਤੇ ਹੈ ਕਿ ਉਸਦਾ ਮਸਾਂ ਪੌਣਾ ਕੁ ਧੜ ਹੀ ਭਿੰਡੀਆਂ ਦੀ ਬੋਰੀ ਵਿਚ ਧਸਿਆ ਸੀ, ਜਦੋਂ ਗੱਡੀ ਹਿੱਲ ਪਈ। ਮੈਂ ਉਸਨੂੰ ਵਿਚੇ ਲਟਕਦਾ ਛੱਡ ਕੇ, ਇਸੇ ਡੱਬੇ 'ਤੇ ਇਸ ਤੋਂ ਅਗਲੇ ਡੱਬੇ ਨੂੰ ਜੋੜਨ ਵਾਲੀਆਂ ਦੈਂਤ-ਹੁੱਕਾਂ ਦੇ ਤੇ ਦੋਹਾਂ ਪਾਸਿਆਂ ਦੇ ਗਰਾਂਡੀਲ ਸਪਰਿੰਗਾਂ ਤੇ ਤਵਾ-ਨੁਮਾ ਸਿਰਿਆਂ ਉੱਤੇ ਪੈਰ ਟਿਕਾ ਕੇ ਉਪਰਲੇ ਕਿਸੇ ਕੁੰਡੇ ਨੂੰ ਕਿ ਖਬਰੇ ਕੇਬਲ ਨੂੰ ਫੜ੍ਹ ਕੇ ਖੁੱਲੇ ਆਸਮਾਨ ਦੇ ਥੱਲੇ, ਆਪਣੇ ਸਰੀਰ ਨੂੰ ਕੁਝ ਚਿਰ ਖੜ੍ਹੇ ਰਹਿਣ ਜੋਗਾ ਬਣਾ ਲਿਆ। ਗੱਡੀ ਮੀਆਂਮੀਰ ਸਟੇਸ਼ਨ ਨੂੰ ਟੱਪ ਗਈ ਤਾਂ ਮੇਰੇ ਸਰੀਰ ਦੇ ਅੰਦਰ ਵੱਸਦਾ ਪ੍ਰੀਤਮ ਸਿੰਘ ਦੰਡਾਉਤ ਤਾਂ ਕਰ ਰਿਹਾ ਸੀ ਸਿਰਜਣਹਾਰ ਦੇ ਸਾਹਮਣੇ ਪਤਾ ਨਹੀਂ ਕਿਥੋਂ ਮੇਰੇ ਸਨਮੁਖ ਆ ਖੜ੍ਹਾ ਸੀ ਮੇਰੀ ਬੇਬੇ ਦਾ ਸਾਬਤ-ਸਬੂਤ ਬਿੰਬ। ਹੇ ਵਾਹਿਗੁਰੂ! ਆਖ਼ਰ ਮਾਂ ਵੀ ਤਾਂ ਸਿਰਜਣਹਾਰ ਹੀ ਹੁੰਦੀ ਹੈ ਨਾ! ਮੈਂ ਖੜ੍ਹੇ-ਖੜ੍ਹੇ ਅਰਦਾਸ ਕੀਤੀ, "ਹੇ ਵਾਹਿਗੁਰੂ, ਇਸ ਵੇਲੇ ਜਿੱਥੇ ਵੀ ਹੈ, ਖੈਰੀਂ ਮਿਹਰੀਂ ਹੋਵੇ, ਉਸਦੀ ਰੱਖਿਆ ਕਰੀਂ.......।" •

(ਕੱਚੀਆਂ, ਪੱਕੀਆਂ ਦੇ ਭਾਅ ਵਿਚੋਂ)





# ਭਟਕਣ ਦੇ ਲੰਮੇ ਵਰ੍ਹੇ

**ਪਰੇਮ ਸਿੰਘ (ਡਾ.)**

1947 ਮਾਰਚ ਦੇ ਮਹੀਨੇ ਵਿਚ ਹੀ ਲਾਹੌਰ ਤੋਂ ਮੈਨੂੰ ਪਿੰਡ ਲੈ ਜਾਣ ਲਈ ਮੇਰੇ ਮਾਸੜ ਸ. ਦਯਾ ਸਿੰਘ ਮੇਰੇ ਪਾਸ ਕਾਲਿਜ ਪੁੱਜੇ ਸਨ। ਉਨ੍ਹਾਂ ਨੂੰ ਲਾਹੌਰ ਸ਼ਹਿਰ ਦੇ ਵਿਗੜ ਰਹੇ ਹਾਲਾਤ ਬਾਰੇ ਅਖ਼ਬਾਰ ਤੋਂ ਪਤਾ ਲੱਗਾ ਸੀ। ਅਸਲ ਵਿਚ ਉਹ ਮੇਰੇ ਪਿਤਾ ਜੀ ਸਨ ਪਰ ਬਚਪਨ ਵਿਚ ਜਦੋਂ ਮੈਂ ਅਜੇ ਕੁਝ ਮਹੀਨਿਆਂ ਦਾ ਹੀ ਸਾਂ ਮੇਰੀ ਮਾਸੀ ਨੇ ਮੈਨੂੰ ਗੋਦ ਲਿਆ ਸੀ ਤੇ ਇਉਂ ਮੇਰੇ ਮਾਸੜ ਸ. ਫ਼ਕੀਰ ਸਿੰਘ, ਜਿਹੜੇ ਇਸ ਉਜਾੜੇ ਸਮੇਂ ਦੀ ਇੱਕ ਟਰਾਂਸਪੋਰਟ ਕੰਪਨੀ ਵਿਚ ਬੁਕਿੰਗ ਕਲਰਕ ਸਨ, ਮੇਰੇ ਭਾਈਆ ਜੀ ਬਣ ਗਏ ਸਨ ਤੇ ਮੇਰੇ ਪਿਤਾ ਮੇਰੇ ਮਾਸੜ। ਮਾਸੜ ਜੀ ਨੇ ਮੇਰੇ ਦਾਦਾ ਜੀ ਤੋਂ ਹਿਕਮਤ ਅਤੇ ਡਾਕਟਰੀ ਦੀ ਸਿੱਖਿਆ ਲਈ ਸੀ ਅਤੇ ਪ੍ਰੈਕਟਿਸ ਕਰਿਆ ਕਰਦੇ ਸਨ। ਹੁਣ ਜਦੋਂ ਉਹ ਮੈਨੂੰ ਲਾਹੌਰ ਤੋਂ ਲੈਣ ਆਏ ਇਹ ਉਨ੍ਹਾਂ ਲਈ ਜਾਨ ਤਲੀ ਤੇ ਰੱਖਣ ਵਾਲੀ ਗੱਲ ਸੀ। ਉਨ੍ਹਾਂ ਦੇ ਦੱਸਣ ਅਨੁਸਾਰ ਜਦੋਂ ਉਹ ਸ਼ਾਹਦਰੇ ਪੁੱਜੇ ਤਾਂ ਪਤਾ ਲੱਗਾ ਕਿ ਗੱਡੀ ਅੱਗੇ ਨਹੀਂ ਜਾਵੇਗੀ। ਕਿਉਂਕਿ ਫਸਾਦ ਜ਼ੋਰਾਂ ਉੱਤੇ ਸਨ। ਸਟੇਸ਼ਨ ਉੱਤੇ ਹੀ ਉਨ੍ਹਾਂ ਨੂੰ ਚਾਰ-ਪੰਜ ਜਣੇ ਹੋਰ ਮਿਲ ਗਏ, ਜਿਹੜੇ ਸਿੱਖ ਨੈਸ਼ਨਲ ਕਾਲਜ ਜਾਣਾ ਚਾਹੁੰਦੇ ਸਨ। ਮਾਸੜ ਜੀ ਵਾਂਗ ਉਨ੍ਹਾਂ ਪਾਸ ਵੀ ਤਿੰਨ ਫੁੱਟ ਲੰਮੀਆਂ ਕਿਰਪਾਨਾਂ ਸਨ। ਪੈਦਲ ਤੁਰ ਕੇ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਟਾਵੇਂ-ਟਾਵੇਂ ਟਾਂਗੇ ਵਾਲੇ ਸਵਾਰੀਆਂ ਲੈ ਜਾਣ ਲਈ ਤਿਆਰ ਸਨ ਪਰ ਉਹ ਸਭੇ ਮੁਸਲਮਾਨ ਸਨ। ਇਕ ਟਾਂਗੇ ਵਾਲੇ ਨੇ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਫ਼ਿਕਰ ਨਾ ਕਰੋ। ਸਾਰੇ ਬੰਦੇ ਬੇਈਮਾਨ ਨਹੀਂ ਹੁੰਦੇ। ਦੂਜੇ ਅਜੇ ਝਕਦੇ ਸਨ ਕਿ ਮਾਸੜ ਜੀ ਟਾਂਗੇ ਉੱਤੇ ਬੈਠ ਗਏ। ਫਿਰ ਉਨ੍ਹਾਂ ਵੀ ਦਲੇਰੀ ਕੀਤੀ ਅਤੇ ਜਾ ਬੈਠੇ। ਉਸ ਰਾਤ ਮਾਸੜ ਜੀ ਮੇਰੇ ਪਾਸ ਰਹੇ ਪਰ ਅਗਲੇ ਦਿਨ ਮੈਂ ਜ਼ੋਰ ਪਾ ਕੇ ਉਨ੍ਹਾਂ ਨੂੰ ਵਾਪਸ ਤੋਰ ਦਿੱਤਾ। ਰੇਲਵੇ ਸਟੇਸ਼ਨ ਉੱਤੇ ਜਦੋਂ ਉਹ ਟਿਕਟ ਲੈਣ ਲੱਗੇ ਤਾਂ ਇਕ ਮੁਸਲਮਾਨ ਛੁਰਾ ਲੈ ਕੇ ਉਨ੍ਹਾਂ ਵੱਲ ਵਧਿਆ। ਜੇ ਐਨ ਮੌਕੇ ਉੱਤੇ ਪੁਲਿਸ ਦਾ ਇਕ ਸਿਪਾਹੀ ਉਸ ਨੂੰ ਨਾ ਫੜ ਲੈਂਦਾ ਤਾਂ ਉਨ੍ਹਾਂ ਦਾ ਜ਼ਖ਼ਮੀ ਹੋਣਾ ਲਾਜ਼ਮੀ ਸੀ।

ਸਾਡੇ ਸਾਰੇ ਯਤਨਾਂ ਦੇ ਬਾਵਜੂਦ ਥੋੜ੍ਹੇ ਜਿਹੇ ਦਿਨਾਂ ਵਿਚ ਹੀ ਸਿੱਖ ਨੈਸ਼ਨਲ ਕਾਲਜ ਦੇ ਹੋਸਟਲ ਖਾਲੀ ਹੋ ਗਏ ਸਨ। ਹੁਣ ਸਾਡੇ ਸਾਹਮਣੇ ਵੀ ਆਪਣੇ ਪਿੰਡ ਚਲੇ ਜਾਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਬਾਕੀ ਇਲਾਕੇ ਦੇ ਲੋਕਾਂ ਦੇ ਨਾਲ ਸਾਡੀ ਵੀ ਇਹ ਸਮੱਸਿਆ ਸੀ ਕਿ ਮੁਸਲਮਾਨ ਹਜੂਮਾਂ ਦੇ ਸੰਭਾਵੀ ਹਮਲੇ ਦੀ ਰੋਕ ਕਿਵੇਂ ਕਰਨੀ ਹੈ? ਰਾਵਲਪਿੰਡੀ ਡਿਵੀਜ਼ਨ ਵਿਚ ਹੋ ਚੁੱਕੇ ਹਿੰਦੂਆਂ, ਸਿੱਖਾਂ ਦੇ ਕਤਲਾਮ ਅਤੇ ਉਜਾੜੇ ਅਜਿਹੇ ਹਜੂਮਾਂ ਦੇ ਹੱਥੋਂ ਹੀ ਹੋਏ ਸਨ। ਮੇਰੇ ਦਾਦਕੇ ਪਿੰਡ ਵਿਚ ਗਿਆਨੀ ਕਰਤਾਰ ਸਿੰਘ, ਜਿਹੜੇ ਉਸ ਸਮੇਂ ਅਕਾਲੀ ਦਲ ਦੇ ਜਨਰਲ ਸਕੱਤਰ ਸਨ ਅਤੇ ਉਨ੍ਹਾਂ ਦੀ ਸੱਜੀ ਬਾਂਹ ਸਮਝੇ ਜਾਂਦੇ

ਮੱਸਾ ਸਿੰਘ ਅਤੇ ਦੋ-ਚਾਰ ਹੋਰ ਅਕਾਲੀ ਕਾਰਾਂ ਉੱਤੇ ਆਏ ਸਨ ਅਤੇ ਉਨ੍ਹਾਂ ਨੇ ਗੁਰਦੁਆਰੇ ਵਿਚ ਇਕੱਠ ਕਰਕੇ ਪਿੰਡ ਵਾਲਿਆਂ ਨੂੰ ਆਖਿਆ ਸੀ ਕਿ ਜਾਣਾ ਬਿਲਕੁਲ ਨਹੀਂ। ਅਸੀਂ ਇਸ ਇਲਾਕੇ ਨੂੰ ਹਿੰਦੁਸਤਾਨ ਵਿਚ ਰੱਖਣ ਦਾ ਜ਼ੋਰ ਲਾ ਰਹੇ ਹਾਂ ਅਤੇ ਇਹ ਰਹੇਗਾ ਵੀ। ਉਨ੍ਹਾਂ ਦੇ ਕਹਿਣ ਉੱਤੇ ਹੀ ਪਿੰਡ ਦੇ ਲੋਕਾਂ ਨੇ ਕੁਝ ਉਗਰਾਹੀ ਕੀਤੀ, ਨੌਜਵਾਨਾਂ ਦਾ ਇਕ ਗਰੁੱਪ ਤਿਆਰ ਕੀਤਾ ਅਤੇ ਟੋਭਾ ਟੇਕ ਸਿੰਘ ਤੋਂ ਫਾਊਂਡਰੀ ਦਾ ਇੱਕ ਸਿਆਣਾ ਵਰਕਰ ਬੁਲਾ ਕੇ ਪਿੰਡ ਵਿਚ ਫਾਊਂਡਰੀ ਲੁਆ ਦਿੱਤੀ। ਇਥੇ ਬੰਬਾਂ ਦੇ ਖੋਲ ਬਣਾਏ ਜਾਣ ਲੱਗ ਪਏ। ਪਿੰਡ ਦੇ ਗੁਰਦੁਆਰੇ ਦਾ ਕੋਈ ਗੇਟ ਨਹੀਂ ਹੁੰਦਾ  ਸੀ। ਹੁਣ ਇਨ੍ਹਾਂ ਹਾਲਾਤਾਂ ਵਿਚ ਪਿੰਡ ਵਾਲਿਆਂ ਦੀ ਸੋਚ ਇਹ ਸੀ ਕਿ ਲੋਹੇ ਦਾ ਇਕ ਉੱਚਾ ਜੰਗਲਾ ਬਣਾਕੇ ਵਿਚ ਇਕ ਛੋਟਾ ਗੇਟ ਲਾ ਦਿੱਤਾ ਜਾਵੇ। ਸੋ ਉਗਰਾਹੀ ਦੇ ਪੈਸਿਆਂ ਵਿਚੋਂ ਜੰਗਲਾ ਵੀ ਬਣਾ ਦਿੱਤਾ ਗਿਆ। ਮਕਸਦ ਇਹ ਨਹੀਂ ਸੀ ਕਿ ਬਿਲਡਿੰਗ ਨੂੰ ਬਚਾਇਆ ਜਾਵੇ। ਸਗੋਂ ਇਹ ਕਿ ਹਮਲਾ ਹੋਣ ਦੀ ਸੂਰਤ ਵਿਚ ਸਾਰੇ ਪਿੰਡ ਨੂੰ ਇਥੇ ਇਕੱਠਾ ਕਰ ਲਿਆ ਜਾਵੇ ਅਤੇ ਅੰਦਰ ਬੈਠ ਕੇ ਅਸਲੇ ਦੀ ਵ਼ਰਤੋਂ ਨਾਲ ਹਮਲਾਵਰਾਂ ਦਾ ਮੁਕਾਬਲਾ ਕੀਤਾ ਜਾਵੇ। ਇਕ ਦਿਨ ਫਾਊਂਡਰੀ ਵਾਲੀ ਥਾਂ ਉੱਤੇ ਅੱਗ ਲੱਗ ਗਈ ਪਰ ਕੱਖ-ਕਾਨਿਆਂ ਦੀ ਛੱਤ ਦੇ ਸੜ ਜਾਣ ਤੋਂ ਵਧੇਰੇ ਨੁਕਸਾਨ ਨਾ ਹੋਇਆ। ਇਕ ਦਿਨ ਪਿੰਡ ਦਾ ਇਕ ਤਰਖਾਣ ਕੰਮ ਕਰਨ ਵਾਲਾ ਕਾਰੀਗਰ ਸਾਈਕਲ ਦੀ ਪਾਈਪ ਤੋਂ ਬੰਬ ਬਣਾਉਣ ਦਾ ਤਜ਼ਰਬਾ ਕਰਦਾ ਹੋਇਆ, ਪਾਈਪ ਦੇ ਫਟ ਜਾਣ ਨਾਲ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਜਦੋਂ ਪਿੰਡ ਦੇ ਲੋਕ ਕਾਫ਼ਲਾ ਬਣਾਕੇ ਤੁਰ ਪਏ ਤਾਂ ਇਸ ਤਰਖਾਣ ਦੇ ਵਾਰਿਸ ਇਸਨੂੰ ਪਲਸਤਰ ਵਿਚ ਬੱਧੀ ਲੱਤ ਨਾਲ ਹੀ ਲੈ ਤੁਰੇ। ਹੋਰ ਕੀਤਾ ਵੀ ਕੀ ਜਾ ਸਕਦਾ ਸੀ?

ਦੇਸ਼ ਦੀ ਵੰਡ ਦੀ ਲਕੀਰ ਨੂੰ ਪ੍ਰਭਾਵਿਤ ਕਰਨ ਦੇ ਮਕਸਦ ਨਾਲ ਕੀਤੇ ਗਏ ਯਤਨਾਂ ਵਿਚ ਨਨਕਾਣੇ ਸਾਹਿਬ ਵਿਚ ਕੀਤੀ ਗਈ 'ਸ਼ਹੀਦੀ ਬਾਰ' ਕਾਨਫਰੰਸ ਦਾ ਜ਼ਿਕਰ ਵੀ ਇਥੇ ਉਚਿਤ ਹੈ। ਮੈਂ ਇਸ ਕਾਨਫਰੰਸ ਵਿਚ ਚੱਕ ਨੰ. 294 ਅਤੇ ਚੱਕ ਨੰ. 295 ਦੇ ਕੁਝ ਨੌਜਵਾਨਾਂ ਨੂੰ ਨਾਲ ਲੈ ਕੇ ਸ਼ਾਮਿਲ ਹੋਇਆ ਸਾਂ। 27 ਜੁਲਾਈ ਨੂੰ ਕੀਤੀ ਗਈ ਇਹ ਕਾਨਫਰੰਸ ਅਕਾਲੀ ਦਲ ਵਲੋਂ ਆਯੋਜਿਤ ਸੀ ਅਤੇ ਗਿਆਨੀ ਕਰਤਾਰ ਸਿੰਘ ਇਸ ਦੇ ਮੁੱਖ ਬੁਲਾਰੇ ਸਨ। ਸਰਕਾਰ ਵਲੋਂ ਇਸ ਇਕੱਠ ਨੂੰ ਅਸਫਲ ਕਰਨ ਲਈ ਸਭ ਹਰਬੇ  ਵਰਤੇ ਗਏ ਸਨ। ਰੇਲ ਉੱਤੇ ਸਫ਼ਰ ਕਰਨ ਵਾਲਿਆਂ ਲਈ ਨਨਕਾਣਾ ਸਾਹਿਬ ਦੇ ਟਿਕਟ ਵਰਜਿਤ ਸਨ। ਸਭਨਾਂ ਸੜਕਾਂ ਉੱਤੇ ਫੌਜੀ ਟੁਕੜੀਆਂ ਦਾ ਪਹਿਰਾ ਸੀ। ਕਿਸੇ ਨੂੰ ਵੀ ਲੰਘਣ ਨਹੀਂ ਦਿੱਤਾ ਜਾ ਰਿਹਾ ਸੀ। ਨਨਕਾਣੇ ਸਾਹਿਬ ਪਹੁੰਚਣ ਦਾ ਇਕੋ ਤਰੀਕਾ ਸੀ ਕਿ ਸੜਕਾਂ ਅਤੇ ਰੇਲ ਛੱਡ ਕੇ ਡਾਂਡੇ-ਮੀਂਡੇ ਰਾਹਾਂ ਨੂੰ ਵਰਤਿਆ ਜਾਵੇ। ਇਉਂ ਸਾਨੂੰ ਇਕ ਬਹੁਤ ਵੱਡੀ ਨਹਿਰ ਪਾਰ ਕਰਨੀ ਪਈ। ਉਸਦੀ ਅਸਲ ਚੌੜਾਈ ਦਾ ਅਨੁਮਾਨ ਤਾਂ ਮੁਸ਼ਕਿਲ ਹੈ, ਪਰ ਇਹ



ਪੰਜਾਹ ਗਜ਼ ਤੋਂ ਘੱਟ ਤਾਂ ਕਿਸੇ ਸੂਰਤ ਨਹੀਂ ਸੀ। ਅਸਾਂ ਸਰਕੜੇ ਦਾ ਇਕ ਰੱਸਾ ਵੱਟਿਆ। ਤਰਨ ਵਾਲੇ ਇੱਕ ਨੌਜਵਾਨ ਨੇ ਇਸਦਾ ਇੱਕ ਸਿਰਾ ਲੈ ਕੇ ਦੂਜੇ ਪਾਰ ਇੱਕ ਕਿੱਲੇ ਨਾਲ ਬੰਨ੍ਹ ਦਿੱਤਾ। ਪਾਣੀ ਦਾ ਤੇਜ਼ ਵਹਾ ਹੋਣ ਕਾਰਨ ਵਿਚਕਾਰੋਂ ਇਹ ਰੱਸਾ ਗੋਲਾਈ ਦੀ ਸੂਰਤ ਵਿਚ ਪਾਣੀ ਦੀ ਸਤਹ ਨੂੰ ਛੂਹ ਰਿਹਾ ਸੀ। ਅਸਾਂ ਵਾਰੀ-ਵਾਰੀ ਇਸ ਨੂੰ ਫੜ ਕੇ ਪਾਰ ਲੰਘਣਾ ਸੀ। ਦੋ ਵਾਰ ਇਹ ਟੁੱਟਾ ਪਰ ਜਿਵੇਂ ਕਿਵੇਂ ਅਸੀਂ ਸਾਰੇ ਇਸ ਨਹਿਰ ਨੂੰ ਪਾਰ ਕਰ ਹੀ ਗਏ। ਕੁਝ ਮੀਲਾਂ ਦਾ ਫ਼ਾਸਲਾ ਤੈਅ ਕਰਕੇ ਅਖ਼ੀਰ ਅਸੀਂ ਨਨਕਾਣਾ ਸਾਹਿਬ ਵਿਚ ਕਾਨਫਰੰਸ ਦੇ ਪੰਡਾਲ ਵਿਚ ਪਹੁੰਚ ਗਏ। ਹਜ਼ਾਰਾਂ ਲੋਕਾਂ ਦਾ ਇਕੱਠ ਸੀ। ਮਾਈਕ ਉੱਤੇ ਗਿਆਨੀ ਕਰਤਾਰ ਸਿੰਘ ਭਾਸ਼ਣ ਕਰ ਰਹੇ ਸਨ।

'ਸ਼ਹੀਦੀ ਬਾਰ' ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਬਾਰਾਂ ਦਾ ਇਹ ਇਲਾਕਾ ਭਾਰਤ ਵਿਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਲਾਇਲਪੁਰ ਅਤੇ ਸ਼ੇਖੂਪੁਰੇ ਦੀਆਂ ਇਨ੍ਹਾਂ ਬਾਰਾਂ ਨੂੰ ਆਬਾਦ ਕਰਨ ਵਿਚ ਸਿੱਖਾਂ ਨੇ ਖ਼ਾਸ ਤੌਰ ਉੱਤੇ ਬੜੀਆਂ ਕੁਰਬਾਨੀਆਂ ਕੀਤੀਆਂ ਹਨ। ਅੰਗਰੇਜ਼ ਸਰਕਾਰ ਦੀ ਹਕੂਮਤ ਫੌਜ ਦੇ ਸਿਰ ਉੱਤੇ ਕਾਇਮ ਰੱਖੀ ਗਈ ਸੀ ਅਤੇ ਸਿੱਖ ਹੀ ਫੌਜ ਵਿਚ ਮੋਹਰੀ ਰਹੇ ਹਨ। ਖੇਤੀਬਾੜੀ ਵਿਚ ਸਿੱਖਾਂ ਨੇ ਹੀ ਅਨਾਜ ਦਾ ਵੱਡਾ ਹਿੱਸਾ ਪੈਦਾ ਕੀਤਾ ਹੈ ਜੋ ਦੂਜੇ ਸੂਬਿਆਂ ਨੂੰ ਵੀ ਜਾ ਰਿਹਾ ਹੈ। ਸਿੱਖ 26 ਫੀਸਦੀ ਮਾਲੀਆ ਅਤੇ 80 ਫੀਸਦੀ ਆਬਿਆਨਾ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਕਰਾਉਂਦੇ ਹਨ। ਸਾਡੇ ਉੱਤੇ ਇਸ ਕਾਨਫਰੰਸ ਦਾ ਪ੍ਰਭਾਵ ਇਹ ਪਿਆ ਕਿ 'ਸ਼ਹੀਦੀ ਬਾਰ' ਦੇ ਪ੍ਰਸਤਾਵ ਉੱਤੇ ਅਮਲ ਕਰਾਉਣ ਲਈ ਕੁਰਬਾਨੀਆਂ ਦਿੱਤੀਆਂ ਜਾਣਗੀਆਂ। ਪਰ ਹੋਇਆ ਇਹ ਹੈ ਕਿ ਦਮਗਜੇ ਮਾਰਨ ਤੋਂ ਬਾਅਦ ਹਜੂਮ ਖਿੰਡ ਗਿਆ ਅਤੇ ਅਮਲੀ ਕਾਰਵਾਈ ਦਾ ਕੋਈ ਸੱਦਾ ਨਾ ਦਿੱਤਾ ਗਿਆ। ਕੇਵਲ ਅਗਲੇ ਪ੍ਰੋਗਰਾਮ ਦੇ ਐਲਾਨ ਦੀ ਉਡੀਕ  ਕਰਨ ਲਈ ਕਿਹਾ ਗਿਆ। ਮਗਰੋਂ ਛਪੀਆਂ ਦਸਤਾਵੇਜ਼ਾਂ ਤੋਂ ਇਹ ਸਪੱਸ਼ਟ ਹੋਇਆ ਕਿ ਸੰਘਰਸ਼ ਛੇੜਨ ਦੀ ਕੋਈ ਵਿਉਂਤ ਅਕਾਲੀ ਦਲ ਦੇ ਆਗੂਆਂ ਕੋਲ ਨਹੀਂ ਸੀ। ਨਿਰਾ ਏਨਾ ਹੀ ਨਹੀਂ, ਵਾਇਸਰਾਏ ਲਾਰਡ ਮਾਊਂਟਬੇਟਨ ਨਾਲ ਹੋਈਆਂ ਦੋ ਮੀਟਿੰਗਾਂ ਵਿਚ ਸਿੱਖਾਂ ਦੇ ਹੱਕਾਂ ਦੀਆਂ ਦਲੀਲਾਂ ਦਿੰਦਿਆਂ ਗਿਆਨੀ ਕਰਤਾਰ ਰੋ ਵੀ ਪਏ ਸਨ।

ਕਾਫ਼ਲਾ ਤੁਰਨ ਤੋਂ ਇੱਕ ਦਿਨ ਪਹਿਲਾਂ ਸਾਨੂੰ ਸੁਨੇਹਾ ਮਿਲਿਆ ਕਿ ਨਾਲ ਦੇ ਪਿੰਡ ਉੱਤੇ ਮੁਸਲਿਮ ਹਜੂਮ ਵਲੋਂ ਹਮਲਾ ਕਰਨ ਦੀ ਤਿਆਰੀ ਹੋ ਰਹੀ ਹੈ। ਨੌਜਵਾਨਾਂ ਦੇ ਉਸ ਗਰੁੱਪ ਨਾਲ ਮੈਂ ਵੀ ਉਸ ਪਿੰਡ ਵਿਚ ਪਹੁੰਚ ਗਿਆ। ਜਿਸ ਪਾਸੇ ਵਲੋਂ ਹਮਲੇ ਦੀ ਸੰਭਾਵਨਾ ਸੀ। ਉਸ ਪਾਸੇ ਵੱਲ ਜਾ ਕੇ ਅਸਾਂ ਨਰਮੇ ਦੇ ਖੇਤ ਵਿਚ ਲੁਕ ਕੇ ਪੁਜੀਸ਼ਨਾਂ ਲੈ ਲਈਆਂ। ਹਮਲੇ ਸਮੇਂ ਅਸਾਂ ਹੀ ਉਨ੍ਹਾਂ ਉੱਤੇ ਜਵਾਬੀ ਫਾਇਰ ਕਰਨੇ ਸਨ। ਇਥੋਂ ਸਾਨੂੰ ਉਹਨਾਂ ਦਿਨਾਂ ਦੇ ਪ੍ਰਚਲਿਤ ਨਾਅਰੇ 'ਪਾਕਿਸਤਾਨ-ਜ਼ਿੰਦਾਬਾਦ' ਅਤੇ 'ਬਣਕੇ ਰਹੇਗਾ - ਪਾਕਿਸਤਾਨ'

ਸਾਫ਼ ਸੁਣਾਈ ਦੇ ਰਹੇ ਸਨ। ਅਸੀਂ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਥਾਵਾਂ ਬਦਲ ਕੇ ਫ਼ਾਇਰ ਕਰਦੇ ਰਹੇ ਤਾਂ ਜੋ ਹਜੂਮ ਉੱਤੇ ਪ੍ਰਭਾਵ ਪਵੇ ਕਿ ਮੁਕਾਬਲਾ ਕਰਨ ਵਾਲੇ ਗਿਣਤੀ ਵਿਚ ਢੇਰ ਸਾਰੇ ਹਨ। ਉਂਝ ਅਸੀਂ ਪੰਜ-ਛੇ ਜਣਿਆਂ ਤੋਂ ਵੱਧ ਨਹੀਂ ਸਾਂ।

ਹਨ੍ਹੇਰਾ ਪੈ ਰਿਹਾ ਸੀ ਪਰ ਹਜੂਮ ਅਜੇ ਅੱਗੇ ਨਹੀਂ ਵਧਿਆ ਸੀ। ਨਾਅਰੇ ਕੁਝ ਮੱਧਮ ਪੈ ਗਏ ਸਨ। ਸ਼ਾਇਦ ਉਨ੍ਹਾਂ ਵਿਚੋਂ ਕੁਝ ਲੋਕ ਖਾਣ-ਪੀਣ ਲਈ ਆਪਣੇ ਘਰਾਂ ਨੂੰ ਚਲੇ ਗਏ ਸਨ। ਹੁਣ ਕਿਉਂਕਿ ਵਕਤੀ ਤੌਰ ਉੱਤੇ ਹਮਲਾ ਕੁਝ ਪਿੱਛੇ ਪੈ ਗਿਆ ਲੱਗਦਾ ਸੀ, ਅਸਾਂ ਵੀ ਆਪਣੇ ਪਿੰਡ ਦਾ ਰੁਖ਼ ਕੀਤਾ। ਰਾਹ ਵਿਚ ਇਕ ਥਾਂ ਜਾਂਗਲੀ ਪਰਿਵਾਰਾਂ ਦੇ ਕੁਝ ਘਰ ਵੱਸੇ ਹੋਏ ਸਨ। ਉਹ ਮਿਹਨਤ ਮਜ਼ਦੂਰੀ ਕਰਨ ਵਾਲੇ ਲੋਕ ਸਨ। ਉਨ੍ਹਾਂ ਸਾਨੂੰ ਕੁਝ ਨਹੀਂ ਕਿਹਾ ਸੀ। ਪਰ ਸਾਡੇ ਵਿਚੋਂ ਇਕ ਜਣੇ ਨੇ ਉਨ੍ਹਾਂ ਦੇ ਫੂਸ ਦੇ ਛੱਪਰਾਂ ਨੂੰ ਅੱਗ ਲਾ ਦਿੱਤੀ। ਇਹ ਉਸ ਵਕਤ ਦੇ ਜਨੂੰਨੀ ਮਾਹੌਲ ਦਾ ਅਸਰ ਸੀ ਕਿ ਸਾਡੇ ਵਿਚੋਂ ਕਿਸੇ ਨੇ ਉਸ ਅੱਗ ਲਾਉਣ ਵਾਲੇ ਨੂੰ ਰੋਕਿਆ ਨਹੀਂ ਸੀ।

ਪਾਰ ਪਹੁੰਚ ਕੇ ਅਜੀਬ ਮਾਹੌਲ ਵੇਖਿਆ। ਚੱਕ ਨੰ. 349 ਦੇ ਸਾਰੇ ਪਰਿਵਾਰ ਸਾਡੇ ਪਿੰਡ ਆ ਗਏ ਸਨ ਅਤੇ ਸਾਡੇ ਘਰ ਦੇ ਵਿਹੜੇ ਵਿਚ ਜਿੱਥੇ ਥਾਂ ਮਿਲੀ ਸੌਂ ਗਏ ਸਨ। ਘਰ ਦੇ ਬਾਹਰਵਾਰ ਇਕ ਛੋਟੀ ਜਿਹੀ ਬਗੀਚੀ ਸੀ। ਜਿਸ ਵਿਚ ਇੱਕ ਤਖ਼ਤਪੋਸ਼ ਡੱਠਾ ਹੁੰਦਾ ਸੀ। ਮੈਂ ਉਸ ਉੱਤੇ ਲੇਟ ਗਿਆ। ਛੇਤੀ ਹੀ ਮੈਨੂੰ ਨੀਂਦ ਆ ਗਈ। ਮੈਂ ਆਪਣੀ ਚੱਪਲ ਉਤਾਰ ਦਿੱਤੀ। ਸਫ਼ੈਦ ਰੈਕਸੀਨ ਦੀ ਡਾਢੀ ਸੋਹਣੀ ਅਤੇ ਮਹਿੰਗੀ ਇਹ ਚੱਪਲ ਥੋੜ੍ਹਾ ਸਮਾਂ ਪਹਿਲਾਂ ਹੀ ਖਰੀਦੀ ਸੀ। ਜਦੋਂ ਸ਼ੌਕ ਸੀ ਅਤੇ ਜੇਬ ਵਿਚ ਪੈਸੇ ਸਨ। ਮੈਨੂੰ ਨਹੀਂ ਪਤਾ ਸੀ ਕਿ ਤਣਾਓ ਦੇ ਉਨ੍ਹਾਂ ਦਿਨਾਂ ਵਿਚ ਵੀ ਕੋਈ ਇਸ ਨੂੰ ਚੁਰਾ ਲਵੇਗਾ। ਹੋਰ ਜੁੱਤੀ ਪਾ ਕੇ ਮੈਂ ਵੀ ਆਪਣਾ ਨਿੱਕ-ਸੁੱਕ ਸਾਂਭਣ ਲੱਗ ਪਿਆ। ਬਹੁਤ ਹੀ ਥੋੜ੍ਹੇ ਸਮੇਂ ਵਿਚ ਕਾਫ਼ਲਾ ਰਵਾਨਾ ਹੋ ਤੁਰਿਆ। ਜਦੋਂ ਘਰ ਦੇ ਸਾਰੇ ਜੀਅ ਨਿਕਲ ਤੁਰੇ ਤਾਂ ਮੈਂ ਘਰ ਦੇ ਫਰਨੀਚਰ ਨੂੰ ਅੱਗ ਦੀ ਭੇਟ ਕਰ ਦਿੱਤਾ। ਅੱਜ ਤੱਕ ਇਸ ਗੱਲ ਦੀ ਪੂਰੀ ਥਾਹ ਨਹੀਂ ਲੱਗੀ ਕਿ ਆਖ਼ਿਰ ਉਹ ਕਿਸ ਤਰ੍ਹਾਂ ਦਾ ਜਨੂੰਨ ਸੀ ਕਿ ਚੰਗੇ ਵਧੀਆ ਫਰਨੀਚਰ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ। ਕੀ ਕੇਵਲ ਇਹ ਗੱਲ ਹੀ ਕਾਫ਼ੀ ਸੀ ਕਿ ਜੇ ਸਾਨੂੰ ਆਪਣੇ ਘਰਾਂ ਵਿਚ ਵੱਸਦੇ ਰਸਦੇ ਨਹੀਂ ਰਹਿਣ ਦਿੱਤਾ ਗਿਆ ਤਾਂ ਉਜਾੜਣ ਵਾਲੇ ਵੀ ਲੁੱਟ ਦੇ ਮਾਲ ਨੂੰ ਕਿਉਂ ਮਾਨਣ?

ਸਾਡਾ ਕਾਫ਼ਲਾ 6 ਸਤੰਬਰ (1947) ਨੂੰ ਰਵਾਨਾ ਹੋਇਆ। ਜਦੋਂ ਇਸ ਕਾਫ਼ਲੇ ਦਾ ਅਗਲਾ ਹਿੱਸਾ ਚੱਕ ਨੰ. 295 ਕੋਲੋਂ ਲੰਘ ਰਿਹਾ ਸੀ ਅਤੇ ਉਸ ਪਿੰਡ ਦੇ ਲੋਕ ਨਾਲ ਰਲ ਰਹੇ ਸਨ, ਸਾਨੂੰ ਇੱਕ ਜੀਪ ਮਿਲੀ ਜਿਸ ਉੱਤੇ ਮੁਸਲਮਾਨ ਸਵਾਰ ਸਨ। ਉਹ ਇਨ੍ਹਾਂ ਪਿੰਡਾਂ ਨੂੰ ਉਠਾਉਣ ਦੇ ਅਵਾਜ਼ੇ ਕੱਸ ਰਹੇ ਸਨ। ਇਥੇ ਕਮਾਲੀਏ ਵਲੋਂ ਆਉਂਦਾ ਇਕ ਕਾਫ਼ਲਾ ਵੀ ਸਾਡੇ ਕਾਫ਼ਲੇ ਵਿਚ ਰਲ ਗਿਆ। ਉਹ ਲੋਕ ਮਸਾਂ ਜਾਨਾਂ ਬਚਾ ਕੇ ਨਿਕਲੇ ਸਨ ਜਦ ਕਿ



ਉਨ੍ਹਾਂ ਦੇ ਨਾਲ ਦੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਹਮਲਾਵਰਾਂ ਨੇ ਮਾਰ ਦਿੱਤੇ ਸਨ। ਛੇਤੀ ਹੀ 333, 336, 339, 338 ਨੰਬਰ ਪਿੰਡਾਂ ਦੇ ਲੋਕ ਰਲਦੇ ਗਏ। ਇਉਂ ਇਹ ਕਾਫ਼ਲਾ ਬਹੁਤ ਲੰਮਾ ਹੋ ਚੁੱਕਾ ਸੀ। ਅਸਾਂ ਚੱਕ ਨੰ. 301 ਅਤੇ ਭੰਮੀਪੁਰਾ ਦੇ ਪਿੰਡਾਂ ਨੂੰ ਸੁਨੇਹੇ ਭੇਜੇ ਸਨ ਕਿ ਉਹ ਛੇਤੀ ਹੀ ਕਾਫ਼ਲੇ ਨਾਲ ਆ ਰਲਣ। ਪਰ ਉਨ੍ਹਾਂ ਲੋਕਾਂ ਨੇ ਤਿਆਰ ਹੁੰਦਿਆਂ ਦੇਰ ਕਰ ਦਿੱਤੀ। ਅਗਲੇ ਹੀ ਦਿਨ ਪਤਾ ਲੱਗਾ ਕਿ ਇਕ ਮੁਸਲਮਾਨ ਅਫ਼ਸਰ ਜਿਹੜਾ ਜਲੰਧਰੋਂ ਬਦਲ ਕੇ ਆਇਆ ਸੀ ਅਤੇ ਜਿਸ ਦਾ ਪਰਿਵਾਰ ਹਿੰਦੂ, ਸਿੱਖ, ਫਸਾਦੀਆਂ ਨੇ ਕਤਲ ਕਰ ਦਿੱਤਾ ਸੀ। ਜੀਪ ਅਤੇ ਮਿਲਟਰੀ ਦੇ ਸਿਪਾਹੀ ਲੈ ਕੇ ਮੌਕੇ ਉੱਤੇ ਗਿਆ ਸੀ। ਉਸਨੇ ਚੱਕ ਨੰ. 295 ਦੇ ਇਕ ਵੱਡੇ ਮਕਾਨ ਵਿਚ ਇਨ੍ਹਾਂ ਪਿੰਡਾਂ ਦੇ ਵੱਧ ਤੋਂ ਵੱਧ ਲੋਕਾਂ ਨੂੰ ਰੋਕ ਰੱਖਿਆ ਅਤੇ ਕਿਹਾ ਕਿ ਮੈਨੂੰ ਹੁਕਮ ਹੈ ਕਿ ਤੁਹਾਨੂੰ ਗੱਡੀ ਉੱਤੇ ਚਾੜ੍ਹ ਕੇ ਭੇਜਣਾ ਹੈ। ਉਸਨੇ ਇਸਤਰੀਆਂ ਦੇ ਗਹਿਣੇ ਉਤਰਵਾ ਲਏ ਅਤੇ ਪੈਸੇ ਵੀ ਖੋਹ ਲਏ। ਕੁਝ ਲੋਕਾਂ ਨੇ ਮੁਜ਼ਾਹਮਤ ਕੀਤੀ ਤਾਂ ਉਨ੍ਹਾਂ ਨੂੰ ਮਾਰ ਦਿੱਤਾ ਗਿਆ। ਬਾਕੀ ਲੋਕਾਂ ਨੂੰ ਗੱਡੀ ਉੱਤੇ ਚੜ੍ਹਾ ਕੇ ਗੱਡੀ ਪੁੱਠੇ ਪਾਸੇ ਸ਼ੇਰਕੋਟ ਵੱਲ ਤੋਰ ਦਿੱਤੀ ਗਈ। ਉਨ੍ਹਾਂ ਦਾ ਬਚ ਕੇ ਆਉਣਾ ਅਸੰਭਵ ਸੀ। ਵਧੇਰੇ ਸੰਭਾਵਨਾ ਇਹੋ ਹੈ ਕਿ ਉਹ ਹਜੂਮਾਂ ਹੱਥੋਂ ਮਾਰੇ ਗਏ ਹੋਣਗੇ।

7 ਸਤੰਬਰ ਨੂੰ ਕਾਫ਼ਲਾ ਚੰਦੋ ਵਡਾਲੇ ਪਹੁੰਚ ਗਿਆ ਸੀ। ਸਾਨੂੰ ਇਹ ਵਿਸ਼ਵਾਸ ਸੀ ਕਿ ਜੇ ਮੁਸਲਿਮ ਮਿਲਟਰੀ ਸਾਡੇ ਉੱਤੇ ਗੋਲੀ ਨਾ ਚਲਾਵੇ ਤਾਂ ਅਸੀਂ ਫ਼ਸਾਦੀਆਂ ਦਾ ਟਾਕਰਾ ਕਰਨ ਲਈ ਕਾਫ਼ੀ ਹਾਂ। ਪਰ ਅਜਿਹਾ ਕੁਝ ਨਾ ਵਾਪਰਿਆ। ਕਾਫ਼ਲਾ ਅੱਗੇ ਵੱਧਦਾ ਗਿਆ ਅਤੇ 10 ਸਤੰਬਰ ਨੂੰ ਅਸੀਂ ਖਤਰਾਈ ਪਿੰਡ ਵਿਚ ਆ ਗਏ। ਪਿੰਡ ਵਾਸੀਆਂ ਨੇ ਅੱਗੋਂ ਰੋਸ ਕੀਤਾ ਅਤੇ ਕਿਹਾ ਕਿ ਅਸੀਂ ਐਵੇਂ ਹੀ ਭੱਜੇ ਆ ਰਹੇ ਸਾਂ ਅਤੇ ਉਨ੍ਹਾਂ ਦੀਆਂ ਫਸਲਾਂ ਉਜਾੜ ਰਹੇ ਹਾਂ। ਇਥੇ ਖਬਰ ਮਿਲੀ ਕਿ ਅੱਗੇ ਮੁਸਲਮਾਨਾਂ ਦੇ ਇਕ ਤਕੜੇ ਇਕੱਠ ਨੇ ਰਾਹ ਰੋਕਿਆ ਹੋਇਆ ਹੈ ਅਤੇ ਉਹ ਕੋਈ ਵੀ ਕੀਮਤੀ ਸਮਾਨ ਅੱਗੇ ਲੰਘਣ ਨਹੀਂ ਦਿੰਦੇ। ਇਥੇ ਆਟਾ ਅਤੇ ਗੁੜ ਜਿੰਨਾ ਵੀ ਮਿਲ ਸਕਿਆ ਗੱਡਿਆਂ ਉੱਤੇ ਲੱਦ ਲਿਆ ਗਿਆ। ਪਰ.ਜਦੋਂ ਅਸੀਂ ਉਸ ਨਾਕਾਬੰਦੀ ਵਾਲੀ ਥਾਂ ਉੱਤੇ ਪੁੱਜੇ ਤਾਂ ਉਥੇ ਕੋਈ ਨਹੀਂ ਸੀ। ਇਸ ਇਲਾਕੇ ਵਿਚ ਕੋਈ ਸਿੱਖਾਂ ਦਾ ਪਿੰਡ ਨਹੀਂ ਸੀ। 11 ਸਤੰਬਰ ਨੂੰ ਅਸੀਂ ਪਿੰਡ ਹਾਂਸ ਦੇ ਪਾਸ ਆ ਰਹੇ ਅਤੇ 12 ਸਤੰਬਰ ਨੂੰ ਪਿੰਡ ਜਗਦੇਵ ਵਿਚ ਪਹੁੰਚ ਗਏ। 14 ਸਤੰਬਰ ਤੱਕ ਹੋਰ ਪਿੰਡ ਨਾਲ ਰਲ ਗਏ। ਹੁਣ ਅਸੀਂ ਖੀਖਾ ਨਹਿਰ ਦੇ ਨਾਲ-ਨਾਲ ਜਾ ਰਹੇ ਸਾਂ। ਸਾਨੂੰ ਖ਼ਬਰ ਮਿਲੀ ਕਿ ਸਲੋਨੀ ਝਾਲ ਉੱਤੇ ਜਿੱਥੋਂ ਹੋ ਕੇ ਅੱਗੇ ਨਿਕਲਣਾ ਸੀ ਮੁਸਲਮਾਨਾਂ ਦਾ ਇੱਕ ਹਜੂਮ ਕਾਫ਼ਲੇ ਦਾ ਰਾਹ ਰੋਕਣ ਲਈ ਤਿਆਰ ਸੀ। ਜਦੋਂ ਅਸੀਂ ਝਾਲ ਦੇ ਨੇੜੇ ਪਹੁੰਚੇ ਤਾਂ ਅਸਾਂ ਵੇਖਿਆ ਕਿ ਇਨ੍ਹਾਂ ਲੋਕਾਂ ਪਾਸ ਕੋਈ ਹਥਿਆਰ ਨਹੀਂ ਸੀ। ਕਾਫ਼ਲੇ ਵਾਲੇ ਜਿਹੜਾ ਸਮਾਨ ਇਸ ਕਾਰਨ ਸੁੱਟਦੇ ਜਾ ਰਹੇ ਸਨ ਕਿ ਹੁਣ ਗੱਡਿਆਂ ਨੂੰ ਖਿੱਚ ਰਹੇ ਬਲਦਾਂ ਵਿਚ ਖਿੱਚਣ ਦੀ ਤਾਕਤ ਨਹੀਂ ਸੀ, ਉਸਨੂੰ ਇਹ ਲੋਕ ਚੁੱਕ-ਚੁੱਕ ਕੇ ਲੈ ਜਾ ਰਹੇ ਸਨ। ਕਾਫ਼ਲੇ ਵਿਚਲੇ ਕੁਝ ਨੌਜਵਾਰ ਹਰ ਰੋਜ਼

ਇੱਕ ਬੱਕਰਾ ਝਟਕਾ ਲੈਂਦੇ ਸੀ ਕਿਉਂਕਿ ਹਰ ਇੱਕ ਮੌਤ ਨੇੜੇ ਦਿਸਦੀ ਸੀ ਅਤੇ ਉਹ ਇਨ੍ਹਾਂ ਦਿਨਾਂ ਨੂੰ ਖਾ ਪੀ ਕੇ ਲੰਘਾਉਣਾ ਚਾਹੁੰਦੇ ਸਨ। ਅੱਗੇ ਇਕ ਪੁਲ ਜਸੋਆਣਾ ਦਾ ਆਇਆ। ਇਥੇ ਹੀ ਮੁਸਲਮਾਨਾਂ ਦੇ ਇਕ ਟੋਲੇ ਨੇ ਗੱਡਿਆਂ ਨੂੰ ਰੋਕਿਆ ਅਤੇ ਕੁਝ ਰਕਮ ਵਸੂਲ ਕਰਕੇ ਅੱਗੇ ਲੰਘਣ ਦਿੱਤਾ। 15 ਸਤੰਬਰ ਨੂੰ ਅਸੀਂ ਜੜ੍ਹਾਂ ਵਾਲੇ ਕੈਂਪ ਤੋਂ ਦਸ ਮੀਲ ਦੇ ਫਾਸਲੇ ਉੱਤੇ ਸਿੱਖਾਂ ਦੇ ਇਕ ਉਜੜੇ ਹੋਏ ਪਿੰਡ ਵਿਚ ਕਿਆਮ ਕੀਤਾ। ਪਰਿਵਾਰ ਵਿਚ ਫੈਸਲਾ ਹੋਇਆ ਕਿ ਕੁਝ ਜੀਅ ਗੱਡਿਆਂ ਨਾਲ ਚਲੇ ਜਾਣ ਅਤੇ ਬਾਕੀ ਕੈਂਪਾਂ ਵਿਚ ਰਹਿ ਜਾਣ। ਮੇਰੇ ਭਾਬੀ ਜੀ, ਅਰਥਾਤ ਮੇਰੀ ਮਾਸੀ ਮਾਂ, ਮੈਂ, ਛੋਟਾ ਭਰਾ ਦਲਜੀਤ ਸਿੰਘ ਅਤੇ ਆਹਲੂਵਾਲੀਆ ਪਰਿਵਾਰ ਦੀ ਇੱਕ ਲੜਕੀ ਮਾਸੜ ਜੀ ਦੇ ਨਾਲ ਕੈਂਪਾਂ ਵਿਚ ਚਲੇ ਗਏ।

ਜੜ੍ਹਾਂ ਵਾਲੇ ਦਾ ਇਹ ਕੈਂਪ ਸਰਕਾਰੀ ਤੌਰ ਉੱਤੇ ਕਾਇਮ ਕੀਤਾ ਗਿਆ ਸੀ ਅਤੇ ਇਸਦਾ ਮਕਸਦ ਲੋਕਾਂ ਨੂੰ ਕੁਝ ਚਿਰ ਲਈ ਸੁਰੱਖਿਅਤ ਟਿਕਾਣਾ ਮੁਹੱਈਆ ਕਰਕੇ, ਟਰੱਕਾਂ ਦੇ ਕਾਨਵਾਏ ਰਾਹੀਂ ਅੰਮ੍ਰਿਤਸਰ ਪਹੁੰਚਾਉਣਾ ਸੀ। ਸਾਡੇ ਪਹੁੰਚਣ ਤੋਂ ਪਹਿਲਾਂ 8 ਸਤੰਬਰ ਨੂੰ ਜੜ੍ਹਾਂ ਵਾਲੇ ਵਿਚ ਇੱਕ ਬਹੁਤ ਵੱਡਾ ਕਤਲਾਮ ਹੋ ਚੁੱਕਾ ਸੀ। ਹਮਲਾਵਰਾਂ ਨੇ ਮੰਡੀ ਦੇ ਦਰਵਾਜ਼ੇ ਬੰਦ ਕਰਕੇ ਹਿੰਦੂਆਂ, ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਦੱਸਿਆ ਗਿਆ ਸੀ ਕਿ ਪੰਝੀ ਹਜ਼ਾਰ ਲੋਕਾਂ ਵਿਚੋਂ ਕੁਝ ਸੈਂਕੜੇ ਹੀ ਬਚੇ ਸਨ। ਇਸ ਹਮਲੇ ਵਿਚ ਮੁਸਲਿਮ ਮਿਲਟਰੀ ਨੇ ਵੀ ਹਿੱਸਾ ਲਿਆ ਸੀ। ਲੋਕਾਂ ਦੇ ਘਰਾਂ ਦਾ ਸਮਾਨ ਲੁੱਟ ਲਿਆ ਗਿਆ ਸੀ। ਇਹ ਐਲਾਨ ਵੀ ਕੀਤਾ ਗਿਆ ਸੀ ਕਿ ਜੜ੍ਹਾਂ ਵਾਲੇ ਵਿਚ ਇਕ ਵੀ ਸਿੱਖ ਨਹੀਂ ਰਹਿਣ ਦਿੱਤਾ ਜਾਵੇਗਾ। ਸਫ਼ਾਈ ਦੇ ਖ਼ਰਾਬ ਹਾਲਤ ਕਾਰਨ ਕੈਂਪਾਂ ਵਿਚ ਹੈਜ਼ੇ ਨਾਲ ਵੀ ਕਈ ਮੌਤਾਂ ਹੋਈਆਂ ਸਨ। ਇਥੇ ਅਧਿਕਾਰੀਆਂ ਵਲੋਂ ਕਈ ਵਾਰ ਇਹ ਮੁਨਾਦੀ ਕਰਾਈ ਗਈ ਕਿ ਕੈਂਪ ਖਾਲੀ ਕਰ ਦਿੱਤਾ ਜਾਵੇ, ਪਰ ਲੋਕ ਤਿਆਰ ਨਹੀਂ ਸਨ। 23 ਸਤੰਬਰ ਨੂੰ ਫੇਰ ਮੁਨਾਦੀ ਹੋਈ। ਇਸ ਵਾਰ ਲੋਕਾਂ ਨੂੰ ਜਬਰਦਸਤੀ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਚਾਦਰਾਂ ਦੇ ਤੰਬੂ ਲਾ ਕੇ ਗੁਜ਼ਾਰਾ ਕੀਤਾ। ਪਿੰਡ ਦੀ ਇਕ ਨੌਜਵਾਨ ਲੜਕੀ ਦੀ ਮੌਤ ਹੋ ਗਈ ਸੀ। ਪਰ ਜਦ ਅਸੀਂ ਉਸ ਦੇ ਸਸਕਾਰ ਵਾਸਤੇ ਕੈਂਪ ਇੰਚਾਰਜ ਕੋਲ ਗਏ ਤਾਂ ਉਸਨੇ ਕੋਰਾ ਜਵਾਬ ਦਿੱਤਾ। ਅਖ਼ੀਰ ਇਕ ਡੋਗਰੇ ਹਵਾਲਦਾਰ ਦੀ ਮਦਦ ਨਾਲ ਉਸਦਾ ਸਸਕਾਰ ਹੋ ਸਕਿਆ। ਕੈਂਪ ਦਾ ਇੰਚਾਰਜ ਸਿੱਖ ਅਫ਼ਸਰ ਜਿੰਨਾ ਕੁਰੱਪਟ ਸੀ, ਫੌਜੀ ਯੂਨਿਟ ਦਾ ਮੁਖੀ, ਜਿਸ ਦਾ ਨਾਂ ਸ਼ਾਇਦ ਰਾਮ ਸਿੰਘ ਸੀ, ਓਨਾ ਹੀ ਇਮਾਨਦਾਰ ਅਤੇ ਦਲੇਰ ਸੀ। ਉਸਨੇ ਮੁਸਲਮਾਨ ਪਤਵੰਤਿਆਂ ਤੱਕ ਵੀ ਪਹੁੰਚ ਕੀਤੀ ਅਤੇ ਲੋਕਾਂ ਨੂੰ ਸੁਰੱਖਿਅਤ ਰੱਖਣ ਦੇ ਸਾਰੇ ਉਪਰਾਲੇ ਵੀ ਕੀਤੇ। ਪਰ ਜਦੋਂ ਉਹ ਇਕ ਨਜ਼ਦੀਕੀ ਕਸਬੇ ਵਿਚੋਂ ਹਿੰਦੂ, ਸਿੱਖ ਪਰਿਵਾਰਾਂ ਨੂੰ ਕੱਢ ਕੇ ਲਿਆ ਰਿਹਾ ਸੀ ਤਾਂ ਉਸਨੂੰ ਫ਼ਸਾਦੀਆਂ ਨੇ ਘਾਤ ਲਾ ਕੇ ਮਾਰ ਦਿੱਤਾ ਸੀ। ਇਕ ਘਟਨਾ ਕਾਰਨ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸ ਤਰ੍ਹਾਂ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਕਰਦੇ ਹੋਏ ਅਸੀਂ ਕੈਂਪ ਵਿਚੋਂ ਅਖ਼ੀਰ 10 ਅਕਤੂਬਰ ਨੂੰ ਟਰੱਕ ਉੱਤੇ ਸਰਹੱਦ ਪਾਰ ਕਰਕੇ ਅੰਮ੍ਰਿਤਸਰ ਪਹੁੰਚ ਗਏ।



ਜਿੱਥੇ ਛੇਹਰਟੇ ਵਿਚ ਇਕ ਰਫ਼ਿਊਜੀ ਕੈਂਪ ਬਣਾਇਆ ਗਿਆ ਸੀ। ਜੜ੍ਹਾਂ ਵਾਲੇ ਤੋਂ ਟਰੱਕਾਂ ਦੇ ਕਾਨਵਾਏ ਕੁਝ ਦਿਨਾਂ ਦੇ ਵਕਫੇ ਨਾਲ ਤੋਰੇ ਜਾਂਦੇ ਸਨ ਅਤੇ ਕੈਂਪ ਇੰਚਾਰਜ ਵਲੋਂ ਰਿਸ਼ਵਤ ਲੈ ਕੇ ਪਹਿਲ ਦੇ ਆਧਾਰ ਉੱਤੇ ਭੇਜਣ ਦੀ ਚਰਚਾ ਵੀ ਸੀ। ਬਾਕੀਆਂ ਨੂੰ ਧੱਕੇ-ਧੜੇ ਖਾ ਕੇ ਹੀ ਚੜ੍ਹਨ ਦਾ ਮੌਕਾ ਮਿਲਦਾ ਸੀ। ਮੇਰੇ ਤਾਇਆ ਜੀ ਸ. ਅਮਰ ਸਿੰਘ ਅਤੇ ਮੇਰਾ ਵੱਡਾ ਭਰਾ ਦਲੀਪ ਸਿੰਘ ਕਾਫ਼ਲੇ ਨਾਲ ਸਰਹੱਦ ਪਾਰ ਕਰ ਗਏ ਸਨ। ਅੰਮ੍ਰਿਤਸਰ ਪਹੁੰਚ ਕੇ ਅਸੀਂ ਇਕ-ਦੂਜੇ ਨੂੰ ਲੱਭਦੇ-ਲਭਾਉਂਦੇ ਇਕੱਠੇ ਹੋ ਗਏ ਸਾਂ। ਮੈਂ ਅਤੇ ਭਾਬੀ ਜੀ ਸੰਤੋਖ ਸਰ ਪਹੁੰਚ ਗਏ, ਜਿੱਥੇ ਤਾਇਆ ਜੀ ਇਕ ਚੁਬਾਰੇ ਵਿਚ ਕਿਰਾਏ ਉੱਤੇ ਰਹਿੰਦੇ ਸਨ। ਮਾਸੜ ਜੀ, ਮਾਸੀ ਜੀ ਅਤੇ ਦਲਜੀਤ ਸਿੰਘ ਰਣਜੀਤਪੁਰਾ ਕੈਂਪ ਵਿਚ ਚਲੇ ਗਏ। ਸੰਤੋਖਸਰ ਵਾਲਾ ਘਰ ਮੇਰੀ ਦੂਜੀ ਮਾਸੀ ਦੇ ਪਰਿਵਾਰ ਨੇ ਪਹਿਲਾਂ ਹੀ ਮੱਲ ਲਿਆ ਸੀ। ਰਣਜੀਤਪੁਰਾ ਕੈਂਪ ਵਿਚ ਲੰਗਰ ਦਾ ਪ੍ਰਬੰਧ ਪਹਿਲੀ ਮੰਜ਼ਿਲ ਉੱਤੇ ਸੀ। ਪਰ ਕੇਵਲ ਇਕ ਰੋਟੀ ਅਤੇ ਦੋ ਕੜਛੀਆਂ ਦਾਲ ਹੀ ਇਥੋਂ ਇਕ ਜੀਅ ਨੂੰ ਪ੍ਰਾਪਤ ਹੁੰਦੀ ਸੀ। ਤੰਗ ਪੌੜੀਆਂ ਵਿਚ ਭੀੜ ਹੋ ਜਾਂਦੀ ਸੀ ਅਤੇ ਰਾਸ਼ਨ ਲੈ ਕੇ ਉਤਰਦਿਆਂ ਅਕਸਰ ਹੀ ਕੱਪੜੇ ਦਾਲ ਨਾਲ ਲਿੱਬੜ ਜਾਂਦੇ ਸਨ। ਲੋਕ ਪ੍ਰਬੰਧਕਾਂ ਨੂੰ ਮਨ-ਆਈਆਂ ਗਾਲ੍ਹਾਂ ਵੀ ਕੱਢ ਲੈਂਦੇ ਸਨ।

ਸਰਕਾਰ ਦੇ ਮੁੜ-ਵਸਾਊ ਮਹਿਕਮੇ ਨੇ ਪੂਰਬੀ ਪੰਜਾਬ ਦੀਆਂ ਉਨ੍ਹਾਂ ਜ਼ਮੀਨਾਂ ਨੂੰ ਜਿਹੜੀਆਂ ਵਿਚੋਂ ਉੱਜੜ ਕੇ ਮੁਸਲਮਾਨ ਨਿਕਲੇ ਸਨ, ਪਾਕਿਸਤਾਨ ਵਿਚੋਂ ਆਏ ਮਾਲਕ ਕਿਸਾਨਾਂ ਨੂੰ ਅਲਾਟ ਕਰ ਦਿੱਤੀਆਂ ਸਨ। ਇਸ ਨੂੰ ਕੱਚੀ ਅਲਾਟਮੈਂਟ ਕਿਹਾ ਗਿਆ ਸੀ ਕਿਉਂਕਿ ਬਾਅਦ ਵਿਚ ਇਸ ਵਿਚ ਅਦਲਾ-ਬਦਲੀ ਦੀ ਗੁੰਜਾਇਸ਼ ਸੀ। ਇਨ੍ਹਾਂ ਇਲਾਕਿਆਂ ਵਿਚੋਂ ਮੁਸਲਮਾਨਾਂ ਦਾ ਨਿਕਾਸ ਵੀ ਬਿਲਕੁਲ ਉਸੇ ਤਰ੍ਹਾਂ ਦਾ ਸੀ ਜਿਸ ਤਰ੍ਹਾਂ ਦਾ ਹਿੰਦੂਆਂ ਸਿੱਖਾਂ ਦਾ ਪੱਛਮੀ ਪੰਜਾਬ ਵਿਚੋਂ। ਇਹ ਲੋਕ ਵੀ ਹਜੂਮਾਂ ਦੇ ਜ਼ੁਲਮਾਂ ਦਾ ਉਸੇ ਤਰ੍ਹਾਂ ਸ਼ਿਕਾਰ ਹੋਏ ਸਨ। ਮੈਂ ਤਾਂ ਅੰਮ੍ਰਿਤਸਰ ਵਿਚ ਖਾਲਸਾ ਕਾਲਜ ਵਿਚ ਦਾਖਲਾ ਲੈ ਕੇ ਆਪਣੀ ਬੀ. ਐਸ. ਸੀ. ਦੀ ਪੜ੍ਹਾਈ ਮੁਕੰਮਲ ਕਰਨ ਵਿਚ ਜੁੱਟ ਗਿਆ ਪਰ ਮਾਸੜ ਜੀ ਨੇ ਜ਼ਮੀਨ ਦੀ ਅਲਾਟਮੈਂਟ ਲਈ ਜਿੰਨੇ ਕਸ਼ਟ ਭੋਗੇ ਉਹ ਬਿਆਨ ਤੋਂ ਬਾਹਰ ਹਨ। ਪਹਿਲਾਂ ਦੋਰਾਹਾ, ਫਿਰ ਮਿਆਣੀ ਅਤੇ ਅਖ਼ੀਰ ਬ੍ਰਸੋਵਾਲ ਆ ਵੱਸਣ ਤੱਕ ਕਦੇ ਵੀ ਮਾਲੀ ਹਾਲਤ ਚੰਗੀ ਨਾ ਹੋ ਸਕੀ। ਬ੍ਰਸੋਵਾਲ ਵਿਚ ਵੀ ਕਈ ਵਰ੍ਹੇ ਵੇਈਂ ਵਿਚ ਹੜ੍ਹ ਆ ਜਾਣ ਨਾਲ ਫ਼ਸਲ ਬਰਬਾਦ ਹੁੰਦੀ ਰਹੀ ਅਤੇ ਬਹੁਤ ਪਿੱਛੋਂ ਜਾ ਕੇ ਉਹ ਵਕਤ ਆਇਆ ਜਦੋਂ 47 ਦਾ ਦੁੱਖ ਭੁਲਾਇਆ ਜਾ ਸਕਿਆ ਸੀ। ਇਹ ਹਾਲਤ ਉਨ੍ਹਾਂ ਦੋ ਕਿਸਾਨ ਭਰਾਵਾਂ ਦੀ ਸੀ ਜਿਨ੍ਹਾਂ ਕੋਲ ਵੰਡ ਤੋਂ ਪਹਿਲਾਂ ਦੋ ਮੁਰੱਬੇ ਦੇ ਕਰੀਬ ਜ਼ਮੀਨ ਸੀ। ਫਿਰ ਵੀ ਪਹੁੰਚ ਅਤੇ ਸੰਪਰਕ ਵਾਲੇ ਲੋਕਾਂ ਨੇ ਸਮੇਂ ਸਿਰ ਚੰਗੀਆਂ ਜ਼ਮੀਨਾਂ ਅਲਾਟ ਕਰਾ ਲਈਆਂ ਸਨ। ਉਨ੍ਹਾਂ ਨੂੰ ਇਹ ਅਣਇੱਛਤ ਭਟਕਣ ਭੋਗਣੀ ਨਹੀਂ ਪਈ ਸੀ। •

**ਪਤਾ - 1126 ਸੈਕਟਰ 71, ਮੋਹਾਲੀ (160071)**

# 'ਟੋਬਾ ਟੇਕ ਸਿੰਘ' ਤੋਂ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਤੱਕ

ਆਤਮਜੀਤ

ਜਦੋਂ ਵੀ ਪਾਕਿਸਤਾਨ ਦਾ ਨਾਂ ਮੇਰੀਆਂ ਅੱਖਾਂ, ਕੰਨਾਂ ਜਾਂ ਜ਼ਿਹਨ ਵਿਚ ਆਉਂਦਾ ਹੈ ਤਾਂ ਬਹੁਤ ਸਾਰੇ ਖ਼ਿਆਲ ਇੱਕੋ ਸਮੇਂ ਘੇਰਾ ਪਾ ਲੈਂਦੇ ਹਨ। ਪਾਕਿਸਤਾਨ ਦਾ ਮੇਰੇ ਲਈ ਅਰਥ ਹੈ ਵੱਡਾ ਸਾਰਾ ਪੰਜਾਬ, ਅਮੀਰ ਪੰਜਾਬੀ ਬੋਲੀ, ਖੁਲ੍ਹ-ਖੁਲਾਸਾ ਸੁਭਾਅ, ਇਕ-ਦੂਸਰੇ ਦੇ ਕੰਮ ਆਉਣ ਦੀ ਸਾਂਝੀ ਵਿਰਾਸਤ, ਸੂਫ਼ੀ-ਸੰਤਾਂ ਦੀ ਪਾਕੀਜ਼ਗੀ, ਬੇਬਾਕੀ ਅਤੇ ਪਾਰਦਰਸ਼ਤਾ। ਮੈਨੂੰ ਪਾਕਿਸਤਾਨ ਵਿਚ ਸ਼ੇਖ਼ ਫ਼ਰੀਦ, ਬਾਬਾ ਨਾਨਕ, ਬੁਲ੍ਹਾ ਸ਼ਾਹ ਤੇ ਵਾਰਸ ਸ਼ਾਹ ਲੱਭਦੇ ਹਨ; ਉੱਥੇ ਹਾਸ਼ਮ, ਬਾਹੂ, ਬੜੇ ਗੁਲਾਮ ਅਲੀ ਖਾਂ, ਅਮਾਨਤ ਅਲੀ ਤੇ ਨੁਸਰਤ ਫ਼ਤਹਿ ਅਲੀ ਦਿੱਸਦੇ ਹਨ। ਪਰ ਅਸਲ ਵਿਚ ਇਹ ਸਿਰਫ਼ ਮੇਰੇ ਖ਼ਿਆਲਾਂ ਦੀ ਦੁਨੀਆਂ ਹੈ। ਹਕੀਕਤ ਇਸ ਤਰ੍ਹਾਂ ਦੀ ਨਹੀਂ, ਇਸ ਤੋਂ ਉਲਟ ਘਿਣਾਉਣੀ ਵੀ ਹੈ। ਯਥਾਰਥ ਵਿਚ ਮੈਨੂੰ ਸਿਆਸੀ ਲੋਕਾਂ ਦੇ ਕਈ ਘਟੀਆ ਬਿਆਨ ਸੁਣਦੇ ਹਨ; ਅਖ਼ਬਾਰੀ ਕਾਲਮਾਂ ਅਤੇ ਟੀ ਵੀ ਚੈਨਲਾਂ ਦੇ ਵਿਸ਼ੇਸ਼ਗਾਂ ਨੂੰ ਇਸ ਮਸਲੇ 'ਤੇ ਅਕਸਰ ਗਿਆਨ ਰਿੜਕਦਿਆਂ ਸੁਣਿਆਂ ਜਾ ਸਕਦਾ ਹੈ। ਤੇ ਉਹ ਕੋਈ ਕੋਰਾ ਝੂਠ ਵੀ ਨਹੀਂ ਬੋਲ ਰਹੇ ਹੁੰਦੇ! 26/11 ਨੂੰ ਮੁੰਬਈ ਵਿਚ ਕੀ ਨਹੀਂ ਹੋਇਆ! ਕਸ਼ਮੀਰ ਵਿੱਚ ਹਰ ਦੂਜੇ ਦਿਨ ਕੀ ਨਹੀਂ ਵਾਪਰਦਾ! ਹਰੇਕ ਢਲਦੀ ਸ਼ਾਮ ਵਾਹਗਾ ਬਾਰਡਰ ਦੇ ਦੋਵੇਂ ਪਾਸੇ ਜਿਹੜਾ ਤਮਾਸ਼ਾ ਦੋਹਾਂ ਦੇਸ਼ਾਂ ਦੇ ਸਿਪਾਹੀ ਕਰਦੇ ਹਨ, ਉਹ ਇਕ ਅਜਿਹਾ ਥੀਏਟਰ ਹੈ ਜਿਹੜਾ ਨਫ਼ਰਤ ਦੀ ਸਕ੍ਰਿਪਟ ਨੂੰ ਵਾਰ-ਵਾਰ ਪੇਸ਼ ਕਰ ਰਿਹਾ ਹੈ। ਇਸ ਸਕ੍ਰਿਪਟ ਦਾ ਲੇਖਕ ਕੌਣ ਹੈ? ਇਸ ਨਾਟਕ ਦਾ ਨਿਰਦੇਸ਼ਕ ਕੌਣ ਹੈ? ਇਹਨਾਂ ਦੋਹਾਂ ਸਵਾਲਾਂ ਦਾ ਮੇਰੇ ਕੋਲ ਕੋਈ ਠੋਸ ਉੱਤਰ ਨਹੀਂ ਹੈ। ਇਸ ਸਕ੍ਰਿਪਟ ਦੇ ਹੇਠਾਂ ਫ਼ਰੀਦ ਨੂੰ ਪੜ੍ਹਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਬਾਰਡਰ ਨਾਂ ਦੀ ਇਕ ਲੰਮੀ ਲੀਕ ਵੀ ਦਿਖਾਈ ਦੇਂਦੀ ਹੈ। ਰਫ਼ਲਾਂ ਨੂੰ ਹੱਥਾਂ ਵਿਚ ਲੈ ਕੇ ਕੀਤੀ ਜਾਂਦੀ ਡਰਾਉਣੀ ਪਰੇਡ ਵੱਲ ਧਿਆਨ ਜਾਂਦਾ ਹੈ ਤਾਂ ਉੱਥੋਂ ਹੀ ਕਿਤਿਉਂ ਸਾਂਝੇ ਲੋਕ-ਗੀਤਾਂ ਦੇ ਮਾਖਿਉਂ-ਮਿੱਠੇ ਰਸ ਦਾ ਸੁਆਦ ਸਤਾਉਂਦਾ ਹੈ। ਇਵੇਂ ਹੀ ਜਦੋਂ ਬਾਰਡਰ ਉੱਤੇ ਪਰੇਡ ਕਰਦੇ ਚਮਕਦੇ ਬੂਟਾਂ ਦੀ ਠੱਕ-ਠੱਕ ਦੀ ਆਵਾਜ਼ ਜਾਂ ਵਾਰ-ਵਾਰ ਲੜੀਆਂ ਗਈਆਂ ਜੰਗਾਂ ਦੇ ਜੈਕਾਰੇ ਅਤੇ ਲਲਕਾਰੇ ਸੁਣਦਾ ਹਾਂ ਤਾਂ ਉਹਨਾਂ ਹੇਠੋਂ ਕਿਤਿਉਂ ਗ਼ਜ਼ਲਾਂ, ਗੀਤਾਂ ਅਤੇ ਖ਼ਿਆਲਾਂ ਦੀ ਧੁਨੀ ਵੀ ਸੁਣਾਈ ਦੇਂਦੀ ਹੈ।

ਮੈਂ ਹੈਰਾਨ ਹਾਂ ਕਿ ਮੈਨੂੰ ਕੀ ਹੋ ਗਿਆ ਹੈ? ਇਤਿਹਾਸ ਦੀਆਂ ਨਜ਼ਰਾਂ ਵਿੱਚ 1947 'ਚ ਹਿੰਦੁਸਤਾਨ ਦੀ ਵੰਡ ਹੋਈ ਸੀ ਅਤੇ ਦੋ ਦੇਸ਼ ਬਣ ਗਏ ਸਨ; ਮੈਨੂੰ ਲੱਗਦਾ ਹੈ ਕਿ ਦੇਸ਼ ਨਹੀਂ ਮੈਂ ਵੰਡਿਆ ਗਿਆ ਹਾਂ; ਅੱਧਾ ਹੋ ਗਿਆ ਹਾਂ-ਅਧੂਰਾ। ਸੰਤਾਲੀ ਵਿੱਚ ਵੰਡ ਹੋਈ ਤੇ ਪੰਜਾਹ ਵਿੱਚ ਮੇਰਾ ਜਨਮ ਹੋਇਆ; ਸਮਝ ਨਹੀਂ ਆਉਂਦੀ ਫਿਰ ਮੈਂ ਅਧੂਰਾ ਕਿਉਂ ਹਾਂ! ਮਹਾਂਰਾਸ਼ਟਰ ਜਾਂ



ਅੰਧਰਾ ਵਿੱਚ ਰਹਿਣ ਵਾਲੇ ਇਨਸਾਨ ਨੂੰ ਸ਼ਾਇਦ ਮੇਰਾ ਦਰਦ ਉੱਕਾ ਹੀ ਸਮਝ ਨਹੀਂ ਆਵੇਗਾ; ਦਿੱਲੀ ਵਾਲੇ ਨੂੰ ਵੀ ਨਹੀਂ। ਕੁਝ ਸਾਲ ਪਹਿਲਾਂ ਕਰਨਾਟਕਾ ਦੇ ਜ਼ਿਲ੍ਹਾ ਸ਼ਿਮੋਗਾ ਵਿੱਚ ਮੇਰੇ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੇ ਕੰਨੜ ਅਨੁਵਾਦ ਦਾ ਪਾਠ ਹੋਇਆ ਸੀ। ਪ੍ਰਸੰਗ ਸੀ ਕਰਨਾਟਕਾ ਵਿੱਚ ਉੱਭਰ ਰਿਹਾ ਹਿੰਦੂਤਵ । ਕੁਝ ਮਹੀਨਿਆਂ ਬਾਦ ਉਸੇ ਰਾਜ ਵਿੱਚ ਮੈਨੂੰ ਖੁਦ ਇਕ ਭਾਸ਼ਣ ਕਰਨ ਦਾ ਮੌਕਾ ਮਿਲਿਆ। ਸਾਗਰ ਨਾਂ ਦੇ ਕਸਬੇ ਵਿੱਚ ਇਕ ਕਾਲਜ ਵਿੱਚ ਜਦੋਂ ਮੈਂ ਇਸੇ ਨਾਟਕ ਦਾ ਜ਼ਿਕਰ ਕੀਤਾ ਤਾਂ ਮੈਨੂੰ ਇਹਸਾਸ ਹੋਇਆ ਕਿ ਜਿਹੜਾ ਨਾਟਕ ਸਾਡੀ ਹਕੀਕਤ ਦੇ ਵਿੱਚ ਇੰਨਾਂ ਭਿੱਜਿਆ ਹੋਇਆ ਹੈ ਉਹ ਉੱਥੋਂ ਦੀਆਂ ਹਕੀਕਤਾਂ ਵਿੱਚ ਸਿਰਫ਼ ਨਾਟਕੀ ਸੀ। ਗੱਲ ਨੂੰ ਖੋਹਲ ਕੇ ਸਮਝਾਉਣਾ ਪੈ ਰਿਹਾ ਸੀ। ਇਸ ਮਰਮ ਦੀ ਡੂੰਘਾਈ ਨੂੰ ਜਰਮਨੀ, ਵੀਅਤਨਾਮ, ਕੋਰੀਆ, ਬੰਗਾਲ ਅਤੇ ਕਸ਼ਮੀਰ ਦੇ ਲੋਕ ਹੀ ਸਮਝ ਸਕਦੇ ਹਨ। ਨਾਗਪੁਰ ਜਾਂ ਕਾਨਪੁਰ ਵਿੱਚ ਰਹਿਣ ਵਾਲਾ ਸ਼ਖ਼ਸ ਅੰਮ੍ਰਿਤਸਰ ਦੇ ਉਸ ਵਾਸੀ ਦੀ ਤਕਲੀਫ਼ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ ਜਿਹੜਾ 20 ਮੀਲ ਪਰੇ ਆਪਣੀ ਹੀ ਬੋਲੀ ਬੋਲਣ ਵਾਲਿਆਂ ਕੋਲ ਨਹੀਂ ਜਾ ਸਕਦਾ; ਦੋਹਵਾਂ ਦੀ ਮੱਕੀ ਦੀ ਰੋਟੀ ਅਤੇ ਸਾਗ ਦੀ ਵਾਸ਼ਨਾ ਤਾਂ ਇੱਕ ਦੂਸਰੀ ਵਿੱਚ ਘੁਲ ਮਿਲ ਸਕਦੀ ਹੈ ਪਰ ਉਹਨਾਂ ਨੂੰ ਖਾਣ ਵਾਲਿਆਂ ਵਿੱਚਕਾਰ ਸੱਤਾਂ ਸਮੁੰਦਰਾਂ ਵਾਲੀ ਵਿਥ ਪੂਰੀ ਨਹੀਂ ਹੁੰਦੀ। ਜੇ ਡੇਰਾ ਬਾਬਾ ਨਾਨਕ ਵਿੱਚ ਰਹਿੰਦੇ ਕਿਸੇ ਬੰਦੇ ਨੇ ਰਾਵੀਉਂ ਪਾਰਲੇ ਖੇਤ ਦੇ ਕਮਾਦ ਦਾ ਰਸ ਚੱਖਣਾ ਹੋਵੇ ਤਾਂ ਉਸਨੂੰ ਪਹਿਲਾਂ ਦਿੱਲੀ ਜਾਣਾ ਪੈਂਦਾ ਹੈ; ਬਹੁਤ ਸਾਰੀਆਂ ਫ਼ਾਈਲਾਂ ਵਿੱਚੋਂ ਲੰਘ ਕੇ 'ਤੇ ਹਜ਼ਾਰ ਮੀਲਾਂ ਦਾ ਸਫ਼ਰ ਤੈਅ ਕਰਕੇ ਉਹ ਉਸ ਖੂਹ ਦਾ ਪਾਣੀ ਪੀ ਸਕਦਾ ਹੈ ਜਿਸਦੇ ਗਿੜਨ ਦੀ ਆਵਾਜ਼ ਓਸ ਨੂੰ ਰੋਜ਼ ਸੁਣਦੀ ਹੈ। ਕਿਸੇ ਵੀ ਹੋਰ ਸਭਿਆਚਾਰ ਦਾ ਬੰਦਾ ਮੇਰੀਆਂ ਗੱਲਾਂ ਉੱਤੇ ਹੱਸ ਸਕਦਾ ਹੈ 'ਤੇ ਇਨ੍ਹਾਂ ਨੂੰ ਨਿਰੋਲ ਭਾਵੁਕਤਾ ਦੀ ਉਪਜ ਮੰਨ ਸਕਦਾ ਹੈ। ਕਿਸੇ ਹੱਦ ਤੱਕ ਇਹ ਝੂਠ ਵੀ ਨਹੀਂ। ਇਕ ਮੁਲਕ ਦਾ ਬੰਦਾ ਭਲਾ ਦੂਸਰੇ ਵਿੱਚ ਆਪਣੀ ਮਰਜ਼ੀ ਨਾਲ ਕਿਵੇਂ ਜਾ ਸਕਦਾ ਹੈ? ਦੂਸਰੇ ਮੁਲਕ ਦੀ ਮਰਜ਼ੀ ਤੋਂ ਬਿਨਾ ਕਿਸੇ ਦਾ ਕੀ ਹੱਕ ਹੈ ਕਿ ਉਸ ਦੇ ਅੰਦਰ ਜਦੋਂ ਚਾਹੇ ਜਾ ਵੜੇ ? ਮੈਂ ਆਪਣੇ ਆਪ ਨੂੰ ਵੀ ਸਵਾਲ ਕਰ ਸਕਦਾ ਹਾਂ ਕੀ ਮੈਂ ਪਾਕਿਸਤਾਨ ਨੂੰ ਤੋੜਨਾ ਚਾਹੁੰਦਾ ਹਾਂ? ਕੀ ਮੈਂ ਆਪਣੀਆਂ ਇੱਛਾਵਾਂ ਖ਼ਾਤਿਰ ਹਿੰਦੁਸਤਾਨ ਨੂੰ ਖ਼ਤਮ ਕਰਨਾ ਚਾਹੁੰਦਾ ਹਾਂ? ਕੀ ਮੈਂ ਸਰਹੱਦਾਂ ਦਾ ਵਿਰੋਧ ਕਰ ਰਿਹਾ ਹਾਂ?

ਦਰਅਸਲ ਮੈਂ ਇੰਨਾ ਮਾਸੂਮ ਨਹੀਂ ਕਿ ਬਣ ਚੁੱਕੀਆਂ ਸਰਹੱਦਾਂ ਦੀ ਅਸਲੀਅਤ ਨੂੰ ਨਾ ਜਾਣਦਾ ਹੋਵਾਂ। ਇਹ ਸਰਹੱਦਾਂ ਸਲਤਨਤਾਂ ਦੀਆਂ ਪ੍ਰਤੀਕ ਹਨ; ਉਹਨਾਂ ਦੇ ਸ਼ਾਸਕ ਆਪਣੀ ਸੱਤਾ ਨੂੰ ਕਦੇ ਵੀ ਨਹੀਂ ਛੱਡ ਸਕਦੇ। ਉਹ ਆਪਣੀ ਸਿਰਜੀ ਨਵੀਂ ਸੱਤਾ ਨੂੰ ਹਰ ਹਾਲਤ ਵਿੱਚ ਬਚਾ ਕੇ ਰੱਖਣਗੇ; ਉਹ ਤਾਂ ਸਗੋਂ ਉਨ੍ਹਾਂ ਲੋਕਾਂ ਨੂੰ ਮਾਰਨਗੇ ਜਿਹੜੇ ਸਰਹੱਦਾਂ ਨੂੰ ਤੋੜਨ ਦੀ ਬਾਤ ਪਾਉਣਗੇ, ਸੱਤਾਵਾਨਾਂ ਕੋਲ ਕੋਈ ਹੋਰ ਰਾਹ ਵੀ ਨਹੀਂ ਹੈ। ਮੈਂ ਇਹ ਵੀ ਜਾਣਦਾ ਹਾਂ ਕਿ ਨਿੱਤ ਦਿਹਾੜੇ ਨਵੀਆਂ ਹੱਦਾਂ ਅਤੇ ਨਵੇਂ ਪਾਕਿਸਤਾਨਾਂ ਦੀ ਮੰਗ ਵੀ ਇਸੇ ਸੱਤਾ ਨੂੰ ਹੋਰ ਵੰਡਾਉਣ ਲਈ ਉਠਦੀ

ਹੈ। ਜਿੱਥੇ ਹਰ ਰੋਜ਼ ਨਵੇਂ ਜ਼ਿਲ੍ਹੇ, ਨਵੇਂ ਰਾਜ ਤੇ ਨਵੇਂ ਮੁਲਕ ਮੰਗੇ ਜਾ ਰਹੇ ਹੋਣ ਜਾਂ ਬਣ ਰਹੇ ਹੋਣ, ਉੱਥੇ ਬਣਿਆਂ ਹੋਇਆਂ ਨੂੰ ਢਾਹੁਣਾ ਇੱਕ ਖ਼ਾਮ-ਖ਼ਿਆਲੀ ਤੋਂ ਵਧ ਕੁਝ ਨਹੀਂ। ਪਰ ਜੇ ਕੈਨੇਡਾ ਦੇ ਹੈਮਿਲਟਨ ਵਿਚ ਰਹਿੰਦਾ ਪੰਜਾਬੀ ਅਸਾਨੀ ਨਾਲ ਅਮਰੀਕਾ ਵਿੱਚ ਆ-ਜਾ ਸਕਦਾ ਹੈ; ਇੰਗਲੈਂਡ ਅਤੇ ਫਰਾਂਸ ਦੀਆਂ ਸਰਹੱਦਾਂ ਲਚਕੀਲੀਆ ਹੋ ਸਕਦੀਆਂ ਹਨ; ਜੇਕਰ ਸਿੰਘਾਪੁਰ ਅਤੇ ਮਲੇਸ਼ੀਆ ਦੇ ਲੋਕਾਂ ਦੀ ਆਪੋ ਵਿੱਚ ਆਮਦੋ-ਰਫ਼ਤ ਦੀ ਕੋਈ ਸਮੱਸਿਆ ਨਹੀਂ ਤਾਂ ਪੰਜਾਬੀਆਂ ਲਈ ਆਪਣੀ ਧਰਤੀ ਉੱਤੇ ਇਹ ਮੁਸ਼ਕਲ ਕਿਉਂ ਹੈ?

ਜਦੋਂ ਮੰਟੋ ਦੀ ਕਹਾਣੀ ਦਾ ਬਿਸ਼ਨ ਸਿੰਘ (ਨਾਟਕ ਵਿੱਚ ਬਚਨ ਸਿੰਘ) ਹਿੰਦੁਸਤਾਨ ਅਤੇ ਪਾਕਿਸਤਾਨ ਦੋਹਾਂ ਨੂੰ ਰੱਦ ਕਰਦਾ ਹੈ ਅਤੇ ਉਹਨਾਂ ਨਾਲੋਂ ਆਪਣੇ ਪਿੰਡ ਨੂੰ ਤਰਜੀਹ ਦੇਂਦਾ ਹੈ ਤਾਂ ਉਹ ਕੋਈ ਰਾਜਸੀ ਨਾਰਾ ਨਹੀਂ ਲਾ ਰਿਹਾ; ਉਹ ਸਭਿਆਚਾਰਕ ਜਾਂ ਸਕਾਫ਼ਤੀ ਦਰਦ ਪ੍ਰਗਟਾ ਰਿਹਾ ਹੈ। ਬੰਦੇ ਲਈ ਮੁਲਕਾਂ ਦੇ ਰਾਜਸੀ ਰਾਸ਼ਟਰਵਾਦ ਨਾਲੋਂ ਕਈ ਵਾਰ ਉਸਦਾ ਐਥਨਿਕ ਰਾਸ਼ਟਰਵਾਦ ਜ਼ਿਆਦਾ ਕੀਮਤੀ ਹੋ ਜਾਂਦਾ ਹੈ। ਜੇ ਕੋਈ ਮੈਨੂੰ ਮੇਰੀ ਰੋਟੀ, ਬੋਲੀ, ਗੀਤ, ਸਾਹਿਤ ਤੇ ਸੰਗੀਤ ਤੋਂ ਤੋੜ ਕੇ ਕਿਸੇ ਵੀ ਕਿਸਮ ਦਾ ਰਾਜਸੀ ਰਾਸ਼ਟਰਵਾਦ ਸਿਖਾਉਂਦਾ ਹੈ ਤਾਂ ਮੈਂ ਉਸਨੂੰ ਸਿੱਖਣ ਤੋਂ ਇਨਕਾਰ ਕਰਾਂਗਾ। ਦਰਅਸਲ 'ਟੋਭਾ ਟੇਕ ਸਿੰਘ' ਦਾ ਬਿਸ਼ਨ ਸਿੰਘ ਇਹੋ ਕੁਝ ਕਰ ਰਿਹਾ ਹੈ। ਬਿਸ਼ਨ ਸਿੰਘ ਰਾਸ਼ਟਰਵਾਦ ਦੇ ਸਵਾਰਥੀ ਰੂਪ ਨੂੰ ਮੰਨਣ ਤੋਂ ਇਨਕਾਰੀ ਹੈ; ਕਮਾਲ ਦੀ ਗੱਲ ਇਹ ਹੈ ਕਿ ਇਸ ਇਨਕਾਰ ਵਾਸਤੇ ਉਹ ਰਾਜਸੀ ਭਾਸ਼ਾ ਦੀ ਬਜਾਇ ਸਕਾਫ਼ਤੀ ਬੋਲੀ ਬੋਲ ਰਿਹਾ ਹੈ। ਇਹ ਬੋਲੀ ਬੁਲਵਾਉਣਾ ਹੀ ਮੰਟੋ ਦਾ ਕਮਾਲ ਹੈ। ਮੰਟੋ ਦਾ ਬਿਸ਼ਨ ਸਿੰਘ ਹਰ ਸੰਵੇਦਨਸ਼ੀਲ ਲੇਖਕ ਨੂੰ ਹਰ ਯੁੱਗ ਵਿੱਚ ਟੁੰਬਦਾ ਰਹੇਗਾ।

ਜਦੋਂ ਮੈਂ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਰਾਹੀਂ ਬਿਸ਼ਨ ਸਿੰਘ ਨੂੰ 1981 ਵਿੱਚ ਬਚਨ ਸਿੰਘ ਦੇ ਰੂਪ ਵਿੱਚ ਦੇਖਣਾ ਸੁਰੂ ਕੀਤਾਂ ਸੀ ਤਾਂ ਮੇਰੇ ਧਿਆਨ ਵਿੱਚ ਉਹ ਸਾਰੀਆਂ ਨਫ਼ਰਤਾਂ ਅਤੇ ਤੰਗਦਿਲੀਆਂ ਸਨ ਜਿਹੜੀਆਂ ਅੰਮ੍ਰਿਤਸਰ ਸ਼ਹਿਰ ਦੇ ਵਾਤਾਵਰਨ ਵਿੱਚ ਘੋਲਣ ਦੀ ਕੋਸ਼ਿਸ਼ ਸੁਰੂ ਹੋ ਚੁੱਕੀ ਸੀ। ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਰਹਿੰਦਿਆਂ ਮੈਂ ਆਪਣੇ ਬਚਪਨ ਵਿੱਚ ਪੰਜਾਬੀ ਸੂਬੇ ਦੇ ਮੋਰਚਿਆਂ ਦੀ ਰਾਜਨੀਤੀ ਦੇ ਐਨ ਵਿਚਕਾਰ ਵਿਚਰਦਾ ਰਿਹਾ ਹਾਂ। ਦਰਬਾਰ ਸਾਹਿਬ ਦੀ ਸਰਾਂ ਵਾਲੇ ਪਾਸੇ ਜਦੋਂ ਪੰਜਾਬੀ ਸੂਬੇ ਵਾਸਤੇ ਗ੍ਰਿਫ਼ਤਾਰੀਆਂ ਦੇਣ ਲਈ ਲੋਕ ਇਕੱਠੇ ਹੁੰਦੇ ਅਤੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਰੇ ਲਾਏ ਜਾਂਦੇ ਤਾਂ ਮੈਂ ਵੀ ਆਪਣੀ ਅਲ੍ਹੜ ਉਮਰ ਦੀ ਆਵਾਜ਼ ਦੇ ਜ਼ੋਰ ਨੂੰ ਉਸ ਵਿੱਚ ਸ਼ਾਮਿਲ ਕਰਨ ਜਾਂਦਾ ਰਿਹਾ ਹਾਂ। ਫ਼ਿਰ ਹੌਲੀ-ਹੌਲੀ ਕਈ ਧਿਰਾਂ ਦੇ ਖੋਖਲੇਪਨ ਦੇ ਦਰਸ਼ਨ ਹੋਏ। ਦੁੱਖ ਇਸ ਗੱਲ ਦਾ ਹੈ ਕਿ ਜਿਨ੍ਹਾਂ ਦਾ ਜ਼ਾਹਰ ਏਜੰਡਾ ਪੰਜਾਬੀ ਸੂਬੇ ਦੀ ਸਥਾਪਤੀ ਸੀ ਜਾਂ ਉਸਦਾ ਵਿਰੋਧ ਸੀ, ਉਹਨਾਂ ਦਾ ਲੁਕਵਾਂ ਮੁੱਦਾ ਸਿਰਫ਼ ਸੱਤਾ ਦੀ ਪ੍ਰਾਪਤੀ ਜਾਂ ਮਿਲੀ ਹੋਈ ਸੱਤਾ ਦਾ ਸਿਰਫ਼ ਬਚਾਉ ਸੀ। ਰਾਜਸੀ ਪਾਰਟੀਆਂ ਨੂੰ ਹੱਕ ਹੈ ਕਿ ਉਹ



ਪਰਜਾਤੰਤਰ ਵਿੱਚ ਰਾਜ ਹਾਸਲ ਕਰਨ ਜਾਂ ਉਸ ਨੂੰ ਬਚਾਉਣ ਲਈ ਕੋਈ ਵੀ ਚਾਲ ਚੱਲਣ, ਪਰ ਇਹ ਚਾਲ ਏਨੀ ਟੇਢੀ ਤੇ ਕੋਝੀ ਤਾਂ ਨਾ ਹੋਵੇ ਕਿ ਜਿਸ ਮੁੱਦੇ ਉੱਤੇ ਪਾਰਟੀ ਨੇ ਪੰਜਾਬੀ ਸੂਬਾ ਮੰਗਿਆ ਉਸੇ ਨੂੰ ਬਾਦ ਵਿੱਚ ਭੁਲਾ ਦਿੱਤਾ ਗਿਆ; ਬਲਕਿ ਉਸ ਮੁੱਦੇ ਨੂੰ ਮਾਰ ਦੇਣ ਦੀ ਵੀ ਕੋਸ਼ਿਸ਼ ਕੀਤੀ ਗਈ। ਦੂਸਰੇ ਪਾਸੇ ਜਿਸ ਪਾਰਟੀ ਨੇ ਹਾਰ-ਹੁੱਟ ਕੇ ਸੂਬਾ ਦਿੱਤਾ ਉਹਨੇ ਐਸਾ ਜ਼ਹਿਰ ਘੋਲਿਆ ਕਿ ਇੱਕੋ ਮੁਲਕ ਦੇ ਅੰਦਰ ਰਹਿਣ ਵਾਲੇ ਲੋਕਾਂ ਨੂੰ ਇੱਕ-ਦੂਸਰੇ ਦੇ ਦੁਸ਼ਮਣ ਬਣਾ ਕੇ ਰੱਖ ਦਿੱਤਾ। ਅੰਗਰੇਜ਼ਾਂ ਨੂੰ ਕਿਉਂ ਦੋਸ਼ ਦੇਂਦੇ ਹਾਂ, ਅਸੀਂ ਖੁਦ ਵੀ ਇਹੋ ਜੇਹੇ ਫ਼ੈਸਲੇ ਕਰਦੇ ਹਾਂ ਜਿਹੜੇ ਸੇਹ ਦਾ ਤੱਕਲਾ ਬਣ ਜਾਂਦੇ ਹਨ। ਜਦੋਂ ਬਿਸ਼ਨ ਸਿੰਘ ਆਪਣੇ ਪਿੰਡ ਟੋਬਾ ਟੇਕ ਸਿੰਘ ਵਿੱਚ ਜਾਣ ਦੀ ਗੱਲ ਕਰਦਾ ਹੈ ਤਾਂ ਉਹ ਦੇਸ਼ਾਂ ਜਾਂ ਰਾਜਾਂ ਦੀ ਬਣਤਰ ਦੇ ਵਿਰੋਧ ਨਾਲੋਂ ਉਹਨਾਂ ਰਾਜਸੀ ਤੰਗਦਿਲੀਆਂ ਅਤੇ ਕਮੀਨਗੀਆਂ ਦਾ ਵਿਰੋਧ ਕਰਦਾ ਹੈ ਜਿਹੜੀਆਂ ਨਵੇਂ ਦੇਸ਼ਾਂ ਅਤੇ ਰਾਜਾਂ ਨੂੰ ਸਿਰਜਣ ਵਾਲਿਆਂ ਦੇ ਅੰਦਰ ਵੱਸਦੀਆਂ ਹੁੰਦੀਆਂ ਹਨ।

'ਟੋਬਾ ਟੇਕ ਸਿੰਘ' ਦੀ ਕਹਾਣੀ ਨੂੰ ਆਧਾਰ ਬਣਾ ਕੇ ਜਦੋਂ ਮੈਂ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਲਿਖਿਆ ਸੀ ਤਾਂ ਮੇਰਾ ਮੰਤਵ ਆਪਣੇ ਨਾਂ ਨੂੰ ਚਮਕਾਉਣਾ ਨਹੀਂ ਸੀ; ਇਸ ਦੇ ਪਿੱਛੇ ਇੱਕ ਦਰਦ ਹੈ ਜਿਹੜਾ ਮੇਰੇ ਖੂਨ ਵਿੱਚ ਕਿਤੇ ਲੁਕਿਆ ਹੋਇਆ ਹੈ ਜੋ ਬਾਰ ਬਾਰ ਮੇਰੇ ਦਿਲ ਤੱਕ ਪਹੁੰਚ ਜਾਂਦਾ ਹੈ। ਇਹ ਇੱਕ ਐਸਾ ਦਰਦ ਹੈ ਜਿਹੜਾ ਹਰ ਪੰਜਾਬੀ ਦੇ ਸੀਨੇ ਵਿੱਚ ਜਿਉਂਦਾ ਹੈ। ਪਤਾ ਨਹੀਂ ਅਸੀਂ ਇਸ ਨਾਲ ਅਜੇ ਕਦੋਂ ਤੱਕ ਜਿਉਣਾ ਹੈ। ਮੈਂ ਤਿੰਨ ਪੀੜ੍ਹੀਆਂ ਦੇ ਸਮਵਿੱਥ ਜੀ ਚੁੱਕਾ ਹਾਂ; ਇਸ ਦਰਦ ਨੂੰ ਅਜੇ ਵੀ ਮੋੜਾ ਨਹੀਂ ਪਿਆ। ਮੇਰੇ ਬਾਪ ਦੇ ਦਿਲ ਵਿੱਚ ਇਹ ਦਰਦ ਸੀ, ਮੇਰੀ ਧੀ ਤੇ ਪੁੱਤਰ ਦੇ ਅੰਦਰ ਵੀ ਮੈਨੂੰ ਇਹ ਦਿੱਸਦਾ ਹੈ। ਜਦੋਂ ਕਈ ਵਰ੍ਹੇ ਪਹਿਲਾਂ ਉਹ ਇਸ ਨਾਟਕ ਦੇ ਕੋਰੱਸ ਵਿੱਚ ਇਹ ਤੁਕਾਂ ਗਾਉਂਦੇ ਸਨ ਕਿ 'ਰੁੱਖ ਤਾਂ ਸਾਡੇ ਸਿਰ ਤੇ ਯਾਰੋ ਪਰ ਕਿੱਥੇ ਹੈ ਇਸਦੀ ਛਾਂ, ਇਨਸਾਨਾਂ ਦੇ ਨਾਮ ਗੁਆਚੇ ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਤਾਂ ਉਹ ਸਿਰਫ਼ ਸੰਗੀਤ ਵਿੱਚ ਨਹੀਂ, ਸੰਵੇਦਨਾ ਵਿੱਚ ਵੀ ਭਿੱਜੇ ਹੁੰਦੇ ਸਨ। ਇਹ ਦਰਦ ਦੋਹਾਂ ਪਾਸਿਆਂ ਦੇ ਹਰ ਸੰਵੇਦਨਸ਼ੀਲ ਪੰਜਾਬੀ ਦੇ ਖੂਨ ਵਿੱਚ ਹੈ।

ਇਸ ਨਾਟਕ ਦਾ ਪਹਿਲਾ ਸ਼ੋਅ ਮੈਂ ਚੰਡੀਗੜ੍ਹ ਦੇ ਕਈ ਨਾਮੀ ਕਲਾਕਾਰਾਂ ਨਾਲ ਸੰਨ 1982 ਵਿੱਚ ਕੀਤਾ ਸੀ। ਇਸ ਨਾਟਕ ਨੇ ਉਸ ਦਰਦ ਨੂੰ ਲੋਕਾਂ ਨਾਲ ਵਸੀਹ ਪੱਧਰ ਉੱਤੇ ਸਾਂਝਾ ਕੀਤਾ। ਉਸ ਤੋਂ ਬਾਦ ਇਸ ਨਾਟਕ ਦਾ ਕਈ ਟੀਮਾਂ ਨਾਲ ਮੈਂ ਅਤੇ ਕਈ ਹੋਰ ਨਿਰਦੇਸ਼ਕਾਂ ਨੇ ਵੱਖ-ਵੱਖ ਥਾਵਾਂ ਤੇ ਅਨੇਕਾਂ ਵਾਰ ਮੰਚਣ ਕੀਤਾ। ਟੋਨੀ ਬਾਤਿਸ਼ ਨੇ ਇਸਦੀ ਯਾਦਗਾਰੀ ਪੇਸ਼ਕਾਰੀ ਕੀਤੀ। ਅਬਹੋਰ ਵਿੱਚ ਪ੍ਰੋ. ਨਰੂਲਾ ਨੇ ਇਸਦੇ ਕਈ ਸਫ਼ਲ ਮੰਚਣ ਕੀਤੇ। ਅਨੇਕਾਂ ਯੁਵਕ ਮੇਲਿਆਂ ਵਿੱਚ ਇਸਦੇ ਛੋਟੇ ਰੂਪ ਵੀ ਪੇਸ਼ ਕੀਤੇ ਗਏ। ਦੋ ਸਾਲ ਪਹਿਲਾਂ ਮੋਹਾਲੀ ਦੇ ਯਾਦਵਿੰਦਰਾ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਇਸ ਪੂਰੇ ਨਾਟਕ ਦੇ ਚੰਡੀਗੜ੍ਹ ਦੇ ਰਾਕ ਗਾਰਡਨ ਅਤੇ ਆਪਣੇ ਸਕੂਲ ਵਿੱਚ ਅਤਿਅੰਤ ਪ੍ਰਭਾਵਸ਼ਾਲੀ ਮੰਚਣ ਕੀਤੇ।

1996 ਵਿਚ ਮੈਂ ਆਪਣਾ ਨਾਟਕ 'ਕੈਮਲੂਪਸ ਦੀਆਂ ਮੱਛੀਆਂ' ਕੈਲਗਰੀ ਅਤੇ ਐਡਮੰਟਨ ਦੇ ਕਲਾਕਾਰਾਂ ਨਾਲ ਤਿਆਰ ਕੀਤਾ ਸੀ। ਸਾਰੇ ਕੈਨੇਡਾ ਵਿਚ ਉਸ ਦੇ ਸ਼ੋਅ ਕਰਕੇ ਜਦੋਂ ਮੈਂ ਵਾਪਸ ਪਰਤਣਾ ਸੀ ਤਾਂ ਮੇਰੇ ਟਰਾਂਟੋ ਦੇ ਕੁਝ ਕਲਾਕਾਰਾਂ ਨੇ ਜ਼ਿਦ ਕੀਤੀ ਕਿ ਇੱਕ ਨਾਟਕ ਉਹਨਾਂ ਨਾਲ ਵੀ ਤਿਆਰ ਕੀਤਾ ਜਾਵੇ। ਉਦੋਂ ਵੀ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦੀ ਤਿਆਰੀ ਕੀਤੀ ਗਈ। ਪਰ 'ਕੈਮਲੂਪਸ ਦੀਆਂ ਮੱਛੀਆਂ' ਦੀ ਸਫਲਤਾ ਤੋਂ ਬਾਦ ਮੈਨੂੰ ਡਰ ਸੀ ਕਿ ਇਸ ਰਚਨਾ ਦਾ ਕੀ ਬਣੇਗਾ! 'ਕੈਮਲੂਪਸ ਦੀਆਂ ਮੱਛੀਆਂ' ਦੇ ਟਰਾਂਟੋ ਵਿੱਚ ਇੱਕੋ ਦਿਨ ਦੋ ਸ਼ੋਅ ਹੋਏ ਸਨ ਕਿਉਂਕਿ ਉਸਦਾ ਥੀਮ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਦੇ ਵਿੱਚੋਂ ਨਿਕਲਿਆ ਸੀ; ਸਾਰੇ ਮਸਲੇ ਉਹਨਾਂ ਦੇ ਸਨ, ਇਸ ਲਈ ਉਹ ਬਹੁਤ ਕਾਮਯਾਬ ਸੀ। ਮੈਨੂੰ ਖ਼ਦਸ਼ਾ ਸੀ ਕਿ 50 ਸਾਲ ਪਹਿਲਾਂ ਵਾਪਰੀ ਘਟਨਾ ਦਾ ਕਨੇਡਾ ਦੇ ਲੋਕਾਂ ਨਾਲ ਸ਼ਾਇਦ ਬਹੁਤਾ ਸੰਬੰਧ ਨਹੀਂ ਬਣ ਸਕੇਗਾ। ਉਹ ਭਲਾ ਇਸ ਨਾਟਕ ਨੂੰ ਕਿਉਂ ਦੇਖਣਗੇ!

ਹਰ ਰੰਗਕਰਮੀ ਨੂੰ ਇਸ ਤਰ੍ਹਾਂ ਦੇ ਡਰਾਂ ਥਾਣੀਂ ਲੰਘਣਾ ਪੈਂਦਾ ਹੈ। ਹਰ ਨਾਟ-ਰਚਨਾ ਅਤੇ ਉਸਦੀ ਪੇਸ਼ਕਾਰੀ ਇੱਕ ਯੁੱਧ ਹੈ ਜਿਸਨੂੰ ਲੜ ਕੇ ਹੀ ਜਿੱਤਿਆ ਜਾ ਸਕਦਾ ਹੈ। ਅਸੀਂ 'ਰਿਸ਼ਤਿਆਂ ਦਾ ਕੀ ਰੱਖੀਏ' ਨਾਂ ਦੀ ਪੇਸ਼ਕਾਰੀ ਦੀ ਲੜਾਈ ਲਈ ਆਪਣੇ-ਆਪ ਨੂੰ ਪੂਰੀ ਤਰ੍ਹਾਂ ਤਿਆਰ ਕੀਤਾ। ਕਲਾਕਾਰਾਂ ਨੇ ਪੂਰੀ ਜਾਨ ਮਾਰੀ ਅਤੇ ਰੱਜਵੀਆਂ ਰੀਹਰਸਲਾਂ ਕੀਤੀਆਂ ਗਈਆਂ; ਟਰਾਂਟੋ ਸ਼ਹਿਰ ਅਤੇ ਆਲੇ ਦੁਆਲੇ ਦੇ ਸਾਰੇ ਜਾਣੇ-ਪਛਾਣੇ ਕਲਾਕਾਰ ਇਸ ਵਿੱਚ ਸ਼ਾਮਿਲ ਸਨ ਜਿਵੇਂ ਜਸਪਾਲ ਢਿੱਲੋਂ, ਅਮਰ ਅਕਬਰਪੁਰੀ, ਹਰਭਜਨ ਫਲੋਰਾ, ਕਿਰਪਾਲ ਕੰਵਲ, ਬਰਜਿੰਦਰ ਲੇਲ੍ਹਣਾ, ਸੁਰਜੀਤ ਢੀਂਡਸਾ ਆਦਿਕ। ਪਾਕਿਸਤਾਨ ਦੇ ਸੁਪ੍ਰਸਿੱਧ ਸੰਗੀਤਕਾਰ ਜਨਾਬ ਸੁਹੇਲ ਰਾਣਾ (ਜਿਨ੍ਹਾਂ ਨੇ 'ਆਜ ਜਾਨੇ ਕੀ ਜ਼ਿੱਦ ਨਾ ਕਰੋ' ਵਰਗੀਆਂ ਅਮਰ ਧੁਨਾਂ ਕੰਪੋਜ਼ ਕੀਤੀਆਂ ਹਨ) ਨੇ ਨਾਟਕ ਦੇ ਕੋਰੱਸ ਨੂੰ ਲਾਈਵ ਸੰਗੀਤ ਦਿੱਤਾ। ਪ੍ਰਸਿੱਧ ਹਿੰਦੁਸਤਾਨੀ ਪੰਜਾਬੀ ਕਵੀ ਇਕਬਾਲ ਰਾਮੂਵਾਲੀਆ ਤੋਂ ਇਲਾਵਾ ਟਰਾਂਟੋ ਦੇ ਹਸਪਤਾਲ ਵਿੱਚ ਦਾਖਲ ਪਾਕਿਸਤਾਨੀ ਪੰਜਾਬੀ ਸ਼ਾਇਰ ਸਦਰ ਨਜ਼ੀਰ ਦੇ ਕਲਾਮ ਨੂੰ ਇਸ ਨਾਟਕ ਦਾ ਸ਼ਿੰਗਾਰ ਬਣਾਇਆ ਗਿਆ। ਨਜ਼ੀਰ ਦੇ ਬੋਲ ਅਜੇ ਤੱਕ ਮੇਰੇ ਕੰਨਾਂ ਵਿਚ ਸੁਣਾਈ ਦੇਂਦੇ ਹਨ:

ਵਾਹਗੇ ਦੇ ਬਾਰਡਰ ਦੇ ਉੱਤੇ ਘਣਛਾਵਾਂ ਕੋਈ ਬੂਟਾ ਲਾਵੇ।

ਫੁੱਲ ਖਿੜਨ ਖੁਸ਼ਬੋਆਂ ਉੱਠਣ ਸਾਇਆ ਦੋਨੋਂ ਪਾਸੇ ਜਾਵੇ।

ਜੇ ਕੋਈ ਭੁੱਲਾ ਭਟਕਾ ਪੰਛੀ ਉੱਡਦਾ ਉੱਡਦਾ ਏਧਰ ਆਵੇ।

ਇਹਦੀ ਸ਼ਾਖ਼ ਹਰੀ 'ਤੇ ਬਹਿ ਕੇ ਨਾਨਕ ਦਾ ਕੋਈ ਗੀਤ ਸੁਣਾਵੇ।



ਦੀਵਾਲੀ ਦਾ ਦੀਵਾ ਬਣ ਕੇ ਸਾਡਾ ਦੀਵਾ ਬਾਲ ਕੇ ਜਾਵੇ।

ਚੰਨ ਚੜ੍ਹੇ ਜੇ ਈਦ ਦਾ ਸੱਜਣਾਂ ਤੇਰੇ ਘਰ ਵੀ ਚਾਨਣ ਪਾਵੇ।

ਵਾਹਗੇ ਦੇ ਬਾਰਡਰ ਦੇ ਉੱਤੇ ਘਣਛਾਵਾਂ ਕੋਈ ਬੂਟਾ ਲਾਵੇ।

ਫੁੱਲ ਖਿੜਨ ਖੁਸ਼ਬੋਆਂ ਉੱਠਣ ਸਾਇਆ ਦੋਨੋਂ ਪਾਸੇ ਜਾਵੇ।

ਇਸ ਨਾਟਕ ਦੀ ਕਾਮਯਾਬੀ ਕਿਸੇ ਵੀ ਤਰ੍ਹਾਂ 'ਕੈਮਲੂਪਸ ਦੀਆਂ ਮੱਛੀਆਂ' ਦੀ ਸਫਲਤਾ ਤੋਂ ਘੱਟ ਨਹੀਂ ਸੀ। ਉਸੇ ਤਰ੍ਹਾਂ ਇਸ ਨਾਟਕ ਦੇ ਵੀ ਦੋ ਸ਼ੋ ਹੋਏ। ਲੋਕ ਨਿੱਠ ਕੇ ਥੀਏਟਰ ਵਿੱਚ ਬੈਠੇ। ਉਹ ਹੱਸੇ, ਰੋਏ; ਅਤੇ ਉਹਨਾਂ ਆਪਣੀ ਹੋਣੀ ਬਾਰੇ ਗੰਭੀਰਤਾ ਦਿਖਾਈ। ਗੂੰਗੀ ਔਰਤ ਦਾ ਰੋਲ ਕਰ ਰਹੀ ਬੀਬੀ ਰਛਪਾਲ ਢਿੱਲੋਂ ਨੇ ਸਾਰੇ ਦਰਸ਼ਕਾਂ ਦੀਆਂ ਅੱਖਾਂ ਨਮ ਕੀਤੀਆਂ। ਇਹ ਦਰਦ ਸਿਰਫ਼ ਉਸਦੀ ਐਕਟਿੰਗ ਵਿੱਚੋਂ ਹੀ ਨਹੀਂ; ਉਸ ਸੰਵੇਦਨਾਂ ਵਿੱਚੋਂ ਵੀ ਨਿਕਲਿਆ ਸੀ ਜਿਹੜੀ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਵੰਡ ਸਾਡੀ ਝੋਲੀ ਵਿੱਚ ਪਾ ਗਈ ਹੈ। ਇਸ ਸੰਵੇਦਨਾ ਦਾ ਸੰਚਾਰ ਪੀੜ੍ਹੀ ਦਰ ਪੀੜ੍ਹੀ ਹੋ ਰਿਹਾ ਹੈ।

ਟਰਾਂਟੋ ਦੇ ਜਿਸ ਸਕੂਲ ਵਿੱਚ ਇਹ ਨਾਟਕ ਖੇਡਿਆ ਗਿਆ ਸੀ ਉਸੇ ਦੀਆਂ ਦੋ ਵਿਦਿਆਰਥਣਾਂ ਲਾਈਟਿੰਗ ਬੂਥ ਵਿੱਚੋਂ ਰੋਸ਼ਨੀਆਂ ਦੇ ਰਹੀਆਂ ਸਨ। ਉਹਨਾਂ ਵਿੱਚੋਂ ਇੱਕ ਹਿੰਦੁਸਤਾਨੀ ਮੂਲ ਦੀ ਸੀ ਅਤੇ ਦੂਸਰੀ ਪਾਕਿਸਤਾਨੀ ਮੂਲ ਦੀ। ਮੈਂ ਖੁਸ਼ ਸੀ ਕਿ ਸਾਡਾ ਨਾਟਕ ਇੰਡੋ- ਪਾਕ ਪ੍ਰੋਡਕਸ਼ਨ ਬਣਦਾ ਜਾ ਰਿਹਾ ਹੈ। ਮੈਂ ਕੈਨੇਡਾ ਵਿੱਚ ਦੋਹਾਂ ਮੁਲਕਾਂ ਦੇ ਹਾਈ ਕਮਿਸ਼ਨਰਾਂ ਨੂੰ ਬੇਨਤੀ ਕਰਨ ਗਿਆ ਕਿ ਉਹ ਸਾਡੇ ਨਾਟਕ ਨੂੰ ਦੇਖਣ। ਹਿੰਦੁਸਤਾਨੀ ਹਾਈ ਕਮਿਸ਼ਨਰ ਨੇ ਆਪਣੇ ਇਕ ਡਿਪਟੀ ਨੂੰ ਨਾਟਕ ਦੇਖਣ ਲਈ ਭੇਜਿਆ; ਪਾਕਿਸਤਾਨੀ ਹਾਈ ਕਮਿਸ਼ਨਰ ਨੇ ਸਾਡੇ ਕੋਲੋਂ ਮਾਫ਼ੀ ਮੰਗੀ ਕਿਉਂਕਿ ਰਮਜ਼ਾਨ ਮਹੀਨੇ ਦੇ ਆਖ਼ਰੀ ਦਿਨ ਹੋਣ ਕਾਰਨ ਉਸ ਲਈ ਆਉਣਾ ਸੰਭਵ ਨਹੀਂ ਸੀ। ਜਦੋਂ ਨਾਟਕ ਦੀ ਟੀਮ ਪਾਕਿਸਤਾਨੀ ਸਫ਼ਾਰਤਖ਼ਾਨੇ ਵਿੱਚ ਹਾਈ ਕਮਿਸ਼ਨਰ ਹੋਰਾਂ ਨੂੰ ਮਿਲ ਰਹੀ ਸੀ ਤਾਂ ਸਾਰੀ ਟੀਮ ਨੂੰ ਪੇਸ਼ਕਸ਼ ਕੀਤੀ ਗਈ ਕਿ ਉਹਨਾਂ ਦੇ ਆਦਰ ਵਿੱਚ ਉਹ ਸਾਰਿਆਂ ਲਈ ਪਾਕਿਸਤਾਨ ਦੇ ਤੁਰੰਤ ਵੀਜ਼ੇ ਜਾਰੀ ਕਰ ਸਕਦੇ ਹਨ। ਪਰ ਇਹ ਸੁਵਿਧਾ ਮੇਰੇ ਲਈ ਨਹੀਂ ਸੀ ਕਿਉਂਕਿ ਮੇਰੇ ਕੋਲ ਹਿੰਦੁਸਤਾਨੀ ਪਾਸਪੋਰਟ ਸੀ। ਮੇਰੇ ਲਈ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਵਿਚਲਾ ਦਰਦ ਹੋਰ ਵਧਣ ਲੱਗਾ। ਇਹ ਦੁੱਖ ਉਸ ਸਮੇਂ ਹੋਰ ਵੀ ਵੱਡਾ ਹੋ ਗਿਆ ਜਦੋਂ ਮੈਨੂੰ ਪਤਾ ਲੱਗਾ ਕਿ ਉਹਨੀਂ ਹੀ ਦਿਨੀਂ ਵਾਹਗਾ ਬਾਰਡਰ ਉੱਤੇ ਇਸ ਨਾਟਕ ਨੂੰ ਇਕ ਹੋਰ ਨਾਟ-ਟੋਲੇ ਨੇ ਖੇਡਿਆ ਤਾਂ ਜ਼ਰੂਰ ਪਰ ਉਸ ਵਿੱਚ ਪਾਕਿਸਤਾਨੀ ਦਰਸ਼ਕ ਸ਼ਾਮਿਲ ਨਹੀਂ ਹੋਣ ਦਿੱਤੇ ਗਏ। ਇਵੇਂ ਹੀ ਮੈਂ ਸੁਹੇਲ ਰਾਣਾ ਸਾਹਿਬ ਨੂੰ ਇਹ ਸੁਝਾਅ ਦਿੱਤਾ ਕਿ ਸਦਰ ਨਜ਼ੀਰ ਹੁਰਾਂ ਦੇ ਗੀਤ ਵਿੱਚ ਜਿੱਥੇ ਇਹ ਬੋਲ ਆਉਂਦੇ ਹਨ ਕਿ "ਇਹਦੀ ਸ਼ਾਖ਼ ਹਰੀ 'ਤੇ ਬਹਿ ਕੇ, ਨਾਨਕ ਦਾ ਕੋਈ ਗੀਤ ਸੁਣਾਵੇ" ਉੱਥੇ ਅਸੀਂ ਦੋ ਤੁਕਾਂ ਹੋਰ ਵੀ ਜੋੜ ਦੇਈਏ ਕਿ " ਬੁਲ੍ਹੇ ਦਾ ਕੋਈ ਗੀਤ ਸੁਣਾਵੇ, ਚਾਤਰਿਕ ਦਾ ਕੋਈ ਗੀਤ ਸੁਣਾਵੇ।" ਉਹਨਾਂ ਨੇ ਉਸ ਸਮੇਂ ਤਾਂ ਮੇਰਾ ਸੁਝਾਅ ਮੰਨ ਲਿਆ ਪਰ ਕੁਝ

ਹੀ ਦਿਨਾਂ ਦੀ ਰੀਹਰਸਲ ਬਾਦ ਨਾਨਕ ਅਤੇ ਬੁਲ੍ਹਾ ਤਾਂ ਗਾਇਆ ਜਾਂਦਾ ਰਿਹਾ ਪਰ ਚਾਤਰਿਕ ਦਾ ਨਾਂ ਖ਼ਤਮ ਹੋ ਗਿਆ।

ਇਹ ਸਾਰਾ ਕੁਝ ਦੇਖ ਕੇ ਮੈਨੂੰ ਲੱਗਾ ਕਿ ਨਾਟਕ ਅਜੇ ਵੀ ਪ੍ਰਸੰਗਿਕ ਹੈ, ਕੈਨੇਡਾ ਵਿੱਚ ਵੀ। ਸਆਦਤ ਹਸਨ ਮੰਟੋ ਦੀ ਕਲਮ ਨੂੰ ਸਲਾਮ ਜਿਸਨੇ ਅੱਧੀ ਸਦੀ ਪਹਿਲਾਂ ਇਸ ਸੱਚ ਨੂੰ ਦੇਖ ਲਿਆ ਸੀ ਅਤੇ ਸਾਬਤ ਕੀਤਾ ਸੀ ਕਿ ਪਾਗਲਖਾਨਿਆਂ ਵਿੱਚ ਬੰਦ 'ਪਾਗਲ ਸਮਝੇ ਜਾਣ ਵਾਲੇ' ਅਸਲ ਵਿੱਚ ਸਿਆਣੇ ਹਨ; ਇਸਦੇ ਉਲਟ 'ਸਿਆਣੇ ਸਮਝੇ ਜਾਣ ਵਾਲੇ' ਸਾਡੇ ਵਰਗੇ ਲੋਕ ਅਸਲੀ ਪਾਗਲ ਹਨ। ਜਦ ਤੱਕ ਇਹ ਪਾਗਲਪਣ ਕਾਇਮ ਰਹੇਗਾ, ਕਹਾਣੀ 'ਟੋਬਾ ਟੇਕ ਸਿੰਘ' ਆਪਣਾ ਮਹੱਤਵ ਬਣਾਈ ਰੱਖੇਗੀ; ਜ਼ਰੂਰੀ ਹੈ ਕਿ ਉਦੋਂ ਤੱਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਦਾ ਮੰਚਣ ਵੀ ਹੁੰਦਾ ਰਹੇ; ਹਰ ਉਸ ਥਾਂ ਤੇ ਜਿੱਥੇ ਪੰਜਾਬੀ ਜਾਂ ਉਹਨਾਂ ਦੀਆਂ ਨਵੀਆਂ ਪੀੜ੍ਹੀਆਂ ਰਹਿੰਦੀਆਂ ਹਨ।

ਪਾਕਿਸਤਾਨ ਦਾ ਮਸ਼ਹੂਰ ਅਦੀਬ ਅਤੇ ਫਲਸਫ਼ੀ ਫ਼ਖ਼ਰ ਜ਼ਮਾਂ ਵੀ ਇਸੇ ਤਰ੍ਹਾਂ ਸੋਚਦਾ ਹੈ,"ਇੰਜ ਲੱਗਦਾ ਏ ਅਜੇ ਵੀ ਪੰਜਾਬੀ ਨੋਮੈਨਜ਼ ਲੈਂਡ ਵਿੱਚ ਡਿੱਗੇ ਪਏ ਨੇ ਕਿਉਂ ਜੋ ਉਹਨਾਂ ਦਾ ਟੋਬਾ ਟੇਕ ਸਿੰਘ ਗਵਾਚਾ ਹੋਇਆ ਏ। ਆਤਮਜੀਤ ਨੂੰ ਵੀ ਬਚਨ ਸਿੰਘ ਵਾਲਾ ਰੋਗ ਲੱਗਾ ਜਾਪਦਾ ਏ। ਪਰ ਉਹ ਲਿਖਾਰੀ ਏ, ਉਹਦਾ ਕਲਮ ਏਨਾਂ ਜਾਨਦਾਰ ਏ ਕਿ ਉਹ ਰਿਸ਼ਤਿਆਂ ਵਿੱਚ ਵਿਛੋੜਾ ਪਾਣ, ਪੈਰਾਂ ਹੇਠੋਂ ਜ਼ਮੀਨ ਖਿੱਚਣ ਤੇ ਬੇਚਿਹਰਾ, ਬੇਅਸੂਲਾ ਤੇ ਬੇਸ਼ਨਾਖ਼ਤਾ ਬਣਾਣ ਦੇ ਅਮਲ ਨੂੰ ਰੋਕਣ ਵਿੱਚ ਮਦਦਗਾਰ ਸਾਬਤ ਹੋ ਸਕਦਾ ਏ। ਉਸ ਦੇ ਇਸ ਨਾਟਕ ਤੋਂ ਉਹਦੀ ਇਹ ਕਮਿਟਮੈਂਟ ਸਾਫ਼ ਨਜ਼ਰ ਆਉਂਦੀ ਏ। ਏਸੇ ਲਈ ਉਹ ਸੱਚਾ ਸਾਹਿਤਕਾਰ ਏ। ਮੈਂ ਸੋਚਨਾ ਵਾਂ ਕਿ ਇਹ ਨਾਟਕ ਪਾਕਿਸਤਾਨ ਵਿੱਚ ਉਰਦੂ ਲਿੱਪੀ ਵਿੱਚ ਉਲੱਥਿਆ ਜਾਵੇ ਤੇ ਏਥੇ ਸਟੇਜ ਕੀਤਾ ਜਾਵੇ। ਇਹ ਵੇਲੇ ਦੀ ਲੋੜ ਏ। ਤੁਅੱਸਬ ਤੇ ਪਾਗਲਪਣ ਦੇ ਹਨੇਰੇ ਵਿੱਚ 'ਟੋਬਾ ਟੇਕ ਸਿੰਘ' ਜਿਹੀਆਂ ਕਹਾਣੀਆਂ ਅਤੇ ਅਜਿਹੇ ਨਾਟਕ ਰੋਸ਼ਨੀ ਬਣ ਕੇ ਸਾਹਮਣੇ ਆਉਂਦੇ ਨੇ। ਇੰਜ ਕਿਸੇ ਵੀ ਲਿਖਤ ਦੀ ਇਹ ਵਡਿਆਈ ਹੁੰਦੀ ਏ ਕਿ ਉਹ ਹਰ ਅਹਿਦ ਵਿੱਚ ਉਸੇ ਅਹਿਦ ਦੀ ਹੀ ਬਿਪਤਾ ਜਾਪੇ।"

ਮੈਨੂੰ ਇਸ ਤਰ੍ਹਾਂ ਦਾ ਨਾਟਕ ਲਿਖਣ ਦੀ ਸੋਝੀ ਮੰਟੋ ਨੇ ਦਿੱਤੀ। ਮੰਟੋ ਦੀ ਕਲਮ ਨੂੰ ਸਦ ਸਲਾਮ!

**ਪੰਜਾਬੀ ਦੇ ਪ੍ਰਗਤੀਸ਼ੀਲ ਕਵੀ ਤੇ ਫੈਜ਼ ਦੀ ਕਵਿਤਾ ਦੇ ਅਨੁਵਾਦਕ ਅਤੇ ਸਾਡਾ ਮਿੱਤਰ ਪਿਆਰਾ ਮੇਜਰ ਪਿਆਰਾ ਸਿੰਘ ਔਲਖ ਅਚਾਨਕ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਹੈ। ਅਸੀਂ ਦੁਖੀ ਪਰਿਵਾਰ ਦੇ ਦੁੱਖ ਵਿਚ ਸ਼ਾਮਿਲ ਹੁੰਦੇ ਹਾਂ। – ਸੰਪਾਦਕੀ ਮੰਡਲ**





# ਨਾਨਕੇ ਪਿੰਡ ਦਾ ਕਤਲੇਆਮ

– ਹਰਭਜਨ ਸਿੰਘ ਹੁੰਦਲ

ਬੁਤਾਲਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਦਾ ਬੜਾ ਵੱਡਾ ਪਿੰਡ ਹੈ। ਮੇਰੇ ਜੱਦੀ ਪਿੰਡ ਬੰਡਾਲੇ ਵਾਂਗ। ਮੈਨੂੰ ਆਪਣੇ ਜੱਦੀ ਪਿੰਡ ਨਾਲੋਂ ਬੁਤਾਲਾ ਪਿੰਡ ਜ਼ਿਆਦਾ ਚੰਗਾ ਲੱਗਦਾ ਹੈ। ਸੋਚਦਾ ਹਾਂ ਕਿਉਂ ਇਹ ਮੇਰਾ ਨਾਨਕਾ ਪਿੰਡ ਹੈ। ਮੇਰੇ ਸੁਪਨਿਆਂ ਦੀ ਪਰੀ-ਨਗਰੀ, ਮੇਰੀ ਸ਼ਹਿਨਸ਼ਾਹੀ। ਇਥੇ ਆ ਮੈਨੂੰ ਕੋਈ ਟੋਕਣ-ਹੋੜਨ ਵਾਲਾ ਨਹੀਂ ਹੁੰਦਾ ਸੀ। ਮੇਰੀ ਮਾਂ ਤਿੰਨਾਂ ਭਰਾਵਾਂ ਦੀ ਲਾਡਲੀ ਭੈਣ ਸੀ ਅਤੇ ਨਾਂ ਸੀ ਗੁਲਾਬ ਕੌਰ। ਪਰ ਇਹ ਗੱਲ ਵੱਖਰੀ ਸੀ ਕਿ ਗੁਲਾਬ ਦਾ ਇਹ ਸੂਹਾ ਫੁੱਲ ਸਾਰੀ ਉਮਰ ਕੰਡਿਆਂ ਨਾਲ ਹੀ ਵਲੂੰਦਰੀਦਾ ਰਿਹਾ ਸੀ।

ਅਸੀਂ ਮਾਂ-ਪੁੱਤ ਬਾਰ ਦੇ ਆਪਣੇ ਪਿੰਡੋਂ ਨਾਨਕੇ ਆਉਣ ਲਈ ਤੁਰਦੇ। ਕਦੇ ਘਰਦਿਆਂ ਨਾਲ ਲੜ ਕੇ, ਕਦੇ ਰਜ਼ਾਮੰਦੀ ਨਾਲ। ਮੈਂ ਕਈ-ਕਈ ਮਹੀਨੇ ਨਾਨਕੇ ਪਿੰਡ ਰਹਿੰਦਾ। ਪਿਤਾ ਜੀ ਨੂੰ ਮੇਰੀ ਪੜ੍ਹਾਈ ਦਾ ਫ਼ਿਕਰ ਹੁੰਦਾ ਤੇ ਉਹ ਵਾਪਸ ਆ ਜਾਣ ਲਈ ਚਿੱਠੀਆਂ ਲਿਖਦੇ। ਕਿੱਥੇ ਲਾਇਲਪੁਰ ਅਤੇ ਕਿੱਥੇ ਅੰਮ੍ਰਿਤਸਰ। ਨਾਨਕੇ ਕਿਹੜਾ ਨਿੱਤ-ਨਿੱਤ ਆ ਹੁੰਦਾ ਸੀ।

ਪਰ ਐਤਕੀਂ ਅਸੀਂ ਪਾਕਿਸਤਾਨੋਂ ਉੱਜੜ ਕੇ ਆਏ ਸੀ। ਜਦੋਂ ਮੇਰੇ ਮਾਮਿਆਂ ਨੂੰ ਪਤਾ ਲੱਗਾ ਕਿ ਸਾਡਾ ਕਾਫ਼ਲਾ ਸਰਹੱਦ ਪਾਰ ਕਰਕੇ ਭਾਰਤ ਆ ਗਿਆ ਹੈ ਤਾਂ ਉਹ ਸਾਨੂੰ ਲੈਣ ਲਈ ਬੰਡਾਲੇ ਆਏ। ਚਾਈਂ-ਚਾਈਂ ਅਸੀ ਨਾਨਕੇ ਜਾਣ ਲਈ ਤਿਆਰ ਹੋਏ। ਪੜ੍ਹਾਈ ਦਾ ਭਵਿੱਖ ਅਜੇ ਅਨਿਸ਼ਚਿਤ ਜਿਹਾ ਸੀ। ਸਕੂਲ ਬੰਦ ਪਏ ਸਨ ਤੇ ਪੜ੍ਹਾਈ ਠੱਪ ਹੋਈ ਪਈ ਸੀ।

ਬੁਤਾਲੇ ਆ ਕੇ ਬੜੀ ਖ਼ੌਫ਼ਨਾਕ ਗੱਲ ਸੁਣਨ ਨੂੰ ਮਿਲੀ, ਅਸੀਂ ਜਿਹੜੇ ਕਈ ਦਿਨਾਂ ਤੋਂ ਸਫਰ ਤੋਂ ਬਾਅਦ, ਤਕਲੀਫਾਂ ਝੱਲ ਕੇ ਭਾਰਤ ਪਹੁੰਚੇ ਸੀ, ਚੰਗੀ ਤਰ੍ਹਾਂ ਜਾਣਦੇ ਸੀ ਕਿ ਮੌਤ ਦਾ ਖ਼ੌਫ਼ ਕੀ ਹੁੰਦਾ ਹੈ। ਕਾਫ਼ਲੇ ਦੇ ਦਿਨਾਂ ਵਿਚ ਜਾਨ ਮੁੱਠੀ ਵਿਚ ਆਈ ਰਹਿੰਦੀ। ਕੀ ਪਤਾ ਕਿਹੜੇ ਵੇਲੇ ਸਾਡੇ ਉੱਤੇ ਹੱਲਾ ਹੋ ਜਾਵੇ।

ਆਪਣੇ ਪੇਕੇ ਪਿੰਡ ਆ ਕੇ ਮਾਤਾ ਨੇ ਪਿਛਲੇ ਦਿਨੀਂ ਪਿੰਡ ਦੇ ਘੁਮਿਆਰਾਂ ਦੇ ਦਰਦਨਾਕ ਕਤਲੇਆਮ ਦੀ ਗੱਲ ਸੁਣੀ। ਸੁਣਕੇ ਅਸੀਂ ਪ੍ਰੇਸ਼ਾਨ ਹੋ ਗਏ। ਮਨੁੱਖੀ ਜ਼ਿੰਦਗੀ ਕਿੰਨੀ ਨਗੂਣੀ ਹੋ ਗਈ ਸੀ। ਧਾਰਮਿਕ ਜਨੂੰਨ ਦੇ ਕੀਲੇ ਕਾਤਲ-ਟੋਲੇ, ਦੋਹੀਂ ਪਾਸੀਂ ਇਕੋ ਜੇਹੀ ਭੂਤਾਂ ਦੀ ਖੇਡ ਖੇਡ ਰਹੇ ਸਨ। ਅਜਿਹੇ ਟੋਲਿਆਂ ਦਾ ਕੋਈ ਧਰਮ, ਕੋਈ ਈਮਾਨ ਨਹੀਂ ਹੁੰਦਾ।

ਹਾਲੀਂ ਕੁਝ ਦਿਨ ਪਹਿਲਾਂ ਹੀ ਪਿੰਡ ਦੇ ਮੁਸਲਮਾਨ ਘੁਮਿਆਰਾਂ ਦਾ ਕਤਲੇ-ਆਮ ਹੋ ਕੇ ਹਟਿਆ ਸੀ। ਗੱਲ ਇੰਝ ਹੋਈ ਕਿ ਪਿੰਡ ਵਿਚ ਮੁਸਲਮਾਨ ਘੁਮਿਆਰਾਂ ਦੇ ਕਾਫ਼ੀ ਘਰ ਰਹਿੰਦੇ ਸਨ। ਇਹਨਾਂ ਕੋਲ ਖੋਤੇ ਹੁੰਦੇ ਸਨ। ਇਹ ਢੋਅ-ਢੁਆਈ ਦਾ ਕੰਮ ਕਰਦੇ ਸਨ। ਪਿੰਡ ਦੀਆਂ ਉਹਨਾਂ ਭੀੜੀਆਂ ਗਲੀਆਂ ਵਿਚ ਦੀ ਜਿੱਥੇ ਜ਼ਿਮੀਂਦਾਰਾਂ ਦੇ ਗੱਡੇ ਨਹੀਂ ਪਹੁੰਚ ਸਕਦੇ ਸਨ, ਉਥੇ ਖੋਤੇ ਪਹੁੰਚ ਜਾਂਦੇ ਸਨ। ਕਦੇ ਕਿਸੇ ਨੇ ਘਰ ਲਈ ਪੱਕੀਆਂ ਇੱਟਾਂ ਮੰਗਵਾਉਣੀਆਂ

ਹੁੰਦੀਆਂ, ਕਦੇ ਕੱਚੇ ਪੱਕੇ ਕੋਠੇ ਲਿੱਪਣ ਲਈ ਮਿੱਟੀ। ਕਦੇ ਕਿਸੇ ਕਪਾਹ, ਕਣਕ, ਛੋਲੇ ਜਾਂ ਗੁੜ ਵੇਚਣਾ ਹੁੰਦਾ ਤਾਂ ਘੁਮਿਆਰਾਂ ਨੂੰ ਸੁਨੇਹਾ ਭੇਜ ਦਿੱਤਾ ਜਾਂਦਾ। ਉਹ ਉੱਡਦੇ ਹੋਏ ਆਉਂਦੇ ਤੇ ਪਤਾ ਉਦੋਂ ਲੱਗਦਾ, ਜਦੋਂ ਖੋਤਿਆਂ ਦੀ ਫੌਜ ਅਥਵਾ ਲਾਮ-ਡੋਰੀ ਗਲੀ ਵਿਚ ਆਣ ਖਲੋਤੀ ਹੁੰਦੀ।

ਇਹ ਸਭ ਕਿਰਤੀ ਲੋਕ ਸਨ। ਭੋਂ-ਵਿਹੂਣੇ ਹੱਥੀਂ ਕਿਰਤ ਕਰਨ ਵਾਲੇ ਲੋਕ, ਭਾਈ ਲਾਲੋ ਦੇ ਭਰਾ-ਭਾਈ। ਬੁਤਾਲਾ ਪਿੰਡ ਜਿੱਥੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਚਰਨ ਪਾਏ ਸਨ, ਜਿਥੋਂ ਚਾਰ ਮੀਲ ਦੂਰ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰਦੁਆਰਾ ਸੀ। ਗੱਲ ਕੀ ਹਰ ਦੂਜੇ ਚੌਥੇ ਮੀਲ ਉੱਤੇ ਸਿੱਖ ਗੁਰੂਆਂ ਦਾ ਕੋਈ ਨਾ ਕੋਈ ਪਵਿੱਤਰ ਅਸਥਾਨ ਸੀ। ਅਜਿਹੇ ਪਿੰਡਾਂ ਵਿਚ ਬੇਗੁਨਾਹ, ਕਿਰਤੀ ਮੁਸਲਮਾਨ ਭਾਈ ਲਾਲੋਆਂ ਦਾ ਕਤਲੇ-ਆਮ ਹੋ ਜਾਵੇ, ਇਹ ਗੱਲ ਸੁਣਕੇ ਅਸੀਂ ਮਾਂ-ਪੁੱਤ ਪ੍ਰੇਸ਼ਾਨ ਹੋ ਗਏ ਸੀ। ਮੈਂ ਚੱਤੇ ਪਹਿਰ ਮਾਤਾ ਨੂੰ ਇਸ ਘੱਲੂਘਾਰ ਬਾਰੇ ਨਿੱਕੇ ਮੋਟੇ ਵੇਰਵੇ ਪੁੱਛਦਾ ਰਹਿੰਦਾ। ਮੈਂ ਜਿਹੜਾ, ਮਾਂ ਤੇ ਪਿਤਾ ਦੀ ਉਂਗਲੀ ਫੜ ਸੈਂਕੜੇ ਮੀਲ ਦੂਰੋਂ ਸਰਹੱਦ ਟੱਪ ਸੁਰੱਖਿਅਤ ਭਾਰਤ ਪਹੁੰਚ ਗਿਆ ਸੀ। ਮੈਂ ਜਿਸਨੂੰ ਸਿੱਖ-ਗੁਰੂਆਂ ਦੇ ਉੱਚੇ ਸੁੱਚੇ ਉਦੇਸ਼ਾਂ ਦੀ ਬਚਪਨ ਤੋਂ ਹੀ ਗੁੜ੍ਹਤੀ ਮਿਲੀ ਹੋਈ ਸੀ। ਪਿਤਾ ਜੀ ਦੱਸਦੇ ਹੁੰਦੇ ਸਨ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸਾ-ਪੰਥ ਦੀ ਸਾਜਨਾ ਲਿਤਾੜੇ, ਤੇ ਨਿਥਾਵੇਂ ਲੋਕਾਂ ਦੀ ਰਾਖੀ ਲਈ ਕੀਤੀ ਸੀ। ਮੈਨੂੰ ਇਹ ਗੱਲ ਸਮਝ ਨਹੀਂ ਸੀ ਆਉਂਦੀ ਕਿ ਬੁਤਾਲੇ ਪਿੰਡ ਦੇ ਗੁਰੂ ਦੇ ਸਿੱਖਾਂ ਨੇ ਗਰੀਬ ਘੁਮਿਆਰਾਂ ਦਾ ਕਤਲ ਕਰਕੇ ਕਿਹੜੇ ਪੰਥ ਦੀ ਮਹਾਨ ਸੇਵਾ ਕੀਤੀ ਸੀ? ਪਰ ਮੇਰੀ ਭੋਲੀ ਭਾਲੀ ਪੇਂਡੂ ਮਾਂ ਕੋਲ ਮੇਰੇ ਇਹਨਾਂ ਕਿੰਤੂਆਂ-ਪ੍ਰੰਤੂਆਂ ਦਾ ਕੋਈ ਉੱਤਰ ਨਹੀਂ ਸੀ। ਮੇਰੀਆਂ ਨਿਰਛਲ ਗੱਲਾਂ ਸੁਣ ਉਹ ਦੁਖੀ ਹੋ ਜਾਂਦੀ ਸੀ।

ਉਹ ਗੱਲ ਨੂੰ ਇੰਝ ਹੀ ਟਾਲ ਦਿੰਦੀ ਸੀ, ਜਿਵੇਂ ਉਹ ਨਨਕਾਣੇ ਸਾਹਿਬ ਵਿਚ ਫਰਵਰੀ 1921 ਨੂੰ ਜਥੇ ਨਾਲ ਸ਼ਹੀਦ ਹੋਏ ਸ. ਹਜ਼ਾਰਾ ਸਿੰਘ ਦੀ ਸ਼ਹੀਦੀ ਦੀ ਵਾਰਤਾ ਨੂੰ ਟਾਲ ਦਿੰਦੀ ਸੀ। ਮੈਂ ਬਾਰ-ਬਾਰ ਉਸਨੂੰ ਸ਼ਹੀਦ ਦੀ ਖਿੱਚੀ ਤਸਵੀਰ ਵਿਚਲੇ ਲਹੂ ਵਿਚ ਭਿੱਜੇ ਛੋਲਿਆਂ ਦੇ ਦਾਣਿਆਂ ਬਾਰੇ ਬਾਰ-ਬਾਰ ਪੁੱਛਦਾ ਰਹਿੰਦਾ ਸੀ। ਮਾਤਾ ਲਈ 1921 ਦੇ ਨਨਕਾਣੇ ਦੇ ਸਾਕੇ ਤੇ ਪੇਕੇ ਪਿੰਡ ਬੁਤਾਲੇ ਵਿਚ ਦੇਸ਼ ਦੀ ਵੰਡ ਉਪਰੰਤ ਹੋਏ 1947 ਦੇ ਗਰੀਬ ਘੁਮਿਆਰਾਂ ਦੇ ਕਤਲੇ-ਆਮ ਦੀ ਕਥਾ-ਵਾਰਤਾ ਸੁਣਾਉਣੀ, ਦੋ ਐਸੇ ਇਮਤਿਹਾਨ ਦੀ ਜਿਹਨਾਂ ਬਾਰੇ ਵੇਰਵੇ ਦੇਣੇ ਉਸ ਲਈ ਅਸਹਿ ਸਨ।

ਮੈਂ ਸੋਚਦਾ, ਆਖ਼ਿਰ ਹੋਇਆ ਕੀ ਹੋਵੇਗਾ? ਕੀ ਘੁਮਿਆਰ ਪਾਕਿਸਤਾਨ ਜਾਣ ਲਈ ਤਿਆਰ ਨਹੀਂ ਸਨ? ਸ਼ਾਇਦ ਇਹ ਗੱਲ ਸੱਚੀ ਹੋਵੇ। ਪਿੰਡ ਦੇ ਸਿਆਣੇ ਤੇ ਦਾਨਸ਼ਮੰਦ ਸਿੱਖਾਂ ਨੇ ਅਵੱਸ਼ ਕਿਹਾ ਹੋਵੇਗਾ, "ਓਏ ਭੋਲੇ ਲੋਕੋ, ਤੁਸਾਂ ਕੀ ਲੈਣਾ ਪਾਕਿਸਤਾਨ ਜਾ ਕੇ। ਤੁਹਾਨੂੰ ਉਥੇ ਕਿਹੜੀਆਂ ਜਗੀਰਾਂ ਮਿਲ ਜਾਣੀਆਂ ਨੇ। ਤੁਸਾਂ ਖੋਤਿਆਂ ਨਾਲ ਭਾਰ ਹੀ ਢੋਣਾ



ਹੈ, ਚੁੱਪ ਕਰਕੇ ਇਥੇ ਹੀ ਢੋਈ ਜਾਇਓ। ਪਾਕਿਸਤਾਨ ਕਿਹੜੀ ਸੋਨੇ ਦੀ ਧਰਤੀ ਹੈ, ਜਿੱਥੇ ਜਾ ਕੇ ਤੁਸੀਂ ਛੱਬੇ ਲਾਉਣੇ ਹਨ।

ਤੇ ਵਿਚਾਰੇ ਭੋਲੇ-ਭਾਲੇ ਗਰੀਬ ਘੁਮਿਆਰ, ਹੱਥੀਂ ਕਿਰਤ ਕਰਨ ਵਾਲੇ - ਖੋਤਿਆਂ ਉੱਤੇ ਭਾਰ ਢੋਣ ਵਾਲੇ। ਉਹਨਾਂ ਨੇ ਦਾਨਸ਼ਮੰਦਾਂ ਦੀ ਗੱਲ ਉੱਤੇ ਇਤਬਾਰ ਕਰ ਲਿਆ ਹੋਵੇਗਾ। ਉਹਨਾਂ ਨੂੰ ਕੀ ਖਬਰਾਂ ਸੀ ਕਿ ਪਿੰਡ ਵਿਚ ਦਾਨਸ਼ਮੰਦਾਂ ਦਾ ਨਹੀਂ, ਲੁੱਚਿਆਂ ਦਾ ਸਿੱਕਾ ਚਲਦਾ ਹੁੰਦੈ। ਲੋਕ ਸਿਆਣਪ ਆਖਦੀ ਹੈ ਇੱਕ ਮੱਝ ਸਾਰੇ ਵੱਗ ਨੂੰ ਲਿਬੇੜ ਦਿੰਦੀ ਹੈ ਤੇ ਇੱਕ ਮੱਛੀ ਸਾਰੇ ਤਲਾਬ ਨੂੰ ਗੰਦਾ ਕਰ ਦਿੰਦੀ ਹੈ।

ਲੁੱਚੇ ਲੋਕਾਂ ਨੂੰ ਭਰਮ ਸੀ ਕਿ ਘੁਮਿਆਰਾਂ ਕੋਲ ਪੈਸੇ ਬੜੇ ਹਨ। ਕਿਰਤ ਕਰਨ ਵਾਲੇ ਦਿਹਾੜੀਦਾਰਾਂ ਕੋਲ ਕੀ ਜ਼ਮੀਨਾਂ, ਜਾਇਦਾਦਾਂ ਵਾਲਿਆਂ ਨਾਲੋਂ ਜ਼ਿਆਦਾ ਪੈਸੇ ਸਨ? ਜ਼ਰੂਰ ਕਿਸੇ ਸਵਾਰਥੀ ਧਿਰ ਨੇ ਗਲਤ ਪ੍ਰਚਾਰ ਕਰਕੇ ਲੋਕਾਂ ਨੂੰ ਉਕਸਾਇਆ ਹੋਵੇਗਾ। ਲਾਗਲੇ ਪਿੰਡਾਂ ਦੇ ਸਾਰੇ ਹੀ ਮੁਸਲਮਾਨ ਜਾਂ ਵੱਢੇ-ਮਾਰੇ ਗਏ ਸਨ ਜਾਂ ਕੈਂਪਾਂ ਕਾਫ਼ਲਿਆਂ ਰਾਹੀਂ ਪਾਕਿਸਤਾਨ ਦੇ ਰਾਹ ਪੈ ਗਏ ਸਨ। ਪਰ ਉਸ ਵੇਲੇ ਪੰਜਾਬ ਦੇ ਦੋਹੀਂ ਪਾਸੀਂ ਆਮ ਭੋਲੇ-ਭਾਲੇ ਸਾਧਾਰਨ ਲੋਕਾਂ ਨੂੰ ਸਪੱਸ਼ਟ ਭਾਂਤ ਪਤਾ ਨਹੀਂ ਸੀ ਕਿ ਦੇਸ਼ ਦੀ ਵੰਡ ਨਾਲ ਆਬਾਦੀ ਦੀ ਵੰਡ ਅਤੇ ਤਬਦੀਲੀ ਜ਼ਰੂਰੀ ਸੀ। ਬਹੁਤ ਥਾਈਂ ਲੋਕ ਦੁਬਿਧਾ ਦੇ ਸ਼ਿਕਾਰ ਸਨ। ਹੋਰਨਾਂ ਪਿੰਡਾਂ ਵਾਂਗ ਬੁਤਾਲੇ ਦੇ ਘੁਮਿਆਰਾਂ ਕੋਲ ਵੀ ਉਹਨਾਂ ਦੇ ਵਾਕਫ਼ ਅਤੇ ਰਿਸ਼ਤੇਦਾਰ ਆਏ ਹੋਣਗੇ ਕਿ ਆਓ ਭਾਈ ਪਾਕਿਸਤਾਨ ਚੱਲੋ ਚੱਲੀਏ। ਪਰ ਉਹ ਆਪਣੀ ਦੁਬਿਧਾ ਉੱਤੇ ਕਾਬੂ ਨਾ ਪਾ ਸਕੇ ਅਤੇ ਵਾਹਗੇ ਦੇ ਆਰ-ਪਾਰ ਫੈਲੇ ਫਿਰਕੂ ਜ਼ਹਿਰ ਅਤੇ ਜਨੂੰਨ ਦਾ ਸਹੀ ਅਨੁਮਾਨ ਨਾ ਲਾ ਸਕੇ। ਉਂਝ ਵੀ ਕਿਸੇ ਰਾਜਸੀ ਤੇ ਫਿਰਕੂ ਧਿਰ ਨੇ ਇਹਨਾਂ ਮਿਹਨਤੀ ਮੁਸਲਮਾਨਾਂ ਨੂੰ ਪਾਕਿਸਤਾਨ ਦੇ ਸੰਕਲਪ ਤੇ ਸੁਪਨੇ ਬਾਰੇ ਨਾ ਦੱਸਿਆ ਹੋਵੇਗਾ, ਜਾਂ ਫਿਰ ਉਹ ਇਸ ਫਿਰਕੂ ਹਨ੍ਹੇਰੀ ਦੀ ਲਪੇਟ ਤੋਂ ਬਚੇ ਰਹੇ ਹੋਣਗੇ।

ਕਈ ਥਾਈਂ ਅਜਿਹੀਆਂ ਦੁੱਖਦਾਈ ਘਟਨਾਵਾਂ ਵਾਪਰੀਆਂ ਸਨ ਕਿ ਖੈਰੀਂ ਮਿਹਰੀਂ ਵੱਸਦੇ ਲੋਕ ਇਸ ਭੁਲੇਖੇ ਦੇ ਸ਼ਿਕਾਰ ਹੋ ਕੇ ਅਜਾਈਂ ਮਾਰੇ ਗਏ।

ਪਾਕਿਸਤਾਨ ਜਾਣ ਨਾ ਜਾਣ ਦੀ ਦੁਬਿਧਾ ਦਾ ਸ਼ਿਕਾਰ ਹੋਏ ਇਹਨਾਂ ਮਾਸੂਮ ਲੋਕਾਂ ਦੀ ਹਾਲਤ ਉਸ ਢੱਗੇ ਵਰਗੀ ਸੀ, ਜਿਸਨੂੰ ਜੱਟ ਨੇ ਅੱਕ ਕੇ ਕਿਹਾ ਸੀ, ਮਰ ਜਾਏਂ, ਤੈਨੂੰ ਚੋਰ ਲੈ ਜਾਣ। ਤੇ ਢੱਗੇ ਨੇ ਕਿਹਾ ਸੀ, 'ਯਾਰਾਂ ਨੇ ਪੱਠੇ ਹੀ ਖਾਣੇ ਨੇ, ਇਥੇ ਖਾ ਲਈਏ ਜਾਂ ਕਿਸੇ ਹੋਰ ਖੁਰਲੀ ਉੱਤੇ।' ਘੁਮਿਆਰਾਂ ਦੀ ਵੀ ਇਹੀ ਦੁਬਿਧਾ ਸੀ ਕਿ ਅਸੀਂ ਪਾਕਿਸਤਾਨ ਜਾ ਕੇ ਵੀ ਖੋਤੇ ਹੀ ਕੁੱਟਣੇ ਹਨ, ਕਿਹੜੀਆਂ ਅਫਸਰੀਆਂ ਕਰਨੀਆਂ ਹਨ। ਉਂਝ ਵੀ ਆਪਣੀ ਜਨਮ ਭੂਮੀ ਨੂੰ ਸਦਾ ਲਈ ਤਿਆਗਣਾ ਕਿਹੜਾ ਕੋਈ ਆਸਾਨ ਕੰਮ ਹੁੰਦਾ ਹੈ।

ਪਰ ਘੁਮਿਆਰਾਂ ਦੇ ਸਮੂਹ ਕਤਲ ਦੀ ਸਾਜਿਸ਼ ਘੜੀ ਜਾ ਚੁੱਕੀ ਸੀ। ਸਿਰਫ਼ ਮਕਤੂਲਾਂ

(ਕਤਲ ਹੋਣ ਵਾਲੇ) ਨੂੰ ਹੀ ਖ਼ਬਰ ਨਹੀਂ ਸੀ ਕਿ ਕੀ ਹੋਣ ਵਾਲਾ ਸੀ। ਇਹ ਸਭ ਕੁਝ ਕੀ ਪੰਥ ਨੂੰ ਪੈਦਾ ਹੋਏ ਖ਼ਤਰੇ ਨੂੰ ਟਾਲਣ ਲਈ ਹੋ ਰਿਹਾ ਸੀ। ਪੰਥ ਨੂੰ ਸ਼ਕਤੀ ਤਾਂ ਹੀ ਮਿਲਣੀ ਸੀ ਜੇ ਇਸਦੇ ਮੁੱਢ ਵਿਚ ਬੇਗੁਨਾਹ ਲੋਕਾਂ ਦਾ ਲਹੂ ਡੋਲ੍ਹਿਆ ਜਾਵੇ।

ਪ੍ਰੇਸ਼ਾਨ ਹੋਇਆ ਮੈਂ ਵੱਡੇ ਮਾਮੇ ਉਜਾਗਰ ਸਿੰਘ ਨੂੰ ਪੁੱਛਦਾ ਹਾਂ, "ਮਾਮਾ ਜੀ ਇਹ ਕਹਿਰ ਹੋਇਆ ਕਿਵੇਂ? ਕੀ ਤੁਸੀਂ ਇਹ ਦ੍ਰਿਸ਼ ਦੇਖਣ ਘੁਮਿਆਰਾਂ ਦੇ ਘਰ ਗਏ ਸੀ?"

ਮਾਮਾ ਕਹਿਣ ਲੱਗਾ, "ਦੋਹਤਵਾਨ ਇਹ ਘੁਮਿਆਰ ਬੜੇ ਨੇਕ, ਮਿਲਣਸਾਰ ਅਤੇ ਨਿੱਘੇ ਬੰਦੇ ਸਨ। ਇਹਨਾਂ ਦੀ ਸਿਫ਼ਤ ਸੀ ਕਿ ਕੰਮ ਵੇਲੇ ਇਹ ਕਿਸੇ ਨੂੰ ਨਾਂਹ ਨਹੀਂ ਸੀ ਕਰਦੇ। ਸਾਡੇ ਪਿੰਡ ਵਿਚ ਹਰ ਬੰਦੇ ਕੋਲ ਗੱਡਾ ਜਾਂ ਘੋੜੀ, ਖੋਤੀ ਨਹੀਂ ਸੀ ਹੁੰਦੀ। ਵੱਡਾ ਪਿੰਡ ਹੋਣ ਕਰਕੇ, ਲੋਕਾਂ ਦੇ ਡੇਰੇ ਜਾਂ ਖੂਹ ਦੂਰ-ਦੂਰ ਹੁੰਦੇ ਸਨ। ਕਿਸੇ ਦੀਆਂ ਛੱਲੀਆਂ, ਕਪਾਹ, ਕਣਕ ਜਾਂ ਤਿਲ ਤੋਰੀਆ ਅਥਵਾ ਸਰ੍ਹੋਂ ਢੋਣੀ ਹੁੰਦੀ ਤਾਂ ਘੁਮਿਆਰਾਂ ਨੂੰ ਸੁਨੇਹਾ ਘੱਲ ਦਿੱਤਾ ਜਾਂਦਾ। ਗੱਲ ਸੁਣਦੇ ਸਾਰ ਉਹ ਉੱਡਦੇ ਹੋਏ ਆਉਂਦੇ। ਤੁਸੀਂ ਅਜੇ ਸੁਨੇਹਾ ਦੇ ਕੇ ਵਾਪਿਸ ਘਰ ਨਹੀਂ ਸੀ ਅੱਪੜੇ ਹੁੰਦੇ ਕਿ ਉਹ ਖੋਤੇ ਲਈ ਤੁਹਾਡੇ ਬੂਹੇ ਅੱਗੇ ਖਲੋਤੇ ਹੁੰਦੇ। ਕਿਸੇ ਨੂੰ ਉਹਨਾਂ ਬਾਰੇ ਕਦੇ ਕੋਈ ਗਿਲਾ ਨਹੀਂ ਸੀ ਹੋਇਆ। ਮਿਹਨਤ ਵਜੋਂ ਜੋ ਦੇ ਦੇਈਏ, ਉਹ ਲੈ ਲੈਂਦੇ ਸਨ, ਰੋਟੀ ਟੁੱਕ ਵੀ ਉਹ ਸਾਡਿਆਂ ਘਰਾਂ ਤੋਂ ਹੀ ਖਾ ਕੇ ਗੁਜ਼ਾਰਾ ਕਰ ਲੈਂਦੇ ਸਨ। ਹਾਂ ਉਹ ਸਰਫੇ ਹੱਥੇ ਬੜੇ ਹੁੰਦੇ ਸਨ।"

"ਫਿਰ ਇਹ ਕਤਲੇਆਮ ਦੀ ਘਟਨਾ ਕਿਉਂ ਤੇ ਕਿਵੇਂ ਹੋਈ?" ਮੈਂ ਗੱਲ ਦੀ ਲੜੀ ਨੂੰ ਅੱਗੇ ਤੋਰਨ ਦੀ ਇੱਛਾ ਨਾਲ ਪ੍ਰਸ਼ਨ ਕੀਤਾ।

'ਪੁੱਤਰਾ, ਗੱਲ ਇੰਝ ਸੀ, ਕਿ ਉਹਨਾਂ ਦਿਨਾਂ ਵਿਚ ਲੁਟੇਰੇ ਤੇ ਕਾਤਲਾਂ ਦੇ ਟੋਲੇ ਪਿੰਡ-ਪਿੰਡ ਬਣੇ ਹੋਏ ਸਨ। ਇਹ ਕਿਸੇ ਦਾਨਸ਼ਮੰਦ ਤੇ ਭਲੇ ਬੰਦੇ ਦੀ ਗੱਲ ਕਦੋਂ ਸੁਣਦੇ ਸਨ। ਇਹਨਾਂ ਦੇ ਮੂੰਹਾਂ ਨੂੰ ਲਹੂ ਲੱਗ ਚੁੱਕਾ ਸੀ। ਇਹ ਲਾਗਦੇ ਪਿੰਡਾਂ ਦੀ ਮੁਸਲਮਾਨ ਵੱਸੋਂ ਉੱਤੇ ਹੱਲੇ ਕਰਦੇ ਸਨ ਤੇ ਲੁੱਟ-ਮਾਰ ਕਰਕੇ ਘਰ ਭਰ ਰਹੇ ਸਨ। ਕਿਸੇ ਨੇ ਅਫ਼ਵਾਹ ਫੈਲਾਈ ਹੋਈ ਸੀ ਕਿ ਇਹਨਾਂ ਘੁਮਿਆਰਾਂ ਕੋਲ ਬੜੇ ਪੈਸੇ ਜਮ੍ਹਾਂ ਹਨ। ਪੈਸੇ ਦਾ ਲਾਲਚ ਵੀ ਇਸ ਕਤਲਾਮ ਦਾ ਕਾਰਨ ਬਣਿਆ।"

ਪਰ ਮੇਰੀ ਉਤਸੁਕਤਾ ਸੰਤੁਸ਼ਟ ਨਹੀਂ ਸੀ ਹੋਈ। ਮੈਂ ਆਖਿਆ, 'ਮਾਮਾ ਜੀ ਇਹ ਕਤਲ ਹੋਏ ਕਦੋਂ?' "ਦੋਹਤਵਾਨ ਠੀਕ ਭਾਂਤ ਤਾਂ ਯਾਦ ਨਹੀਂ ਪਰ ਸੌਣ-ਭਾਦੋਂ ਦੇ ਦਿਨ ਸਨ। ਰਾਤ ਦਾ ਸਮਾਂ ਸੀ। ਲੋਕ ਰੋਟੀ-ਟੁੱਕ ਖਾ ਰਹੇ ਸਨ ਕਿ ਧਾੜਵੀਂ ਕਿਰਪਾਨਾਂ, ਬਰਛੇ ਲੈ ਕੇ ਬੇਗੁਨਾਹ, ਨਿਹੱਥੇ ਘੁਮਿਆਰਾਂ ਤੇ ਟੁੱਟ ਪਏ। ਤੀਵੀਆਂ ਨੇ ਬਥੇਰੇ ਤਰਲੇ ਪਾਏ ਕਿ ਸਾਨੂੰ ਕਿਉਂ ਮਾਰਦੇ ਹੋ? ਸਾਡੇ ਕੋਲ ਜੋ ਵੀ ਪੈਸਾ ਹੈ, ਉਹ ਲੈ ਲਵੋ। ਜਿਸ ਕੋਲ ਕਹੋ, ਰੱਖ ਦਿੰਦੇ ਹਾਂ।' ਪਰ ਦੁਸ਼ਟਾਂ ਨੇ ਇੱਕ ਨਾ ਸੁਣੀ। ਕੀ ਬੱਚੇ, ਕੀ ਬੁੱਢੇ ਤੇ ਕੀ ਧੀਆਂ-ਧਿਆਣੀਆਂ, ਸਭ ਨੂੰ ਇਕ ਵੱਢਿਓਂ



ਕਤਲ ਕਰ ਦਿੱਤਾ। ਇਹ ਕੋਈ ਦਸ-ਬਾਰਾਂ ਘਰ ਸਨ। ਕੁਝ ਘਰ ਹਾਲਾਤ ਵੇਖ ਪਹਿਲਾਂ ਹੀ ਨਿਕਲ ਕੇ ਸ਼ਰਨਾਰਥੀ ਕੈਂਪਾਂ ਵਿਚ ਰਲ ਗਏ ਸਨ। ਸਵੇਰੇ ਉੱਠ ਕੇ, ਜਦੋਂ ਸਾਰੇ ਪਿੰਡ ਨੇ ਇਹ ਕਹਿਰ-ਭਰੀ ਖਬਰ ਸੁਣੀ ਤਾਂ ਸਾਰੇ ਤਰਾਹ-ਤਰਾਹ ਕਰਨ ਲੱਗੇ। ਸੋਗ ਦੀ ਇਕ ਲਹਿਰ ਸਾਰੇ ਪਿੰਡ ਵਿਚ ਫਿਰ ਗਈ। ਸਾਰਾ ਪਿੰਡ ਹੀ ਉੱਠ ਕੇ ਇਸ ਕਤਲਾਮ ਨੂੰ ਵੇਖਣ ਲਈ ਉੱਠ ਤੁਰਿਆ।

"ਤੁਸੀਂ ਖ਼ੁਦ ਵੀ ਗਏ ਸੀ ਉਥੇ ਮਾਮਾ ਜੀ?" "ਹਾਂ ਪੁੱਤਰਾ, ਮੈਂ ਵੀ ਗਿਆ ਸੀ। ਭਾਣਾ ਵਰਤ ਚੁੱਕਾ ਸੀ। ਕਾਤਲ ਰਾਤੋਂ ਰਾਤ ਲਾਸ਼ਾਂ ਗੱਡਿਆਂ ਉੱਤੇ ਲੱਦ ਕੇ ਦਰਿਆ ਬਿਆਸ ਵਿਚ ਰੋੜ੍ਹ ਆਏ। ਘਰਾਂ ਵਿਚ ਲਹੂ ਦੇ ਛੱਪੜ ਲੱਗੇ ਹੋਏ ਸਨ। ਘਰੇਲੂ ਸਮਾਨ ਖਿੰਡਿਆ-ਪੁੰਡਿਆ ਪਿਆ ਸੀ। ਕੁਝ ਲੁਟੇਰਿਆਂ ਨੂੰ ਖੋਤਿਆਂ ਦੀਆਂ ਖੁਰਜੀਆਂ ਅਤੇ ਤਾਹਰੂਆਂ ਵਿਚੋਂ ਸੀਤੇ ਹੋਏ ਚਾਂਦੀ ਦੇ ਰੁਪਏ ਲੱਭੇ। ਖੁਰਲੀਆਂ ਤੇ ਬੱਧੇ ਖੋਤੇ ਹੀਂਗ ਰਹੇ ਸਨ ਤੇ ਖੌਰੂ ਪੱਟ ਰਹੇ ਸਨ। ਉਹਨਾਂ ਬੇਜ਼ੁਬਾਨ ਜਾਨਵਰਾਂ ਨੂੰ ਕੀ ਪਤਾ ਸੀ ਕਿ ਮਾਲਕਾਂ ਉੱਤੇ ਕੀ ਕਹਿਰ ਵਰਤ ਗਿਆ ਸੀ। ਵਿਹੜਿਆਂ ਵਿਚ ਖਿਲਰੇ-ਪੁਲਰੇ ਪਏ ਘਰੇਲੂ ਸਮਾਨ ਤੋਂ ਪ੍ਰਤੀਤ ਹੁੰਦਾ ਸੀ ਕਿ ਕਤਲਾਂ ਤੋਂ ਬਾਅਦ ਲੁੱਟਮਾਰ ਤੇ ਫੋਲਾ-ਫਾਲੀ ਕੀਤੀ ਗਈ ਸੀ। ਵੇਖਕੇ ਮਨ ਭਰ ਆਉਂਦਾ ਸੀ। ਕਾਤਲਾਂ ਤੋਂ ਬਿਨਾਂ ਹਰ ਕੋਈ ਇਸ ਵਾਪਰੀ ਹੋਣੀ ਨੂੰ ਮੰਦਭਾਗਾ ਕਹਿ ਰਿਹਾ ਸੀ। ਇਹ ਪਿੰਡ ਦੇ ਇਤਿਹਾਸ ਉੱਤੇ। ਇਸਦੇ ਨਾਂ ਉੱਤੇ ਇਕ ਕਲੰਕ ਦਾ ਟਿੱਕਾ ਲੱਗ ਗਿਆ ਸੀ। ਕਈ ਦਿਨ ਚਿੱਤ ਖਰਾਬ ਰਿਹਾ। ਸੋਚਦਾ ਸਾਂ ਕਿ ਮੈਂ ਇਹ ਦ੍ਰਿਸ਼ ਵੇਖਣ ਹੀ ਨਾ ਜਾਂਦਾ। ਪਿੰਡ ਵਿਚ ਹਾਹਾਕਾਰ ਮੱਚੀ ਹੋਈ ਸੀ। ਮਾਰੇ ਗਏ ਪਰਿਵਾਰਾਂ ਨੂੰ ਰੋਣ ਵਾਲਾ ਕੋਈ ਨਹੀਂ ਸੀ ਰਿਹਾ। ਚੁੱਪ ਰਹਿਣ ਵਾਲੀ ਪਿੰਡ ਦੀ ਬਹੁ-ਗਿਣਤੀ ਚੁੱਪ-ਹਉਕੇ ਭਰਦੀ ਪਈ ਸੀ।"

ਮਾਮਾ ਗੱਲ ਸੁਣਾਉਂਦਾ ਬਹੁਤ ਭਾਵੁਕ ਹੋ ਗਿਆ ਸੀ। ਹੁਣ ਉਸ ਕੋਲੋਂ ਬੋਲ ਨਹੀਂ ਸੀ ਹੋ ਰਿਹਾ। ਮੇਰੀਆਂ ਅੱਖਾਂ ਸਾਹਮਣੇ ਸਾਰਾ ਦ੍ਰਿਸ਼ ਭਿਆਨਕ ਰੂਪ ਵਿਚ ਸਾਕਾਰ ਹੋ ਉੱਠਿਆ ਸੀ। ਜ਼ਿੰਦਗੀ ਲਈ ਹੱਥ ਜੋੜ ਤਰਲੇ ਲੈਂਦੀਆਂ ਮਾਵਾਂ, ਭੈਣਾਂ, ਲਹੂ ਦੇ ਛੱਪੜ, ਬੱਚਿਆਂ ਦੇ ਬਰਛੇ ਪਰੁੱਚੇ ਕੋਮਲ ਸਰੀਰ, ਵੱਢੀਆਂ ਧੌਣਾਂ ਤੇ ਮਿੱਟੀ ਵਿਚ ਰੁਲਦੀਆਂ ਲਾਸ਼ਾਂ। ਕਈ ਦਿਨ ਮੈਨੂੰ ਇਸ ਦ੍ਰਿਸ਼ ਦੇ ਭਿਆਨਕ ਸੁਪਨੇ ਆਉਂਦੇ ਰਹੇ। ਸੋਚਿਆ ਸਾਡੇ ਨਾਲ ਵੀ ਇੰਝ ਹੋ ਸਕਦਾ ਸੀ। ਲੱਖ ਸ਼ੁਕਰ ਕਿ ਅਸੀਂ ਇਸ ਘੱਲੂਘਾਰੇ ਤੋਂ ਬਚ ਕੇ, ਨਵੀਂ ਥਾਂ ਆ ਗਏ ਸੀ। ਜਿੱਥੇ ਸਾਡਾ ਜੱਦੀ ਪਿੰਡ ਸੀ, ਨਾਨਕੇ ਦਾਦਕੇ ਸਨ। ਵਾਕਫ਼ ਚਿਹਰੇ ਤੇ ਜਾਣੇ-ਪਛਾਣੇ ਲੋਕ ਸਨ। ਹੌਲੀ-ਹੌਲੀ ਇਹ ਓਪਰੀ ਧਰਤੀ, ਪਰਾਈ ਲੱਗਣੋ ਹੱਟ ਜਾਣੀ ਸੀ ਤੇ ਉਜੜਣ ਤੋਂ ਬਾਅਦ ਸਾਡੇ ਦੁਬਾਰਾ ਪੈਰ ਲੱਗ ਜਾਣੇ ਸਨ।

ਅੱਜ ਜਦੋਂ ਐਨੇ ਸਾਲਾਂ ਬਾਅਦ ਜਦੋਂ ਮੈਂ ਆਪਣੇ ਬਾਲ-ਚੇਤੇ ਦੇ ਸਹਾਰੇ ਉਸ ਦ੍ਰਿਸ਼ ਨੂੰ ਚਿਤਵਦਾ, ਇਹ ਪੰਨੇ ਲਿਖ ਰਿਹਾ ਹਾਂ ਤਾਂ ਸੋਚਦਾ ਹਾਂ ਹੁਣ ਤੀਕ ਉਹ ਸਾਰੇ ਕਾਤਲ-ਹੱਥ

ਮਰੇ ਮੁੱਕੇ ਚੁੱਕੇ ਹੋਣਗੇ। ਉਹਨਾਂ ਕਾਤਲਾਂ ਦੀ ਕੁਦਰਤੀ ਮੌਤ ਉੱਤੇ ਅਖੰਡ-ਪਾਠ ਰੱਖੇ ਗਏ ਹੋਣਗੇ, ਰਾਗੀਆਂ ਨੇ ਕੀਰਤਨ ਕੀਤਾ ਹੋਵੇਗਾ ਤੇ ਭਾਈਆਂ-ਗ੍ਰੰਥੀਆਂ ਨੇ ਉਹਨਾਂ ਲੋਕਾਂ ਦੀ ਰੂਹ ਦੀ ਸ਼ਾਂਤੀ ਲਈ ਅਰਦਾਸੇ ਕੀਤੇ ਹੋਣਗੇ।

ਸੋਚਦਾ ਹਾਂ ਕਿ ਇਸ ਤਰ੍ਹਾਂ ਦੇ ਪਾਠ ਕਰਾਇਆਂ ਕੀ ਬੰਦਿਆਂ ਦੇ ਗੁਨਾਹ ਮੁਆਫ਼ ਹੋ ਜਾਂਦੇ ਹਨ? ਰਾਗੀਆਂ ਢਾਡੀਆਂ ਨੂੰ ਤਾਂ ਮਿਹਨਤਾਨਾ ਚਾਹੀਦਾ ਹੈ, ਉਹਨਾਂ ਤਾਂ ਮਾਇਆ ਦੇ ਲਾਲਚ ਵਿਚ ਅਰਦਾਸੇ ਕਰਨੇ ਹੁੰਦੇ ਹਨ। ਕੀ ਸਾਡੇ ਭਾਈ ਤੇ ਕੀਰਤਨੀਏ ਅਜਿਹੇ ਕਾਤਲਾਂ ਦੇ ਅਰਦਾਸੇ ਕਰਨ ਤੋਂ ਨਾਂਹ ਨਹੀਂ ਕਰ ਸਕਦੇ। ਇਹ ਤੇ ਅਜਿਹੇ ਹੋਰ ਕਈ ਸਵਾਲ, ਮੇਰੇ ਮਨ ਨੂੰ ਪ੍ਰੇਸ਼ਾਨ ਕਰੀ ਰੱਖਦੇ ਹਨ ਤੇ ਮੈਨੂੰ ਫੈਜ਼ ਅਹਿਮਦ ਫੈਜ਼ ਦਾ ਸ਼ਿਅਰ ਚੇਤੇ ਆਉਂਦਾ ਹੈ -

ਖ਼ੂਨ ਕੇ ਧੱਬੇ ਧੁਲੇਂਗੇ ਕਿਤਨੀ ਬਰਸਾਤੋਂ ਕੇ ਬਾਅਦ।

ਮੇਰਾ ਖ਼ਿਆਲ ਹੈ ਕਿ ਬੇਗੁਨਾਹਾਂ ਦੇ ਕਤਲਾਂ ਦੇ ਖ਼ੂਨ ਦੇ ਧੱਬੇ ਕਦੇ ਵੀ ਨਹੀਂ ਧੁਲਦੇ ਹੁੰਦੇ। ਇਹ ਇਤਿਹਾਸ ਦੇ ਪੰਨਿਆਂ ਉੱਤੇ ਰੌਸ਼ਨ ਹੋ ਉੱਠਦੇ ਹਨ, ਲੋਕਾਂ ਦੇ ਅਵਚੇਤਨ ਵਿਚ ਡੂੰਘੇ ਉਤਰ ਜਾਂਦੇ ਹਨ। ਬੁਤਾਲੇ ਪਿੰਡ ਦਾ ਉਕਤ ਕਤਲੇ-ਆਮ ਕੋਈ ਇਕੱਲੀ-ਕਾਰੀ ਘਟਨਾ ਨਹੀਂ ਸੀ। ਸਰਹੱਦ ਦੇ ਆਰ-ਪਾਰ ਦੋਹੀਂ ਪਾਸੀਂ ਸੈਂਕੜੇ ਹੀ ਅਜਿਹੇ ਸਾਕੇ ਵਾਪਰੇ ਸਨ। ਇਹਨਾਂ ਸਾਕਿਆਂ ਤੇ ਘੱਲੂ ਘਾਰਿਆਂ ਨੂੰ ਅੱਜ ਤੀਕ ਕਿਸੇ ਨੇ ਲਿਖਿਆ ਨਹੀਂ। ਪਰ ਲੋਕ-ਸਿਮ੍ਰਿਤੀ ਵਿਚੋਂ ਇਹ ਅੱਜ ਵੀ ਉਸੇ ਤਰ੍ਹਾਂ ਸਾਖਿਆਤ ਹੋ ਉੱਠਦੇ ਹਨ ਤੇ ਸੰਭਾਲੇ ਪਏ ਹਨ। ਕਾਸ਼ ਕੋਈ ਲਿਖਣ ਵਾਲਾ ਹੋਵੇ।

ਸ਼ਾਇਦ ਅਜਿਹੇ ਹੀ ਉਪਦਰਾਂ ਨੂੰ ਵੇਖ, "ਜੰਗਨਾਮਾ ਪੰਜਾਬ" ਦੇ ਲੇਖਕ ਨੇ, ਸਮੁੱਚੇ ਸਿੱਖ-ਜਗਤ ਸਾਹਮਣੇ ਇੱਕ ਪ੍ਰਸ਼ਨ ਪੇਸ਼ ਕੀਤਾ ਸੀ -

ਇਹ ਜੋ ਗੁਰਾਂ ਨੇ ਤੁਸਾਂ ਨੂੰ ਤੇਗ ਬਖਸ਼ੀ
ਕਿਉਂਕਰ ਲਹੂ ਗਰੀਬ ਦਾ ਮੰਗਦੀ ਹੈ?
ਇਹਨੂੰ ਕੀਹਨੇ ਜਨੂੰਨ ਦੀ ਪਾਣ ਚਾਹੜੀ
ਹੱਥ ਲਹੂ ਨਿਰਦੋਸ਼ ਦੇ ਰੰਗਦੀ ਹੈ।
ਫੇਰ ਨਿਕਲਦੀ ਬਾਹਰ ਮਿਆਨ ਵਿਚੋਂ,
ਪਹਿਲਾਂ ਅਕਲ ਨੂੰ ਛਿੱਕੇ ਤੇ ਟੰਗਦੀ ਹੈ।
ਭਲਾ ਕਦੋਂ ਸਰਬੱਤ ਦਾ ਮੰਗਦੀ ਹੈ?
ਬੰਦੇ ਮਾਰਨੋਂ ਕਦੋਂ ਇਹ ਸੰਗਦੀ ਹੈ?

ਮੈਂ ਇਹ ਵਾਰਤਾ "ਬਾਬਰ-ਵਾਣੀ" ਦੇ ਸ਼ਬਦ ਦੀ ਇੱਕ ਟੂਕ ਨਾਲ ਖ਼ਤਮ ਕਰਦਾ ਹਾਂ।
"ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ?" (ਗੁਰੂ ਨਾਨਕ) •





# ਕਹਾਣੀ ਦਾ ਅੰਤ ਨਹੀਂ

- ਅਫ਼ਜ਼ਲ ਤੌਸੀਫ਼

1947 ਵਿਚ ਉਪ-ਮਹਾਦੀਪ ਦੀ ਵੰਡ ਦੀ ਸਿਰਫ਼ ਇੱਕ ਹੀ ਕਹਾਣੀ ਸੀ ਕਿ ਕੌਮਾਂ ਦੇ ਸੰਗਠਨ ਵਿਚ ਇੱਕ ਮੁਲਕ ਮੁਸਲਮਾਨਾਂ ਦਾ ਵੀ ਸੀ ਤੇ ਬਰਤਾਨੀਆ ਕੋਲੋਂ ਆਜ਼ਾਦੀ ਵੇਲੇ ਉਸਨੂੰ ਅੱਡ ਕਰ ਦਿੱਤਾ ਗਿਆ। ਪਰ ਜਦੋਂ ਪੰਜਾਬ ਦੀ ਵੰਡ ਹੋਈ ਤਾਂ ਲੱਖਾਂ ਕਹਾਣੀਆਂ ਬਣ ਗਈਆਂ। ਇਸ ਜ਼ਮੀਨ ਉੱਤੇ ਰੈਡ ਕਲਿਫ ਦਾ ਛੁਰਾ ਫਿਰਦੇ ਹੀ, ਅੱਗ ਤੇ ਖ਼ੂਨ ਦੇ ਜੋ ਦਰਿਆ ਫੁੱਟੇ ਤਾਂ ਲਹੂ ਦਾ ਹਰ ਕਤਰਾ ਇੱਕ ਕਹਾਣੀ ਸੀ। ਅੱਗ ਦਾ ਹਰ ਚੰਗਿਆੜਾ ਇੱਕ ਦਾਸਤਾਨ। ਲੱਖਾਂ ਲੋਕਾਂ ਦੇ ਤੁਰਦੇ ਕਾਫਲਿਆਂ ਵਿਚ ਕਹਾਣੀਆਂ ਤੁਰ ਰਹੀਆਂ ਸਨ। ਚੱਲਦੀਆਂ ਗੱਡੀਆਂ ਵਿਚ ਕਹਾਣੀਆਂ ਭਰੀਆਂ ਹੋਈਆਂ ਸਨ ਤੇ ਪੰਜਾਬ ਦੇ ਦਰਿਆਵਾਂ ਅਤੇ ਦੋਆਬਿਆਂ ਵਿਚ ਜੋ ਲਾਸ਼ਾਂ ਖਿਲਰੀਆਂ ਪਈਆਂ ਸੀ, ਉਹਨਾਂ ਦੇ ਨਾਲ ਕਹਾਣੀਆਂ ਲਿਪਟੀਆਂ ਹੋਈਆਂ ਸਨ, ਹਰ ਉੱਜੜੇ ਘਰ ਦੀ, ਹਰ ਸੜ ਰਹੇ ਮਕਾਨ ਦੀ, ਇੱਕ ਕਹਾਣੀ ਸੀ ਤੇ ਖ਼ੁਦ ਕਹਾਣੀਆਂ ਲਿਖਣ ਵਾਲੇ ਕਹਾਣੀਆਂ ਬਣ ਗਏ ਸੀ।

ਪਿੱਛੋਂ ਜਦੋਂ ਜ਼ਖ਼ਮਾਂ ਤੋਂ ਲਹੂ ਸੁੱਕ ਗਿਆ, ਘੱਟਾ ਬੈਠ ਗਿਆ ਤਾਂ ਕਹਾਣੀਆਂ ਦਿਲਾਂ ਦੇ ਅੰਦਰ ਲੁੱਕ ਕੇ ਬੈਠ ਗਈਆਂ। ਲੋਕ ਜਦੋਂ ਆਪਸ ਵਿਚ ਰਲ ਕੇ ਬੈਠਦੇ ਤਾਂ ਦੱਬੀ ਜ਼ੁਬਾਨ ਵਿਚ ਆਪਨੀ ਕਹਾਣੀ ਸੁਣਾਉਂਦੇ। ਕਹਾਣੀਆਂ ਗੁੰਮ ਹੋਣ ਲੱਗੀਆਂ। ਵਕਤ ਲੰਘਣ ਲੱਗਾ ਤੇ ਹੁੰਦੇ-ਹੁੰਦੇ ਪੰਜਾਬ ਦਾ ਇੱਕ ਪੂਰੀ ਨਸਲ ਦੀਆਂ ਕਹਾਣੀਆਂ ਗੁੰਮ ਹੋ ਗਈਆਂ। ਪਰ ਜੋ ਬਚ ਗਈਆਂ, ਉਹ ਸਨ ਜੋ ਸੀਨਾ-ਬ-ਸੀਨਾ ਅੱਗੇ ਤੁਰੀਆਂ ਗਈਆਂ ਜਾਂ ਜੋ ਲਿਖੀਆਂ ਗਈਆਂ, ਅਜਿਹੀਆਂ ਕੁਝ ਕਹਾਣੀਆਂ ਮੈਂ ਵੀ ਲਿਖੀਆਂ, ਮੈਂ ਤੇ ਲਿਖਣੀਆਂ ਹੀ ਸੀ ਕਿਉਂਕਿ ਮੈਂ ਵੰਡੀ ਗਈ ਨਸਲ ਦਾ ਵਾਰਸ ਹਾਂ ਤੇ ਇੱਕ ਬਰਬਾਦ ਹੋ ਜਾਣ ਵਾਲੇ ਖ਼ਾਨਦਾਨ ਦੀ ਨਿਸ਼ਾਨੀ। ਫਿਰ ਇਹੀ ਕਹਾਣੀਆਂ ਇਸ ਪਾਸੇ ਵੀ ਪਹੁੰਚ ਗਈਆਂ। ਉਥੇ ਜਿੱਥੇ ਮੈਂ ਜੰਮੀ ਸੀ, ਪਰ ਮੈਂ ਉਥੇ ਕਿਸੇ ਤਰ੍ਹਾਂ ਵੀ ਨਹੀਂ ਜਾ ਸਕਦੀ ਸੀ। ਜਾਣਾ ਚਾਹੁੰਦੀ ਵੀ ਨਹੀਂ ਸੀ। ਆਪਨੇ ਬਚਪਨ ਦੀ ਝੋਲੀ ਭਰਕੇ ਉਥੋਂ ਜੋ ਲਿਆਈ ਸੀ, ਉਸ ਵਿਚ ਦਰਦ-ਭਰੀਆਂ ਯਾਦਾਂ ਅਤੇ ਖੌਫ਼ ਦੀ ਮਿਕਦਾਰ ਬਹੁਤ ਜ਼ਿਆਦਾ ਹੋ ਗਈ ਸੀ। ਪਰ ਜੋ ਲੋਕ ਜਾਣਾ ਚਾਹੁੰਦੇ ਸੀ, ਉਨ੍ਹਾਂ ਲਈ ਪਾਬੰਦੀ ਵੀ ਬੜੀ ਸਖ਼ਤ ਸੀ। ਅਜੀਬ ਬਾਤ ਹੈ ਨਾ, ਇਹ ਪਾਬੰਦੀ ਪਾਕਿਸਤਾਨ ਦੇ ਪੰਜਾਬ ਲਈ ਨਹੀਂ ਸੀ। ਉਧਰ ਦੇ ਪੰਜਾਬੀ ਇਥੇ ਆ ਸਕਦੇ ਹਨ, ਜੇ ਹੋਰ ਕੁਝ ਨਹੀਂ ਤਾਂ ਆਪਨੇ ਪਵਿੱਤਰ ਧਾਰਮਿਕ ਸਥਾਨਾਂ ਦੀ ਯਾਤਰਾ ਦੇ ਲਈ ਜੱਥੇ ਬਣਕੇ ਆਉਂਦੇ-ਜਾਂਦੇ ਰਹਿੰਦੇ ਸੀ। ਪਰ ਭਾਰਤੀ ਪੰਜਾਬ ਵਿਚ ਪੰਜਾਬੀ ਦੇ ਦਾਖਲੇ ਉੱਤੇ ਸਖ਼ਤ ਪਾਬੰਦੀ ਹੈ। ਕਾਰਨ ਇਸਦਾ ਉਥੋਂ ਦੇ ਹਾਲਾਤ ਅਤੇ ਸਿੱਖਾਂ ਦੀ ਪਾਕਿਸਤਾਨ ਦੋਸਤੀ ਦੀ ਵੱਧਦੀ ਹੋਈ ਇੱਛਾ ਦੇ ਨਾਲ-ਨਾਲ ਦਿੱਲੀ ਦੀ ਹਕੂਮਤ ਨਾਲ ਵਸਦੇ ਟਕਰਾ ਸਨ। ਪਰ ਇੱਕ ਤੀਸਰੀ ਗੱਲ ਆਪਨੇ

ਪੁਰਾਣੇ ਪਿੰਡ ਦੀ ਖਿੱਚ ਵੀ ਸੀ। ਆਪਣਾ ਦੇਸ਼ ਪੁਰਾਣਾ ਹੋਵੇ ਜਾਂ ਨਵਾਂ। ਇਸਦੀ ਖਿੱਚ ਕਈ ਨਸਲਾਂ ਤੀਕ ਨਹੀਂ ਜਾਂਦੀ ਹੈ। ਪੱਕੀ ਗੱਲ ਹੈ, ਐਪਰ ਇਸ ਪੱਕੀ ਅਤੇ ਖਾਲਸ ਇਨਸਾਨੀ ਗੱਲ ਨੂੰ ਨਫ਼ਰਤ ਤੇ ਸਿਆਸਤ ਦੀ ਜੰਗ ਵਾਲੇ ਮਾਹੌਲ ਵਿਚ ਸਮਝਿਆ ਨਹੀਂ ਜਾ ਸਕਦਾ। ਤੇ ਫਿਰ ਨਵੇਂ ਹਾਲਾਤ ਵਿਚ ਦੋਵਾਂ ਮੁਲਕਾਂ ਦੀ ਆਪਣੀ ਰਾਜਨੀਤੀ ਹੈ। ਇਸ ਸਿਆਸਤ ਵਿਚ ਬਹੁਤ ਗਰਮਾ-ਗਰਮੀ ਵੀ ਤੇ ਬਹੁਤ ਸਖ਼ਤ ਜੰਮੀ ਹੋਈ ਬਰਫ਼ ਵੀ ਸੀ। ਪਰ ਪੰਜਾਬ ਤੇ ਪੰਜਾਬੀ ਦੇ ਮਾਮਲੇ ਨੂੰ ਸਮਝਣ ਦੀ ਸੰਭਾਵਨਾ ਨਹੀਂ ਹੈ। ਉਂਝ ਇਹ ਮਸਲਾ ਸਾਰੇ ਉਪ-ਮਹਾਦੀਪ ਵਿਚ ਵੱਖਰੇ ਖਾਸੇ ਦਾ ਹੈ। ਪਰ ਇਸਨੂੰ ਇੰਨੀ ਮਹਾਨਤਾ ਵੀ ਨਹੀਂ ਦਿੱਤੀ ਗਈ, ਜਿੰਨੀ ਯੂ. ਪੀ., ਬਿਹਾਰ ਅਤੇ ਕਰਾਚੀ ਦੇ ਲੋਕਾਂ ਦੇ ਮਾਮਲੇ ਵਿਚ ਦਿੱਤੀ ਗਈ। ਉਥੋਂ ਦੇ ਲੋਕਾਂ ਦੇ ਰਿਸ਼ਤੇ ਨਾਤੇ ਦੇ ਹਵਾਲੇ ਨਾਲ ਇਨਸਾਨੀ ਇੱਛਾਵਾਂ ਤੇ ਜ਼ਰੂਰਤਾਂ ਤੇ ਸਤਿਕਾਰ ਵਜੋਂ ਆਉਣ ਜਾਣ ਦੀਆਂ ਸਹੂਲਤਾਂ ਦਿੱਤੀਆਂ ਗਈਆਂ, ਉਹ ਪੰਜਾਬ ਵਾਲਿਆਂ ਨੂੰ ਨਹੀਂ ਦਿੱਤੀਆਂ ਗਈਆਂ, ਹਾਲਾਂਕਿ ਪੰਜਾਬ, ਪੰਜਾਬ ਵਿਚ ਕੋਈ ਦੂਰੀ ਨਹੀਂ, ਐਪਰ ਦੁਨੀਆਂ ਦੀ ਸਭ ਤੋਂ ਵੱਡੀ ਦੂਰੀ ਸਾਹਮਣੇ ਹੈ। ਨਵੀਂ ਨਸਲ ਦੇ ਲੋਕਾਂ, ਭਾਰਤੀ ਜਾਂ ਪਾਕਿਸਤਾਨੀ ਕਿਤੇ ਵੀ ਜਾ ਸਕਦੇ ਹਨ। ਕਿਸੇ ਨੂੰ ਵੀ ਮਿਲ ਸਕਦੇ ਹਨ। ਵੀਜ਼ਾ ਨਰਮ ਸ਼ਰਤਾਂ ਉੱਤੇ ਮਿਲ ਹੀ ਜਾਂਦਾ ਹੈ, ਪਰ ਕੋਈ ਪੰਜਾਬੀ, ਜੋ ਇੱਕ ਪੰਜਾਬ ਵਿਚ ਖੜ੍ਹਾ ਹੋ ਕੇ ਦੂਸਰੇ ਪੰਜਾਬ ਨੂੰ ਛੂਹ ਸਕਦਾ ਹੈ, ਪਰ ਨਹੀਂ ਛੂਹ ਸਕਦਾ। ਦੂਸਰੇ ਪਾਸੇ ਦੀ ਆਵਾਜ਼ ਸੁਣ ਸਕਦਾ ਹੈ, ਪਰ ਨਹੀਂ ਸੁਣ ਸਕਦਾ। ਹਾਲਾਂਕਿ ਬਰਲਿਨ ਵਰਗੀ ਦੀਵਾਰ ਵੀ ਵਿਚਕਾਰ ਨਹੀਂ ਹੈ। ਬੱਸ ਇੱਕ ਲਕੀਰ ਹੈ। ਕਹਿਣ ਨੂੰ ਚੂਨੇ ਦੀ ਰੰਗ ਦੀ। ਮਗਰ ਨਹੀਂ ਇਸ ਸਫੈਦੀ ਨੂੰ ਖੁਰਚ ਕੇ ਵੇਖੋ ਤਾਂ ਅੰਦਰ ਤੋਂ ਲਹੂ ਦਾ ਚਸ਼ਮਾ ਫੁੱਟੇਗਾ। ਲਹੂ ਦਾ ਉਹ ਦਰਿਆ, ਜੋ ਪੰਜਾਬ ਦੀ ਧਰਤੀ ਉੱਤੇ ਵਗਦੇ ਅੰਮ੍ਰਿਤ ਜੈਸੇ ਅਤੇ ਦਰਿਆ ਜ਼ਮ-ਜ਼ਮ ਵਰਗੇ ਪਾਣੀਆਂ ਨੂੰ ਕੱਟਦਾ ਹੋਇਆ ਸਤਲੁਜ ਤੋਂ ਜਿਹਲਮ ਤੀਕ ਚਲਾ ਗਿਆ ਹੈ। ਆਖ਼ਰ ਉਹ ਦਰਿਆ ਇਸ ਚਿੱਟੀ ਲਕੀਰ ਦੇ ਹੇਠਾਂ ਛੁਪ ਗਿਆ। ਸ਼ਾਇਦ ਇਸੇ ਲਈ ਇਸ ਲਕੀਰ ਦੀ ਉਲੰਘਣਾ ਨਹੀਂ ਹੋ ਸਕਦੀ। ਖ਼ਬਰਦਾਰ! ਸਰਕਾਰਾਂ ਵਾਰਨਿੰਗ ਦਿੰਦੀਆਂ ਹਨ। ਸੰਭਲ ਕੇ, ਸਿਆਸਤਾਂ ਸਮਝਾਉਂਦੀਆਂ ਹਨ ਪਰ ....

ਹਾਂ, ਪਰ ਸਾਰੀ ਬਾਤ ਸਰਕਾਰਾਂ ਤੇ ਸਿਆਸਤਾਂ ਦੀ ਮਰਜ਼ੀ ਨਾਲ ਤੇ ਨਹੀਂ ਚੱਲਦੀ। ਤਵਾਰੀਖ ਦੇ ਕੁਝ ਆਪਣੇ ਵੀ ਫ਼ੁਰਮਾਨ ਹੁੰਦੇ ਹਨ। ਆਪਣੇ ਹੀ ਤਰੀਕੇ ਉਹ ਜ਼ਿੰਦਗੀ ਦਾ ਕੁਝ ਬਚਾ ਕੇ ਰੱਖ ਲੈਂਦੀ ਹੈ। ਮੌਤ ਦਾ ਕੁਝ ਸੰਭਾਲ ਲੈਂਦੀ ਹੈ, ਇਸ ਲਈ ਸਾਰੀ ਤਕਸੀਮ ਤੇ ਤਨਸੀਖ ਦੇ ਬਾਵਜੂਦ ਸਭ ਹੱਦ-ਬੰਦੀਆਂ ਅਤੇ ਲਛਮਣ-ਰੇਖਾਵਾਂ ਦੇ ਹੁੰਦੇ ਹੋਏ ਵੀ, ਬਹੁਤ ਕੁਝ ਸਾਂਝਾ ਤੇ ਸਬੂਤਾ ਰਹਿ ਗਿਆ। ਤਾਰੀਖ ਨੂੰ ਵੰਡਣ ਵਾਲੀ ਤਾਕਤ ਜਾਂ ਸਿਆਸਤ ਅਜੇ ਤੀਕ ਪੈਦਾ ਨਹੀਂ ਹੋਈ। ਇਸੇ ਲਈ ਤਾਂ ਇਹ ਹੋਇਆ ਕਿ ਧਰਤੀ, ਪਾਣੀ ਅਤੇ ਲੋਕਾਂ ਦੀ ਵੰਡ ਦੇ ਬਾਵਜੂਦ ਦੋਵਾਂ ਪਾਸਿਆਂ ਦਾ ਆਪਣਾ-ਆਪਣਾ ਪੰਜਾਬ ਬਣ ਜਾਣ ਦੇ ਬਾਵਜੂਦ, ਪੁਰਾਣੇ ਪੰਜਾਬ ਦਾ ਸਾਹਿਤ, ਸ਼ਾਇਰੀ, ਕਲਾਸਕੀ ਕਿਤਾਬਾਂ, ਜਲਵਾਯੂ, ਨਾਇਕ, ਸੂਫ਼ੀ



ਸੰਤ, ਹੀਰ-ਰਾਂਝੇ ਅਤੇ ਮਿਰਜ਼ੇ ਸਾਂਝੇ ਰਹੇ। ਅੱਜ ਵੀ ਪੰਜਾਬ, ਪੰਜਾਬ ਹੈ। ਭਾਰਤੀ ਕੰਟਰੋਲ ਜਾਂ ਪਾਕਿਸਤਾਨ ਕੰਟਰੋਲ ਨੇ ਇਥੋਂ ਦੀ ਮਿੱਟੀ ਅਤੇ ਧੁੱਪ ਦਾ ਰੰਗ ਨਹੀਂ ਬਦਲਿਆ। ਅੱਜ ਵੀ ਸਰ੍ਹੋਂ ਦੇ ਖੇਤ, ਕਣਕ, ਮੱਕੀ ਦਾ ਰੰਗ, ਅਲਸੀ ਦੇ ਫੁੱਲ, ਤਾਰੇ-ਮੀਰੇ ਦੀ ਖੁਸ਼ਬੂ ਇੱਕੋ ਜਿਹੀ ਹੈ। ਟਾਹਲੀਆਂ ਬਦਲੀਆਂ ਹਨ, ਨਾ ਘੁੱਗੀ ਦੇ "ਯੂਸਫ਼ ਖੂਹ" ਆਖਣ ਦਾ ਅੰਦਾਜ਼ ਬਦਲਿਆ ਹੈ ਅਤੇ ਉਹੀ ਪੰਜਾਬੀ ਜ਼ੁਬਾਨ, ਜਿਸ ਵਿਚ ਮੈਂ ਕਈ ਕਹਾਣੀਆਂ ਲਿਖੀਆਂ। ਮੈਨੂੰ ਪਤਾ ਹੀ ਨਹੀਂ ਲੱਗਿਆ ਕਿ ਮੇਰੀਆਂ ਕਹਾਣੀਆਂ ਸਰਹੱਦ ਪਾਰ ਕਰ ਗਈਆਂ। ਇਹਨਾਂ ਲਈ ਨਾ ਪਾਸਪੋਰਟ ਜ਼ਰੂਰੀ ਹੋਇਆ, ਨਾ ਵੀਜ਼ਾ, ਪਰ ਇਹਨਾਂ ਹੀ ਕਹਾਣੀਆਂ ਨੇ ਮੇਰੇ ਲਈ ਵੀਜ਼ੇ ਦੀ ਸਿਫਾਰਿਸ਼ ਕਰ ਦਿੱਤੀ। ਇਹਨਾਂ ਦੀ ਵਜ੍ਹਾ ਕਾਰਨ ਬਾਬੇ ਫਰੀਦ ਨੇ ਬੁਲਾ ਕੇ ਬੜੇ ਪਿਆਰ ਨਾਲ ਪੁਰਸਕਾਰ ਦਿਵਾਇਆ।

ਤੇ ਮੈਂ ਖ਼ੁਦ ਜੋ ਉੱਥੇ ਗਈ ਤਾਂ ਬਾਬਾ ਫ਼ਰੀਦ ਅਵਾਰਡ ਦੇ ਲਈ, ਤੇ ਇਸ ਲੰਮੀ ਕਹਾਣੀ ਦੇ ਲਈ, ਜੋ ਮੇਰੇ ਬੀਤੇ ਨਾਲ ਜੁੜੀ ਹੋਈ ਹੈ ਤੇ ਹੁਣ ਇਸਦੇ ਦੂਸਰੇ ਸਿਰੇ ਤੇ ਇਸਦਾ ਆਖ਼ਰੀ ਕਿਰਦਾਰ (ਪਾਦਰੀ ਵੀ ਮੈਂ ਹੀ ਹਾਂ) ਸਿਰਫ਼ ਮੈਂ ਜਿਸਨੂੰ ਪਤਾ ਹੈ ਕਿ ਪਿੰਡ ਸਿੰਬਲੀ ਦੁਆਬਾ-ਬਿਸਤ ਜਲੰਧਰ (ਬਿਆਸ ਤੇ ਸਤਲੁਜ) ਵਿਚ ਇੱਕ ਵੱਡੀ ਹਵੇਲੀ ਮੇਰੇ ਬਜ਼ੁਰਗਾਂ ਦੀ ਸੀ। ਇੱਕ ਚੁਬਾਰਿਆਂ ਵਾਲਾ ਵੱਡਾ ਮਕਾਨ, ਨਾਨਕਸ਼ਾਹੀ ਇੱਟਾਂ ਨਾਲ ਬਣਿਆ ਹੋਇਆ ਤੇ ਬਹੁਤ ਸਾਰੇ ਖੇਤ ਤੇ ਖੂਹ ਮੇਰੇ ਖਾਨਦਾਨ ਦੇ ਸੀ। ਤੇ ਫਿਰ ਇਸ ਖਾਨਦਾਨ ਦੇ ਨਾਲ ਕੀ ਹੋਇਆ, ਇਹਨਾਂ ਜਾਇਦਾਦਾਂ ਦਾ ਕੀ ਬਣਿਆ? ਉਹ ਕਹਾਣੀ ਹੁਣ ਮੇਰੇ ਕੋਲ ਹੈ, ਜਾਂ ਮੇਰੀ ਜੀਵਨ ਕਹਾਣੀ ਵਿਚ ਲਿਖ ਦਿੱਤੀ ਗਈ ਹੈ। ਇਸ ਕਹਾਣੀ ਦੇ ਨਾਲ ਮੈਂ ਜ਼ਿੰਦਗੀ ਗੁਜ਼ਾਰੀ ਹੈ। ਬਚਪਨ ਦੀ ਖੁਸ਼ੀ ਭੁੱਲ ਜਾਂਦੀ ਹੈ ਪਰ ਦੁੱਖ ਨਹੀਂ ਭੁੱਲਦੇ। ਲੋਕਾਂ ਦਾ ਆਪਣੇ ਘਰਾਂ ਵਿਚ ਮਾਰਿਆ ਜਾਣਾ। ਆਪਣੇ ਘਰਾਂ ਤੋਂ ਕੱਢ ਕੇ ਕੈਂਪਾਂ ਤੇ ਕਾਫਲਿਆਂ ਵਿਚ ਧੱਕ ਦਿੱਤਾ ਜਾਣਾ। ਆਪਣੀ ਹੀ ਧਰਤੀ ਉੱਤੇ ਬੇ-ਠਿਕਾਨਾ ਹੋ ਜਾਣਾ ਅਤੇ ਫਿਰ ਸਾਰੀ ਜ਼ਿੰਦਗੀ ਆਪਣੇ ਵਤਨ ਨੂੰ ਇੱਕ ਨਜ਼ਰ ਭਰ ਦੇਖਣ ਲਈ ਤਰਸਦੇ ਰਹਿਣਾ। ਪੰਜਾਬ ਦੇ ਘਰ-ਘਰ ਦੀ ਕਹਾਣੀ ਹੈ। ਪਿੱਛੋਂ ਇਹ ਕਹਾਣੀ ਸਾਰੀ ਦੁਨੀਆਂ ਵਿਚ ਫੈਲ ਗਈ ਅਤੇ ਵੀਹਵੀਂ ਸਦੀ ਦੀ ਕੌਮਾਂਤਰੀ ਕਹਾਣੀ ਬਣ ਗਈ। ਮਹਾਜਰ, ਪਨਾਹਗੀਰ, ਸ਼ਰਨਾਰਥੀ, ਰਿਫਿਊਜ਼ੀ, ਬੇਵਤਨ, ਜਲਾਵਤਨ ਕਿੱਥੋਂ ਲੱਗ ਕੇ ਕਿੱਥੋਂ ਤੀਕ ਫੈਲ ਗਏ। ਫਲਸਤੀਨ, ਬੋਸਨੀਆ, ਚਚਨੀਆ, ਬੰਗਾਲ, ਇੰਡੋਨੇਸ਼ੀਆ, ਅਫਗਾਨਿਸਤਾਨ ਕਹਾਣੀ ਬਹੁਤ ਲੰਮੀ ਹੋ ਗਈ ਤੇ ਦੁਨੀਆਂ ਭਰ ਵਿਚ ਫੈਲ ਗਈ।

ਪੰਜਾਬ ਵਿਚ ਅੱਧੀ ਸਦੀ ਲੰਘ ਜਾਣਦੇ ਬਾਅਦ ਇਸ ਕਹਾਣੀ ਲਈ ਨਵੀਂ ਸੂਝ ਜਾਗੀ ਹੈ। ਨਵੇਂ ਸਿਰੇ ਤੋਂ ਖਿੰਡੀ ਕਹਾਣੀ ਦੇ ਅੰਗ, ਲੱਭੇ ਤੇ ਜੋੜੇ ਜਾ ਰਹੇ ਹਨ। ਸ਼ਾਇਦ ਇਤਿਹਾਸ ਦੇ ਸੋਮੇ (ਮਾਖ਼ਜ਼) ਸੁਰੱਖਿਅਤ ਰੱਖਣ ਲਈ। ਸ਼ਾਇਦ ਤਾਰੀਖ ਨੂੰ ਪੂਰੀ ਤਰ੍ਹਾਂ ਸਮਝਣ ਲਈ, ਸ਼ਾਇਦ ਵੀਹਵੀਂ ਸਦੀ ਨੂੰ ਇੱਕੀਵੀਂ ਸਦੀ ਵਿਚ ਲੈ ਜਾਣ ਲਈ। ਸ਼ਾਇਦ

ਅਧੂਰੀ ਕਹਾਣੀ ਨੂੰ ਪੂਰੀ ਲਿਖਣ ਲਈ, ਅੱਜ ਇਸ ਸਫਰ ਤੋਂ ਬਾਅਦ ਤਾਂ ਖ਼ੁਦ ਮੇਰੀ ਕਹਾਣੀ ਵੀ ਚੋਰੀ ਹੋ ਗਈ ਹੈ। ਉਹ ਮੇਰਾ ਬਚਪਨ ਸੀ। ਜਦ ਪੰਜਾਬ ਵੰਡਿਆ ਗਿਆ ਤੇ ਮੈਂ ਵੰਡੇ ਹੋਏ ਪੰਜਾਬੀਆਂ ਦੀ ਦੂਸਰੀ ਨਸਲ ਮੰਨੀ ਗਈ। ਪਹਿਲੀ ਨਸਲ ਮੇਰੇ ਬਾਪ ਦੀ ਸੀ, ਉਹਨਾਂ ਦੇ ਦਿਲ ਵਿਚ ਕੀ ਕੁਝ ਸੀ। ਉਹ ਕਿਤੇ ਵੀ ਲਿਖਿਆ ਨਹੀਂ ਗਿਆ। ਮੈਂ ਖ਼ੁਦ ਵੀ ਵਾਲਟਨ ਕੈਂਪ ਦੀ ਰੋਟੀ ਖਾਣ ਤੋਂ ਬਾਅਦ ਬਲੋਚਿਸਤਾਨ ਚਲੀ ਗਈ। ਜਦੋਂ ਮੇਰੇ ਕੋਲ ਅੱਧੇ ਪੰਜਾਬ ਦੀ ਅੱਧੀ ਕਹਾਣੀ ਸੀ। ਮੁਸਲਮਾਨਾਂ ਉੱਤੇ ਜ਼ੁਲਮ ਹੋਇਆ, ਸਿੱਖਾਂ ਨੇ ਕੀਤਾ। ਮੇਰੇ ਖ਼ਾਨਦਾਨ ਉੱਤੇ ਜ਼ੁਲਮ ਹੋਇਆ। ਆਪਣੇ ਪਿੰਡ ਦੇ ਲੋਕਾਂ ਨੇ ਕੀਤਾ। ਇਸ ਅੱਧੀ ਕਹਾਣੀ ਦੇ ਨਾਲ ਬਲੋਚਿਸਤਾਨ ਵਿਚ ਪੰਦਰਾਂ ਸਾਲ ਜੀਣ ਤੋਂ ਬਾਅਦ ਵਾਪਸ ਪੰਜਾਬ ਆਈ ਤਾਂ ਪੂਰੀ ਸੂਝ ਨਾਲ ਦੁਨੀਆਂ ਨੂੰ ਵੇਖ ਸਕਦੀ ਸੀ। ਭਾਵੇਂ ਕਿ ਉਹ ਇੱਕ ਹੋਰ ਹੀ ਪੰਜਾਬ ਸੀ। ਪਰ ਦੇਸ਼-ਵੰਡ ਦੇ ਵੇਲੇ ਦੀਆਂ ਕਿੰਨੀਆਂ ਹੀ ਲਹੂ-ਰੰਗੀਆਂ ਕਹਾਣੀਆਂ ਹਾਲੀਂ ਤੀਕ ਕਈ ਖਾਨਦਾਨਾਂ, ਕਿਤਾਬਾਂ, ਦਿਲਾਂ, ਦੀਵਾਰਾਂ ਉੱਤੇ ਲਿਖੀਆਂ ਮੈਨੂੰ ਮਿਲੀਆਂ ਤੇ ਮੈਂ ਲੋਕਾਂ ਦੀ ਜ਼ੁਬਾਨ ਤੋਂ ਸੁਣੀਆਂ। ਇਹਨਾਂ ਵਿਚੋਂ ਕੁਝ ਕਹਾਣੀਆਂ ਮੈਂ ਆਪਣੇ ਸ਼ਬਦਾਂ ਅਤੇ ਜਜ਼ਬਿਆਂ ਦੀ ਜ਼ੁਬਾਨ ਵਿਚ ਲਿਖੀਆਂ ਤਾਂ ਦਰਦ ਦੀ ਇੱਕ ਸਾਂਝ ਬਣੀ। ਮੇਰੇ ਦਿਲ ਦੀ ਘ੍ਰਿਣਾ ਦਾ ਨਿਸ਼ਾਨਾ (ਟਾਰਗਿਟ) ਵੀ ਬਦਲ ਗਿਆ। ਸਾਰੀ ਗੱਲ ਧਰਮ ਦੀ ਹੀ ਨਹੀਂ ਸੀ। ਸਾਰੀ ਗੱਲ ਸਿੱਖਾਂ ਤੇ ਮੁਸਲਮਾਨਾਂ ਦੀ ਨਹੀਂ ਸੀ। ਸਾਰੀ ਗੱਲ ਜ਼ਾਲਮ ਤੇ ਮਜਲੂਮ ਤੀਕ ਹੀ ਸੀਮਿਤ ਨਹੀਂ ਸੀ। ਬਾਤ ਦਾ ਇੱਕ ਸਿਰਾ ਫਾਇਦਾ ਉਠਾਉਣ ਤੇ ਘ੍ਰਿਣਾ ਫੈਲਾਉਣ ਵਾਲਿਆਂ ਦੇ ਹੱਥ ਵਿਚ ਸੀ। ਲੁੱਟਮਾਰ, ਕਤਲੋ-ਗਾਰਤ ਤੋਂ ਲਾਭ ਉਠਾਉਣ ਵਾਲੇ ਦੋਹੀਂ ਪਾਸੀਂ ਸਨ ਤੇ ਦੋਵਾਂ ਪਾਸਿਆਂ ਦੇ ਆਮ-ਲੋਕ ਕੱਤਈ ਬੇਬੱਸ ਰਹੇ। ਉਹ ਪਿੰਡ ਸਿੰਬਲੀ ਦੇ ਲੋਕ ਸਨ ਜਾਂ ਟੋਬਾ ਟੇਕ ਸਿੰਘ ਦੇ ਬਰਬਾਦ ਹੋਏ। ਪਰ ਸਭ ਤੋਂ ਵੱਧ ਬਰਬਾਦ ਹੋਈ ਪੰਜਾਬ ਦੀ ਧੀ।

ਸਭ ਤੋਂ ਲੰਮੀ ਅਤੇ ਦਰਦਨਾਕ ਕਹਾਣੀ ਪੰਜਾਬ ਦੀ ਔਰਤ ਦੀ ਸੀ। ਇਸਨੂੰ ਵਾਰਸ-ਸ਼ਾਹ ਨੇ ਲਿਖਿਆ, ਅੰਮ੍ਰਿਤਾ ਪ੍ਰੀਤਮ ਨੇ ਨਜ਼ਮ ਕੀਤਾ, ਹਜ਼ਾਰਾਂ ਕਹਾਣੀਆਂ ਲਿਖੀਆਂ ਗਈਆਂ, ਪਰ ਦੁੱਖ ਪੂਰਾ ਨਹੀਂ ਹੋਇਆ।

**ਮੈਂ ਤੱਤੀ ਧੀ ਪੰਜਾਬ ਦੀ, ਮੇਰੇ ਫੁੱਟੇ ਗਏ ਨਸੀਬ।**
**ਮੈਂ ਕੀਕਣ ਦੱਸਾਂ ਬੋਲ ਕੇ, ਟੁੱਕੀ ਗਈ ਮੇਰੀ ਜੀਭ।**
**ਟੋਟੇ ਹੋਏ ਮੇਰੇ ਹੱਥ ਦੇ, ਜੂੜੇ ਗਏ ਮੇਰੇ ਪੈਰ,**
**ਮੈਂ ਸੋਹਣੀ ਪੰਜ ਦਰਿਆਂ ਦੀ, ਵੇਖ ਤੱਤੀ ਦੇ ਭਾਗ।**
**ਕਿਸਮਤ ਮੇਰੀ ਸੌਂ ਗਈ, ਜਾਗੇ ਕੁੱਲ ਜਹਾਨ। •**

**(ਗਜ਼ਰੇ ਥੇ ਹਮ ਜਹਾਂ ਸੇ) ਵਿਚੋਂ ਲਿਪੀ-ਆਂਤਰਣ ਹ. ਸ. ਹ.)**



# ਸੰਨ ਸੰਤਾਲੀ - ਯਾਦਾਂ ਦੇ ਨਸ਼ਤਰ

**- ਹ਼ਰਚਰਨ ਸਿੰਘ**

ਸੰਤ ਸੰਤਾਲੀ ਦੀਆਂ ਯਾਦਾਂ ਨਾ ਹੇਠ ਕਿਤਾਬ ਲਿਖਣ ਪਿਛੋਂ ਮਨ ਨਾਲ ਇਹ ਫੈਸਲਾ ਕੀਤਾ ਸੀ ਕਿ ਹੁਣ ਜਦੋਂ ਉਮਰ ਦਾ ਅੰਤਮ ਸਮਾਂ ਲੰਘ ਰਿਹਾ ਹੈ ਅਤੇ ਸਰੀਰ ਦੀ ਕਮਜ਼ੋਰੀ ਦੇ ਨਾਲ-ਨਾਲ ਨਰਵਸ ਪ੍ਰਬੰਧ ਵੀ ਬਹੁਤ ਦੁਰਬਲ ਹੁੰਦਾ ਜਾ ਰਿਹਾ ਹੈ, ਇਸ ਲਈ ਦੇਸ਼ ਦੀ ਵੰਡ ਕਰਕੇ ਸਰੀਰਕ ਅਤੇ ਮਾਨਸਿਕ ਪੱਖੋਂ ਝੱਲੇ ਸੱਲਾਂ ਨੂੰ ਜਿਥੋਂ ਤੱਕ ਹੋ ਸਕੇ, ਭੁਲਾ ਦੇਣਾ ਹੀ ਚੰਗਾ ਹੈ। ਪ੍ਰੰਤੂ ਹੁੰਦਲ ਹੋਰਾਂ ਨੂੰ ਜਦੋਂ ਵੀ ਮਿਲਿਆ ਤਾਂ ਉਹਨਾਂ ਨੇ ਇਸ ਪ੍ਰਸੰਗ ਤੇ ਕੋਈ ਨਾ ਕੋਈ ਚਿਚੜੀ ਛੇੜ ਹੀ ਦੇਣੀ ਹੁੰਦੀ ਹੈ, ਜਿਸ ਨਾਲ ਕਲੇਜਾ ਫਿਰ ਵਲੂੰਦਰਿਆ ਜਾਂਦਾ ਹੈ। ਇਕ ਤੇਜ਼ ਬੁੱਧੀ ਦੇ ਮਾਲਿਕ ਹੋਣ ਕਰਕੇ ਉਨ੍ਹਾਂ ਬੜੀ ਛੇਤੀ ਜਾਣ ਲਿਆ ਕਿ ਸੰਤਾਲੀ ਦੇ ਦੁੱਖਾਂ ਭਰੇ ਸਮੇਂ ਨੇ ਮੇਰੇ ਮਨ ਤੇ ਡੂੰਘੇ ਫੱਟ ਲਾਏ ਸਨ। ਇਸ ਲਈ ਸ਼ਾਇਦ ਉਹਨਾਂ ਦੀ ਪੀੜਾ ਨੂੰ ਘੱਟ ਕਰਨ ਹਿੱਤ ਆਪ ਬੀਤੀ ਦੇ ਨਾਲ-ਨਾਲ ਕੋਈ ਨਾ ਕੋਈ ਇਸ ਵਿਸ਼ੇ ਤੇ ਕਿਤਾਬ ਮੇਰੇ ਹੱਥੀਂ ਫੜਾ ਦੇਣਾ ਅਤੇ ਕਹਿਣਾ 'ਇਹਨੂੰ ਪੜ੍ਹ ਲਵੋ ਤੁਹਾਨੂੰ ਸਮਝ ਲੱਗੇਗੀ, ਕਿ ਦੋਵੀਂ ਪਾਸੀਂ ਲੋਕਾਂ ਨਾਲ ਕੀ ਬੀਤਿਆ ਅਤੇ ਤੁਹਾਡਾ ਦੁੱਖ ਘਟੇਗਾ।' ਪ੍ਰੰਤੂ ਇਸਦਾ ਅਸਰ ਉਲਟਾ ਹੀ ਹੁੰਦਾ ਅਤੇ ਫਿਰ ਕਈ ਚਿਰ ਉਹਨਾਂ ਮਾਨਸਿਕ ਪੀੜਾਂ ਨੂੰ ਝੱਲਣਾ ਪੈਂਦਾ ਹੈ। ਫਿਰ ਸੋਚਦਾ ਹਾਂ ਇਸ ਵਿਚ ਹੁੰਦਲ ਹੁਰਾਂ 'ਤੇ ਕੀ ਗਿਲਾ?

**'ਆਪੇ ਫਾਬੜੀਏ ਤੈਨੂੰ ਕੌਣ ਛੁਡਾਵੇ।**

ਲੁਧਿਆਣੇ ਨੌਕਰੀ ਕਰਦਿਆਂ ਮੇਰੇ ਇਕ ਬਹੁਤ ਪਿਆਰੇ ਮਿੱਤਰ ਨੇ ਮੇਰੀ ਹੁੰਦਲ ਹੁਰਾਂ ਨਾਲ ਜਾਣ-ਪਛਾਣ ਕਰਵਾਈ ਸੀ। ਜਦੋਂ ਉਹ ਰੀੜ ਦੀ ਹੱਡੀ ਦੇ ਰੋਗ ਵਿਚ ਗ੍ਰਸਤ ਹੋਣ ਕਰਕੇ ਸੀ. ਐਮ. ਸੀ. ਹਸਪਤਾਲ ਲੁਧਿਆਣੇ ਦਾਖਲ ਸੀ। "ਇਹਨਾਂ ਨੂੰ ਚੰਗੀ ਤਰ੍ਹਾਂ ਪਛਾਣ ਲੈ। ਇਹ ਬੜੇ ਸਤਿਕਾਰੇ ਅਤੇ ਪੁੱਜੇ ਹੋਏ ਮਨੁੱਖ ਨੇ, ਕਿਤੇ ਕੰਮ ਆਉਣਗੇ।" ਮੇਰੇ ਮਿੱਤਰ ਨੇ ਜਾਣ-ਪਛਾਣ ਕਰਵਾਉਂਦਿਆਂ ਆਖਿਆ। ਜਦੋਂ ਅਸੀਂ ਦੋਵੇਂ ਉਹਨਾਂ ਨੂੰ ਹਸਪਤਾਲ ਮਿਲਣ ਗਏ ਸਾਂ। "ਇਹ ਤਾਂ ਡੱਬੀ ਵਿਚ ਸਾਂਭ ਕੇ ਰੱਖਣ ਵਾਲੇ ਸੱਜਣ ਹਨ।" "ਇਹ ਡੱਬੀ ਕੀ ਇਹ ਤਾਂ ਵੱਡੇ ਸੰਦੂਕ ਵਿਚ ਵੀ ਬਹੁਤ ਔਖੇ ਆਉਣਗੇ।" ਮੈਂ ਮਜ਼ਾਕ ਦੇ ਰੌ ਵਿਚ ਹੱਸਦਿਆਂ ਕਿਹਾ। ਹਸਪਤਾਲ ਰੋਜ਼ ਸ਼ਾਮੀਂ ਜਾਣ ਨਾਲ ਜਾਣ-ਪਛਾਣ ਸਾਂਝ ਵਿਚ ਤਬਦੀਲ ਹੋ ਗਈ।

ਸੇਵਾ ਮੁਕਤ ਹੋਣ ਪਿਛੋਂ ਕਪੂਰਥਲੇ ਵਸੇਬਾ ਕਰ ਲਿਆ ਤੇ ਇਸ ਕਰਕੇ ਹੁੰਦਲ ਹੁਰਾਂ ਨਾਲ ਹੋਰ ਵੀ ਨੇੜਤਾ ਹੋ ਗਈ। ਕਿਉਂ ਜੋ ਫੱਤੂ ਚੱਕ (ਹੁੰਦਲ ਦਾ ਪਿੰਡ) ਕਪੂਰਥਲਾ ਤੋਂ ਥੋੜ੍ਹੀ ਹੀ ਵਿੱਥ 'ਤੇ ਹੈ। ਹੁੰਦਲ ਹੁਰੀਂ ਵੀ ਵੰਡ ਦਾ ਨਸੂਰ ਆਪਣੇ ਅੰਦਰ ਸਾਂਭੀ ਬੈਠੇ ਹਨ। ਉਹ ਦਾਨਸ਼ਵਰ ਹੋਣ ਕਰਕੇ ਉਸਦੀ ਕੜੱਤਣ ਗਾਹੇ-ਬਗਾਹੇ ਆਪਣੀਆਂ ਲਿਖਤਾਂ ਰਾਹੀਂ ਲਿਖਕੇ ਘਟਾਉਂਦੇ ਰਹਿੰਦੇ ਹਨ। ਪਰੰਤੂ ਮੈਂ ਤਾਂ ਲਿਖਾਰੀ ਦੇ ਵਸਫ ਤੋਂ ਬਿਲਕੁਲ ਖਾਲੀ ਸੀ। ਸਗੋਂ ਇਸ ਤੋਂ ਵੀ ਇਕ ਕਦਮ ਪਿੱਛੇ ਹਾਂ। ਕਿਉਂ ਜੋ ਮੈਨੂੰ ਪੰਜਾਬੀ ਤਾਂ ਲਿਖਣੀ ਵੀ ਨਹੀਂ

ਆਉਂਦੀ। ਸੋ ਮੇਰਾ ਤਾਂ ਸੱਲ ਨਾਸੂਰ ਹੀ ਬਣਿਆ ਪਿਆ ਸੀ ਜਾਂ ਇਹ ਵੀ ਕਹਿਣਾ ਉਚਿਤ ਹੋਵੇਗਾ ਕਿ ਮੇਰੇ ਹਾਣ ਦੇ ਹਰ ਮਨੁੱਖ ਜਾਂ ਬੀਬੀ ਜਿਸਨੇ ਉਹ ਭਰਾ ਮਾਰੂ ਅਣਮਨੁੱਖੀ ਮੰਜ਼ਰ ਵੇਖੇ ਜਾਂ ਹੰਢਾਏ ਹਨ, ਸਭ ਦਾ ਇਹੋ ਹੀ ਹਾਲ ਹੈ।

ਮੈਂ ਰੇਲਵੇ ਵਿਚ ਰੇਲ ਗੱਡੀ ਦੇ ਡਰਾਇਵਰ ਦੀ ਨੌਕਰੀ ਤੇ ਸੀ। ਇਹ 1976-77 ਦੀ ਗੱਲ ਹੈ। ਮੈਂ ਅੰਮ੍ਰਿਤਸਰ ਤੋਂ ਰਾਤ ਨੂੰ 11.55 ਮਿੰਟ ਤੇ ਪਾਰਸਲ ਐਕਸਪ੍ਰੈਸ ਲੈ ਕੇ ਲੁਧਿਆਣਾ ਆਉਣ ਲਈ ਜਦ ਕੋਲੇਵਾਲਾ ਵਾਲਾ ਇੰਜਣ ਸਟੇਸ਼ਨ ਤੇ ਗੱਡੀ ਨਾਲ ਜੋੜਿਆ ਅਤੇ ਫੋਰਮੈਨ ਚਾਹ ਬਣਾਉਣ ਵਿਚ ਰੁੱਝੇ ਹੋਏ ਸਨ, ਮੈਂ ਥੱਲੇ ਇੰਜਣ ਅਤੇ ਗੱਡੀ ਦੀ ਸਰਸਰੀ ਦੇਖ ਰੇਖ ਕਰ ਰਿਹਾ ਸਾਂ ਕਿ ਪਲੇਟਫਾਰਮ ਤੇ ਬੈਠੀਆਂ ਕੁਝ ਸਵਾਰੀਆਂ ਵਿਚੋਂ ਇਕ ਸਵਾਰੀ (ਸਰਦਾਰ ਜੀ) ਇੰਜਣ ਕੋਲ ਆਣ ਕੇ ਫੋਰਮੈਨ ਕੋਲੋਂ ਮੇਰਾ ਨਾਂ ਲੈ ਕੇ ਪੁੱਛ-ਗਿੱਛ ਕਰਨ ਲੱਗੇ। ਉਹ ਉਸਨੂੰ ਹਾਂ ਵਿਚ ਜਵਾਬ ਦੇ ਕੇ ਆਪਣੇ ਕੰਮ ਵਿਚ ਮੁੜ ਜੁੱਟ ਗਏ। ਇੰਨੇ ਚਿਰ ਨੂੰ ਮੈਂ ਵੀ ਇੰਜਣ ਤੇ ਆ ਪਹੁੰਚਾ। ਮੈਨੂੰ ਵੇਖ ਉਹ ਸਰਦਾਰ ਜੀ ਹੋਰ ਅੱਗੇ ਹੋ ਕੇ ਮੇਰੇ ਨਾਲ ਜਾਣ-ਪਛਾਣ ਕਰਨ ਲੱਗ ਪਏ। ਜਦ ਉਸਨੇ ਮੇਰਾ ਨਾਂ ਲਿਆ ਤਾਂ ਮੈਂ ਹੈਰਾਨ ਹੋ ਗਿਆ। ਭਈ ਇਹ ਕੌਣ ਹੈ ਮੇਰੀ ਤੇ ਪਛਾਣੋਂ ਬਾਹਰ ਸੀ। 'ਮੈਂ ਅਜੀਤ ਸਿੰਘ ਹਾਂ ਪਟਿਆਲੇ ਲਾਗੇ ਪਟਵਾਰੀ ਲੱਗਿਆ ਹੋਇਆ ਹਾਂ।' ਮੈਨੂੰ ਫਿਰ ਵੀ ਕੁਝ ਸਮਝ ਨਾ ਪਈ ਕਿ ਕਿਹੜਾ ਅਜੀਤ ਸਿੰਘ ਹੈ? ਕਿਉਂ ਜੋ ਜ਼ਿੰਦਗੀ ਦੇ ਸਫ਼ਰ ਵਿਚ ਤਾਂ ਕਈ ਅਜੀਤ ਸਿੰਘ ਨਾਂ ਦੇ ਵਿਅਕਤੀਆਂ ਨਾਲ ਵਾਹ ਪੈਂਦਾ ਰਿਹਾ ਹੈ। ਮੈਨੂੰ ਸੋਚਾਂ ਦੀ ਘੁੰਮਣ ਘੇਰੀ ਵਿਚੋਂ ਕੱਢਣ ਲਈ ਉਸ ਮੁੜ ਕਿਹਾ 'ਆਪਾਂ ਇਕੱਠੇ ਪੜ੍ਹਦੇ ਰਹੇ ਹਾਂ', ਇਸ ਨਾਲ ਵੀ ਮੇਰੀ ਸੋਚ ਦੀ ਡਾਇਰਕੈਟਰੀ ਵਿਚੋਂ ਉਸਦਾ ਸਿਰਨਾਵਾਂ ਨਾ ਲੱਭਾ। 'ਮੈਂ ਜੀਤੂ ਵਾਂ ਜੀਤੂ ਚੋਰ ਕੋਟ ਵਾਲਾ।' ਹੁਣ ਮੇਰੀ ਸੋਚ ਦੀ ਉਡਾਰੀ ਫਿਰੋਜ਼ਪੁਰ ਮਾਲਵਾ ਹਾਈ ਸਕੂਲ ਤੋਂ ਜਿੱਥੋਂ ਮੈਂ ਆਪਣੀ ਵਿੱਦਿਆ ਪੂਰੀ ਕੀਤੀ ਸੀ, ਸਿੱਧੀ, ਖਾਲਸਾ ਹਾਈ ਸਕੂਲ, ਨਵਾਂ ਪਿੰਡ ਜ਼ਿਲ੍ਹਾ ਸ਼ੇਖੂਪੁਰਾ ਤੋਂ 'ਚੋਰ ਕੋਟ' ਪਹੁੰਚ ਗਈ। 'ਅਜੀਤ ਸਿੰਘ ਗਹਿਲ ਸਿੰਘ ਦਾ ਪੁੱਤਰ ਸੀ ਅਤੇ ਉਹਨਾਂ ਦਾ ਘਰ ਪਿੰਡ ਵਿਚ ਸਾਡੇ ਸਕੂਲ ਦੇ ਰਾਹ ਵਿਚ ਆਉਂਦਾ ਹੁੰਦਾ ਸੀ ਅਤੇ ਅਸੀਂ ਉਹਨਾਂ ਦੇ ਨਲਕੇ ਤੋਂ ਪਾਣੀ ਪੀ ਕੇ ਅੱਗੇ, ਆਪਣੇ ਪਿੰਡ ਨੂੰ ਚਾਲੇ ਪਾਉਂਦੇ ਸਾਂ, ਨਾਲੇ ਉਹ ਤੇ ਮਿਲਟਰੀ ਵਿਚ ਮੇਜਰ ਸੀ। ਉਹਨਾਂ ਨੂੰ ਜ਼ਮੀਨ ਬਲੰਦੇ ਨਕੋਦਰ ਕੋਲ ਅਲਾਟ ਹੋਈ ਸੀ। ਫਿਰ ਸੋਚਾਂ ਦੀ ਲੜੀ ਜੋੜਨ ਲਈ ਉਸ ਹੋਰ ਪਛਾਣ ਦਿੰਦਿਆਂ ਕਿਹਾ 'ਸਲੇਟ ਤੇ ਸਵਾਲ ਕੱਢ ਕੱਢ ਤੇ ਉਸਨੂੰ ਹੱਥ ਨਾਲ ਸਾਫ ਕਰਨ ਨਾਲ ਮੇਰੇ ਸੱਜੇ ਹੱਥ ਦੀ ਚੀਚੀ ਘਸੀ ਹੁੰਦੀ ਸੀ।' ਹਾਂ ਹੁਣ ਸੂਈ ਠੀਕ ਰੇਡੀਉ ਸਟੇਸ਼ਨ ਤੇ ਪਹੁੰਚੀ। 'ਮੈਂ ਉਸਨੂੰ ਲਿੱਬੜੇ ਹੱਥੀਂ ਹੀ ਘੁੱਟ ਕੇ ਜੱਫੀ ਪਾਈ ਅਤੇ ਪੁਰਾਣੀਆਂ ਯਾਦਾਂ ਦੀ ਅੱਖਾਂ ਨੇ ਹਾਮੀ ਵੀ ਭਰ ਦਿੱਤੀ। ਅਸੀਂ 30 ਕੁ ਸਾਲਾਂ ਪਿਛੋਂ ਮਿਲੇ ਸਾਂ। ਉਹ 10.30 ਵਜੇ ਪਟਿਆਲੇ ਜਾਣ ਵਾਲੀ ਗੱਡੀ ਦੀ ਰਹਿ ਗਈ ਸਵਾਰੀ ਸੀ।

ਫੋਰਮੈਨਾਂ ਨੇ ਇਹ ਵੇਖ ਚਾਹ ਦੋ ਕੱਪਾਂ ਵਿਚ ਪਾ ਸਾਨੂੰ ਪਲੇਟਫਾਰਮ ਤੇ ਲਿਆ ਫੜਾਈ।



ਇਹ ਵੇਖ ਉਸਦੇ ਨਾਲ ਦੀਆਂ ਦੋ-ਤਿੰਨ ਸਵਾਰੀਆਂ ਜੋ ਬੈਂਚ ਤੇ ਬੈਠੀਆਂ ਸਨ ਸਾਡੇ ਕੋਲ ਆ ਗਈਆਂ ਅਤੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ। ਮੈਂ ਫੋਰਮੈਨਾਂ ਨੂੰ ਕਿਹਾ, ਭਾਈ ਤਿੰਨ ਚਾਰ ਕੱਪ ਹੋਰ ਬਣਾ ਲਓ। ਗੱਡੀ ਦੇ ਸੰਗਲ ਡਾਊਨ ਹੋ ਗਏ ਸਨ ਅਤੇ ਪਲੇਟਫਾਰਮਰ ਵਾਲਾ ਸਟੇਸ਼ਨ ਮਾਸਟਰ ਵੀ ਗੱਡੀ ਤੋਰਨ ਲਈ ਮੇਰੇ ਕੋਲ ਆ ਗਿਆ ਸੀ। ਮੈਂ ਉਸਨੂੰ ਜਦ ਇਹ ਦੱਸਿਆ ਕਿ ਇਹ ਸਰਦਾਰ ਪਾਕਿਸਤਾਨ ਵਿਚ ਮੇਰਾ ਜਮਾਤੀ ਸੀ ਅਤੇ ਇਹ 30 ਸਾਲਾਂ ਪਿਛੋਂ ਮੈਨੂੰ ਮਿਲਿਆ ਹੈ। 78 ਡਾਊਨ ਗੱਡੀ ਦੀ ਰਹਿ ਗਈ ਸਵਾਰੀ ਹੈ। ਸਟੇਸ਼ਨ ਮਾਸਟਰ ਨੇ ਸਾਡੇ ਇੰਜਣ ਨਾਲ ਲੱਗੇ ਏ. ਸੀ. ਦਾ ਡੱਬਾ ਜੋ ਜਗਾਧਰੀ ਮੁਰੰਮਤ ਲਈ ਜਾ ਰਿਹਾ ਸੀ, ਖੁਲ੍ਹਾ ਦਿੱਤਾ ਅਤੇ ਅਟੈਂਡੈਂਟ ਨੂੰ ਕਹਿ ਕੇ ਚਾਲੂ ਕਰਵਾ ਦਿੱਤਾ। ਉਹ ਤਿੰਨੇ ਚਾਰੇ ਸਵਾਰੀਆਂ ਚਾਹ ਦੇ ਗਿਲਾਸ ਹੱਥੀਂ ਫੜੀ ਡੱਬੇ ਵਿਚ ਬੈਠ ਗਏ ਅਤੇ ਲੁਧਿਆਣਾ ਤੱਕ ਸਾਡੇ ਨਾਲ ਹੀ ਆਏ। ਜਲੰਧਰ ਸਮਾਨ ਲਾਹੁਣ-ਪਾਉਣ ਕਰਕੇ ਗੱਡੀ ਜਦ ਅੱਧਾ ਪੌਣਾ ਘੰਟਾ ਖੜ੍ਹੀ ਰਹੀ ਤਾਂ ਅਜੀਤ ਸਿੰਘ ਨੇ ਮੈਨੂੰ ਦੱਸਿਆ ਕਿ ਉਹ ਜਥੇ ਨਾਲ ਗੁਰਦੁਆਰਿਆਂ ਦੇ ਦਰਸ਼ਨਾਂ ਨੂੰ ਪਾਕਿਸਤਾਨ ਗਿਆ ਸੀ ਅਤੇ ਉਹ ਨਨਕਾਣੇ ਸਾਹਿਬ ਤੋਂ ਪਿੰਡ ਵੀ ਘੁੰਮ ਆਇਆ ਸੀ। ਇਸ ਗੱਲ ਨੇ ਮੈਨੂੰ ਬਹੁਤ ਹੀ ਵਿਆਕੁਲ ਕਰ ਦਿੱਤਾ। ਜਿੱਥੇ ਆਪਣੇ ਪੁਰਾਣੇ ਜਮਾਤੀ ਨੂੰ ਮਿਲਕੇ ਮੈਨੂੰ ਜੰਨਤ ਦਾ ਝੂਟਾ ਮਹਿਸੂਸ ਹੋਇਆ, ਛਡਾਏ ਗਏ ਵਤਨਾਂ ਦੀ ਫੇਰੀ ਦੀ ਕਹਾਣੀ ਨੇ ਮੇਰੇ ਤੇ ਫਿਰ ਬਿਰਹੋਂ ਦਾ ਇੱਕ ਤਿੱਖਾ ਵਾਰ ਕਰ ਦਿੱਤਾ। ਬਹੇ ਗ਼ਮਾਂ ਤੋਂ ਪੱਲਾ ਛੁਡਾਉਣ ਲੱਗਿਆਂ ਉਲਟਾ ਸਜਰੇ ਗ਼ਮ ਸਹੇੜ ਬੈਠਾ।

## ਪਾਕਿਸਤਾਨ ਵਿਚਲੇ ਮਿੱਤਰਾਂ ਨਾਲ ਪੱਤਰ ਵਿਹਾਰ

ਡਿਊਟੀ ਪੂਰੀ ਕਰ ਘਰ ਪਹੁੰਚ ਕੇ ਮੈਂ ਪਾਕਿਸਤਾਨ ਵਿਚ ਆਪਣੇ ਇਕ ਜਮਾਤੀ ਚੌਧਰੀ ਇਬਰਾਹੀਮ ਸਾਹਿਬ ਨੂੰ ਚਿੱਠੀ ਲਿਖ ਦਿੱਤੀ। ਮਹੀਨੇ ਡੇਢ ਮਹੀਨੇ ਪਿੱਛੋਂ ਇਕ ਦਿਨ ਜਦ ਮੈਂ ਡਿਊਟੀ ਤੋਂ ਵਾਪਸ ਘਰ ਪਹੁੰਚਿਆ ਤਾਂ ਮੇਰੇ ਬੱਚਿਆਂ ਅੱਗਲਵਾਂਢੀ ਨੱਸਕੇ ਮੈਨੂੰ ਦੱਸਿਆ ਕਿ ਤੁਹਾਡੀ ਇੱਕ ਚਿੱਠੀ ਪਾਕਿਸਤਾਨ ਤੋਂ ਆਈ ਹੈ। ਮੈਂ ਪੁੱਛਿਆ ਕੀ ਲਿਖਿਆ ਹੈ ਉਸ ਵਿਚ ਮੇਰੀ ਵੱਡੀ ਬੇਟੀ ਜੋ ਉਸ ਵੇਲੇ ਸ਼ਾਇਦ ਬੀ. ਏ. ਦੇ ਆਖਰੀ ਸਾਲ ਵਿਚ ਸੀ। ਕਹਿਣ ਲੱਗੀ, "ਅਸੀਂ ਤਾਂ ਸਿਰਫ਼ ਇੰਗਲਿਸ਼ ਵਾਲਾ ਉਸਦਾ ਐਡਰੈਸ ਹੀ ਪੜ੍ਹ ਸਕੇ ਹਾਂ। ਚਿੱਠੀ ਤਾਂ ਉਰਦੂ ਵਿਚ ਹੀ ਲਿਖੀ ਹੋਈ ਸੀ।"

ਘਰ ਵੜਦਿਆਂ ਮੈਂ ਸਭ ਤੋਂ ਪਹਿਲਾਂ ਚਿੱਠੀ ਵੇਖੀ। ਚਿੱਠੀ ਰਮਜ਼ਾਨ ਅਲੀ ਢਿਲੋਂ ਦੀ ਸੀ। ਉਹ ਮੇਰੇ ਤੋਂ ਇੱਕ ਜਮਾਤ ਅੱਗੇ ਪੜ੍ਹਦਾ ਸੀ ਅਤੇ ਸਾਡੀ ਫੁੱਟਬਾਲ ਦੀ ਮੁੰਡਿਆਂ ਦੀ ਪਿੰਡ ਵਾਲੀ ਟੀਮ ਦਾ ਕਪਤਾਨ ਵੀ ਸੀ। ਲਿਖਿਆ ਸੀ "ਮੈਂ ਰੇਲਵੇ ਵਿਚ ਗਾਰਡ ਹਾਂ ਅਤੇ ਰੇਲਵੇ ਦੀ ਫੁੱਟਬਾਲ ਦੀ ਟੀਮ ਦਾ ਕੋਚ ਵੀ ਹਾਂ ਅਤੇ ਪਟੀਦਨ ਸਿੰਧ (ਸੱਖਰ ਲਾਗੇ) ਮੇਰਾ ਹੈੱਡਕੁਆਟਰ ਹੈ। ਦੋ ਮੁੰਡੇ ਤੇ ਇੱਕ ਕੁੜੀ ਹੈ। ਬਹੁਤ ਖੁਸ਼ ਹੈ।' ਅੱਗੇ ਲਿਖਦਾ ਹੈ "ਪਿੰਡ ਗਿਆ ਸਾਂ ਉਥੇ ਈਬੇ (ਚੌਧਰੀ ਇਬਰਾਹੀਮ) ਨੇ ਤੁਹਾਡੀ ਚਿੱਠੀ ਪੜ੍ਹਾਈ। ਚਿੱਠੀ ਵਿਚ ਮੈਨੂੰ

ਵੀ ਸਲਾਮ ਗੁਜ਼ਾਰਿਸ਼ ਕੀਤੀ ਸੀ। ਦਿਲ ਬਹੁਤ ਖੁਸ਼ ਹੋਇਆ। ਇਹ ਜਾਣ ਕੇ ਕਿ ਤੁਸੀਂ ਵੀ ਰੇਲਵੇ ਵਿਚ ਰਨਿੰਗ ਸਟਾਫ ਵਿਚ ਡਰਾਈਵਰ ਹੋ। ਕਿੰਨਾ ਚੰਗਾ ਹੁੰਦਾ ਜੇ ਅਸੀਂ ਦੋਵੇਂ ਇਕੱਠੇ ਹੀ ਗੱਡੀ ਚਲਾਉਣ ਦੀਆਂ ਡਿਊਟੀਆਂ ਨਿਭਾਉਂਦੇ ਹੁੰਦੇ। ਰਾਬਤਾ ਕਾਇਮ ਰਹਿਣਾ ਚਾਹੀਦਾ ਹੈ।" ਨਾਲ ਹੀ ਚਿੱਠੀ ਵਿਚ ਉਸਦੀ ਆਪਣੀ ਭੇਡ ਦੀ ਉੱਨ ਵਾਲੀ ਟੋਪੀ ਪਹਿਨੀ ਫੋਟੋ ਅਤੇ ਤਿੰਨਾਂ ਬੱਚਿਆਂ ਨਾਲ ਉਸਦੀ ਬੀਵੀ ਦੀਆਂ ਫੋਟੋਆਂ ਵੀ ਸਨ। ਇਹ ਫੋਟੋਆਂ ਦਿੱਲੀ ਮੇਰੀ ਜੇਬ ਕੱਟੀ ਜਾਣ ਕਰਕੇ ਗੁੰਮ ਹੋ ਗਈਆਂ ਸਨ। ਜਿਨ੍ਹਾਂ ਦਾ ਮੈਨੂੰ ਅੱਜ ਤੱਕ ਵੀ ਪਛਤਾਵਾ ਹੈ।

ਇਸ ਤੋਂ ਕੁਝ ਦਿਨਾਂ ਪਿਛੋਂ ਚੌਧਰੀ ਇਬਰਾਹੀਮ ਸਾਹਿਬ ਦੀ ਪੂਰੀ ਤਫਸੀਲ ਵਾਲੀ ਦੋ ਤਿੰਨ ਸਫੇ ਦੀ ਚਿੱਠੀ ਮਿਲੀ। ਉਸ ਵਿਚ ਉਸ ਲਿਖਿਆ ਸੀ ਕਿ ਉਹ ਲਾਇਲਪੁਰ ਤੋਂ ਬੀ. ਏ. ਪਾਸ ਕਰਕੇ ਆਪਣੇ ਪਿੰਡ ਹੀ ਸਕੂਲ ਵਿਚ ਮੁਨਸ਼ੀ ਲੱਗਾ ਹੋਇਆ ਹੈ। ਇਸ ਤਰ੍ਹਾਂ ਰਾਬਤਾ ਚਾਲੂ ਹੋਇਆ ਅਤੇ ਵਧਦਾ ਗਿਆ।

ਸ਼ਾਇਦ ਇਸ ਚਿੱਠੀ ਪੱਤਰ ਦਾ ਲਾਗਲੇ ਪਿੰਡੀਂ ਵੀ ਜ਼ਿਕਰ ਹੋਣ ਲੱਗ ਪਿਆ ਸੀ। ਇਸ ਗੱਲ ਦੀ ਉਹ ਸ਼ਾਹਦੀ ਦਾ ਕਾਰਡ ਜੋ ਮੇਰੇ ਇਕ ਜਮਾਤੀ ਨੇ 'ਨਿੱਕੀਆਂ ਥੋਥੀਆਂ' ਜੋ ਸਾਡੇ ਪਿੰਡੋਂ ਇਕ ਕਿਲੋਮੀਟਰ ਦੀ ਵਿੱਥ 'ਤੇ ਹੈ ਜਿਸਨੇ ਆਪਣੀ ਬੇਟੀ ਦੀ ਸ਼ਾਦੀ ਵਿਚ ਸ਼ਿਰਕਤ ਲਈ ਮੈਨੂੰ ਭੇਜਿਆ ਸੀ ਅਤੇ ਜੋ ਅੱਜ ਵੀ ਮੇਰੇ ਕੋਲ ਹੈ। ਇਸ ਤੋਂ ਕੁਝ ਦਿਨਾਂ ਪਿਛੋਂ ਚੌਧਰੀ ਇਬਰਾਹੀਮ ਸਾਹਿਬ ਦੀ ਚਿੱਠੀ ਅਤੇ ਉਹਨਾਂ ਦੇ ਬੇਟੇ ਮੁਹੰਮਦ ਮੁਸ਼ਤਾਕ (ਜੋ ਪੁਲਿਸ ਦਾ ਮੁਲਾਜ਼ਮ ਹੈ) ਦੀ ਸ਼ਾਦੀ ਦਾ ਕਾਰਡ ਵੀ ਡਾਕ ਰਾਹੀਂ ਪੁੱਜ ਗਿਆ। ਬਹੁਤ ਹੀ ਭੱਜ ਨੱਠ ਪਿਛੋਂ ਮੈਂ ਪਾਸਪੋਰਟ ਬਣਾਉਣ ਵਿਚ ਤਾਂ ਕਾਮਯਾਬ ਹੋ ਗਿਆ ਸਾਂ। ਪਰ ਵੀਜ਼ਾ ਕਿਸ ਤਰ੍ਹਾਂ ਲਵਾਇਆ ਜਾਵੇ? ਪਾਕਿਸਤਾਨ ਦਾ ਵੀਜ਼ਾ ਲਗਵਾਉਣਾ ਉਸ ਵੇਲੇ ਸ਼ਾਇਦ ਸਭ ਤੋਂ ਔਖਾ ਕੰਮ ਸੀ। ਪਾਸਪੋਰਟ ਸ਼ਾਦੀ ਦੇ ਕਾਰਡ ਅਤੇ ਚਿੱਠੀਆਂ ਲੈ ਕੇ ਮੈਂ ਦਿੱਲੀ ਪਾਕਿਸਤਾਨ ਦੀ ਅੰਬੈਸੀ ਦਾ ਰੁਖ ਕੀਤਾ। ਪੁੱਛ-ਗਿੱਛ ਤੋਂ ਪਤਾ ਲੱਗਾ ਕਿ ਅੰਬੈਸੀ ਵਿਚ ਵੀਜ਼ੇ ਵਾਲੀ ਖਿੜਕੀ 9 ਵਜੇ ਤੋਂ 12 ਵਜੇ ਤੱਕ ਖੁੱਲਦੀ ਹੈ ਅਤੇ ਲੋਕੀ ਉੱਥੇ ਰਾਤੀ ਹੀ ਜਾ ਬੈਠਦੇ ਹਨ। 9 ਵਜੇ ਨੂੰ ਲਾਇਨ ਇਕ ਫਰਲਾਂਗ ਲੰਮੀ ਹੋ ਜਾਂਦੀ ਹੈ। ਮੈਂ ਵੀ ਆਪਣੇ ਟਿਕਾਣੇ ਤੋਂ ਸਵੇਰੇ 5 ਵਜੇ ਖਿੜਕੀ 'ਤੇ ਪਹੁੰਚ ਗਿਆ। ਫਾਰਮ ਵੀ ਲਾਈਨ ਵਿਚ ਹੀ ਭਰਿਆ ਅਤੇ ਫੋਟੋਗ੍ਰਾਫਰ ਜੋ ਉਸ ਵੇਲੇ ਚਾਰ ਫੋਟੋ ਬਣਾ ਦਿੰਦੇ ਸਨ, ਲਾਈਨ ਵਿਚ ਲੱਗੇ-ਲੱਗੇ ਹੀ ਖਿਚਵਾਈਆਂ। ਪ੍ਰੰਤੂ 11.30 ਵਜੇ ਵੀ ਮੇਰੇ ਅੱਗੇ 50 ਤੋਂ ਉੱਪਰ ਵੀਜ਼ੇ ਦੇ ਚਾਹਵਾਨ ਲਾਈਨ ਵਿਚ ਖੜ੍ਹੇ ਸਨ। ਲੋਕਾਂ ਕੋਲੋਂ ਵੱਖ-ਵੱਖ ਤਰ੍ਹਾਂ ਦੀਆਂ ਗੱਲਾਂ ਸੁਣਕੇ ਮੈਂ ਬਹੁਤ ਮਾਯੂਸ ਹੋਇਆ। ਪ੍ਰੰਤੂ ਮੈਂ ਦਿਲ ਨਾ ਛੱਡਿਆ ਅਤੇ ਹਿੰਮਤ ਕਰਕੇ ਐਂਟਰੀ ਗੇਟ (ਅੰਦਰ ਜਾਣ ਵਾਲਾ ਦਰਵਾਜ਼ਾ) 'ਤੇ ਪਹੁੰਚ ਕੇ ਅੰਦਰ ਜਾ ਕੇ ਅਧਿਕਾਰੀਆਂ ਨੂੰ ਮਿਲਣ ਦਾ ਯਤਨ ਕੀਤਾ। ਮੈਨੂੰ ਕੀ ਪਤਾ ਸੀ ਕਿ ਅੰਦਰ ਜਾਣ ਦੀ ਆਗਿਆ ਬਹੁਤ ਹੀ ਘੱਟ ਲੋਕਾਂ ਨੂੰ ਦਿੱਤੀ ਜਾਂਦੀ ਹੈ ਅਤੇ ਅੰਬੈਸੀ ਦੇ



ਚਾਰ-ਚੁਫੇਰੇ ਹੀ ਚਿੱਟੇ ਕੱਪੜਿਆਂ ਵਿਚ ਪੁਲਿਸ ਦੀਆਂ ਖੁਫੀਆਂ ਏਜੰਸੀਆਂ ਟੋਹ ਰੱਖਦੀਆਂ ਹਨ। ਬਹੁਤ ਕੋਸ਼ਿਸ਼ਾਂ ਪਿੱਛੋਂ ਅਤੇ ਉਹ ਵੀ ਅੰਬੈਸੀ ਦੇ ਫਸਟ ਸੈਕਟਰੀ ਦਾ ਇੰਟਰੋਡੈਕਸ਼ਨ ਕਾਰਡ ਦਿਖਾਉਣ ਪਿਛੋਂ ( ਜੋ ਮੈਨੂੰ ਮੇਰੇ ਇਕ ਮਿੱਤਰ ਨੇ ਜੋ ਕਸਟਮ ਵਿਚ ਅਫਸਰ ਸੀ ਅਤੇ ਜੋ ਉਸ ਵੇਲੇ ਵਾਹਗਾ ਬਾਰਡਰ 'ਤੇ ਨੌਕਰੀ ਨਿਭਾ ਰਿਹਾ ਸੀ ਵਲੋਂ ਮਿਲਿਆ ਸੀ) ਹੀ ਆਗਿਆ ਮਿਲੀ।

ਮੈਨੂੰ ਅੰਦਰ ਜਾ ਕੇ ਪਤਾ ਲੱਗਾ ਕਿ ਅੰਬੈਸੀ ਵੀ ਇੱਕ ਵੱਖਰਾ ਮੁਲਕ ਹੁੰਦਾ ਹੈ। ਉਹ ਜਿਸ ਦੇਸ਼ ਦੀ ਹੁੰਦੀ ਹੈ ਸਾਰਾ ਅਮਲਾ ਫੈਲਾ ਉਸੇ ਹੀ ਦੇਸ਼ ਦਾ ਹੁੰਦਾ ਹੈ। ਮੈਂ ਅੰਦਰ ਜਾ ਕੇ ਸੰਬੰਧਿਤ ਅਧਿਕਾਰੀ ਨੂੰ ਜਦੋਂ ਮਿਲਿਆ ਤਾਂ ਮੈਂ ਹਿੰਦੀ ਵਿਚ ਗੱਲ ਕੀਤੀ। ਕਿਉਂ ਜੋ ਦਿੱਲੀ ਦੇ ਬਹੁਤ ਲੋਕ ਆਮ ਕਰਕੇ ਹਿੰਦੀ ਵਿਚ ਹੀ ਗੱਲ ਕਰਦੇ ਹਨ। ਪ੍ਰੰਤੂ ਮੇਰੀ ਹੈਰਾਨੀ ਦੀ ਉਸ ਵੇਲੇ ਹੱਦ ਨਾ ਰਹੀ ਜਦੋਂ ਅੱਗੋਂ ਮੈਨੂੰ ਬਹੁਤ ਹੀ ਖ਼ੂਬਸੂਰਤ ਪੰਜਾਬੀ ਵਿਚ ਜਵਾਬ ਮਿਲਿਆ। ਜਵਾਬ ਦੇਣ ਵਾਲਾ ਜਵਾਨ ਮੁੰਡਾ ਅੰਬੈਸੀ ਵਿਚ ਅਟੈਚੀ ਸੀ। ਜਦ ਮੈਂ ਉਸਨੂੰ ਆਪਣੀ ਗੱਲ ਦੱਸੀ ਅਤੇ ਚਿੱਠੀ ਅਤੇ ਵਿਆਹ ਵਾਲੇ ਕਾਰਡ ਦਿਖਾਏ ਤਾਂ ਉਸਨੇ ਬੜੀ ਨਿਮਰਤਾ ਨਾਲ ਦੱਸਿਆ ਕਿ ਮੈਨੂੰ ਵੀਜ਼ਾ ਨਹੀਂ ਮਿਲ ਸਕਦਾ। ਉਸਦਾ ਕਹਿਣਾ ਸੀ ਕਿ ਹੱਦ ਉੱਤੇ ਦੋਵਾਂ ਮੁਲਕਾਂ ਵਿਚ ਕੁਝ ਕਸ਼ੀਦਗੀ ਹੋਣ ਕਰਕੇ ਹੁਣ ਸਿਰਫ਼ ਪੰਜ ਵੀਜ਼ੇ ਹੀ ਰੋਜ਼ ਦੇ ਮਨਜ਼ੂਰ ਹੁੰਦੇ ਹਨ ਅਤੇ ਉਹ ਵੀ ਸਿਰਫ਼ ਖੋਖਰ ਸਾਹਿਬ ਜੋ ਉਸ ਵੇਲੇ ਪਾਕਿਸਤਾਨ ਦੇ ਹਿੰਦੋਸਤਾਨ ਵਿਚ ਅੰਬੈਸਡਰ ਸਨ, ਦੀ ਮਰਜ਼ੀ ਅਨੁਸਾਰ ਹੀ ਦਿੱਤੇ ਜਾਂਦੇ ਹਨ। ਮੈਂ ਜਦ ਫਸਟ ਸੈਕਟਰੀ ਸਾਹਿਬ ਦਾ ਪਛਾਣ ਕਾਰਡ ਦਿਖਾਇਆ ਅਤੇ ਕਿਹਾ ਕਿ ਮੈਨੂੰ ਉਹਨਾਂ ਨਾਲ ਹੀ ਮਿਲਾ ਦਿਉ ਤਾਂ ਜਵਾਬ ਦਿੱਤਾ ਕਿ ਉਹ ਅੱਜ ਸਵੇਰੇ ਸੜਕ ਰਾਹੀਂ ਲਾਹੌਰ ਚਲੇ ਗਏ ਹਨ। ਕਿਉਂ ਜੋ ਰਾਤੀਂ ਉਹਨਾਂ ਦਾ ਸਕਾ ਸੰਬੰਧੀ ਅੱਲ੍ਹਾ ਮੀਆਂ ਨੂੰ ਪਿਆਰਾ ਹੋ ਗਿਆ ਸੀ ਅਤੇ ਉਹ ਉਹਨਾਂ ਦੀਆਂ ਆਖਰੀ ਰਸਮਾਂ ਦੇ ਸਿਲਸਿਲੇ ਲਈ ਚਲੇ ਗਏ ਸਨ। ਖੋਖਰ ਸਾਹਿਬ ਦੀ ਮਿਲਣੀ ਲਈ ਜਵਾਬ ਮਿਲਿਆ ਕਿ ਉਹ ਵੀ ਹੋਮ ਮਨਿਸਟਰੀ ਦੇ ਸੱਦੇ 'ਤੇ ਸੈਕਟਰੀਏਟ ਗਏ ਹੋਏ ਨੇ। ਅਧਿਕਾਰੀ ਜਵਾਨ ਦਾ ਵਰਤਾਉ ਬਹੁਤ ਹੀ ਸ਼ਲਾਘਾਯੋਗ ਸੀ। ਮੇਰਾ ਫਾਰਮ ਅਤੇ ਪਾਸਪੋਰਟ ਦੇਖਕੇ ਕਹਿਣ ਲੱਗਾ, "ਸਰਦਾਰ ਜੀ ਤੁਸੀਂ ਤਾਂ ਮੇਰੇ ਆਪਣੇ ਹੀ ਹੋ। ਮੈਂ ਚੂੜਕਾਣੇ ਤੋਂ ਹਾਂ ਅਤੇ ਮੈਂ ਕੁਝ ਦਿਨਾਂ ਨੂੰ ਛੁੱਟੀ ਜਾ ਰਿਹਾ ਹਾਂ। ਜੇ ਤੁਹਾਡਾ ਕੰਮ ਬਣ ਜਾਏ (ਜੋ ਬਹੁਤ ਮੁਸ਼ਕਿਲ ਹੈ) ਤਾਂ ਮੈਨੂੰ ਟੈਲੀਫੋਨ ਕਰਨਾ, ਮੈਂ ਤੁਹਾਡੀ ਸਾਡੇ ਮੁਲਕ ਗਿਆਂ ਕੁਝ ਖਿਦਮਤ ਕਰਾਂਗਾ। ਨਾਲ ਹੀ ਉਹਨੇ ਇਹ ਵੀ ਜਾਣਕਾਰੀ ਦਿੱਤੀ ਕਿ ਵੀਜ਼ਾ ਸਿਰਫ਼ ਉਹਨਾਂ ਨੂੰ ਹੀ ਮਿਲਦਾ ਹੈ ਜਿਹਨਾਂ ਦਾ ਉਧਰ ਖ਼ੂਨੀ ਰਿਸ਼ਤਾ ਹੋਵੇ, ਮੈਨੂੰ ਇਹ ਸੁਣ ਕੇ ਬੜਾ ਧੱਕਾ ਲੱਗਾ। ਮੈਂ ਇਸ ਦੇ ਉੱਤਰ ਵਿਚ ਕਿਹਾ, "ਸਾਡਾ ਪਾਕਿਸਤਾਨ ਵਿਚ ਖ਼ੂਨ ਦਾ ਰਿਸ਼ਤਾ ਤਾਂ ਨਹੀਂ ਪ੍ਰੰਤੂ ਦਿਲਾਂ ਦਾ ਰਿਸ਼ਤਾ ਤਾਂ ਕਾਇਮ ਹੀ ਨਹੀਂ ਸਗੋਂ ਪਹਿਲਾਂ ਤੋਂ ਵੀ ਵੱਧ ਹੈ। ਅਸਾਂ ਬਚਪਨ ਇਕੱਠਾ ਗੁਜ਼ਾਰਿਆ, ਅਸੀਂ ਸਕੂਲ ਇਕੱਠੇ ਤੱਪੜਾਂ ਅਤੇ ਡੈਸਕਾਂ ਤੇ ਬੈਠੇ। ਅਸਾਂ ਬਚਪਨ ਵਿਚ ਕੱਠੇ

ਖੇਡੇ ਮੱਲੇ, ਸ਼ਰਾਰਤਾਂ ਕੀਤੀਆਂ। ਭਲਾ ਸਾਡੀ ਆਪਸੀ ਸਾਂਝ ਕਿਵੇਂ ਨਾ ਹੋਈ। ਇਹ ਤਾਂ ਹਾਕਮਾਂ ਦੀ ਬਦਨੀਅਤ ਹੈ ਜੋ ਸਾਡੇ ਟੁੱਟੇ ਦਿਲਾਂ ਨੂੰ ਮਿਲਣ ਨਹੀਂ ਦੇਣਾ ਚਾਹੁੰਦੇ।" ਮੈਂ ਅੱਖਾਂ ਭਰ ਕੇ ਜਦ ਬਾਹਰ ਨਿਕਲਣ ਲੱਗਾ ਤਾਂ ਉਸ ਨੇ ਬਾਹੋਂ ਫੜ੍ਹ ਮੈਨੂੰ ਕੋਲ ਬਿਠਾ ਲਿਆ ਅਤੇ ਬਹੁਤ ਹੀ ਪਿਆਰ ਅਤੇ ਨਿਮਰਤਾ ਨਾਲ ਕਹਿਣ ਲੱਗਾ, "ਸਰਦਾਰ ਜੀ ਹਉਕੇ ਨਾ ਭਰੋ। ਅਸੀਂ ਤਾਂ ਸ਼ਾਇਦ ਏਥੇ ਹਉਂਕੇ ਸੁਣਨ ਹੀ ਆਏ ਹਾਂ, ਰੋਜ਼ ਹੀ ਤੁਹਾਡੇ ਵਰਗੇ ਬਹੁਤ ਲੋਕ ਹੱਥੀਂ ਕਾਗਜ਼ ਫੜੀ ਏਥੋਂ ਰੋਂਦੇ ਕੁਰਲਾਉਂਦੇ ਤੁਰੇ ਜਾਂਦੇ ਹਨ। ਹਾਕਮਾਂ ਦੀਆਂ ਕਰਨੀਆਂ ਲੋਕਾਂ ਨੂੰ ਭਰਨੀਆਂ ਪੈ ਰਹੀਆਂ ਹਨ, ਨਹੀਂ ਕੀ ਹੋਇਆ ਸੀ ਆਪਾਂ ਮੁੱਢ ਕਦੀਮਾਂ ਤੋਂ ਇਕੱਠੇ ਹੀ ਤਾਂ ਰਹਿੰਦੇ ਆ ਰਹੇ ਸਾਂ", ਉਸ ਚਪੜਾਸੀ ਨੂੰ ਕਹਿ ਕੇ ਮੇਰੇ ਲਈ ਚਾਹ ਦਾ ਕੱਪ ਮੰਗਵਾਇਆ ਅਤੇ ਆਪਣਾ ਚੂੜਕਾਣੇ ਦਾ ਪਤਾ ਆਪਣੇ ਹੱਥੀਂ ਉਰਦੂ ਵਿਚ ਮੇਰੀ ਡਾਇਰੀ ਵਿਚ ਲਿਖ ਦਿੱਤਾ ਅਤੇ ਕਿਹਾ, 'ਚੇਤੇ ਰੱਖਣਾ ਜੇ ਮੇਰੇ ਹੁੰਦਿਆਂ ਤੁਸੀਂ ਪਾਕਿਸਤਾਨ ਗਏ ਤਾਂ ਮੈਨੂੰ ਟੈਲੀਫੋਨ ਕਰ ਦੇਣਾ।'

ਮੈਂ ਘੋਰ ਨਿਰਾਸ਼ਾ ਦੇ ਆਲਮ ਵਿਚ ਬਾਹਰ ਆਇਆ। ਹੁਣ ਮੈਂ ਪਾਕਿਸਤਾਨ ਵਿਚ ਸ਼ਾਦੀ ਤੇ ਨਹੀਂ ਜਾ ਸਕਦਾ ਸਾਂ। ਇਹ ਕਿਸੇ ਹੋਰ ਮੁਲਕ (ਜੋ ਕਿਸੇ ਵੇਲੇ ਮੇਰਾ ਵੀ ਸੀ) ਵਿਚ ਹੋ ਰਹੀ ਸੀ। ਮੈਨੂੰ ਮੇਰੇ ਮਿੱਤਰ ਇਬਰਾਹੀਮ ਦੀ ਤਾਕੀਦ ਵਾਰ-ਵਾਰ ਚੇਤੇ ਆ ਰਹੀ ਸੀ। 'ਵੇਖੀਂ ਕਿਤੇ ਭੁਲੀਂ ਨਾ। ਜੰਝ ਦੀਦਾਰ ਸਿੰਘ ਵਾਲਾ ਜ਼ਿਲ੍ਹਾ ਗੁਜਰਾਂ ਵਾਲੇ ਜਾਣੀ ਹੈ। ਤੂੰ ਜੰਝੇ ਵੀ ਜਾਣਾ ਹੈ। ਵੀਜ਼ਾ ਦੀਦਾਰ ਸਿੰਘ ਵਾਲੇ ਦਾ ਵੀ ਲਵਾ ਲਿਆਵੀਂ।"

ਚਾਣਕਿਆਪੁਰੀ ਦੇ ਬੱਸ ਸਟਾਪ ਤੋਂ ਇਕ ਜੈਂਟਲਮੈਨ ਮੇਰੇ ਨਾਲ ਹੀ ਬੱਸ 'ਤੇ ਚੜ੍ਹ ਗਿਆ ਅਤੇ ਮੇਰੇ ਨਾਲ ਦੀ ਖਾਲੀ ਸੀਟ 'ਤੇ ਬੈਠ ਕੇ ਸਧਾਰਨ ਗੱਲਾਂ ਤੋਂ ਅਰੰਭ ਹੋ ਕੇ (ਮੈਂ ਕਿਥੋਂ ਦਾ ਰਹਿਣ ਵਾਲਾ ਹਾਂ, ਕੀ ਕਰਦਾ ਹਾਂ, ਇਥੇ ਕਿਥੋਂ ਆ ਰਿਹਾ ਹਾਂ, ਅੰਬੈਂਸੀ ਅੰਦਰ ਕੀ ਕੰਮ ਸੀ ਆਦਿ ਆਦਿ) ਪੂਰੀ ਪੁੱਛਗਿੱਛ ਸ਼ੁਰੂ ਕਰ ਦਿੱਤੀ। ਮੈਂ ਕੁਝ ਵੀ ਨਾ ਗੌਲਿਆ ਅਤੇ ਕੁਝ ਵੀ ਲੁਕਾਏ ਬਿਨਾਂ ਸਭ ਕੁਝ ਦੱਸੀ ਗਿਆ ਅਤੇ ਵਿਚ-ਵਿਚ ਉਸ ਕੋਲੋਂ ਵੀ ਉਸਦੇ ਮੁਤਲੱਕ ਪੁੱਛੀਂ ਗਿਆ। ਬੱਸੋਂ ਉੱਤਰ ਕੇ ਮੈਂ ਆਪਣੇ ਇੱਕ ਰਾਜਨੀਤਕ ਜਾਣਕਾਰ ਕੋਲ ਇਸੇ ਹੀ ਸੰਬੰਧ ਵਿਚ ਗਿਆ ਜੋ ਇਕ ਰਾਜਨੀਤਿਕ ਪਾਰਟੀ ਵਿਚ ਚੰਗੀ ਪਦਵੀ 'ਤੇ ਸੀ। ਜਦ ਮੈਂ ਉਸ ਕੋਲੋਂ ਮਦਦ ਕਰਨ ਦੀ ਗੱਲ ਕੀਤੀ ਤਾਂ ਉਸ ਨੇ ਕਿਹਾ ਇਹ ਪਾਕਿਸਤਾਨ ਦਾ ਵੀਜ਼ਾ ਬਹੁਤ ਮੁਸ਼ਕਿਲ ਕੰਮ ਹੈ। ਮੇਰੇ ਜ਼ਿੱਦ ਕਰਨ ਤੇ ਉਹਨੇ ਦਫ਼ਤਰ ਵਿਚੋਂ ਹੀ ਇਕ ਕਰਿੰਦੇ ਨੂੰ ਸੱਦ ਕੇ ਮੇਰਾ ਕੰਮ ਦੱਸਿਆ। ਪ੍ਰੰਤੂ ਉਥੋਂ ਵੀ ਉਹੋ ਹੀ ਜਵਾਬ ਮਿਲਿਆ ਕਿ ਪਾਕਿਸਤਾਨ ਦਾ ਵੀਜ਼ਾ ਨਹੀਂ ਮਿਲ ਸਕਦਾ। ਕੁਝ ਚਿਰ ਪਿਛੋਂ ਮੈਨੂੰ ਚੌਧਰੀ ਇਬਰਾਹੀਮ ਸਾਹਿਬ ਦਾ ਚਿੱਠੀ ਰਾਹੀਂ ਉਲਾਮਾ ਮਿਲਿਆ। ਜਿਸ ਵਿਚ ਉਹਨਾਂ ਬਹੁਤ ਹੀ ਹਿਰਖ ਨਾਲ ਕਿਹਾ ਸੀ ਕਿ ਉਹ ਸ਼ਾਦੀ ਤੋਂ ਪਹਿਲਾਂ ਅਤੇ ਸ਼ਾਦੀ ਵਾਲੇ ਦਿਨ ਜੰਝ ਚੜ੍ਹਨ ਤੱਕ ਕਿਸ ਬੇਸਬਰੀ ਨਾਲ ਮੇਰੀ ਰਾਹ ਉਡੀਕਦੇ ਰਹੇ ਸਨ ਪ੍ਰੰਤੂ ਮੈਂ ਨਾ ਪਹੁੰਚਿਆ। ਉਹਨਾਂ ਚਿੱਠੀ ਵਿਚ ਇਹ ਵੀ ਵਾਰਨਿੰਗ ਕਰ



ਦਿੱਤੀ ਸੀ, "ਲੰਮੀਆਂ ਉਡੀਕਾਂ ਹੁਣ ਔਖਿਆਂ ਕਰਦੀਆਂ ਹਨ ਅਤੇ ਜਿਉਂ-ਜਿਉਂ ਚੇਤੇ ਕਰੋ ਇਹ ਬਰਦਾਸ਼ਤ ਤੋਂ ਬਾਹਰ ਹੋ ਜਾਂਦੀਆਂ ਹਨ। ਇਹ ਚਿੱਠੀ ਆਖਰੀ ਹੀ ਸਮਝੋ ਅਤੇ ਅਗਲੀ ਚਿੱਠੀ ਦੀ ਉਡੀਕ ਨਾ ਕਰਨਾ। ਚਿੱਠੀਆਂ ਦਾ ਸਿਲਸਿਲਾ ਤੁਹਾਡੀ ਮੁਲਾਕਾਤ ਪਿਛੋਂ ਹੀ ਦੁਬਾਰਾ ਸ਼ੁਰੂ ਹੋਵੇਗਾ।" ਦਰ ਹਕੀਕਤ ਉਹ ਉਹਨਾਂ ਵਲੋਂ ਆਖ਼ਰੀ ਚਿੱਠੀ ਹੀ ਸੀ, ਅਤੇ ਉਹ ਉਸ ਚਿੱਠੀ ਤੋਂ ਕੁਝ ਚਿਰ ਪਿਛੋਂ ਹੀ ਇਸ ਜਹਾਂ ਫਾਨੀ ਤੋਂ ਹਮੇਸ਼ਾ ਲਈ ਰੁਖਸਤ ਹੋ ਗਏ ਸਨ।

ਇਹਨੀਂ ਹੀ ਦਿਨੀਂ ਹੁੰਦਲ ਸਾਹਿਬ ਹੁਰੀਂ ਚੌਥੀ ਵਾਰ ਜਥੇ ਨਾਲ ਪਾਕਿਸਤਾਨ ਜਾਣ ਵਿਚ ਕਾਮਯਾਬ ਹੋ ਗਏ। ਉਹ ਵੀ ਖੁੱਸੇ ਹੋਏ ਪਿੰਡ ਅਤੇ ਪਾਕਿਸਤਾਨ ਵੱਸਦੇ ਬਚਪਨ ਦੇ ਮਿੱਤਰਾਂ ਦੇ ਵਿਛੋੜੇ ਅਤੇ ਯਾਦ ਨਾਲ ਵਲੰਦਰੇ ਅਤੇ ਭੁੱਜੇ ਦਿਲ ਨੂੰ ਮੁਲਾਕਾਤ ਰਾਹੀਂ ਠੰਡਾ ਕਰਨ ਦੀ ਵਾਰ-ਵਾਰ ਕੋਸ਼ਿਸ਼ ਕਰਦੇ ਆ ਰਹੇ ਸਨ। ਇਸ ਵਾਰ ਜਦੋਂ ਪਾਕਿਸਤਾਨੋਂ ਪਰਤੇ, ਅਤੇ ਛੱਡੇ ਹੋਏ ਪਿੰਡ ਬੰਡਾਲਾ ਅਤੇ ਉਥੇ ਪਿੰਡ ਵਾਲਿਆਂ ਨਾਲ ਮੁਲਾਕਾਤ ਦੀ ਕਹਾਣੀ ਸੁਣਾਈ, ਤਾਂ ਮੈਂ ਵਿਆਕਲ ਹੋ ਗਿਆ। ਮੈਨੂੰ ਵੀ ਮੇਰੀਆਂ ਬਚਪਨ ਦੀਆਂ ਯਾਦਾਂ ਦੇ ਨਸ਼ਤਰ ਵਲੂੰਦਰਨ ਲੱਗ ਪਏ। ਮੈਂ ਆਪਣੀ ਵਿਆਕੁਲਤਾ ਦਾ ਵਾਸਤਾ ਪਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਉਹਨਾਂ ਦਾ ਇੱਕ ਮਿੱਤਰ ਉੱਚੀ ਪਦਵੀ 'ਤੇ ਸੀ ਉਹ ਮੈਨੂੰ ਉਹਦੇ ਕੋਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਅੰਮ੍ਰਿਤਸਰ ਲੈ ਗਏ। ਚੰਗੇ ਭਾਗਾਂ ਨੂੰ ਉਸ ਵੇਲੇ ਵਿਸਾਖੀ ਦਾ ਦਿਹਾੜਾ ਆਉਣ ਵਾਲਾ ਸੀ ਅਤੇ ਉਸ ਜਥੇਦਾਰ ਨੇ ਮੈਨੂੰ ਮੇਰੀ ਸਾਥਣ ਬਲਬੀਰ ਕੌਰ (ਜੋ ਪਿਛੋਂ ਲਾਇਲਪੁਰ ਤੋਂ ਆਏ ਸਨ) ਪੋਤਰਾ ਸਮੀਤ ਅਤੇ ਪੋਤਰੀ ਸਪਰੀਤ ਨੂੰ ਜਥੇ ਵਿਚ ਸ਼ਾਮਲ ਕਰ ਲਿਆ। ਭਾਵੇਂ ਪਿਛੋਂ ਪੋਤਾ ਅਤੇ ਪੋਤਰੀ ਆਪਣੇ ਇਮਤਿਹਾਨਾਂ ਕਰਕੇ ਸਾਡੇ ਨਾਲ ਪਾਕਿਸਤਾਨ ਨਾ ਜਾ ਸਕੇ। ਪ੍ਰੰਤੂ ਅਸੀਂ ਦੋਵੇਂ 11 ਅਪ੍ਰੈਲ 1999 ਨੂੰ ਗੱਡੀ ਰਾਹੀਂ ਪਾਕਿਸਤਾਨ ਗੁਰਦੁਆਰਿਆਂ ਦੀ ਯਾਤਰਾ ਵਾਲੇ ਜਥੇ ਰਾਹੀਂ ਪਾਕਿਸਤਾਨ ਦੀ ਯਾਤਰਾ ਕਰਨ ਵਿਚ ਕਾਮਯਾਬ ਹੋ ਗਏ।

ਉਸ ਜਥੇ ਰਾਹੀਂ ਮੇਰਾ ਇੱਕ ਮਿੱਤਰ ਜੋ ਪੰਜਾਬ ਕਿਸਾਨ ਸਭਾ ਦਾ ਉੱਘਾ ਆਗੂ ਸੀ, ਉਹ ਵੀ ਜਾ ਰਿਹਾ ਸੀ। ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਉਸ ਸਾਨੂੰ ਉਹਨਾਂ ਨਾਲ ਹੀ ਗੱਡੀ ਵਿਚ ਜਾਣ ਲਈ ਆਖਿਆ ਪ੍ਰੰਤੂ ਅਸਾਂ ਭੀੜ ਹੋਣ ਕਰਕੇ ਨਾਂਹ ਕਰ ਦਿੱਤੀ ਅਤੇ ਆਖਿਆ ਕਿ ਅਗਲੀ ਗੱਡੀ ਆਵਾਂਗੇ। ਉਹ ਸਾਨੂੰ ਜਦ ਨਨਕਾਣੇ ਸਾਹਿਬ ਮਿਲੇ ਤੇ ਦੱਸਿਆ ਕਿ ਸਾਨੂੰ ਕੁਝ ਤੇਰੇ ਮਿੱਤਰ (ਮੇਰੇ ਜਮਾਤੀ ਰਮਜ਼ਾਨ ਅਲੀ ਢਿਲੋਂ) ਤੈਨੂੰ ਲਾਹੌਰ ਗੱਡੀ ਵਿਚ ਲੱਭਦੇ ਫਿਰਦੇ ਮਿਲੇ ਸਨ। ਉਹਨਾਂ ਦੱਸਿਆ ਕਿ "ਮੈਂ ਅਤੇ ਮੇਰੀ ਸਾਥਣ ਅਗਲੀ ਗੱਡੀ ਵਿਚ ਆ ਰਹੇ ਹਾਂ।" ਮੇਰੇ ਆਗੂ ਸਾਥੀ ਨੇ ਦੱਸਿਆ ਕਿ ਮੇਰੇ ਜਮਾਤੀ ਨੇ ਉਹਨਾਂ ਦੇ ਡੱਬੇ ਦੇ ਸਾਰੇ ਹੀ ਯਾਤਰੀਆਂ ਨੂੰ ਕੋਕਾ ਕੋਲਾ ਨਾਲ ਨਵਾਜਿਆ।

ਪਾਕਿਸਤਾਨ ਦੇ ਜਮਾਤੀ ਮਿੱਤਰਾਂ ਨਾਲ 52, 53 ਸਾਲਾਂ ਪਿਛੋਂ ਮੁਲਾਕਾਤ ਹੋਣੀ ਸੀ ਇਸ ਲਈ ਅਸਾਂ ਇਕ ਦੂਸਰੇ ਨੂੰ ਕਿਸ ਤਰ੍ਹਾਂ ਪਹਿਚਾਨਣਾ ਹੈ। ਇਸ ਦੁਵਿਧਾ ਚੋਂ ਨਿਕਲਣ

ਲਈ ਮੈਂ ਘਰੋਂ ਚੱਲਣ ਲੱਗਿਆ ਤਾਂ ਇਕ ਕਾਗਜ਼ ਉੱਤੇ ਉਰਦੂ ਵਿਚ ਆਪਣਾ ਨਾਂ ਅਤੇ ਕਪੂਰਥਲਾ ਲਿਖ ਕੇ ਲੈ ਗਿਆ ਸਾਂ। ਲਾਹੌਰ ਸਾਡੀ ਗੱਡੀ ਠੀਕ 7 ਵਜੇ ਸ਼ਾਮੀ ਪਹੁੰਚੀ। ਮੈਂ ਉਹ ਕਾਗਜ਼ ਪਿਨ ਰਾਹੀਂ ਕਮੀਜ਼ ਤੇ ਲਾ ਕੇ ਹੱਥੀਂ ਚਾਹ ਵਾਸਤੇ ਗਿਲਾਸ ਫੜਕੇ ਜਦੋਂ ਚਾਹ ਲੈਣ ਲਈ ਪਲੇਟਫਾਰਮ ਤੇ (ਇਹ ਚਾਹ ਗੱਡੀ ਦੇ ਡਰਾਇਵਰ ਨੇ ਸਾਡੀ ਆਪਸੀ ਕੁਲੀਗ ਹੋਣ ਦੀ ਜਾਣ-ਪਛਾਣ ਕਰਕੇ ਵਾਘੇ ਸਟੇਸ਼ਨ 'ਤੇ ਹੀ ਵਰਜ ਦਿੱਤੀ ਸੀ) ਗਿਆ ਤੇ ਚਾਹ ਸਟਾਲ ਤੇ ਖੜ੍ਹਿਆਂ ਸਟਾਲ ਵਾਲੇ ਅਤੇ ਡਰਾਇਵਰ ਨੇ ਮੈਨੂੰ ਦੱਸਿਆ। 'ਸਰਦਾਰ ਜੀ ਤੁਹਾਨੂੰ ਰਮਜ਼ਾਨ ਅਲੀ ਢਿਲੋਂ ਸਾਹਿਬ ਗੱਡੀ ਦੀ ਬਰੇਕ (ਗਾਰਡ ਦਾ ਡੱਬਾ) ਕੋਲ ਉਡੀਕ ਰਹੇ ਹਨ।' ਮੈਂ ਚਾਹ ਗਿਲਾਸਾਂ ਵਿਚ ਪਵਾ ਕੇ ਦੁੜਕੀ ਲਾਈ। ਕਿਉਂ ਜੋ ਇਕ ਅਨਹੋਣੀ ਵਾਪਰਨ ਜਾ ਰਹੀ ਸੀ। ਕਿਉਂ ਜੋ ਧਾਰਮਿਕ ਜਨੂੰਨ ਦੇ ਕੁੱਟੇ ਅਤੇ ਅਨਦਾੜੀ ਅਵਸਥਾ ਵਿਚ ਵਿਛੜੇ ਹੋਏ ਅੱਜ ਧੌਲੀ ਦਾੜੀ ਕਬਰੀਂ ਲੱਤਾਂ ਲਮਕਾਈ ਉਮਰਾਂ ਵਾਲੇ, 50 ਸਾਲਾਂ ਤੋਂ ਵੱਧ ਸਮੇਂ ਪਿਛੋਂ ਮੁਲਾਕਾਤ ਦੀ ਲਾਟ ਅੰਦਰੀਂ ਸੰਭਾਲੀ ਜਾਹਿਰਾ ਤੌਰ 'ਤੇ ਆਪਣੀ ਹਯਾਤੀ ਦੇ ਅਹਿਮ ਸਮੇਂ ਗਲਵਕੜੀਆਂ ਪਾਉਣ ਜਾ ਰਹੇ ਸਨ। ਸਾਡਾ ਡੱਬਾ ਗਾਰਡ ਦੇ ਨਾਲ ਵਾਲਾ ਹੀ ਸੀ। ਮੈਂ ਦੋਵੇਂ ਗਿਲਾਸ ਸਾਥਣ ਨੂੰ ਫੜਾ, ਗਾਰਡ ਦੇ ਡੱਬੇ ਕੋਲ ਖੜੇ ਪੰਜ-ਛੇ ਬੰਦਿਆਂ ਦੀ ਟੋਲੀ ਵੱਲ ਹੋ ਤੁਰਿਆ। ਉਹਨਾਂ ਵਿਚ ਸਭ ਤੋਂ ਲੰਮੇ ਉੱਚੇ ਮਨੁੱਖ ਨੇ ਬਾਹਵਾਂ ਉੱਚੀਆਂ ਕਰਕੇ ਅਵਾਜ਼ ਮਾਰੀ ਅਤੇ ਮੇਰੇ ਗਲ ਨਾਲ ਚਿੰਬੜ ਗਿਆ। ਉਹ ਕਿੰਨਾ ਚਿਰ ਹੀ ਡੁਸਕਦਾ ਰਿਹਾ। ਮੇਰਾ ਵੀ ਉਹੋ ਹਾਲ ਸੀ। ਕੋਲ ਖੜ੍ਹੇ ਉਸਦੇ ਮਿੱਤਰ ਰੇਲ ਅਧਿਕਾਰੀ ਵੀ ਅੱਥਰੂ ਵਗਾਅ ਰਹੇ ਸਨ। ਮੈਂ ਉਸਦੇ ਮਿੱਤਰਾਂ, ਉਸਦੇ ਵਕੀਲ ਪੁੱਤਰ ਅਤੇ ਭਤੀਜੇ ਨਾਲ ਵੀ ਗਲੇ ਮਿਲਿਆ। ਸੱਭੇ ਅੱਥਰੂ ਵਗਾ ਅਤੇ ਪੂੰਝ ਰਹੇ ਸਨ। ਇਹ ਕਿਹੋ ਜਿਹੇ ਪਲ ਸਨ। ਸਰੀਰ ਅਤੇ ਦਿਲੋਂ ਦਿਮਾਗ ਵਿਚ ਕਿਸ ਤਰ੍ਹਾਂ ਦੀ ਝੁਣਝੁਣੀ ਛਿੜੀ ਹੋਈ ਸੀ। ਸ਼ਾਇਦ ਵਿਆਖਿਆ ਤੋਂ ਪਰ੍ਹੇ ਸੀ। ਮੇਰੇ ਦਿਲੋ ਦਿਮਾਗ ਨੂੰ ਤਾਂ ਇਹ ਯਕੀਨ ਹੀ ਨਹੀਂ ਹੋ ਰਿਹਾ ਸੀ ਕਿ ਮੈਂ ਲਾਹੌਰ ਦੇ ਪਲੇਟ ਫਾਰਮ 4 'ਤੇ ਆਪਣੇ ਮਿੱਤਰ ਰਮਜ਼ਾਨ ਅਲੀ ਢਿਲੋਂ ਸਾਹਿਬ ਨੂੰ ਗਲਵਕੜੀ ਪਾਈ ਖੜ੍ਹਾ ਹਾਂ। ਅੰਤ 'ਚ ਆਪਣੀ ਦੁਬਿਧਾ ਵਿਚੋਂ ਨਿਕਲਣ ਲਈ ਮੇਰੇ ਮੂੰਹੋਂ ਮੇਰੀ ਮਰਜ਼ੀ ਬਿਨਾਂ ਹੀ ਨਿਕਲ ਗਿਆ। "ਓ ਜਾਨਿਆਂ ਮੈਂ ਜੀਂਦਾ ਜਾਗਦਾ ਲਾਹੌਰ ਸਟੇਸ਼ਨ 'ਤੇ ਹੀ ਤੈਨੂੰ ਜੱਫੀ ਪਾਈ ਖੜ੍ਹਾ ਹਾਂ। ਜਾਂ ਇਹ ਸੁਪਨਾ ਹੈ? ਉਸ ਮੈਨੂੰ ਪੋਲੇ ਜਿਹੇ ਚੂੰਢੀ ਵੱਢ ਕੇ ਕਿਹਾ, ਓਏ ਝਨਿਆ ਤੂੰ ਤੇ ਯਾਰ ਮੇਰੇ ਵਾਂਗੂੰ ਹੀ ਬੁੱਢਾ ਹੋ ਗਿਆ ਏਂ। ਦੱਸ ਮੇਰੀ ਭਾਬੀ ਕਿੱਥੇ ਬੈਠੀ ਏ। ਬਾਰੀ ਦੇ ਨਾਲ ਹੋਰ ਸਾਰੇ ਡੱਬੇ ਦੀਆਂ ਸਵਾਰੀਆਂ ਵਾਂਗੂੰ ਅੱਥਰੂ ਡੋਲ੍ਹਦੀ ਵੱਲ ਮੈਂ ਬਾਹਰੋਂ ਹੀ ਹੱਥ ਦੇ ਇਸ਼ਾਰੇ ਨਾਲ ਦੱਸਿਆ, "ਔਹ ਬੈਠੀ ਏ ਇਸ ਬੁਢੜੇ ਦੀ ਬੁਢੜੀ।" ਉਸ ਕੋਲ ਜਾ ਕੇ 'ਸਤਿ ਸ੍ਰੀ ਅਕਾਲ' ਬੁਲਾਈ। ਪੁੱਤਰ ਭਤੀਜੇ ਨੇ ਵੀ ਚਾਚੀ ਕੋਲ ਜਾ ਕੇ ਨਿਉਂ ਕੇ ਆਸ਼ੀਰਵਾਦ ਲਈ। ਫਿਰ ਸਾਰੇ ਡੱਬੇ ਦਾ ਕੋਕਾ ਕੋਲਾ ਨਾਲ ਸਵਾਗਤ ਹੋਇਆ।

ਸੰਗਨਲ ਡਾਊਨ ਹੋਣ ਕਰਕੇ ਘੜੀ ਮੁੜੀ ਇੰਜਣ ਦੀ ਵਿਸਲ ਵੱਜ ਰਹੀ ਸੀ। ਪ੍ਰੰਤੂ



ਇਕ ਅਧਿਕਾਰੀ ਜੋ ਸਾਡੇ ਸਵਾਗਤ ਲਈ ਢਿਲੋਂ ਸਾਹਿਬ ਨਾਲ ਹੀ ਆਇਆ ਸੀ ਨੇ ਗਾਰਡ ਨੂੰ ਗੱਡੀ ਕੁਝ ਚਿਰ ਹੋਰ ਰੋਕਣ ਲਈ ਕਹਿ ਦਿੱਤਾ। ਇਹ ਸਟੇਸ਼ਨ ਸੁਪਰਡੈਂਟ ਸੀ। ਇਬਰਾਹੀਮ ਸਾਹਿਬ ਜੋ ਪਿੰਡ ਵਿਚ ਢਿਲੋਂ ਸਾਹਿਬ ਹੁਰਾਂ ਦਾ ਗਵਾਂਢੀ ਹੀ ਸੀ ਦਾ ਹਾਲ-ਚਾਲ ਪੁੱਛਣ ਤੇ ਦੱਸਿਆ ਕਿ ਉਹ ਤਾਂ ਚਰੋਕਣੇ ਅੱਲਾ ਮੀਆਂ ਨੂੰ ਪਿਆਰੇ ਹੋ ਗਏ ਹਨ। ਉਹਨਾਂ ਦੇ ਪੁੱਤਰ ਮੁਹੰਮਦ ਮੁਸ਼ਤਾਕ ਨੇ ਆਉਣਾ ਸੀ ਪਤਾ ਨਹੀਂ ਕਿਉਂ ਨਹੀਂ ਪਹੁੰਚਿਆ।

ਇਹ ਸੁਣ ਮੇਰਾ ਮਨ ਫਿਰ ਭਰ ਆਇਆ। ਇਬਰਾਹੀਮ ਜੀ ਮੈਨੂੰ ਉਡੀਕਦੇ ਉਡੀਕਦੇ ਇਸ ਜਹਾਂ ਫਾਨੀ ਤੋਂ ਰੁਖਸਤ ਹੋ ਗਏ ਸਨ। ਮਿਲਾਪ ਦੀ ਹੱਦੋਂ ਵੱਧ ਖੁਸ਼ੀ ਵਿਚ ਅਫਸੋਸ ਅਤੇ ਗ਼ਮਗ਼ੀਨ ਖਬਰ ਸੁਣਨ ਨਾਲ ਕੁਝ ਉਦਾਸੀ ਨੇ ਆਣ ਜੱਫਾ ਮਾਰਿਆ ਸੀ। ਮੈਂ ਇੰਨੇ ਸ਼ੇਅਰ ਸੁਣਾ ਕੇ ਗੱਡੀ ਨੂੰ ਤੋਰਨ ਲਈ ਕਹਿ ਦਿੱਤਾ। ਕਿਉਂ ਜੋ ਗੱਡੀ ਆਪਣੀ ਰਵਾਨਗੀ ਤੋਂ ਕੋਈ 15 ਮਿੰਟ ਤੋਂ ਵੱਧ ਰੁਕ ਚੁੱਕੀ ਸੀ।

"ਅਸੀਂ ਤੁਹਾਡੇ ਵਾਪਸੀ ਲਾਹੌਰ ਦੇ ਕਿਆਮ ਤੇ ਸਾਰਾ ਟੱਬਰ ਪੂਰਾ ਦਿਨ ਤੁਹਾਡੇ ਨਾਲ ਰਹਾਂਗੇ।" ਰਮਜ਼ਾਨ ਅਲੀ ਢਿਲੋਂ ਸਾਹਿਬ ਨੇ ਚੱਲਦੀ ਗੱਡੀ ਦੇ ਨਾਲ-ਨਾਲ ਤੁਰਦਿਆਂ ਇਹ ਸ਼ਬਦ ਆਖੇ।

ਵਾਪਸੀ ਤੇ ਆਖ਼ਰੀ ਦਿਨ ਢਿਲੋਂ ਸਾਹਿਬ ਦਾ ਸਾਰਾ ਪਰਿਵਾਰ ਦਾ ਸਾਡੇ ਨਾਲ ਡੇਰਾ ਸਾਹਿਬ ਅਤੇ ਨਿਸ਼ਾਨੇ ਪਾਕਿਸਤਾਨ ਦੇ ਮੀਨਾਰ ਕੋਲ ਮੌਜ ਮਸਤੀ ਨਾਲ ਹੀ ਲੰਘਾਇਆ। ਉਹਨਾਂ ਦੀ ਬੇਟੀ ਜੋ ਐਸ. ਐਮ. ਓ. ਲਾਇਲਪੁਰ ਦੇ ਘਰੋਂ ਸੀ। ਉਹ ਦੋਵੇਂ ਜੀ ਅਤੇ ਉਹਨਾਂ ਦੀ ਚੌਥੀ ਵਿਚ ਪੜ੍ਹਦੀ ਬੇਟੀ ਸਾਡੇ ਲਈ ਬਰਿਆਨੀ, ਡੂੰਗਾ ਮੀਟ ਅਤੇ ਕੀਮੇ ਦੇ ਪਰਾਉਂਠੇ ਲੈ ਕੇ ਆਏ। ਅਸਾਂ ਸ਼ਾਹੀ ਕਿਲੇ ਅੰਦਰ ਆਪਣੇ ਹੋਰ ਯਾਤਰੀ ਸਾਥੀਆਂ ਨਾਲ ਇਕੱਠਿਆਂ ਬੇਟੀ ਜ਼ਹਿਰੀਨਾ ਕੌਸਰ ਦੇ ਬਣਾਏ ਪਕਵਾਨ ਦਾ ਆਨੰਦ ਮਾਣਿਆ। ਭਤੀਜੀ ਜ਼ਹਿਰੀਨਾ ਮੇਰੇ ਲਈ ਸੂਟ, (ਕਮੀਜ ਸਲਵਾਰ) ਮੇਰੀ ਪੋਤੀ ਸੁਪਰੀਤ ਲਈ ਸੀਤਾ ਸੂਟ (ਜੋ ਉਸ ਰਾਤੀਂ ਹੀ ਸੀਤਾ ਸੀ) ਇਕ ਬਹੁਤ ਖ਼ੂਬਸੂਰਤ ਤਿੱਲੇ ਨਾਲ ਕੱਢੀ ਠਿਬੀ (ਫੈਸ਼ਨ ਅਨੁਸਾਰ) ਜੁੱਤੀ ਅਤੇ ਆਪਣੀ ਚਾਚੀ ਦਾ ਸੂਟ ਲੈ ਕੇ ਆਈ। ਸਾਡੇ ਕੋਲ ਉਹਨਾਂ ਨੂੰ ਸੁਗਾਤ ਵਜੋਂ ਦੇਣ ਵਾਸਤੇ ਕੁਝ ਵੀ ਨਹੀਂ ਸੀ। ਮੇਰੀ ਸਾਥਣ ਨੇ ਸਾਨੂੰ ਯਾਦ ਰੱਖਣ ਲਈ ਹਿੰਦੋਸਤਾਨ ਦੀ ਕਰੰਸੀ ਦਾ 100-100 ਰੁਪਏ ਦਾ ਨੋਟ ਉਹਨਾਂ ਸਭਨਾਂ ਦੀ ਭੇਂਟ ਕੀਤਾ। ਮੇਰੀ ਢਿਲੋਂ ਸਾਹਿਬ ਨਾਲ ਇਹ ਆਖਰੀ ਮਿਲਣੀ ਸੀ। ਕਿਉਂ ਜੋ 2005 ਵਾਲੀ ਪਾਕਿਸਤਾਨ ਦੀ ਮੇਰੀ ਫੇਰੀ ਸਮੇਂ ਉਹ ਵੀ ਅੱਲਾ ਮੀਆਂ ਨੂੰ ਪਿਆਰੇ ਹੋ ਚੁੱਕੇ ਸਨ। ਸ਼ਾਮ ਵਾਲੇ ਉਹਨਾਂ ਨੂੰ ਰੁਖਸੁਤ ਕਰਨਾ ਵੀ ਸਾਡੇ ਲਈ ਕਰੁਣਾ ਮਈ ਹੀ ਸੀ। ਅਸੀਂ ਸਾਰੇ ਹੀ ਵਾਰੀ-ਵਾਰੀ ਗਲੇ ਮਿਲੇ ਅਤੇ ਰੱਜ ਕੇ ਰੋਏ।

## ਟੁੰਡੇ ਹੱਥ ਦੀ ਪੀੜ

ਸੰਨ ਸੰਤਾਲੀ ਦੀਆਂ ਕਹਾਣੀਆਂ ਮੁੱਕਣ ਵਾਲੀਆਂ ਨਹੀਂ ਹਨ। ਹਰ ਮਨੁੱਖ ਵੰਡ ਦੀ

ਕੋਈ ਨਾ ਕੋਈ ਕਹਾਣੀ ਦਿਲ ਵਿਚ ਦਬਾਈ ਫਿਰਦਾ ਹੈ। ਕਾਸ਼ ਲਿਖਣ ਵਾਲੇ ਹੋਣ! ਗੱਲ ਇੰਝ ਹੋਈ ਕਿ ਅਸੀਂ ਗੁਰਦੁਆਰਿਆਂ ਦੀ ਯਾਤਰਾ ਸਮੇਂ 'ਪੰਜਾ ਸਾਹਿਬ' ਵਿਖੇ ਬਾਜ਼ਾਰ ਵਿਚੋਂ ਚੀਜ਼ਾਂ ਖਰੀਦਣ ਗਏ ਸੀ। 1999 ਵਿਚ ਮੈਂ ਇੱਕ ਦਿਲ ਕੰਬਾਊ ਕਹਾਣੀ ਚੌਧਰੀ ਮੁਹੰਮਦ ਯੂਸਫ਼ ਮਾਲਕ ਦੁਕਾਨ ਨੰਬਰ 177, ਮੇਨ ਬਜ਼ਾਰ ਹਸਨ ਅਬਦਾਲ ਨੇ ਮੇਰੇ ਬਹੁਤ ਜ਼ਿੱਦ ਕਰਨ ਤੇ ਸੁਣਾਈ। ਜਦੋਂ ਮੈਂ ਅਤੇ ਮੇਰੀ ਸਾਥਣ ਬਲਬੀਰ ਕੌਰ ਪਾਕਿਸਤਾਨ ਦੇ ਗਾਇਕਾਂ ਦੀਆਂ ਕੈਸਿਟਾਂ ਲੈਣ ਉਨ੍ਹਾਂ ਦੀ ਦੁਕਾਨ ਤੇ 'ਪੰਜਾ ਸਾਹਿਬ' ਗਏ ਸੀ। ਮੈਂ ਉਹਦਾ ਟੁੰਡਾ ਹੱਥ ਵੇਖ ਕੇ ਪੁੱਛਿਆ, 'ਇਹ ਕਿਸ ਤਰ੍ਹਾਂ ਹੋਇਆ?' ਮੇਰੇ ਵਾਰ-ਵਾਰ ਪੁੱਛਣ ਅਤੇ ਮੇਰੀ ਜ਼ਿੱਦ ਕਰਨ ਤੇ ਉਨ੍ਹਾਂ ਦੱਸਿਆ ਕਿ ਇਹ ਹੱਥ ਹੀ ਟੁੰਡਾ ਨਹੀਂ ਹੋਇਆ, ਸਗੋਂ ਉਹਨਾਂ ਆਪਣੀ ਧੌਣ ਵੀ ਵਿਖਾਈ, ਜਿਸ ਦੇ ਰਗਾਂ ਨੂੰ ਛੱਡ ਚਾਰ ਚੁਫੇਰੇ ਹੀ ਫੱਟਾਂ ਦੀ ਮੋਟੀ ਲਕੀਰ ਸੀ। "ਪਾਕਿਸਤਾਨ ਬਣਨ ਵੇਲੇ ਮੈਂ 9 ਸਾਲਾਂ ਦਾ ਬਾਲ ਸੀ ਅਤੇ ਚੌਥੀ ਜਮਾਤ ਵਿਚ ਹੁਸ਼ਿਆਰਪੁਰ ਪੜ੍ਹਦਾ ਸੀ। ਹੁਸ਼ਿਆਰਪੁਰ ਸ਼ਹਿਰ ਵਿਚ ਮੇਰੇ ਅੱਬਾ ਦਾ ਬਹੁਤ ਵਧੀਆ ਕਾਰੋਬਾਰ ਸੀ। ਉਸ ਮਨਹੂਸ ਦਿਨ ਮੇਰੇ ਸਾਹਮਣੇ ਮੇਰੇ ਮਾਂ-ਪਿਉ, ਭੈਣ-ਭਰਾ ਸਭ ਨੂੰ ਕਤਲ ਕਰ ਦਿੱਤਾ ਗਿਆ। ਮੈਨੂੰ ਉਹ ਦੁਸ਼ਟ ਮੁਰਦਾ ਸਮਝ ਕੇ ਛੱਡ ਗਏ। ਕਿਉਂ ਜੋ ਮੇਰਾ ਸਾਰਾ ਸਰੀਰ ਹੀ ਵਿੰਨਿਆ ਹੋਇਆ ਸੀ ਅਤੇ ਧੌਣ ਜ਼ਖ਼ਮਾਂ ਕਾਰਨ ਇਕ ਪਾਸੇ ਲਮਕੀ ਹੋਈ ਸੀ। ਮੈਂ ਬੇਸੁਰਤ ਹੀ ਲਾਸ਼ਾਂ ਵਿਚ ਪਿਆ ਹੋਇਆ ਸੀ। ਮੈਨੂੰ ਕੋਈ ਫਰਿਸ਼ਤਾ ਚੁੱਕ ਕੇ ਕੈਂਪ ਲੈ ਗਿਆ। ਕਿਉਂ ਜੋ ਮੇਰਾ ਸਾਹ ਚੱਲ ਰਿਹਾ ਸੀ। ਜਿੱਥੇ ਮੇਰਾ ਇਲਾਜ਼ ਸ਼ੁਰੂ ਹੋਇਆ। ਮੈਨੂੰ ਜਦੋਂ ਹੋਸ਼ ਆਈ ਤਾਂ ਮੈਂ ਹਸਪਤਾਲ ਵਿਚ ਸੀ। ਮੈਂ ਬਚ ਗਿਆ।" ਇਹ ਗੱਲ ਉਸਨੇ ਗਲੇਡੂ ਭਰਕੇ ਸਾਨੂੰ ਸੁਣਾਈ। ਮੈਂ ਉਸਨੂੰ ਜੱਫੀ ਵਿਚ ਲੈ ਕੇ ਅੱਥਰੂਆਂ ਨਾਲ ਆਪਣਾ ਮਨ ਹੌਲਾ ਕੀਤਾ। ਅਸੀਂ ਤਿੰਨੇ (ਮੇਰੀ ਸਾਥਣ ਸਮੇਤ) ਕਿੰਨਾ ਚਿਰ ਦੁਕਾਨ ਤੇ ਖੜ੍ਹੇ ਰੋਂਦੇ ਰਹੇ। ਇਸ ਪਿਛੋਂ ਉਸ ਭਲੇ ਪੁਰਸ਼ ਨੇ ਸਾਡੇ ਬੜੇ ਤਰਲੇ ਕੀਤੇ ਕਿ ਅਸੀਂ ਉਸਦੇ ਨਾਲ ਉਸਦੇ ਘਰ ਰੋਟੀ ਖਾਣ ਜਾਈਏ। "ਪੰਜਾਹ ਸਾਲਾਂ ਤੋਂ ਵੱਧ ਉੱਪਰ ਦਾ ਸਮਾਂ ਹੋ ਗਿਆ ਹੈ, ਕਿਸੇ ਨੇ ਮੇਰੇ ਨਾਲ ਮੇਰੇ ਨਿਰਦੋਸ਼ ਮਾਪਿਆਂ ਦੇ ਹੋਏ ਕਤਲ ਦਾ ਅਫਸੋਸ ਨਹੀਂ ਕੀਤਾ। ਭਲੇ ਲੋਕੋ ਮੇਰੇ ਨਾਲ ਚੱਲੋ ਅਤੇ ਸਾਡੇ ਪਰਿਵਾਰ ਨਾਲ ਖਾਣਾ ਖਾਉ। ਮੇਰੀ ਪਤਨੀ ਅਤੇ ਬੱਚੇ ਬਹੁਤ ਖੁਸ਼ ਹੋਣਗੇ।" ਪਰੰਤੂ ਮਨ ਚਾਹੁੰਦਿਆਂ ਵੀ ਅਸੀਂ ਉਸ ਦੀ ਇਹ ਖਾਹਿਸ਼ ਪੂਰੀ ਨਾ ਕਰ ਸਕੇ। ਕਿਉਂ ਜੋ ਸਾਡੇ ਕੋਲ ਸਮਾਂ ਨਹੀਂ ਸੀ ਅਤੇ ਵਾਪਸੀ ਦਾ ਸਮਾਂ ਵਾਜਾਂ ਮਾਰ ਰਿਹਾ ਸੀ। ਅਗਲੀ ਵਾਰ ਦਾ ਇਕਰਾਰ ਕਰਕੇ ਅਸਾਂ ਉਸ ਕੋਲੋਂ ਛੁੱਟੀ ਲਈ।

ਮੁੜਦਿਆਂ ਮੈਨੂੰ ਪ੍ਰਤੀਤ ਹੋਇਆ ਜਿਵੇਂ ਮੈਂ ਵੀ ਉਸਦੇ ਪਰਿਵਾਰ ਦੇ ਜੀਆਂ ਦੇ ਕਤਲ ਵਿਚ ਸ਼ਾਮਿਲ ਸੀ। ਡਾਹਢੀ ਸ਼ਰਮਿੰਦਗੀ ਅਨੁਭਵ ਕਰਦਿਆਂ ਮੈਂ ਉਸਦੀ ਦੁਕਾਨ ਤੋਂ ਵਾਪਸ ਪਰਤਿਆ। ਮੇਰੀਆਂ ਅੱਖਾਂ ਅਜੇ ਵੀ ਗਿੱਲੀਆਂ ਸਨ। •





# ਫ਼ੈਜ਼-ਆਖ਼ਿਰੀ ਸ਼ਬ ਕਾ ਮੁਸਾਫ਼ਿਰ

- ਸੋਮ ਆਨੰਦ

ਇਸ ਕਿਤਾਬ ਦਾ ਖਰੜਾ ਮੈਂ ਇਕ ਦੋਸਤ ਨੂੰ ਦਿਖਾਇਆ ਤਾਂ ਉਸਨੇ ਕਿਹਾ ਕਿ ਤੂੰ ਇਨ੍ਹਾਂ ਲਿਖਤਾਂ ਵਿਚ ਫੈਜ਼ ਨੂੰ ਤੇ ਸ਼ਾਮਲ ਹੀ ਨਹੀਂ ਕੀਤਾ। ਮੈਂ ਕਿਹਾ ਫ਼ੈਜ਼ ਸਾਹਿਬ ਤਾਂ ਬਹੁਤ ਮਸ਼ਹੂਰ ਆਦਮੀ ਨੇ, ਬਹੁਤ ਲੋਕ ਇਨ੍ਹਾਂ ਤੇ ਲਿਖ ਚੁੱਕੇ ਹਨ, ਮੈਂ ਕੀ ਲਿਖਾਂ? ਉਹ ਬੋਲੇ, ਇਸ ਲਈ ਤਾਂ ਤੈਨੂੰ ਸ਼ਾਮਲ ਕਰਨਾ ਚਾਹੀਦਾ ਕਿਉਂਕਿ ਉਹ ਮਸ਼ਹੂਰ ਆਦਮੀ ਸੀ। ਤੁਹਾਡੇ ਜ਼ਮਾਨੇ ਦੇ ਲਾਹੌਰ ਤੇ ਕਿਤਾਬ ਹੋਵੇ ਅਤੇ ਇਸ ਵਿਚ ਫ਼ੈਜ਼ ਸਾਹਿਬ ਦਾ ਨਾਮ ਨਾ ਹੋਵੇ ਤਾਂ ਕਿਤਾਬ ਅਧੂਰੀ ਰਹਿ ਜਾਵੇਗੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫ਼ੈਜ਼ ਸਾਹਿਬ ਕੌਮਾਂਤਰੀ ਪ੍ਰਸਿੱਧੀ ਦੇ ਮਾਲਕ ਸਨ। ਉਰਦੂ ਸ਼ਾਇਰੀ ਵਿਚ ਗ਼ਾਲਿਬ ਅਤੇ ਇਕਬਾਲ ਦੇ ਬਾਅਦ ਜੇ ਕਿਸੇ ਦਾ ਨਾਂ ਦੂਰ-ਦੂਰ ਤੱਕ ਪਹੁੰਚਿਆ ਤਾਂ ਉਹ ਫ਼ੈਜ਼ ਹੀ ਸਨ। ਪਰ ਸੱਚੀ ਗੱਲ ਇਹ ਹੈ ਕਿ ਜ਼ਾਤੀ ਤੌਰ ਤੇ ਫ਼ੈਜ਼ ਸਾਹਿਬ ਨਾਲ ਮੇਰੀ ਬਹੁਤੀ ਜਾਣ-ਪਛਾਣ ਨਹੀਂ ਸੀ। ਉਹ ਮੈਨੂੰ ਇੰਨਾ ਕੁ ਜਾਣਦੇ ਸਨ ਕਿ ਉਨ੍ਹਾਂ ਦੇ ਦਿੱਲੀ ਆਉਣ ਤੇ ਜੇ ਕਿਸੇ ਮਹਿਫ਼ਿਲ ਵਿਚ ਮੁਲਾਕਾਤ ਹੋ ਜਾਂਦੀ ਤਾਂ ਉਹ ਪੁੱਛ ਲੈਂਦੇ ਕਿ "ਕਹੋ ਭਈ ਕੈਸੇ ਹੋ?" ਉਨ੍ਹਾਂ ਨਾਲ ਜ਼ਿਆਦਾ ਸਵਾਲ-ਜਵਾਬ ਕਰਨ ਦੀ ਜੁਰੱਅਤ ਮੈਨੂੰ ਕਦੀਂ ਨਹੀਂ ਹੋਈ। ਨਾ ਹੀ ਮੈਂ ਉਨ੍ਹਾਂ ਨੂੰ ਕਿਸੇ ਥਾਂ ਬਹੁਤ ਜ਼ਿਆਦਾ ਬੋਲਦੇ ਸੁਣਿਆ। ਪਰ ਜ਼ਾਤੀ ਤੌਰ ਤੇ ਬਹੁਤ ਜ਼ਿਆਦਾ ਨਾ ਜਾਨਣ ਦੇ ਬਾਵਜੂਦ ਮੈਨੂੰ ਅਤੇ ਮੇਰੇ ਜਿਹੇ ਬਹੁਤ ਸਾਰੇ ਪੰਜਾਬੀਆਂ ਨੂੰ ਜੋ ਵੰਡ ਤੋਂ ਬਾਅਦ ਲਾਹੌਰ ਤੋਂ ਆਉਂਦੇ ਸਨ, ਉਹ ਬਿਲਕੁਲ ਘਰ ਦੇ ਬੰਦੇ ਲੱਗਦੇ। ਇਸ ਲਈ 20 ਨਵੰਬਰ 1989 ਨੂੰ ਉਨ੍ਹਾਂ ਦੇ ਇੰਤਕਾਲ ਦੀ ਖ਼ਬਰ ਸੁਣਕੇ ਮਹਿਸੂਸ ਹੋਇਆ ਕਿ ਲਾਹੌਰ ਅਤੇ ਪਾਕਿਸਤਾਨ ਦੇ ਲਈ ਇਹ ਰਿਸ਼ਤਾ ਵੀ ਟੁੱਟ ਗਿਆ।

ਇਹ ਇਕ ਰੌਚਿਕ ਗੱਲ ਹੈ ਕਿ ਫ਼ੈਜ਼ ਸਾਹਿਬ ਜਦ ਪਾਕਿਸਤਾਨ ਤੋਂ ਆਉਂਦੇ ਤਾਂ ਕਦੀ ਇਹ ਅਹਿਸਾਸ ਨਾ ਹੁੰਦਾ ਕਿ ਕੋਈ ਵਿਦੇਸ਼ੀ ਆਇਆ ਹੈ। ਇਹ ਗੱਲ ਅਸੀਂ ਗ਼ਾਲਬਿਨ ਪਾਕਿਸਤਾਨ ਦੇ ਕਿਸੇ ਹੋਰ ਅਦੀਬ ਅਤੇ ਸ਼ਾਇਰ ਬਾਰੇ ਨਹੀਂ ਕਹਿ ਸਕਦੇ। ਉਂਝ ਤਾਂ ਸੀਮਾ ਪਾਰ ਤੋਂ ਆਉਣ ਵਾਲੇ ਬਹੁਤ ਸਾਰੇ ਅਦੀਬ ਬਹੁਤ ਮੁਹੱਬਤ ਜਤਾਉਂਦੇ ਅਤੇ ਕਈ ਇੱਕ ਮਿੱਤਰ ਪਿਆਰਿਆਂ ਦਾ ਘੇਰਾ ਇੰਨਾ ਵਿਸ਼ਾਲ ਹੈ ਕਿ ਲੱਗਦਾ ਹੈ ਉਹ ਇਥੋਂ ਦੇ ਹੀ ਰਹਿਣ ਵਾਲੇ ਹਨ। ਪਰ ਫ਼ੈਜ਼ ਸਾਹਿਬ ਦੀ ਗੱਲ ਦੂਜੀ ਸੀ।

ਉਹ ਕਦੀ ਐਲਾਨੀਆ ਮੁਹੱਬਤ ਨਾ ਜਤਾਉਂਦੇ ਪਰ ਫਿਰ ਵੀ ਆਪਣੇ ਲੱਗਦੇ। ਉਨ੍ਹਾਂ ਦੇ ਸੁਭਾਅ ਦੀ ਇੱਕ ਵੱਡੀ ਵਿਸ਼ੇਸ਼ਤਾ ਇਹ ਵੀ ਸੀ ਕਿ ਕਦੀ ਢੋਲ ਨਹੀਂ ਪਿੱਟਦੇ ਸਨ। ਚਾਹੇ ਇਹ ਇਸ਼ਕ ਦਾ ਮਾਮਲਾ ਹੋਵੇ, ਸਿਆਸੀ ਨਜ਼ਰੀਏ ਦਾ ਸਵਾਲ ਹੋਵੇ ਜਾਂ ਅਦਬ ਦਾ ਕੋਈ ਮਸਲਾ ਹੋਵੇ। ਉਹ ਆਪਣੀ ਗੱਲ ਸਦਾ ਧੀਮੇ ਸੁਰ ਵਿਚ ਕਰਦੇ। ਉਨ੍ਹਾਂ ਦੇ ਸਾਹਮਣੇ ਕਿਸੇ

ਨਵੇਂ ਬੰਦੇ ਲਈ ਆਪਣੀ ਸ਼ਾਇਰੀ ਦੀ ਧਾਂਕ ਬਿਠਾਉਣਾ ਕੋਈ ਸੌਖੀ ਗੱਲ ਨਹੀ ਸੀ। ਪਰ ਇਹ ਲੋਕ ਹੀਰਾ ਪਛਾਨਣ ਵਾਲੇ ਵੀ ਸਨ ਅਤੇ ਇਹ ਹੀ ਕਾਰਨ ਹੈ ਕਿ ਫ਼ੈਜ਼ ਸਾਹਿਬ ਨੇ ਜਦ ਲਾਹੌਰ ਦੇ ਗੌਰਮਿੰਟ ਕਾਲਜ ਦੇ ਮੁਸ਼ਾਇਰੇ ਵਿਚ ਪਹਿਲੀ ਵਾਰ ਆਪਣਾ ਕਲਾਮ ਸੁਣਾਇਆ ਤਾਂ ਪਿਤਰਸ ਬੁਖ਼ਾਰੀ ਮਰਹੂਮ ਹੋਨਹਾਰ ਬਿਰਵਾ ਨੂੰ ਝੱਟ ਪਛਾਣ ਗਏ। ਲਾਹੌਰ ਵਿਚ ਉਨ੍ਹੀਂ ਦਿਨੀਂ ਪੰਜਾਬੀ ਉਰਦੂ ਅਦੀਬਾਂ ਅਤੇ ਸ਼ਾਇਰਾਂ ਦਾ ਗ਼ੈਰ ਰਸਮੀ ਜਿਹਾ ਹਲਕਾ ਵੀ ਸੀ ਜੋ 'ਨਿਆਜ਼ ਮੰਦਾਨੇ ਲਾਹੌਰ' ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਸ ਹਲਕੇ ਦੀ ਅਗਵਾਈ ਤਾਂ ਬੁਖ਼ਾਰੀ ਸਾਹਿਬ ਦੇ ਹੱਥਾਂ ਵਿਚ ਸੀ, ਪਰ ਇਸਦੇ ਦੂਸਰੇ ਮੈਂਬਰ ਸਾਰੇ ਆਪਣੇ ਮੈਦਾਨ ਵਿਚ ਕਿਸੇ ਤੋਂ ਘੱਟ ਨਹੀਂ ਸਨ। ਪੰਡਿਤ ਹਰੀ ਚੰਦ ਅਖ਼ਤਰ, ਹਫੀਜ਼ ਜਲੰਧਰੀ, ਸੂਫ਼ੀ ਤਬੱਸਮ, ਇਮਤਿਆਸ ਅਲੀਤਾਜ ਆਦਿ। ਇਨ੍ਹਾਂ ਹਜ਼ਰਾਤ ਦਾ ਕੰਮ, ਪੰਜਾਬੀ ਅਦੀਬਾਂ ਤੇ ਅਹਿਲੇ ਜ਼ਬਾਨ ਦੇ ਇਤਰਾਜ਼ਾਂ ਦਾ ਉੱਤਰ ਦੇਣਾ ਸੀ। ਮੈਂ ਨਹੀਂ ਕਹਿ ਸਕਦਾ ਕਿ ਫ਼ੈਜ਼ ਸਾਹਿਬ ਇਸ ਹਲਕੇ ਦੀਆਂ ਸਰਗਰਮੀਆਂ ਵਿਚ ਸ਼ਰੀਕ ਹੁੰਦੇ ਸਨ ਜਾਂ ਨਹੀਂ ਪਰ ਉਸਦੇ ਬਹੁਤ ਸਾਰੇ ਮੈਂਬਰਾਂ ਨਾਲ ਉਨ੍ਹਾਂ ਦੇ ਚੰਗੇ ਸੰਬੰਧ ਸਨ। ਦਿਲਚਸਪ ਗੱਲ ਇਹ ਹੈ ਕਿ ਅਹਿਲੇ ਜ਼ੁਬਾਨ ਦੇ ਇਤਰਾਜ਼ਾਂ ਤੋਂ ਤਾਂ ਫ਼ੈਜ਼ ਵੀ ਨਹੀਂ ਬਚ ਪਾਏ ਅਤੇ ਇਥੋਂ ਤੱਕ ਕਿਹਾ ਗਿਆ ਕਿ ਇਹ ਤਾਂ ਸ਼ਾਇਰ ਹੀ ਨਹੀਂ ਹਨ। ਖ਼ੈਰ ਫ਼ੈਜ਼ ਦਾ ਸੰਬੰਧ 'ਨਿਆਜ਼ ਮੰਦਾਨੇ ਲਾਹੌਰ' ਨਾਲ ਕਿਹੋ ਜਿਹਾ ਰਿਹਾ ਉਹ ਸਮੇਂ ਦੇ ਚਿੰਨ੍ਹ ਸਨ। ਅਜਿਹੇ ਉੱਚੇ ਕੱਦ ਵਾਲੇ ਅਦੀਬਾਂ ਦੇ ਕਾਰਨ ਲਾਹੌਰ ਦਾ ਨਾਮ ਸਾਰੇ ਹਿੰਦੁਸਤਾਨ ਵਿਚ ਪ੍ਰਸਿੱਧ ਸੀ ਅਤੇ ਇਹ ਸ਼ਹਿਰ ਇਕ ਅਜਿਹੇ ਕਲਚਰ ਦੀ ਪ੍ਰਤੀਨਿਧਤਾ ਕਰਦਾ ਸੀ, ਜਿਸ ਦੀ ਦਿਲ-ਫ਼ਰੇਬੀ ਅਤੇ ਰੰਗਾ ਰੰਗੀ 1947 ਦੇ ਫ਼ਸਾਦਾਂ ਦੀ ਭੇਂਟ ਹੋ ਗਈ।

ਮੈਂ ਹਾਲੇ ਨੌਵੀਂ-ਦਸਵੀਂ ਜਮਾਤ ਵਿਚ ਹੀ ਸੀ ਕਿ ਫ਼ੈਜ਼ ਸਾਹਿਬ ਦੇ ਪਹਿਲੇ ਕਾਵਿ-ਸੰਗ੍ਰਹਿ 'ਨਕਸ਼ੇ ਫ਼ਰਿਆਦੀ' ਦੀ ਸ਼ੋਹਰਤ ਸੁਣੀ। ਵਿਸ਼ੇਸ਼ ਤੌਰ ਤੇ ਉਨ੍ਹਾਂ ਦੀ ਨਜ਼ਮ "ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ" ਲੋਕਾਂ ਦੀ ਜ਼ਬਾਨ 'ਤੇ ਸੀ। ਇਹ ਉਹੀ ਜ਼ਮਾਨਾ ਸੀ ਜਦ ਸਾਹਿਰ ਲੁਧਿਆਣਵੀ ਦੀ ਕਿਤਾਬ 'ਤਲਖ਼ੀਆਂ' ਦਾ ਪਹਿਲਾ ਸੰਸਕਰਨ ਪ੍ਰਕਾਸ਼ਿਤ ਹੋਇਆ ਸੀ ਅਤੇ ਯੂਨੀਵਰਸਿਟੀਆਂ ਦੇ ਮੁੰਡੇ ਕੁੜੀਆਂ ਉਨ੍ਹਾਂ ਦੀ ਕਵਿਤਾ 'ਤਾਜ਼ ਮਹਿਲ' ਦੀਆਂ ਕਟਿੰਗਜ਼ ਜੇਬਾਂ ਵਿਚ ਲਈ ਫਿਰਦੇ ਸਨ। ਪੰਜਾਬ ਵਾਲਿਆਂ ਦਾ ਸੁਭਾਅ ਕੁਝ ਅਜਿਹਾ ਹੈ ਕਿ ਉਥੇ ਨਵੇਂ ਖ਼ਿਆਲਾਂ ਦੀ ਆਓ-ਭਗਤ ਵਧੇਰੇ ਗਰਮਜੋਸ਼ੀ ਨਾਲ ਹੁੰਦੀ ਰਹੀ ਹੈ। ਚਾਹੇ ਉਹ ਸਰ ਸਈਅਦ ਦੀ ਲਹਿਰ ਹੋਵੇ, ਮੁਹੰਮਦ ਹੁਸੈਨ ਆਜ਼ਾਦ ਦੀ ਤਰਾਹ ਮਿਸਰੇ ਤੋਂ ਬਗੈਰ ਮੁਸ਼ਾਇਰਾ ਹੋਵੇ ਜਾਂ ਸਾਡੇ ਜ਼ਮਾਨੇ ਦੀ ਪ੍ਰਗਤੀਸ਼ੀਲਤਾ ਹੋਵੇ। ਲਾਹੌਰ ਦੇ ਅਦਬੀ ਹਲਕਿਆਂ ਵਿਚ ਸਾਹਿਰ ਜਿਸ ਤੇਜ਼ੀ ਨਾਲ ਹਰਮਨਪਿਆਰਾ ਹੋਇਆ ਉਸ ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਸਾਹਿਤਕ ਚੇਟਕ ਰੱਖਣ ਵਾਲੇ ਫੁੱਲਾਂ ਅਤੇ ਬੁਲਬੁਲਾਂ ਦੇ ਕਿੱਸਿਆਂ ਦੇ ਬਾਅਦ ਕੁਝ ਹੋਰ ਸੁਣਨ ਲਈ ਕਿੰਨੇ ਬੇਤਾਬ ਸਨ। ਇਸ ਤੋਂ ਪਹਿਲਾਂ ਫ਼ੈਜ਼



ਸਾਹਿਬ 'ਨਕਸ਼ੇ ਫ਼ਰਿਆਦੀ' ਦੀਆਂ ਨਜ਼ਮਾਂ ਨਾਲ ਆਪਣੀ ਧਾਂਕ ਬਿਠਾ ਚੁੱਕੇ ਸਨ। ਪਰ ਉਹ ਬਹੁਤ ਘੱਟ ਬੋਲਣ ਵਾਲੇ ਸਨ ਅਤੇ ਇਹ ਹੀ ਕਾਰਨ ਹੈ ਕਿ ਉਨ੍ਹਾਂ ਦਾ ਪਹਿਲਾਂ ਸੰਗ੍ਰਹਿ ਛਪਣ ਤੋਂ ਪਿਛੋਂ ਲੋਕ ਲੱਗਭਗ ਉਨ੍ਹਾਂ ਨੂੰ ਭੁੱਲ ਜਿਹੇ ਹੀ ਗਏ ਸਨ। ਤਰੱਕੀ-ਪਸੰਦ ਮੁਸਨਫ਼ੀਨ (ਪ੍ਰਗਤੀਸ਼ੀਲ ਲੇਖਕਾਂ) ਦੇ ਜਲਸਿਆਂ ਵਿਚ ਵੀ ਉਹ ਕਦੀ-ਕਦਾਈਂ ਆਉਂਦੇ ਅਤੇ ਨਾ ਹੀ ਮੈਂ ਉਨ੍ਹਾਂ ਨੂੰ ਉਸ ਜ਼ਮਾਨੇ ਦੇ ਕਿਸੇ ਮੁਸ਼ਾਇਰੇ ਵਿਚ ਦੇਖਿਆ। ਇਹ ਉਹ ਜ਼ਮਾਨਾ ਸੀ ਜਦ ਮੇਰੇ ਜਿਹੇ ਬੰਦੇ ਅਦਬ ਅਤੇ ਸਿਆਸਤ ਵਿਚ ਤਰੱਕੀ-ਪਸੰਦ ਵਿਚਾਰਾਂ ਤੋਂ ਅਜਿਹੇ ਪ੍ਰਭਾਵਿਤ ਹੋਏ ਸਨ ਜਿਵੇਂ ਦੇਸੀ ਸ਼ਰਾਬ ਦਾ ਨਸ਼ਾ ਅਸਰ ਕਰਦਾ ਹੈ। ਇਸ ਵਾਤਾਵਰਨ ਵਿਚ ਸਾਹਿਤ ਅਤੇ ਨਾਅਰੇਬਾਜ਼ੀ ਦਾ ਅੰਤਰ ਕੁਝ ਮਿਟ ਜਿਹਾ ਗਿਆ ਸੀ। ਇਹੀ ਕਾਰਨ ਹੈ ਕਿ ਇਸ ਜ਼ਮਾਨੇ ਵਿਚ ਕੁਝ ਅਜਿਹਾ ਮਹਿਸੂਸ ਹੁੰਦਾ ਜਿਵੇਂ ਫ਼ੈਜ਼ 'ਬੁਰਜ਼ਵਾ' ਕਿਸਮ ਦੇ ਸ਼ਾਇਰ ਸਨ, ਜੋ ਹੇਠਲੀ ਪੱਧਰ ਤੱਕ ਆਉਣਾ ਪਸੰਦ ਨਹੀਂ ਕਰਦੇ।

ਪਿੱਛੋਂ ਜਾ ਕੇ ਫ਼ੈਜ਼ ਸਾਹਿਬ ਰਾਵਲਪਿੰਡੀ ਸਾਜ਼ਿਸ਼ ਕੇਸ ਅਤੇ 'ਦਸਤੇ ਸਬਾ' ਦੀ ਪ੍ਰਕਾਸ਼ਨਾ ਦੇ ਕਾਰਨ ਸਾਰੇ ਮਹਾਂਦੀਪ ਵਿਚ ਪ੍ਰਸਿੱਧ ਹੋ ਗਏ। ਮੁਲਕ ਦੀ ਵੰਡ ਵੇਲੇ ਉਹ 'ਪਾਕਿਸਤਾਨ ਟਾਇਮਜ਼' ਦੇ ਐਡੀਟਰ ਸਨ। ਇਹ ਗੱਲ ਅੱਜ ਵੀ ਕੁਝ ਅਜੀਬ ਜਿਹੀ ਮਹਿਸੂਸ ਹੁੰਦੀ ਹੈ ਕਿ ਉਰਦੂ ਦਾ ਸ਼ਾਇਰ ਅੰਗਰੇਜ਼ੀ ਅਖ਼ਬਾਰ ਦਾ ਐਡੀਟਰ ਹੋਵੇ। ਪਰ ਉਨ੍ਹਾਂ ਨੇ ਆਪਣੇ ਕੈਰੀਅਰ ਦਾ ਆਰੰਭ ਹੀ ਅੰਗਰੇਜ਼ੀ ਦੇ ਉਸਤਾਦ ਦੀ ਹੈਸੀਅਤ ਤੋਂ ਕੀਤਾ ਸੀ। ਇੰਝ ਅੰਗਰੇਜ਼ੀ ਸਾਹਿਤ ਉੱਤੇ ਵੀ ਉਨ੍ਹਾਂ ਦੀ ਡੂੰਘੀ ਨਜ਼ਰ ਸੀ। ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਫ਼ਰਾਕ ਤੋਂ ਬਾਅਦ ਫ਼ੈਜ਼ ਹੀ ਉਰਦੂ ਦੇ ਇਕ ਅਜਿਹੇ ਸ਼ਾਇਰ ਸਨ ਜਿਨ੍ਹਾਂ ਦੀ ਨਜ਼ਰ ਅੰਗਰੇਜ਼ੀ ਸਾਹਿਤ ਤੇ ਇੰਨੀ ਡੂੰਘੀ ਸੀ। ਇਸਦੇ ਬਾਵਜੂਦ ਉਨ੍ਹਾਂ ਦਾ ਲਹਿਜ਼ਾ ਕਲਾਸੀਕਲ ਸ਼ਾਇਰਾਂ ਜਿਹਾ ਸੀ। ਉਨ੍ਹਾਂ ਦੀਆਂ ਸਭ ਉਪਮਾਵਾਂ, ਚਿੰਨ੍ਹ, ਇਸਤਿਆਰੇ, ਕਲਾਸੀਕਲ ਸ਼ਾਇਰੀ ਤੋਂ ਲਏ ਗਏ ਸਨ। ਇਹ ਗੱਲ ਪ੍ਰਗਤੀਸ਼ੀਲਾਂ ਵਿਚ ਵੀ ਫ਼ੈਜ਼ ਸਾਹਿਬ ਨੂੰ ਉੱਚਤਾ ਪ੍ਰਦਾਨ ਕਰਦੀ ਸੀ।

ਮੈਂ ਗੱਲ ਕਰ ਰਿਹਾ ਸਾਂ ਵੰਡ ਦੇ ਸਮੇਂ ਦੀ। ਪਾਕਿਸਤਾਨ ਦੇ ਮੁੱਢਲੇ ਦਿਨਾਂ ਵਿਚ ਫ਼ੈਜ਼ ਸਾਹਿਬ 'ਪਾਕਿਸਤਾਨ ਟਾਇਮਜ਼' ਦੇ ਐਡੀਟਰ ਸਨ ਅਤੇ ਟਰੇਡ ਯੂਨੀਅਨ ਫੈਡਰੇਸ਼ਨ ਦੀ ਲੀਡਰੀ ਵੀ ਕਰਦੇ ਸਨ। ਇਹ ਗੱਲ ਵੀ ਕੁਝ ਅਜੀਬ ਜਿਹੀ ਮਾਲੂਮ ਹੁੰਦੀ ਸੀ ਕਿਉਂਕਿ ਲੀਡਰਾਂ ਵਾਲੀ ਗੱਲ ਤਾਂ ਉਨ੍ਹਾਂ ਵਿਚ ਕੋਈ ਹੈ ਨਹੀਂ ਸੀ। ਖ਼ੈਰ ਸ਼ਾਇਰ ਹੋਣ ਦੇ ਇਲਾਵਾ ਅੰਗਰੇਜ਼ੀ ਅਖ਼ਬਾਰ ਦੇ ਐਡੀਟਰ ਦੇ ਤੌਰ ਤੇ ਵੀ ਉਨ੍ਹਾਂ ਨੇ ਆਪਣੀ ਹੈਸੀਅਤ ਮੰਨਵਾਈ। ਉਨ੍ਹਾਂ ਦੀ ਅੰਗਰੇਜ਼ੀ ਵਾਰਤਕ ਵਿਚ ਪ੍ਰਭਾਵ ਭਰਪੂਰਤਾ ਸੀ। ਉਸਦਾ ਅੰਦਾਜ਼ਾ ਮੈਨੂੰ ਉਸ ਸੰਪਾਦਕੀ ਤੋਂ ਹੋਇਆ ਜੋ ਫ਼ੈਜ਼ ਸਾਹਿਬ ਨੇ 'ਪਾਕਿਸਤਾਨ ਟਾਇਮਜ਼' ਦੇ ਲਈ ਮਹਾਤਮਾ ਗਾਂਧੀ ਜੀ ਦੀ ਹੱਤਿਆ ਦੇ ਸਮੇਂ ਲਿਖਿਆ। ਲੱਗਭੱਗ ਸਾਲ ਭਰ ਬਾਅਦ ਹੀ ਰਾਵਲਪਿੰਡੀ ਸਾਜ਼ਿਸ਼ ਕੇਸ ਵਿਚ ਉਹ ਫੜੇ ਗਏ ਅਤੇ ਇਸ ਵਿਚਕਾਰ ਉਨ੍ਹਾਂ ਨੇ ਜੇਲ੍ਹ ਵਿਚ ਜੋ ਸ਼ੇਅਰ ਕਹੇ

ਉਨ੍ਹਾਂ ਨਾਲ ਸ਼ਾਇਰ ਦੇ ਤੌਰ ਤੇ ਉਨ੍ਹਾਂ ਦੀ ਪ੍ਰਸਿੱਧਤਾ ਦਾ ਦੂਸਰਾ ਦੌਰ ਆਰੰਭ ਹੋਇਆ। ਉਸ ਜ਼ਮਾਨੇ ਦੇ ਕਲਾਮ ਦਾ ਪਹਿਲਾ ਸੰਗ੍ਰਹਿ (ਦਸਤੇ ਸਭਾ) ਸਭ ਤੋਂ ਪਹਿਲਾਂ 1952 ਵਿਚ ਮੇਰੇ ਦੋਸਤ ਅਬਦੁਲ ਰਾਊਫ਼ ਨੇ ਪ੍ਰਕਾਸ਼ਿਤ ਕੀਤਾ। ਅਬਦੁਲ ਰਾਊਫ਼ ਦੇ ਫ਼ੈਜ਼ ਸਾਹਿਬ ਨਾਲ ਬੜੇ ਹੀ ਨੇੜੇ ਦੇ ਸੰਬੰਧ ਸਨ ਅਤੇ ਉਸ ਨੇ ਉਨ੍ਹਾਂ ਨੂੰ ਕਾਮਰੇਡ, ਪ੍ਰਕਾਸ਼ਕ ਅਤੇ ਦੋਸਤ ਦੇ ਤੌਰ ਤੇ ਦੇਖਿਆ। 'ਦਸਤੇ ਸਭਾ' ਜਦ ਛਪੀ ਤਾਂ ਉਸ ਵੇਲੇ ਫ਼ੈਜ਼ ਸਾਹਿਬ ਜੇਲ੍ਹ ਵਿਚ ਹੀ ਸਨ, ਅਬਦੁਲ ਰਾਊਫ਼ ਅਤੇ ਉਸ ਦੇ ਸਾਥੀਆਂ ਲਈ ਵੀ ਉਹ ਬੜੀ ਮੁਸੀਬਤ ਦਾ ਜ਼ਮਾਨਾ ਸੀ। ਖ਼ੁਫ਼ੀਆ ਪੁਲਿਸ ਵਾਲੇ ਪ੍ਰਛਾਵੇਂ ਵਾਂਗ ਪਿੱਛੇ ਲੱਗੇ ਰਹਿੰਦੇ ਅਤੇ ਸਰਕਾਰੀ ਮਸ਼ੀਨਰੀ ਇਸ ਗੱਲ ਦਾ ਯਤਨ ਕਰਦੀ ਕਿ ਨਾ ਤਾਂ ਇਨ੍ਹਾਂ ਲੋਕਾਂ ਦਾ ਕਾਰੋਬਾਰ ਜੰਮੇ ਅਤੇ ਨਾ ਹੀ ਇਨ੍ਹਾਂ ਨੂੰ ਚੈਨ ਦਾ ਕੋਈ ਪਲ ਨਸੀਬ ਹੋਵੇ। ਅਜਿਹੇ ਸਮੇਂ ਵਿਚ ਅਬਦੁਲ ਰਾਊਫ਼ ਲਈ ਫ਼ੈਜ਼ ਸਾਹਿਬ ਦੀ ਬੇਗਮ ਐਲਿਸ ਫ਼ੈਜ਼ ਨਾਲ ਸੰਪਰਕ ਰੱਖਣਾ ਅਤੇ ਸੰਗ੍ਰਹਿ ਨੂੰ ਪ੍ਰਕਾਸ਼ਿਤ ਕਰਨ ਲਈ ਫ਼ੈਜ਼ ਸਾਹਿਬ ਨਾਲ ਚਿੱਠੀ ਪੱਤਰ ਕਰਨੀ ਜਾਨ ਜੋਖੋਂ ਦਾ ਕੰਮ ਸੀ। ਇਨ੍ਹਾਂ ਮੁਸੀਬਤਾਂ ਦੇ ਹੁੰਦੇ ਹੋਏ ਵੀ ਉਸ ਨੇ ਬੜੀ ਹਿੰਮਤ ਨਾਲ ਕਿਤਾਬ ਦੀ ਛਪਾਈ ਦਾ ਕੰਮ ਜਾਰੀ ਰੱਖਿਆ। ਪਰ 'ਦਸਤੇ ਸਭਾ' ਬੜਾ ਛੋਟਾ ਜਿਹਾ ਸੰਗ੍ਰਹਿ ਹੈ ਅਤੇ ਇਕ ਪ੍ਰਕਾਸ਼ਕ ਦੀ ਹੈਸੀਅਤ ਵਿਚ ਅਬਦੁਲ ਰਾਊਫ਼ ਬਾਰ-ਬਾਰ ਸੋਚਦਾ ਕਿ ਕਿਤਾਬ ਕੁਝ ਤਾਂ ਵੱਡੀ ਹੋਣੀ ਚਾਹੀਦੀ ਹੈ। ਇਹ ਗੱਲ ਉਹ ਫ਼ੈਜ਼ ਸਾਹਿਬ ਨੂੰ ਲਿਖਦਾ ਤਾਂ ਉਹ ਕਹਿੰਦੇ ਕਿ "ਭਾਈ ਅਦਬ ਔਰ ਸ਼ਾਇਰੀ ਕੋ ਤੋਲ ਕਰ ਨਹੀਂ ਦੇਖਾ ਕਰਤੇ।"

ਕਿਤਾਬ ਦੀ ਮੋਟਾਈ ਭਾਵੇਂ ਕਿੰਨੀ ਵੀ ਸੀ, ਉਸਨੇ ਫ਼ੈਜ਼ ਸਾਹਿਬ ਦੀ ਪ੍ਰਸਿੱਧਤਾ ਨੂੰ ਹਿੰਦੋਸਤਾਨ ਅਤੇ ਪਾਕਿਸਤਾਨ ਵਿਚ ਉਸ ਉਚਾਈ ਤੇ ਪਹੁੰਚਾ ਦਿੱਤਾ ਕਿ ਉਰਦੂ ਦੇ ਬਹੁਤ ਘੱਟ ਸ਼ਾਇਰਾਂ ਨੂੰ ਉਹ ਦਰਜਾ ਪ੍ਰਾਪਤ ਹੋ ਸਕਿਆ। 'ਦਸਤੇ ਸਭਾ' ਦੀਆਂ ਬਹੁਤ ਸਾਰੀਆਂ ਨਜ਼ਮਾਂ ਅਤੇ ਗ਼ਜ਼ਲਾਂ ਤਾਂ ਲੋਕਾਂ ਨੂੰ ਹਾਲੇ ਵੀ ਜ਼ੁਬਾਨੀ ਯਾਦ ਹਨ।

ਉਸ ਜ਼ਮਾਨੇ ਵਿਚ ਜਦ ਕਿ ਫ਼ੈਜ਼ ਸਾਹਿਬ ਅਜੇ ਜੇਲ੍ਹ ਵਿਚ ਹੀ ਸਨ ਤਾਂ ਮੈਂ ਰੋਜ਼ਾਨਾ 'ਇਮਰੋਜ਼' ਲਈ ਇਕ ਕਾਲਮ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿਚ ਮੈਂ ਸਾਲ ਵਿਚ ਇਕ ਦੋ ਚੱਕਰ ਲਾਹੌਰ ਦੇ ਜ਼ਰੂਰ ਲਾਉਂਦਾ। ਇਕ ਵਾਰ ਉਥੇ ਜਾ ਕੇ ਪਤਾ ਲੱਗਾ ਕਿ ਫ਼ੈਜ਼ ਸਾਹਿਬ ਜੇਲ੍ਹ ਤੋਂ ਰਿਹਾ ਹੋ ਚੁੱਕੇ ਹਨ। ਮੈਂ 'ਇਮਰੋਜ਼' ਦੇ ਦਫਤਰ ਗਿਆ ਤਾਂ ਦੇਖਿਆ ਕਿ ਐਡੀਟਰ ਦੇ ਕਮਰੇ ਵਿਚ ਅਦੀਬਾਂ, ਸ਼ਾਇਰਾਂ ਦੀ ਮਹਿਫ਼ਲ ਜੰਮੀ ਹੈ। ਇਸ ਵਿਚ ਫ਼ੈਜ਼ ਸਾਹਿਬ ਵੀ ਸਨ ਅਤੇ ਹਫ਼ੀਜ ਸਾਹਿਬ ਵੀ। ਫ਼ੈਜ਼ ਸਾਹਿਬ ਨੂੰ ਤਾਂ ਮੈਂ ਉਥੇ ਪਹਿਲੀ ਵਾਰ ਦੇਖਿਆ ਪਰ ਹਫ਼ੀਜ਼ ਸਾਹਿਬ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ ਜੋ ਲਹਿਕ-ਲਹਿਕ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਗੱਲਾਂ ਕਰ ਰਹੇ ਸਨ ਅਤੇ ਲਤੀਫਿਆਂ ਤੇ ਚੁਟਕਲਿਆਂ ਦੇ ਵਿਚਕਾਰ ਕਈ ਸੱਜਣਾਂ ਨੂੰ ਪੰਜਾਬੀ ਸਟਾਈਲ ਦੀਆਂ ਮੋਟੀਆਂ-ਮੋਟੀਆਂ ਗਾਲ੍ਹਾਂ ਨਾਲ ਨਿਵਾਜ ਰਹੇ ਸਨ। ਫ਼ੈਜ਼ ਸਾਹਿਬ ਬਿਲਕੁਲ ਚੁੱਪ ਸਨ ਅਤੇ ਹਫ਼ੀਜ਼ ਸਾਹਿਬ ਦੇ ਲਤੀਫਿਆਂ ਅਤੇ ਚੁਟਕਲਿਆਂ



ਦੇ ਉੱਤਰ ਵਿਚ ਸਿਰਫ਼ ਮੁਸਕਰਾ ਦਿੰਦੇ। ਉਸ ਵੇਲੇ ਮੈਨੂੰ ਚੰਗੀ ਤਰ੍ਹਾਂ ਅਹਿਸਾਸ ਹੋਇਆ ਕਿ ਉਰਦੂ ਦੇ ਸ਼ਾਇਰ ਕਿੰਨੇ ਭਿੰਨ-ਭਿੰਨ ਵੀ ਹੋ ਸਕਦੇ ਹਨ। ਹਕੀਕਤ ਇਹ ਹੈ ਕਿ ਫ਼ੈਜ਼ ਸਾਹਿਬ ਸ਼ਾਇਰ ਤਾਂ ਲੱਗ ਹੀ ਨਹੀਂ ਰਹੇ ਸਨ। ਉਹ ਸੂਟ ਅਤੇ ਟਾਈ ਵਿਚ ਸਜੇ ਧਜੇ ਹੋਏ ਸਨ ਅਤੇ ਨੋਕ ਪਲਕ ਅਜਿਹੇ ਦਰੁਸਤ ਸਨ ਕਿ ਮੈਨੂੰ ਉਨ੍ਹਾਂ ਦੇ ਬੈਂਕ ਮੈਨੇਜਰ ਹੋਣ ਦਾ ਵੀ ਭੁਲੇਖਾ ਹੋ ਸਕਦਾ ਸੀ। ਗੱਲ ਇਹ ਹੈ ਕਿ ਉਸ ਥਾਂ ਉਹ 'ਪਾਕਿਸਤਾਨ ਟਾਇਮਜ਼' ਅਤੇ 'ਇਮਰੋਜ਼' ਦੇ ਸੰਪਾਦਕ ਦੀ ਹੈਸੀਅਤ ਵਿਚ ਸਨ ਅਤੇ ਇਸੇ ਲਈ ਆਪਣੀ ਪਦਵੀ ਅਤੇ ਸਥਾਨ ਦਾ ਲਿਹਾਜ਼ ਕਰਦੇ ਹੋਏ ਉਨ੍ਹਾਂ ਬੜਾ ਜਚਦਾ ਲਿਬਾਸ ਪਾਇਆ ਹੋਇਆ ਸੀ। ਇਸ ਬੈਠਕ ਦੇ ਬਾਅਦ ਮੈਂ ਫ਼ੈਜ਼ ਸਾਹਿਬ ਨੂੰ ਉਨ੍ਹਾਂ ਦੇ ਕਮਰੇ ਵਿਚ ਵੀ ਮਿਲਿਆ। ਮੇਰੇ ਕਾਲਮ ਦਾ ਮੁਆਵਜ਼ਾ ਹਿੰਦੋਸਤਾਨੀ ਕਰੰਸੀ ਵਿਚ ਅਦਾ ਕਰਨ ਦਾ ਮਾਮਲਾ ਕੁਝ ਜਟਿਲ ਹੋ ਗਿਆ ਸੀ ਅਤੇ ਚੂੰਕਿ ਹੁਣ ਉਹ ਚੀਫ਼ ਐਡੀਟਰ ਦੇ ਤੌਰ ਤੇ ਵਾਪਿਸ ਆ ਗਏ ਸਨ। ਇਸ ਲਈ ਉਨ੍ਹਾਂ ਨਾਲ ਗੱਲ ਕਰਨਾ ਜ਼ਰੂਰੀ ਸੀ। ਇਹ ਮੁਲਾਕਾਤ ਮੇਰੇ ਲਈ ਬੜੀ ਨਿਰਾਸ਼ਾ ਭਰਪੂਰ ਸੀ। ਮੇਰੀਆਂ ਗੱਲਾਂ ਦਾ ਸਿਵਾਏ ਹੂੰ ਹਾਂ ਦੇ ਉਨ੍ਹਾਂ ਕੋਈ ਜਵਾਬ ਨਾ ਦਿੱਤਾ ਅਤੇ ਅੱਧੇ ਘੰਟੇ ਦੀ ਮੁਲਾਕਾਤ ਵਿਚ ਹਰ ਵਾਕ ਵੀ ਪੂਰੇ ਤੌਰ 'ਤੇ ਨਾ ਕਹੇ। ਬਾਹਰ ਨਿਕਲ ਕੇ ਮੈਂ ਸੋਚਿਆ ਕਿ ਇਨ੍ਹਾਂ ਵਿਚ ਬੜੀ ਹਉਮੈਂ ਹੈ। ਬਾਅਦ ਵਿਚ ਪਤਾ ਲੱਗਾ ਕਿ ਹਉਮੈਂ ਨਹੀਂ ਸਗੋਂ ਧੀਮਾਪਨ ਹੈ ਜਿਸਦੇ ਕਾਰਨ ਨਾ ਹੀ ਉਹ ਜ਼ਿਆਦਾ ਬੋਲਦੇ ਹਨ ਅਤੇ ਨਾ ਹੀ ਦੂਸਰਿਆਂ ਵਾਂਗ ਜਜ਼ਬਾਤ ਦੀ ਸ਼ਿੱਦਤ ਦਾ ਪ੍ਰਗਟਾਵਾ ਕਰਦੇ ਹਨ। ਉਨ੍ਹਾਂ ਦੇ ਕਲਾਮ ਵਿਚ ਵੀ ਇਹ ਹੀ ਵਿਸ਼ੇਸ਼ਤਾ ਹੈ ਅਤੇ ਉਰਦੂ ਦੇ ਇਕ ਅਦੀਬ ਦੇ ਸ਼ਬਦਾਂ ਵਿਚ "ਫ਼ੈਜ਼ ਅੰਦਰ ਹੈ ਅੰਦਰ ਸੁਲਗਣ ਦੇ ਆਦੀ ਸਨ।"

ਉਸਦੇ ਬਾਅਦ ਫ਼ੈਜ਼ ਸਾਹਿਬ ਨਾਲ ਕਦੀ-ਕਦੀ ਲਾਹੌਰ ਜਾਂ ਦਿੱਲੀ ਵਿਚ ਮੇਲ ਹੋ ਜਾਂਦਾ ਪਰ ਬਹੁਤ ਹੀ ਸੰਖੇਪ। 'ਪਾਕਿਸਤਾਨ ਟਾਇਮਜ਼' ਦੀ ਦੁਬਾਰਾ ਐਡੀਟਰੀ ਕਰਨ ਦੇ ਕੁਝ ਸਮੇਂ ਬਾਅਦ ਅਯੂਬ ਖਾਂ ਦਾ ਮਾਰਸ਼ਲ ਲਾਅ ਸ਼ੁਰੂ ਹੋ ਗਿਆ ਅਤੇ ਕੁਝ ਹੀ ਅਰਸੇ ਬਾਅਦ ਫੌਜੀ ਸਰਕਾਰ ਨੇ ਪਾਕਿਸਤਾਨ ਦੇ ਅਦਾਰੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਮੀਆਂ ਇਫ਼ਤਖ਼ਾਰ ਅਲਦੀਨ ਨੂੰ ਜੋ ਕਿ ਇਸ ਅਖ਼ਬਾਰ ਦੇ ਬਾਨੀ ਸਨ ਉਥੋਂ ਕੱਢ ਬਾਹਰ ਕੀਤਾ ਗਿਆ। ਫ਼ੈਜ਼ ਸਾਹਿਬ ਤਾਂ ਅਖ਼ਬਾਰ ਤੋਂ ਪਹਿਲਾਂ ਹੀ ਵੱਖ ਹੋ ਚੁੱਕੇ ਸਨ ਪਰ ਇਸ 'ਇਨਕਲਾਬ' ਦੇ ਬਾਅਦ ਦੂਸਰੇ ਐਡੀਟਰਾਂ ਨੂੰ ਵੀ ਵੱਖ ਹੋਣਾ ਪਿਆ। ਇਸ ਤਰ੍ਹਾਂ ਨਾਲ ਪਾਕਿਸਤਾਨ ਵਿਚ ਖੱਬੇ ਧੜੇ ਦੇ ਅਨਸਰਾਂ ਉੱਤੇ ਜ਼ੁਲਮ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ। ਅਯੂਬ ਖਾਂ ਦੀ ਹਕੂਮਤ ਪਾਕਿਸਤਾਨ ਵਿਚ ਦਸ ਸਾਲ ਤੱਕ ਰਹੀ। ਉਸਤੋਂ ਬਾਅਦ ਭੁੱਟੋ ਸਰਕਾਰ ਹਾਲਾਂਕਿ ਚੋਣਾਂ ਨਾਲ ਤਾਕਤ ਵਿਚ ਆਈ ਸੀ ਪਰ ਪਾਕਿਸਤਾਨ ਦੀ ਜਨਤਾ ਨੂੰ ਜਮਹੂਰੀ ਅਧਿਕਾਰ ਪੂਰੇ ਤੌਰ ਤੇ ਫਿਰ ਵੀ ਨਾ ਮਿਲੇ। ਇਹ ਕਹਿਣਾ ਗਲਤ ਹੋਵੇਗਾ ਕਿ ਇਸ ਸਾਰੇ ਜ਼ਮਾਨੇ ਵਿਚ ਫ਼ੈਜ਼ ਸਾਹਿਬ ਜਬਰ ਅਧੀਨ ਹੀ ਰਹੇ। ਪਾਕਿਸਤਾਨ ਦੇ ਸਰਕਾਰੀ ਹਲਕਿਆਂ ਵਿਚ ਉਨ੍ਹਾਂ ਦੀ ਮਹੱਤਤਾ ਵਧਦੀ ਗਈ। ਉਹ ਇਕ ਅਰਧ ਸਰਕਾਰੀ ਸੰਸਥਾ ਦੇ ਡਾਇਰੈਕਟਰ ਵੀ ਰਹੇ।

ਉਨ੍ਹਾਂ ਨੂੰ ਲੈਨਿਨ ਅਮਨ ਪੁਰਸਕਾਰ ਵੀ ਮਿਲਿਆ ਅਤੇ ਕੌਮਾਂਤਰੀ ਪੱਧਰ ਤੇ ਉਨ੍ਹਾਂ ਦੀ ਜੋ ਹੈਸੀਅਤ ਸਥਾਪਤ ਹੋਈ। ਉਸ ਨਾਲ ਪਾਕਿਸਤਾਨ ਦੇ ਸਤਿਕਾਰਤ ਵਿਅਕਤੀ ਵੀ ਫ਼ੈਜ਼ ਸਾਹਿਬ ਦੀ ਮਹੱਤਤਾ ਨੂੰ ਸਵੀਕਾਰ ਕਰਨ ਲੱਗੇ। 'ਦਸਤੇ ਸਬਾ' ਛਪਣ ਦੇ ਬਾਅਦ ਕਾਫੀ ਸਮੇਂ ਤੱਕ ਫ਼ੈਜ਼ ਸਾਹਿਬ ਸ਼ਾਇਰ ਦੇ ਤੌਰ ਤੇ ਚੁੱਪ ਰਹੇ। ਉਨ੍ਹਾਂ ਦਾ ਤੀਸਰਾ ਸੰਗ੍ਰਹਿ 'ਜ਼ਿੰਦਾ ਨਾਮਾ' ਵੀ ਜੇਲ੍ਹ ਵਿਚ ਲਿਖੇ ਕਲਾਮ ਦਾ ਸੰਗ੍ਰਹਿ ਹੈ। ਉਨ੍ਹਾਂ ਦਿਨਾਂ ਵਿਚ ਇਹ ਆਮ ਕਿਹਾ ਜਾਂਦਾ ਸੀ ਕਿ ਫ਼ੈਜ਼ ਸਾਹਿਬ ਤੋਂ ਜੇ ਚੰਗੇ ਸ਼ੇਅਰ ਕਹਾਉਣੇ ਹੋਣ ਤਾਂ ਉਨ੍ਹਾਂ ਨੂੰ ਜੇਲ੍ਹ ਭੇਜ ਦਿਓ। ਪਰ ਅਜਿਹੀ ਗੱਲ ਨਹੀਂ ਸੀ, ਉਨ੍ਹਾਂ ਨੇ ਬਾਅਦ ਵਿਚ ਵੀ ਬਹੁਤ ਕੁਝ ਕੀਤਾ ਹੈ ਇਸ ਸਾਰੇ ਕਲਾਮ ਤੋਂ ਉਨ੍ਹਾਂ ਦਾ ਵਿਸ਼ੇਸ਼ ਵਤੀਰਾ ਪ੍ਰਗਟ ਹੁੰਦਾ ਹੈ। ਫ਼ੈਜ਼ ਸਾਹਿਬ ਨੂੰ ਇਸ ਗੱਲ ਦਾ ਬੜੀ ਤੀਬਰਤਾ ਨਾਲ ਅਹਿਸਾਸ ਸੀ ਕਿ ਪੰਜਾਬੀ ਉਨ੍ਹਾਂ ਦੀ ਮਾਦਰੀ ਜ਼ੁਬਾਨ ਹੈ ਪਰ ਉਨ੍ਹਾਂ ਦਾ ਕਲਾਮ ਉਰਦੂ ਵਿਚ ਹੈ। ਇਕ-ਦੋ ਵਾਰ ਨਿਜੀ ਮਹਿਫ਼ਲਾਂ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਉਰਦੂ ਸ਼ਾਇਰੀ ਤਾਂ ਉਪਰਲੀ ਸ਼੍ਰੇਣੀ ਦੇ ਲਈ ਡਰਾਇੰਗ-ਰੂਮਾਂ ਵਿਚ ਪੜ੍ਹਨ ਦੀ ਚੀਜ਼ ਹੈ ਅਤੇ ਗਲੀਆਂ ਕੂਚਿਆਂ ਦੇ ਲੋਕ ਤਾਂ ਪੰਜਾਬੀ ਸਮਝਦੇ ਹਨ। ਇਸੇ ਖ਼ਿਆਲ ਦੇ ਪ੍ਰਭਾਵ ਹੇਠ ਉਨ੍ਹਾਂ ਨੇ ਪੰਜਾਬੀ ਵਿਚ ਵੀ ਕਵਿਤਾਵਾਂ ਕਹਿਣ ਦਾ ਯਤਨ ਕੀਤਾ। ਇਹ ਕਵਿਤਾਵਾਂ ਚੰਗੀਆਂ ਤਾਂ ਹਨ ਪਰ ਇਉਂ ਲੱਗਦਾ ਹੈ ਜਿਵੇਂ ਕੋਈ ਬੁੱਢਾ ਕਿਸੇ ਮੁਟਿਆਰ ਨਾਲ ਇਸ਼ਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਕੁਝ ਵੀ ਹੋਵੇ ਪੰਜਾਬੀ ਹਲਕਿਆਂ ਵਿਚ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਬਹੁਤ ਸਲਾਹਿਆ ਗਿਆ। ਜਨਰਲ ਜ਼ਿਆ ਦਾ ਮਾਰਸ਼ਲ ਲਾ ਲੱਗਣ ਦੇ ਬਾਅਦ ਫ਼ੈਜ਼ ਸਾਹਿਬ ਜਲਾਵਤਨੀ ਦਾ ਜੀਵਨ ਗੁਜ਼ਾਰਨ ਲੱਗੇ। ਕਦੀ ਲੰਦਨ, ਕਦੀ ਬੈਰੂਤ ਅਤੇ ਕਦੀ ਕਿਤੇ। ਲਿਬਨਾਨ ਦੇ ਦੁਖਾਂਤ ਤੇ ਵੀ ਉਨ੍ਹਾਂ ਦੇ ਬਹੁਤ ਸਾਰੇ ਸ਼ੇਅਰ ਹਨ। ਹਿੰਦੋਸਤਾਨ ਅਤੇ ਪਾਕਿਸਤਾਨ ਵਿਚ ਭਾਵੇਂ ਪ੍ਰਗਤੀਸ਼ੀਲ ਸਾਹਿਤਕਾਰਾਂ ਦੀ ਲਹਿਰ ਪਤਨ ਵੱਲ ਗਈ ਪਰ ਫ਼ੈਜ਼ ਸਾਹਿਬ ਦੀ ਹਰਮਨ ਪਿਆਰਤਾ ਵਿਚ ਬਰਾਬਰ ਵਾਧਾ ਹੁੰਦਾ ਰਿਹਾ। ਇਸ ਵਿਚ ਸ਼ੱਕ ਨਹੀਂ ਕਿ ਉਹ ਆਪਣੇ ਦੌਰ ਦੇ ਪ੍ਰਤੀਨਿਧ ਸ਼ਾਇਰ ਸਨ ਅਤੇ ਫ਼ੈਜ਼ ਸਾਹਿਬ ਦਾ ਵੱਡੇ ਤੋਂ ਵੱਡਾ ਵਿਰੋਧੀ ਵੀ ਉਨ੍ਹਾਂ ਦੀ ਇਸ ਹੈਸੀਅਤ ਤੋਂ ਇਨਕਾਰ ਨਹੀਂ ਕਰ ਸਕਿਆ। ਸਿਆਸੀ ਇਤਬਾਰ ਤੋਂ ਉਨ੍ਹਾਂ ਨੇ ਦੁਨੀਆਂ ਦੇ ਮਜਬੂਰ, ਪ੍ਰਾਧੀਨ ਅਤੇ ਜ਼ੁਲਮ ਸਹਿੰਦੇ ਲੋਕਾਂ ਦੇ ਹੱਕ ਵਿਚ ਆਵਾਜ਼ ਉਠਾਈ। ਚੰਗਾ ਹੁੰਦਾ ਜੇ ਉਹ ਸੋਵੀਅਤ ਯੂਨੀਅਨ ਦੇ ਉਨ੍ਹਾਂ ਸਾਹਿਤਕਾਰਾਂ ਦੇ ਹੱਕ ਵਿਚ ਕੁਝ ਕਹਿੰਦੇ ਜੋ ਕਮਿਊਨਿਸਟ ਹਕੂਮਤ ਦੇ ਗੁੱਸੇ ਦਾ ਸ਼ਿਕਾਰ ਬਣ ਰਹੇ ਸਨ। ਅਸਲ ਵਿਚ ਪ੍ਰਗਤੀਸ਼ੀਲ ਲਹਿਰ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੀ ਰਿਹਾ ਹੈ ਕਿ ਸਿਆਸੀ ਅਤੇ ਵਿਚਾਰਕ ਤੌਰ ਤੇ ਇਹ ਇਕ ਤੰਗ ਘੇਰੇ ਵਿਚ ਤਬਦੀਲ ਹੋ ਕੇ ਰਹਿ ਗਈ। ਮੈਂ ਸਮਝਦਾ ਹਾਂ ਕਿ ਫ਼ੈਜ਼ ਸਾਹਿਬ ਜੇ ਸੋਵੀਅਤ ਯੂਨੀਅਨ ਵਿਚ ਅਦੀਬਾਂ ਦੀ ਲਿਖਣ ਦੀ ਆਜ਼ਾਦੀ ਦੇ ਹੱਕ ਵਿਚ ਕੁਝ ਲਿਖਦੇ ਤਾਂ ਉਨ੍ਹਾਂ ਦੇ ਵਕਾਰ ਅਤੇ ਮਰਾਤਬੇ ਵਿਚ ਹੋਰ ਵੀ ਵਾਧਾ ਹੁੰਦਾ।

ਫ਼ੈਜ਼ ਸਾਹਿਬ ਨਾਲ ਮੇਰੀ ਆਖ਼ਰੀ ਮੁਲਾਕਾਤ ਜਨਵਰੀ 1983 ਵਿਚ ਹੋਈ। ਮੈਂ



ਲਾਹੌਰ ਗਿਆ ਅਤੇ ਫ਼ੈਜ਼ ਸਾਹਿਬ ਲਿਬਨਾਨ ਤੋਂ ਨਵੇਂ-ਨਵੇਂ ਵਾਪਸ ਆਏ ਸਨ। ਉਸ ਵੇਲੇ ਇਹ ਖ਼ਬਰ ਮਸ਼ਹੂਰ ਸੀ ਕਿ ਕਲੱਕੱਤਾ ਯੂਨੀਵਰਸਿਟੀ ਵਿਚ ਉਹ ਉਰਦੂ ਦੇ ਪ੍ਰੋਫੈਸਰ ਦੇ ਤੌਰ ਤੇ ਆ ਰਹੇ ਹਨ। ਅਬਦੁਲ ਰਾਊਫ਼ ਦੇ ਨਾਲ ਮੈਂ ਮਾਡਲ ਟਾਊਨ ਵਿਚ ਉਨ੍ਹਾਂ ਦੀ ਰਿਹਾਇਸ਼ਗਾਹ ਤੇ ਗਿਆ। ਪਰ ਉਥੇ ਉਨ੍ਹਾਂ ਦੇ ਇਕ ਮਿਲਣ ਵਾਲੇ ਸਨ ਜੋ ਇੰਨਾ ਬੋਲ ਰਹੇ ਸਨ ਕਿ ਨਾ ਤਾਂ ਮੈਨੂੰ ਕੁਝ ਕਹਿਣ ਦਾ ਅਵਸਰ ਮਿਲਿਆ ਅਤੇ ਨਾ ਹੀ ਫ਼ੈਜ਼ ਸਾਹਿਬ ਦੀ ਕੋਈ ਗੱਲ ਵਿਸਥਾਰ ਨਾਲ ਸੁਣੀ ਜਾ ਸਕੀ। ਬਾਅਦ ਵਿਚ ਕਿਸੇ ਨੇ ਦੱਸਿਆ ਕਿ ਉਹ ਸਾਹਿਬ ਫ਼ੈਜ਼ ਦੇ ਪੱਕੇ ਮੁਸਾਹਿਬ ਹਨ। ਮੈਨੂੰ ਹੈਰਾਨੀ ਹੋਈ ਕਿ ਫ਼ੈਜ਼ ਸਾਹਿਬ ਇਸ 'ਢੋਲ' ਨੂੰ ਕਿਵੇਂ ਸਹਿਣ ਕਰਦੇ ਹਨ। ਉਸੇ ਮੁਲਾਕਾਤ ਵਿਚ ਉਨ੍ਹਾਂ ਨੇ ਕਿਹਾ ਕਿ ਅਗਲੇ ਮਹੀਨੇ ਉਹ ਦਿੱਲੀ ਜਾ ਰਹੇ ਅਤੇ ਵਾਅਦਾ ਕੀਤਾ ਕਿ ਮੈਨੂੰ ਜ਼ਰੂਰ ਮਿਲਣਗੇ। ਪਰ ਮੈਨੂੰ ਵਾਪਸ ਆਏ ਨੂੰ ਹਾਲੇ ਪੰਦਰਾਂ-ਵੀਹ ਦਿਨ ਹੀ ਹੋਏ ਸਨ ਕਿ ਫ਼ੈਜ਼ ਸਾਹਿਬ ਨੂੰ ਦਿਲ ਦਾ ਦੌਰਾ ਪੈਣ ਦੀ ਖ਼ਬਰ ਮਿਲੀ ਅਤੇ ਨਾਲ ਹੀ ਕਿਸੇ ਅਖਬਾਰ ਵਿਚ ਉਨ੍ਹਾਂ ਦੇ ਸ਼ੇਅਰ ਵੀ ਸਨ ਜੋ ਉਨ੍ਹਾਂ ਨੇ ਹਸਪਤਾਲ ਦੇ ਬਿਸਤਰੇ ਤੇ ਲੇਟੇ-ਲੇਟੇ ਹੀ ਕਹੇ ਸਨ। ਇਨ੍ਹਾਂ ਸ਼ੇਅਰਾਂ ਦੇ ਸ਼ਬਦ ਤਾਂ ਫ਼ੈਜ਼ ਸਾਹਿਬ ਦੇ ਹੀ ਸਨ ਪਰ ਲਹਿਜ਼ਾ ਬਿਲਕੁਲ ਦੂਸਰਾ ਸੀ। ਮੌਤ ਅਤੇ ਮਾਯੂਸੀ ਦਾ ਜ਼ਿਕਰ ਕਰਨਾ ਫ਼ੈਜ਼ ਸਾਹਿਬ ਦੇ ਕਲਾਮ ਦਾ ਕਦੀ ਖ਼ਾਸਾ ਨਹੀਂ ਰਿਹਾ।

ਫਿਰ ਸੁਣਿਆ ਕਿ ਫ਼ੈਜ਼ ਸਾਹਿਬ ਨੇ ਐਲਾਨ ਕੀਤਾ ਹੈ ਕਿ ਉਹ ਸ਼ਾਇਰੀ ਤੋਂ ਸੁਬਕਦੋਸ਼ ਹੋ ਗਏ ਹਨ। ਇਹ ਸੁਣ ਕੇ ਕੁਝ ਹਾਸਾ ਆਇਆ ਕਿ ਕਿਤੇ ਸ਼ਾਇਰ ਵੀ ਸ਼ਾਇਰੀ ਤੋਂ ਸੁਬਕਦੋਸ਼ (ਛੱਡ ਦੇਣਾ) ਹੋਇਆ ਕਰਦੇ ਹਨ। ਪਰ 20 ਨਵੰਬਰ ਨੂੰ ਉਹ ਵਾਕਈ ਸੁਬਕਦੋਸ਼ ਹੋ ਗਏ। ਸ਼ਾਇਰੀ ਤੋਂ ਵੀ ਅਤੇ ਸੰਸਾਰ ਤੋਂ ਵੀ। ਮੈਂ ਸੋਚਿਆ ਲਾਹੌਰ ਕਿੰਨਾ ਖਾਲੀ-ਖਾਲੀ ਲੱਗਦਾ ਹੋਵੇਗਾ। •

('ਕਿੱਥੇ ਗਿਆ ਮੇਰਾ ਸ਼ਹਿਰ ਲਾਹੌਰ' ਵਿਚੋਂ)

ਹਰਭਜਨ ਸਿੰਘ ਹੁੰਦਲ ਦੀ

**ਕਾਵਿ ਚੇਤਨਾ**

ਸੰਪਾਦਕ ਡਾ. ਹਰਪ੍ਰੀਤ ਸਿੰਘ ਹੁੰਦਲ

ਸਫ਼ੇ 300, ਮੁੱਲ 250/-

ਮਨਪ੍ਰੀਤ ਪ੍ਰਕਾਸ਼ਨ, ਦਿੱਲੀ

# ਬਾਲ-ਮਨ ਦੀਆਂ ਯਾਦਾਂ

- ਮੁਖ਼ਤਿਆਰ ਸਿੰਘ

1.

ਸੰਤ ਸੰਤਾਲੀ ਵੇਲੇ ਮੈਂ ਚਾਰ ਕੁ ਸਾਲ ਦਾ ਹੋਵਾਂਗਾ। ਘਰ ਤੋਂ ਬਾਹਰ ਵੇਖਣ ਲਈ ਤਾਂ ਸਾਨੂੰ ਜਾਣ ਨਹੀਂ ਸੀ ਦਿੰਦੇ। ਮੇਰੀ ਦਾਦੀ ਅਤੇ ਬੇਬੇ ਜੀ ਅੰਦਰ ਲੈ ਕੇ ਬਹਿ ਜਾਂਦੀਆਂ ਪਰ ਕਦੇ-ਕਦੇ ਦੂਰ ਕਿਤੇ ਗੋਲੀਆਂ ਦੀ ਆਵਾਜ਼ ਜ਼ਰੂਰ ਕੰਨੀਂ ਪੈ ਜਾਂਦੀ ਜਾਂ ਬਾਪੂ, ਚਾਚੇ ਅਤੇ ਤਾਏ ਰੱਬ ਹੋਰਾਂ ਨੂੰ ਘਰੋਂ ਬਰਛੇ, ਗੰਡਾਸੇ ਤੇ ਸੋਟੀਆਂ ਚੁੱਕ ਕੇ ਬਾਹਰ ਨੂੰ ਭੱਜਦੇ ਦੇਖਦਾ। ਪਿੰਡ 'ਚ ਰੌਲਾ ਪੈ ਜਾਂਦਾ, 'ਬਚਾਓ ਬਚਾਓ, ਕੋਈ ਬਾਹਰੋਂ ਨਾ ਆਵੇ।'

ਬੰਦੇ ਇਕੱਠੇ ਹੋ ਕੇ ਪਿੰਡ ਸਰਵਰਪੁਰ ਦੇ ਆਲੇ-ਦੁਆਲੇ ਖੜ੍ਹ ਜਾਂਦੇ। ਉਹਨਾਂ ਨੇ ਸਾਡੇ ਪਿੰਡ ਦੇ ਦਰਵਾਜ਼ੇ ਅੰਦਰ ਕਿਸੇ ਵੀ ਬਾਹਰਲੇ ਬੰਦੇ ਨੂੰ ਨਹੀਂ ਸੀ ਵੜਨ ਦਿੱਤਾ। ਪਹਿਲਾਂ ਉਹਨਾਂ ਅੱਗੇ ਹੱਥ ਬੰਨ੍ਹਦੇ, ਫਿਰ ਜੇ ਨਾ ਹੱਟਦੇ ਤਾਂ ਕੁਟਾਪਾ ਚਾੜ੍ਹ ਦਿੰਦੇ। ਸਾਨੂੰ ਨਿਆਣਿਆਂ ਨੂੰ ਮਾਵਾਂ, ਅੰਦਰ ਲੈ ਕੇ ਵੜ ਜਾਂਦੀਆਂ। ਬਾਅਦ 'ਚ ਵੱਡੇ ਗੱਲਾਂ ਕਰਦੇ ਸੁਣਦੇ ਕਿ ਪਿੰਡ ਦੇ ਮੁਸਲਮਾਨਾਂ ਨੂੰ ਹੱਥ ਵੀ ਨਹੀਂ ਲਾਉਣ ਦੇਣਾ। ਇਹ ਗੱਲ ਸੱਚ ਕਰ ਵਿਖਾਈ ਸੀ। ਕਿਸੇ ਵੀ ਮੁਸਲਮਾਨ ਦਾ ਵਾਲ ਵਿੰਗਾ ਨਹੀਂ ਸੀ ਹੋਣ ਦਿੱਤਾ। ਉਨ੍ਹਾਂ ਨੂੰ ਦਿਲਾਸਾ ਦਿੱਤਾ ਜਾ ਰਿਹਾ ਸੀ ਕਿ ਆਰਾਮ ਨਾਲ ਰਹੋ ਤੇ ਪਿੰਡ ਤੋਂ ਬਾਹਰ ਨਾ ਨਿਕਲੋ।

ਸਾਡੇ ਘਰ ਤੋਂ ਬੇਬੇ ਜੈ ਕੌਰ ਦੇ ਘਰ ਦਾ ਮੋੜ ਮੁੜ ਕੇ ਹੀ ਮੁਸਲਮਾਨ (ਜੁਲਾਹਿਆਂ) ਦੀ ਭੀੜੀ ਗਲੀ ਸੀ। ਉਸ ਵਿਚ ਪੰਦਰਾਂ-ਸੋਲਾਂ ਘਰ ਖੁਸ਼ੀ-ਖੁਸ਼ੀ ਅਰਾਮ ਨਾਲ ਰਹਿੰਦੇ ਸਨ। ਸਾਰੇ ਹੀ ਖੱਡੀਆਂ 'ਤੇ ਕੱਪੜਾ ਬੁਣਨ ਦਾ ਕੰਮ ਕਰਦੇ। ਉਹਨਾਂ ਵਿਚੋਂ ਇੱਕ ਘਰ ਮੈਨੂੰ ਹੁਣ ਤੱਕ ਯਾਦ ਹੈ ਕਿ ਪਹਿਲੇ ਹੀ ਮੋੜ 'ਤੇ ਖ਼ੁਦਾਬਖਸ਼ ਹਕੀਮ ਦਾ ਘਰ ਸੀ। ਉਸ ਕੋਲ ਅਸੀਂ ਖੇਡਦੇ-ਖੇਡਦੇ ਚਲੇ ਜਾਂਦੇ ਅਤੇ ਚੂਰਨ ਦੀਆਂ ਗੋਲੀਆਂ ਲੈ ਕੇ ਵਾਪਸ ਆ ਜਾਂਦੇ। ਕਿਸੇ ਨੂੰ ਢਿੱਡ ਪੀੜ , ਨਜ਼ਲਾ, ਜੁਕਾਮ, ਬੁਖਾਰ ਬਗੈਰਾ ਹੋ ਜਾਂਦਾ ਤਾਂ ਝੱਟ ਦਾਦੀ ਮਾਂ ਖ਼ੁਦਾਬਖਸ਼ ਹਕੀਮ ਕੋਲ ਲੈ ਜਾਂਦੀ। ਉਸ ਦੀਆਂ ਇੱਕ ਦੋ ਪੁੜੀਆਂ ਨਾਲ ਹੀ ਆਰਾਮ ਆ ਜਾਂਦਾ। ਉਸ ਵੇਲੇ ਪਿੰਡ 'ਚ ਡਾਕਟਰ ਹੁੰਦਾ ਹੀ ਨਹੀਂ ਸੀ। ਖ਼ੁਦਾਬਖਸ਼ ਹੱਸਮੁਖ ਸੁਭਾਅ ਦਾ ਮਾਲਕ ਸੀ। ਗੱਲਾਂ-ਬਾਤਾਂ ਨਾਲ ਹੀ ਅੱਧੀ ਬੀਮਾਰੀ ਭਜਾ ਦਿੰਦਾ।

ਪਿੰਡ ਦੇ ਭਰੋਸੇ 'ਤੇ ਸਾਰੇ ਜੁਲਾਹੇ (ਮੁਸਲਮਾਨ) ਟਿਕੇ ਬੈਠੇ ਰਹੇ। ਉਹਨਾਂ ਵਿਚੋਂ ਕਈ ਬਹੁਤੇ ਡਰਾਕਲ ਵੀ ਸਨ। ਉਹਨਾਂ ਦਾ ਡਰ ਹੈ ਵੀ ਸੱਚਾ ਸੀ। ਉਹ ਸਾਡੇ ਘਰਾਂ 'ਚ ਆ ਕੇ ਲੁਕ ਜਾਂਦੇ। ਜਦੋਂ ਬਾਹਰਲੇ ਹੱਲੇ ਗੁਲੇ ਵਾਲੇ ਪਿੰਡ 'ਚ ਵੜਨ ਨਹੀਂ ਸੀ ਦਿੱਤੇ ਜਾਂਦੇ ਤਾਂ ਉਹ ਸਾਡੇ ਘਰੋਂ ਨਿਕਲ ਕੇ 'ਅੱਲਾ ਹੀ ਅੱਲਾ' ਕਰਦੇ ਆਪਣੇ ਘਰਾਂ ਨੂੰ ਚਲੇ ਜਾਂਦੇ।

ਨੇੜੇ ਦੇ ਕਈ ਪਿੰਡਾਂ ਤੋਂ ਵੱਢ-ਟੁੱਕ ਅਤੇ ਅੱਗ ਲੱਗਣ ਦੀਆਂ ਖਬਰਾਂ ਆਉਂਦੀਆਂ ਤਾਂ ਉਹ ਹੋਰ ਡਰ ਜਾਂਦੇ। ਰਾਤ ਨੂੰ ਹੇੜੋਂ, ਕੋਟਾਲੇ, ਨੌਲੜੀ ਪਿੰਡਾਂ ਵਿਚ ਅੱਗ ਦੀਆਂ ਲਪਟਾਂ ਦਿਸਦੀਆਂ। ਉਹਨਾਂ ਦੀ ਜਾਨ ਨੂੰ ਬਣ ਜਾਂਦੀ। ਉਨ੍ਹਾਂ ਦੇ ਪਿੰਡਾਂ 'ਚ ਮੁਸਲਿਮ ਆਬਾਦੀ



ਜ਼ਿਆਦਾ ਹੋਣ ਕਰਕੇ ਬਾਕੀ ਜ਼ਾਤਾਂ ਬਾਹਰਲੇ ਹਮਲੇ ਤੋਂ ਰੋਕ ਨਹੀਂ ਸਕੀਆਂ। ਮੁਸਲਮਾਨ ਵੀ ਇਕੱਠੇ ਹੋ ਕੇ ਮਨ ਆਈ ਕਰਦੇ। ਕਈਆਂ ਦੇ ਕਤਲ ਕੀਤੇ। ਪਰ ਫਿਰ ਵੱਡੇ-ਵੱਡੇ ਟੋਲੇ ਅੱਗੇ, ਉਹ ਖੜ੍ਹ ਨਹੀਂ ਸੀ ਸਕਦੇ।

ਜਦੋਂ ਅਜੇ, ਅਜਿਹੀ ਕੱਟ ਵੱਢ ਹੋਣੀ ਸ਼ੁਰੂ ਹੋਈ ਹੀ ਸੀ ਤਾਂ ਮੁਸਲਮਾਨ ਆਪ ਹੀ ਮਲੇਰਕੋਟਲੇ ਵੱਲ ਨੂੰ ਤੁਰ ਪਏ ਸਨ। ਰਾਤ ਨੂੰ ਲੁਕ ਕੇ ਸਫਰ ਕਰਦੇ ਤੇ ਦਿਨੇ ਚਰ੍ਹੀਆਂ, ਮੱਕੀਆਂ, ਕਮਾਦਾਂ 'ਚ ਲੁਕਣ ਦਾ ਆਸਰਾ ਲੈ ਕੇ ਜਾਨ ਬਚਾਉਂਦੇ। ਜਿਨ੍ਹਾਂ ਨੂੰ ਪਤਾ ਲੱਗ ਜਾਂਦਾ ਉਹ ਉਥੇ ਹੀ ਆ ਕੇ ਮਾਰ ਜਾਂਦੇ। ਜੌੜੇ ਪੁਲ ਤੋਂ ਲੰਘਦਿਆਂ ਨੂੰ ਵੱਢ ਕੇ ਨਹਿਰ 'ਚ ਸੁੱਟੀ ਜਾਂਦੇ। ਜੰਗਲ ਰਾਜ ਹੋ ਗਿਆ ਸੀ।

ਕੁਝ ਦਿਨਾਂ ਬਾਅਦ ਮਿਲਟਰੀ ਦੀਆਂ ਗੱਡੀਆਂ ਪਿੰਡਾਂ ਵਿਚ ਆ ਗਈਆਂ। ਜਿਹੜੇ ਪਾਕਿਸਤਾਨ ਜਾਣਾ ਚਾਹੁੰਦੇ ਸਨ ਉਹਨਾਂ ਨੂੰ ਗੱਡੀਆਂ ਵਿਚ ਬਿਠਾ ਕੇ ਕੈਂਪਾਂ ਵਿਚ ਛੱਡ ਆਉਂਦੇ। ਸਾਡੇ ਪਿੰਡ ਦੇ ਸਾਰੇ ਮੁਸਲਮਾਨ ਸਹੀ ਸਲਾਮਤ ਮਿਲਟਰੀ ਗੱਡੀਆਂ ਵਿਚ ਬਿਠਾ ਦਿੱਤੇ ਗਏ ਸਨ। ਉਹਨਾਂ ਦਾ ਜਾਣ ਲਈ ਵੀ ਦਿਲ ਨਹੀਂ ਸੀ ਕਰਦਾ ਅਤੇ ਪਿੰਡ ਵਾਲੇ ਵੀ ਭੇਜਣ ਲਈ ਤਿਆਰ ਨਹੀਂ ਸਨ। ਪਰ ਮਿਲਟਰੀ ਹੁਕਮ ਨਾਲ ਉਹ ਰੁਕ ਵੀ ਨਹੀਂ ਸੀ ਸਕਦੇ। ਉਹ ਅਤੇ ਪਿੰਡ ਵਾਲੇ ਰੋਂਦੇ, ਮੈਂ ਵੀ ਵੇਖੇ ਸਨ। ਚਾਚਾ ਕਰਨੈਲ ਸਿੰਘ ਤਾਂ ਘਰ ਆ ਕੇ ਕਾਫੀ ਰੋਇਆ ਸੀ। ਮੇਰੀ ਦਾਦੀ ਉਸਨੂੰ ਚੁੱਪ ਵੀ ਕਰਾ ਰਹੀ ਸੀ ਅਤੇ ਆਪ ਉਸ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਡਿੱਗ ਰਹੇ ਸਨ। ਕਿਉਂਕਿ ਰਹਿਮਤਾਂ, ਨੂਰਾਂ, ਅੱਕੀ ਵਰਗੀਆਂ ਸਹੇਲੀਆਂ ਨਾਲ ਪਿਆਰ ਬਹੁਤ ਸੀ। ਕਦੇ ਵੀ ਕਿਸੇ ਕਿਸਮ ਦਾ ਲੜਾਈ ਝਗੜਾ ਨਹੀਂ ਸੀ ਹੋਇਆ। ਇਕ ਦੂਜੇ ਨਾਲ ਦਾਲ ਕੌਲੀ ਸਾਂਝੀ ਸੀ। ਸੋ ਮੇਰੇ ਪਿੰਡ 'ਚ ਕਿਸੇ ਵੀ ਮੁਸਲਮਾਨ ਦੇ ਝਰੀਟ ਨਹੀਂ ਸੀ ਆਈ। ਜਿਵੇਂ ਕਹਿੰਦੇ ਨੇ ਕਾਂ-ਗਿਆਰੀ ਤਾਂ ਹਰ ਥਾਂ ਹੁੰਦੀ ਹੀ ਹੈ। ਪਤਾ ਲੱਗਾ ਕਿ ਕਾਣੇ ਸਰਦਾਰੇ ਨੇ ਇਕ ਘਰ 'ਚ ਜਾ ਕੇ ਇਕ ਇਸਤਰੀ ਦੀ ਇੱਜਤ ਲੁੱਟਣ ਦੀ ਕੋਸ਼ਿਸ਼ ਕੀਤੀ ਸੀ ਪਰ ਸਮੇਂ ਸਿਰ ਪਤਾ ਲੱਗਣ ਤੇ ਪਿੰਡ ਵਾਲਿਆਂ ਨੇ ਉਸਨੂੰ ਫੜ ਕੇ ਕੁਟਾਪਾ ਚਾੜ੍ਹਿਆ।

ਉਸ ਗਲੀ 'ਚ ਹੁਣ ਜੱਟਾਂ ਦੇ ਘਰ ਹਨ। ਇਕ ਮਸੀਤ ਤੇ ਖੂਹੀ ਸੀ। ਮਸੀਤ ਤਾਂ ਸਮੇਂ ਨੇ ਖ਼ਤਮ ਕਰ ਦਿੱਤੀ ਸੀ। ਖੂਹੀ ਅਜੇ ਵੀ ਉਸੇ ਤਰ੍ਹਾਂ ਹੈ। ਸਾਰੀ ਯਾਦ ਤਾਜ਼ਾ ਹੋ ਜਾਂਦੀ ਹੈ। ਜਦੋਂ ਵੀ ਮੈਂ ਪਿੰਡ ਜਾਂਦਾ ਹਾਂ ਤਾਂ ਉਸ ਮਸੀਤ ਲਾਗੇ ਵਸਦੇ ਭਰਾ ਨਿਰੰਜਣ ਸਿੰਘ ਕੋਲ ਜ਼ਰੂਰ ਜਾ ਕੇ ਆਉਂਦਾ ਹਾਂ।

ਸਾਡੇ ਪਿੰਡ ਦੇ ਜੁਲਾਹੇ ਚਲੇ ਗਏ ਤਾਂ ਚਾਚੇ ਹੋਰੀਂ ਗੁਆਂਢੀ ਪਿੰਡਾਂ 'ਚ ਵੀ ਮੁਸਲਮਾਨਾਂ ਦਾ ਕਤਲੇਆਮ ਰੋਕਣ ਲਈ ਟੋਲੇ ਬੰਨ੍ਹ ਕੇ ਜਾਣ ਲੱਗ ਪਏ। ਦਾਦੀ ਮਾਂ ਉਹਨਾਂ ਦਾ ਫ਼ਿਕਰ ਕਰਿਆ ਕਰੇ, "ਹਾਇ ਵੇ ਚੰਦਰਿਓ, ਕਿਉਂ ਜਾਂਦੇ ਓ।" ਜੇ ਰਾਤ ਹੋ ਜਾਂਦੀ ਤਾਂ ਉਹ ਵਾਰ-ਵਾਰ ਰਾਹ ਦੇਖਦੀ। ਮੈਨੂੰ ਗੋਦੀ 'ਚ ਘੁੱਟ ਲੈਂਦੀ। ਉਸਦਾ ਸੀਨਾ ਜ਼ੋਰ ਨਾਲ ਧੜਕ ਰਿਹਾ

ਹੁੰਦਾ। ਕਾਫ਼ੀ ਰਾਂਤ ਗਏ ਉਹ ਸਹੀ ਸਲਾਮਤ ਮੁੜ ਆਉਂਦੇ ਤਾਂ ਉਸਨੂੰ ਸੁੱਖ ਦਾ ਸਾਹ ਆਉਂਦਾ।

ਜਿੰਨਾ ਕੁ ਸਮਾਨ ਜਾਂ ਨਕਦੀ ਉਹ ਚੁੱਕ ਸਕੇ, ਨਾਲ ਲੈ ਗਏ ਪਰ ਘਰ ਨੂੰ ਕੋਈ ਕਿੰਨਾ ਕੁ ਚੁੱਕ ਸਕਦਾ ਹੈ। ਸਾਰਾ ਹੀ ਛੱਡ ਕੇ ਚਲੇ ਗਏ। ਪਿੰਡ ਵਾਲਿਆਂ ਨੇ ਉਹਨਾਂ ਦਾ ਸਾਰਾ ਸਮਾਨ, ਖੱਡੀਆਂ, ਸੂਤ, ਬੁਣੇ ਅਤੇ ਅਧ-ਬੁਣੇ ਖੇਸ, ਖੇਸੀਆਂ, ਕੱਪੜੇ, ਮੰਜੇ, ਟਰੰਕ, ਪੇਟੀਆਂ, ਮੂਹੜੇ, ਪੀਹੜੇ, ਭਾਂਡੇ, ਦਰੀਆਂ, ਰਜਾਈਆਂ ਬਗੈਰਾ ਗੁਰਦੁਆਰੇ ਦੀ ਹੇਠਲੀ ਮੰਜ਼ਿਲ ਵਿਚ ਤੁੰਨ ਦਿੱਤੇ। ਉਪਰਲੇ ਚੁਬਾਰੇ ਵਿਚ ਗੁਰੂ ਗ੍ਰੰਥ ਸਾਹਿਬ ਰੱਖਿਆ ਹੋਇਆ ਸੀ। ਵਿਚੋਂ ਕਈ ਧੱਕੇ ਨਾਲ ਕੁਝ ਨਾਲ ਵੀ ਲੈ ਗਏ। ਜਿੰਦਰਾ ਲਾ ਦਿੱਤਾ ਗਿਆ। ਫਿਰ ਪਿੰਡ ਵਾਲਿਆਂ ਨੇ ਫੈਸਲਾ ਕੀਤਾ ਕਿ ਇਸ ਸਮਾਨ ਦੀ ਨੀਲਾਮੀ ਕਰ ਦਿੱਤੀ ਜਾਵੇ। ਨੀਲਾਮੀ ਹੋਈ। ਵਿਚੋਂ ਕਈ ਧੱਕੇ ਨਾਲ ਮੁਫ਼ਤ ਵੀ ਲੈ ਗਏ।

ਮੈਂ ਵੇਖਿਆ ਸਾਰੇ ਨਿਆਣੇ ਕੁਝ ਨਾ ਕੁਝ ਉਥੋਂ ਲਿਜਾ ਰਹੇ ਸਨ। ਮੈਂ ਆਪਣੇ ਚਾਚੇ ਅਜਾਇਬ ਸਿੰਘ ਨੂੰ ਜੋ ਗੁਰਦੁਆਰੇ ਦੀ ਸਾਂਭ-ਸੰਭਾਲ ਵਿਚ ਮੈਂਬਰ ਸੀ। ਇਕ ਖੂੰਝੇ ਪਈਆਂ ਬਾਂਸ ਦੀਆਂ ਸੋਟੀਆਂ ਵਿਚੋਂ ਇਕ ਮੰਗ ਲਈ। ਉਸਨੇ ਮੈਨੂੰ ਚੁੱਕ ਲੈਣ ਦਿੱਤੀ। ਮੈਂ ਫਟਾ-ਫਟ ਘਰ ਨੂੰ ਦੌੜ ਆਇਆ। ਇਹ ਸੋਟੀ ਕਾਫ਼ੀ ਦੇਰ ਸਾਂਭ ਕੇ ਰੱਖੀ। ਇਸ ਸੋਟੀ ਨਾਲ ਕਈ ਵਾਰ ਮੱਝਾਂ ਵੀ ਚਾਰੀਆਂ। ਹੋਰ ਸਮਾਨ ਪਿੰਡ 'ਚ ਵੰਡ ਦਿੱਤਾ ਗਿਆ। ਜਿਹੜੇ ਪੈਸੇ ਬਣੇ ਉਹ ਗੁਰਦੁਆਰੇ ਲਈ ਰੱਖ ਲਏ।

ਮੈਂ ਆਪਣੇ ਘਰ ਇੱਕ ਸੋਟੀ, ਇਕ ਲੋਹੇ ਦਾ ਮੂਹੜਾ ਲਿਆਂਦਾ ਵੇਖਿਆ। ਮੁਸਲਮਾਨ ਜਿਵੇਂ ਨੂਰਾ, ਫਤਾ, ਰਹਿਮਤ, ਆਪਣੇ ਚਾਂਦੀ ਦੇ ਰੁਪਏ ਅਤੇ ਹੋਰ ਗਹਿਣੇ ਗੁਆਂਢੀ ਬਾਬੇ ਚੈਂਚਲ ਸਿੰਘ ਨੂੰ ਫੜਾ ਗਏ ਸਨ। ਨਾਲੇ ਸਾਰਾ ਘਰ ਸੰਭਾਲ ਗਏ। ਇਨ੍ਹਾਂ ਉੱਤੇ ਉਹਨਾਂ ਨੂੰ ਯਕੀਨ ਸੀ। ਪਰ ਜਦੋਂ ਟਿਕ-ਟਿਕਾ ਹੋਏ ਤੋਂ ਚਾਰ-ਪੰਜ ਸਾਲ ਬਾਅਦ ਮੁਸਲਮਾਨ ਇਧਰ ਮਿਲਣ ਆਏ ਤਾਂ ਉਹਨਾਂ ਨੇ ਚੈਂਚਲ ਸਿੰਘ ਹੋਰਾਂ ਤੋਂ ਸਮਾਨ ਅਤੇ ਪੈਸੇ ਮੰਗੇ। ਉਹ ਸਾਫ਼ ਹੀ ਮੁੱਕਰ ਗਏ ਕਿ ਹੁਣ ਤਾਂ ਸਾਡੇ ਕੋਲ ਕੁਝ ਵੀ ਨਹੀਂ। ਉਨ੍ਹਾਂ ਨੂੰ ਮੂੰਹ ਵੀ ਨਹੀਂ ਲਾਇਆ। ਨੂਰੇ ਹੋਰੀਂ ਸਾਡੇ ਘਰ ਆ ਗਏ। ਉਹਨਾਂ ਨੇ ਮਿਲਣ ਤਾਂ ਆਉਣਾ ਹੀ ਸੀ। ਸਾਰੀ ਗੱਲ ਚਾਚੇ ਅਤੇ ਦਾਦੀ ਮਾਂ ਨੂੰ ਦੱਸੀ, ਨਾਲੇ ਫੁੱਟ-ਫੁੱਟ ਕੇ ਰੋ ਪਏ।

ਦਾਦੀ ਮਾਂ ਨੇ ਉਹਨਾਂ ਨੂੰ ਰੋਟੀ ਖਵਾਈ ਅਤੇ ਧੀਰਜ ਕਰ ਲੈਣ ਲਈ ਹੀ ਕਿਹਾ। ਉਹ ਵੀ ਕੀ ਕਰ ਸਕਦੇ ਸੀ। ਜਦੋਂ ਉਹ ਮੁੱਕਰ ਹੀ ਗਏ। ਇਹ ਸੀਨ ਵੀ ਮੇਰੀਆਂ ਯਾਦਾਂ 'ਚ ਹੁਣ ਤੱਕ ਤਾਜ਼ਾ ਹੈ। ਉਹ ਜਿਵੇਂ ਖਾਲੀ ਹੱਥ ਆਏ ਸਨ ਉਸੇ ਤਰ੍ਹਾਂ ਮੁੜ ਗਏ। ਬਾਪੂ ਅਤੇ ਚਾਚੇ ਹੋਰਾਂ ਨੇ ਉਹਨਾਂ ਨੂੰ ਕਿਰਾਏ ਭਾੜੇ ਲਈ ਕੁਝ ਨਾ ਕੁਝ ਪੈਸੇ ਦਿੱਤੇ ਅਤੇ ਮਾਨ-ਸਨਮਾਨ ਵੀ ਕੀਤਾ। ਉਹ ਫਿਰ ਆਉਣ ਦਾ ਵਾਅਦਾ ਕਰਕੇ ਚਲੇ ਗਏ। ਪਰ ਮੁੜ ਕੇ ਆਏ ਕਦੇ ਨਹੀਂ ਵੇਖੇ। •



ਨਾਵਲ ਅੰਸ਼

# ਕੁਤਬਾ ਕਿੱਥੇ ਜਾਵੇ?

- ਅਵਤਾਰ ਸਿੰਘ ਬਿਲਿੰਗ

ਤਕੀਏ ਮੂਹਰੇ ਬੈਠੇ ਕੁੱਤੇ ਸਾਰੀ ਰਾਤ ਰੋਂਦੇ ਰਹੇ। ਕੂਕਾਂ ਮਾਰਦੇ ਰਹੇ। ਸਾਰੀ ਰਾਤ ਕੁਤਬਾ ਅਨਾਰਾਂ ਕੇਲਿਆਂ ਦੇ ਝੁਫ਼ਲੇ ਵਿਚ ਦੜਿਆ ਬੈਠਾ ਇੰਤਜ਼ਾਰ ਦੀਆਂ ਘੜੀਆਂ ਗਿਣਦਾ ਰਿਹਾ।

ਮੂੰਹ ਹਨੇਰੇ ਉਹ ਅੰਤਾਂ ਦਾ ਬੁਖਲਾਇਆ ਹੋਇਆ ਬਾਹਰ ਨਿਕਲਿਆ ਅਤੇ ਅੱਲ੍ਹਾ ਦਾ ਨਾਂ ਲੈ ਕੇ ਦਾਦੂ ਖਾਂ ਦੀ ਸੇਹ ਵੱਲ ਤੁਰ ਪਿਆ। ਉਹ ਪਿੰਡ ਵਾਸੀਆਂ ਦੇ ਨਾਲ ਜੀਵਿਆ ਸੀ। ਜੋ ਹੁਣ ਮਰਨ ਦੀ ਵਾਰੀ ਸੀ ਤਾਂ ਵੀ ਇਕੱਲਾ ਕਿਉਂ ਮਰੇ?

ਉਸਨੂੰ ਸਾਢੇ ਤਿੰਨ ਦਹਾਕੇ ਪਹਿਲਾਂ ਵਾਪਰੀ ਇੱਕ ਘਟਨਾ ਚੇਤੇ ਆਈ ਜਦੋਂ ਪਲੇਗ ਫੈਲੀ ਸੀ। ਆਪਣੀ ਮੌਜ ਵਿਚ ਮਸਤ ਉਹ ਪਿੰਡ ਮੰਗਣ ਚੜ੍ਹਿਆ ਸੀ। ਨੱਚਦਾ ਗਾਉਂਦਾ ਦਰਵਾਜ਼ੇ ਜਾ ਵੜਿਆ ਸੀ। ਸੁੰਨ ਮਸਾਣ ਦੇਖ ਕੇ ਤ੍ਰਭਕਿਆ ਸੀ। ਰੁਲੀਆ ਸਿੰਘ ਪੈਨਸ਼ਨੀਏ ਦੇ ਤੂੜੀ ਵਾਲੇ ਮਕਾਨ ਵਿਚੋਂ ਭੂੱਕਰ ਵਰਗਾ ਇੱਕ ਚੂਹਾ ਗਲੀ ਵੱਲ ਨਿਕਲ ਕੇ ਰੜੇ ਮੈਦਾਨ ਵਿਚ ਗਲੋਟਣੀ ਖਾ ਕੇ ਡਿੱਗਿਆ ਤਾਂ ਫਜ਼ਲੇ ਮੌਲਾ ਅਚਾਨਕ ਸੁਚੇਤ ਹੋਇਆ ਦਾਦੂ ਖਾਂ ਦੀ ਸੇਹ ਤੋਂ ਬਾਹਰ ਵੱਲ ਭੱਜਿਆ ਸੀ ਜਿਵੇਂ ਡੂਮਣੇ ਮਖਿਆਲ ਦੇ ਛੱਤੇ ਵਿਚ ਕਿਸੇ ਨੇ ਇੱਟ ਮਾਰੀ ਹੋਵੇ। ਉਦੋਂ ਪਿੰਡ ਤੋਂ ਬਾਹਰ ਨਿਕਲਣ ਵਿਚ ਭਲਾ ਸੀ। ਅੱਜ ਨਗਰੀ ਦੇ ਅੰਦਰ ਵੜਨ ਨਾਲ ਸੁਰੱਖਿਆ ਦੀ ਆਸ ਸੀ। ਕਈ ਬੰਦਿਆਂ ਨੇ ਕੁਤਬੇ ਨੂੰ ਇਹੀ ਨੇਕ ਸਲਾਹ ਦਿੱਤੀ ਸੀ। ਕਈਆਂ ਨੇ ਫੜਕੇ ਪਿੰਡ ਵੱਲ ਖਿੱਚਿਆ ਵੀ ਸੀ। ਪਰ ਉਹ ਫ਼ਕੀਰ ਸੀ ਅਤੇ ਫ਼ਕੀਰਾਂ ਵਾਂਗ ਹੀ ਨਗਰ ਵਿਚ ਵੜੇਗਾ। ਉਸਨੇ ਚਿਤਵਿਆ ਸੀ।

ਅੱਜ ਉਸਦੀ ਅੱਡੀ ਨਹੀਂ ਸੀ ਉੱਠ ਰਹੀ। ਅੱਜ ਉਸਨੂੰ ਗਾਉਣਾ ਨਹੀਂ ਸੁੱਝਿਆ। ਸਿਰਫ਼ ਚਿਮਟਾ ਘਿਸਰ ਰਿਹਾ ਸੀ। ਪਟਕਾ ਢਿੱਲਾ ਸੀ। ਚੋਲਾ ਟਾਕੀਆਂ ਵਾਲਾ ਸੀ। ਅੱਜ ਉਹ ਇਸ ਨਗਰ ਦੀ ਬੁੱਕਲ ਵਿਚ ਸਮਾ ਜਾਣਾ ਲੋਚਦਾ ਸੀ।

"ਵੇ ਫਜ਼ਲੇ ਮੌਲਾ?" ਸੋਚਾਂ ਵਿਚ ਖੁੱਭਿਆ ਉਹ ਗੋਰੇ ਵਾਲੀ ਗਲੀ ਵੜਿਆ ਤਾਂ ਇਹ ਚਿਤਾਵਨੀ ਭਰੀ ਆਵਾਜ਼ ਆਈ, "ਵੇ ਫੱਕਰਾ ਅੱਜ ਤਕੀਏ ਨਾ ਜਾਈਂ ਮੁੜ ਕੇ। ਸਾਰੇ ਪਾਸੇ ਹਲਾਅ-ਲਲਾਅ ਹੁੰਦੀ ਐ, ਵੀਰਨਾ?" ਜਿਵੇਂ ਆਵਾਜ਼ ਆਕਾਸ਼ੋਂ ਆਈ ਹੋਵੇ।

ਉਸਨੇ ਪਿੱਛੇ ਪਰਤ ਕੇ ਵੇਖਿਆ। ਮਾਈ ਚਿੰਤੋ ਆਪਣੀ ਡਿਊੜੀ ਮੂਹਰੇ ਖੜ੍ਹੀ ਸੀ। ਉਸਦੀ ਨੂੰਹ ਨਛੱਤਰੋ ਚੁੱਲ੍ਹਾ ਚੌਂਕਾ ਬੁਹਾਰ ਰਹੀ ਸੀ।

"ਵੇ ਭਾਈ! ਪਿੰਡ 'ਚ ਫਿਰ ਕੇ ਆਉਣੈ ਤਾਂ ਜੀਅ ਸਦਕੇ। ਪਰ ਆਉਂਦਾ ਹੋਇਆ ਮੈਨੂੰ ਮਿਲ ਕੇ ਜਾਵੀਂ।" ਸਾਧੂ ਦੀ ਬੇਬੇ ਚਿੰਤੋ ਅਪਣੱਤ ਨਾਲ ਉਸਨੂੰ ਬੁਲਾ ਰਹੀ ਸੀ।

ਫਜ਼ਲੇ ਮੌਲਾ ਗੋਰੇ ਵਾਲੀ ਬੀਹੀ ਵਿਚ ਅੱਗੇ ਵਧਿਆ। ਮਾੜਾ ਮਿਸਤਰੀ ਸ਼ਾਇਦ ਫਾਲ੍ਹੇ ਡੰਗ ਰਿਹਾ ਸੀ। ਭਾਦੋਂ ਚੜ੍ਹ ਪਈ ਸੀ ਅਤੇ ਸੰਨਵੀਆਂ ਰੱਖੀਆਂ ਜ਼ਮੀਨਾਂ ਵਾਹੁਣ ਦਾ ਵੇਲਾ ਸੀ। ਰੱਖਾਂ ਵੀ ਵਾਹੀਆਂ ਜਾਣੀਆਂ ਸਨ।

ਉਹ ਕਾਰਖਾਨੇ ਅੰਦਰ ਝਾਕਿਆ। ਪਹਿਲਾਂ ਵੀ ਉਹ ਮਿਸਤਰੀ ਮਾੜਾ ਸਿੰਘ ਦੀ ਚੌਂਕੀ ਭਰਨ ਦਾ ਆਦੀ ਸੀ। ਉਹ ਹੈਰਾਨ ਰਹਿ ਗਿਆ। ਵਿਹੜੇ ਅੰਦਰ ਹਥਿਆਰਾਂ ਦਾ ਢੇਰ ਸੀ। ਟਕੂਏ, ਸਫ਼ਾਜੰਗ, ਬਰਛੇ ਅਤੇ ਗੰਡਾਸੇ ਜੜੇ-ਅਨਜੜੇ ਥਾਂ-ਥਾਂ ਖਿੱਲਰੇ ਪਏ ਸਨ। ਮਾੜੇ ਦਾ ਮੁੰਡਾ ਮਲਕੀਤ ਦਸਤੇ ਜੜ ਰਿਹਾ ਸੀ। ਦੂਜੇ ਲੜਕੇ ਨੇ ਅਹਿਰਨ ਪਾਇਆ ਸੀ।

ਦਹਿਕਦੇ ਲੋਹੇ ਨੂੰ ਮਾੜਾ ਸਿੰਘ ਸੰਨ੍ਹੀਂ ਨਾਲ ਫੜ ਕੇ ਅਹਿਰਨ ਉੱਤੇ ਰੱਖਦਾ। ਦਲੀਪਾ ਤਾਓ ਸੰਭਾਲਣ ਲਈ 'ਹਈ ਸ਼ਾ' 'ਹਈ ਸ਼ਾ' ਕਰਦਾ ਘਣ ਬੁੜਕਾਉਣ ਲੱਗਦਾ।

"ਤੋਬਾ! ਤੋਬਾ" ਕੁਤਬੇ ਨੇ ਕੰਨਾਂ ਨੂੰ ਹੱਥ ਲਾਏ, "ਇਹ ਕੈਸੀ ਟਕਸਾਲ ਚਾਲੂ ਕੀਤੀ ਐ ਭਾਈ?"

ਉਹ ਮਾੜਾ ਸਿੰਘ ਦੇ ਬੂਹੇ ਦੇ ਅੰਦਰ ਬਾਹਰ ਖੜ੍ਹਾ ਆਪ ਮੁਹਾਰੇ ਬੋਲਿਆ।

"ਆ ਜਾ ਸਾਈਂ ਲੋਕਾ। ਆ ਜਾ ਟਕਸਾਲ ਨਹੀਂ, ਇਹ ਤਾਂ ਕਾਰਖਾਨੈ ਕਾਰਖਾਨਾ।" ਮਾੜਾ ਸਿੰਘ ਮੁਸਕਰਾਉਂਦਾ ਹੋਇਆ ਉਸਨੂੰ ਸਮਝਾਉਣ ਲੱਗਿਆ, "ਹਥਿਆਰਾਂ ਔਜ਼ਾਰਾਂ ਦੀ ਵਰਕਸ਼ਾਪ। ਸਮਝ ਗਏ ਸਾਈਂ ਜੀ। ਟਕਸਾਲ ਤਾਂ ਸਿੱਕਿਆਂ ਦੀ ਹੁੰਦੀ ਹੈ, ਬਾਬਿਓ।"

ਪਹਿਲਾਂ ਵੀ ਮਾੜਾ ਸਿੰਘ ਮਿਸਤਰੀ ਕੰਮ ਵਿਚ ਰੁੱਝਿਆ ਆਪਣੇ ਸੁਭਾਅ ਬੋਲਦਾ ਰਹਿੰਦਾ ਸੀ। ਸੁਣਨ ਵਾਲਾ ਭਾਵੇਂ ਕਦੋਂ ਦਾ ਚਲਿਆ ਗਿਆ ਹੁੰਦਾ।

"ਤੂੰ ਵੀ ਲੈ ਜਾਹ ਇੱਕ ਭਾਲਾ।" ਉਸਨੇ ਹੱਸਦੇ ਹੋਏ ਦੂਜੀ ਨੁੱਕਰ ਵਿਚ ਖੜ੍ਹੇ ਤਿਆਰ ਕੀਤੇ ਬਰਛਿਆਂ ਵੱਲ ਇਸ਼ਾਰਾ ਕੀਤਾ।

ਕੁਤਬਾ ਅੱਜ ਬੈਠਿਆ ਨਹੀਂ। ਕੁਝ ਪਲ ਉਂਝ ਹੀ ਬੌਂਦਲਿਆ ਹੋਇਆ, ਹਥਿਆਰਾਂ ਵੱਲ ਦੇਖਦਾ ਰਿਹਾ।

"ਮਖਿਆ ਲੈ ਜਾ ਫੱਕਰਾ, ਜਿਹੜਾ ਮਰਜ਼ੀ ਸ਼ਸਤਰ।" ਹੱਥਲੇ ਕੰਮ ਲੱਗਿਆ ਮਾੜਾ ਲੁਹਾਰ ਫਿਰ ਬੋਲਿਆ।

"ਇਹਨੂੰ ਕਿੱਥੇ ਸਿੱਟਾਂ? ਇਹ ਵੀ ਦੱਸ ਦੇ।" ਕੁਤਬੇ ਨੇ ਆਪਣੇ ਹੱਥ ਵਿਚ ਫੜੀ ਤਸਬੀ ਵੱਲ ਸਿਰ ਝੁਕਾਇਆ।

"ਇਹ ਕਾਸ ਨੂੰ ਸੁੱਟਣੀ ਐ?" ਕਾਰਖਾਨੇ ਦੇ ਬਾਹਰੋਂ ਇੱਕ ਹੋਰ ਅਵਾਜ਼ ਆਈ, ਇਹਨੂੰ ਵੀ ਬਾਂਹ 'ਚ ਪਾਈ ਰੱਖ ਅਰ ਇੱਕ 'ਵਾਹਗੁਰੂ ਬੋਲ' ਵੀ ਲੈ ਜਾ।

ਇਹ ਬਿਸ਼ਨਾ ਨਾਉਂਕਟਾ ਸੀ ਜਿਹੜਾ ਇਹਨੀਂ ਦਿਨੀਂ ਹਰੇਕ ਸ਼ਸਤਰ ਨੂੰ 'ਵਾਹਿਗੁਰੂ ਬੋਲ ਕਹਿੰਦਾ ਅਤੇ ਅੱਜ ਕੱਲ੍ਹ ਮਾੜਾ ਸਿੰਘ ਹੋਰਾਂ ਦੀ ਚੰਗੀ ਵੱਟਤ ਕਰਾਉਂਦਾ।

ਉਸ ਤਰ੍ਹਾਂ ਹੀ ਖੜ੍ਹਾ ਕੁਤਬਾ ਬਉਰਿਆਂ ਵਾਂਗ ਕਦੇ ਮਿਸਤਰੀ ਵੱਲ ਦੇਖਦਾ ਕਦੇ ਬਿਸ਼ਨੇ ਦੀ ਤਰਫ਼ ਨਜ਼ਰ ਘੁੰਮਾਉਂਦਾ।

"ਜਿੰਨਾ ਚਿਰ ਐਹ ਹੱਲੇ-ਗੁੱਲੇ ਨੀਂ ਥੰਮ੍ਹਦੇ ਤੂੰ ਵੀ ਲੈ ਜਾ ਇੱਕ ਨਾਗਣੀ ਸ਼ਸਤਰ ਪਖੀਰਾ।" ਨਾਉਂਕਟੇ ਨੇ ਦੁਬਾਰਾ ਸਲਾਹ ਦਿੱਤੀ।

ਪਰ ਕੁਤਬਾ ਬੁੱਤ ਬਣਿਆ ਖੜ੍ਹਾ ਰਿਹਾ। ਕੁਝ ਪਲਾਂ ਮਗਰੋਂ ਉਸ ਤਰ੍ਹਾਂ ਹੀ ਤੁਰ ਗਿਆ,



ਜਿਵੇਂ ਉਸਨੂੰ ਕੁਝ ਵੀ ਸਮਝ ਨਾ ਆਇਆ ਹੋਵੇ। ਜਿਵੇਂ ਉਹ ਇਸ ਧਰਤੀ ਦਾ ਨਾ ਹੋ ਕੇ ਚੰਦਰ ਲੋਕ ਦਾ ਕੋਈ ਜੀਵ ਹੋਵੇ।

"ਚੰਗੇ ਭਲੇ ਬੰਦੇ ਭਲਾ ਦਰਿੰਦੇ ਕਿਕਣ ਬਣ ਗਏ? ਫਾਲਿਆਂ ਦੀ ਰੁੱਤ ਵਿਚ ਇਹ ਭਾਲੇ ਕਿਥੋਂ ਆ ਗਏ।"

ਉਹ ਸੋਚਦਾ ਜਾ ਰਿਹਾ ਸੀ। ਅੱਗੇ ਬਲੌਰ ਗੁੱਜਰ ਟੱਕਰ ਗਿਆ ਜਿਹੜਾ ਸ਼ਾਇਦ ਉਸਨੂੰ ਹੀ ਉਡੀਕ ਰਿਹਾ ਸੀ। ਕੁਤਬਾ ਰੁਕ ਗਿਆ। ਘਰੂਟਿਆ ਮੂੰਹ ਲਈ ਬਲੌਰ ਗੁੱਜਰ ਬੋਲਿਆ-

"ਅੰਦਰ ਚਲਿਆ ਜਾਹ। ਮੁਤਰ ਮੁਤਰ ਕੀ ਝਾਕੀ ਜਾਨੈਂ?"

ਉਹ ਫਜ਼ਲੇ ਮੌਲਾ ਨੂੰ ਖਿੱਝ ਕੇ ਪਿਆ ਜਿਵੇਂ ਉਸਦੇ ਮਿਰਚਾਂ ਲੜਦੀਆਂ ਹੋਣ।

"ਜਿਹੜਾ ਦੇਖੋ, ਵੱਢਣ ਨੂੰ ਆਉਂਦੈ।" ਬੁੜ-ਬੁੜ ਕਰਦਾ ਕੁਤਬਾ ਸ਼ਬਰਾਤੀ ਦੇ ਮਕਾਨ ਅੰਦਰ ਲੰਘ ਗਿਆ ਜਿੱਥੇ ਅੱਲ੍ਹਾਦਿੱਤਾ, ਹਕੂਮਤ ਖਾਨ, ਨਵਾਬ ਅਲੀ ਸਮੇਤ ਕੋਈ ਵੀਹ ਪੱਚੀ ਬੰਦੇ ਬੈਠੇ ਗੁਪਤ ਮਸ਼ਵਰਾ ਕਰ ਰਹੇ ਸਨ।

'ਮਖਿਆ ਕੀ 'ਕੱਠ ਕੀਤੇ ਯਾਰੋ?' ਭੀੜ ਜਿਹੀ ਦੇਖ ਕੇ ਕੁਤਬਾ ਹੋਰ ਬੌਂਦਲ ਗਿਆ।

ਪਰ ਕਿਸੇ ਨੇ ਵੀ ਉਸਦਾ ਜਵਾਬ ਦੇਣਾ ਜਾਇਜ਼ ਨਾ ਸਮਝਿਆ।

'ਕੱਠ ਕਾਹਦੇ ਵੀਰਨੋਂ?" ਠਠੰਬਰਿਆ ਖੜ੍ਹਾ ਉਹ ਦੁਬਾਰਾ ਬੋਲਿਆ।

ਕਿਸੇ ਨੇ ਜਵਾਬ ਨਹੀਂ ਮੋੜਿਆ। ਕਿਸੇ ਕੋਲ ਸ਼ਾਇਦ ਢੁੱਕਵਾਂ ਉੱਤਰ ਨਹੀਂ ਸੀ। ਕਿਸੇ ਨੂੰ ਸਹੀ ਸ਼ਬਦ ਨਹੀਂ ਸੀ ਅਹੁੜ ਰਹੇ।

ਫ਼ਕੀਰ ਦਾ ਨੱਠ ਜਾਣ ਨੂੰ ਦਿਲ ਕੀਤਾ। ਉੱਡ ਜਾਵੇ ਅਸਮਾਨ ਵਿਚ? ਉਸਨੇ ਸੋਚਿਆ। ਇਹ ਨਗਰੀ ਅੱਜ ਉਸਦਾ ਓਟ ਆਸਰਾ ਬਣਨ ਤੋਂ ਅਸਮਰੱਥ ਜਾਪਦੀ ਸੀ। ਪਰ ਜਾਵੇ ਕਿੱਥੇ? ਉਸਨੂੰ ਤਲਕਾਈ ਲੱਗੀ। ਸਰੀਰ ਵਿਚੋਂ ਸੇਕ ਨਿਕਲਦਾ ਜਾਪਿਆ। ਜਿਵੇਂ ਆਲਾ-ਦੁਆਲਾ ਸਾਰਾ ਤਪ ਰਿਹਾ ਹੋਵੇ। ਲਾਟਾਂ ਉੱਠ ਰਹੀਆਂ ਹੋਣ। ਚਾਂਭਲੀ ਹੋਈ ਅੱਗ ਜਿਵੇਂ ਨਾਨਕੀਂ ਆਈ ਹੋਵੇ।

ਪੈਂਤੀ ਵਰ੍ਹੇ ਪੁਰਾਣੀ ਘਟਨਾ ਦੁਬਾਰਾ ਚੇਤੇ ਵਿਚੋਂ ਉੱਭਰੀ। ਗੁੱਲੂ ਰਾਜਪੂਤ ਦੇ ਵਾੜੇ ਵੜਦਿਆਂ ਉਸਨੇ ਮੁਰਗਿਆਂ ਦੇ ਖੁੱਡੇ ਉਪਰੋਂ ਜੋਕਾਂ ਵਾਲਾ ਕੁੱਜਾ ਚੁੱਕਿਆ ਸੀ। ਪਲੇਗ ਗ੍ਰਸੀ ਲੋਕਾਈ ਦੇ ਦੁੱਖੜੇ ਹਰਨ ਲਈ ਉਹ ਕਾਹਲਾ ਪੈ ਰਿਹਾ ਸੀ। ਪਰ ਅੱਜ ਕੀ ਕਰੇ? ਇਹਨਾਂ ਗੰਡਾਸਿਆਂ, ਭਾਲਿਆਂ ਅਤੇ ਗਹਿਰੀਆਂ ਅੱਖਾਂ ਦਾ ਕੀ ਇਲਾਜ ਬਣਾਵੇ? ਉਸਨੂੰ ਘੂਰਕ ਰਹੇ ਬੰਦਿਆਂ ਨੂੰ ਕਿਵੇਂ ਸਮਝਾਵੇ? ਬਰਛੇ-ਗੰਡਾਸੇ ਨਾਲੋਂ ਫਾਲ੍ਹਾ ਸਦਾ ਹੀ ਭਾਰੀ ਹੁੰਦੈ। ਪਰ ਮਾੜੇ ਮਿਸਤਰੀ ਨੂੰ ਇਹ ਕਿਵੇਂ ਦੱਸੇ? ਅੱਜ ਤੱਪੜ ਪੁੱਟਣ ਦਾ ਮੌਸਮ ਹੈ। ਆਕਾਸ਼ੋਂ ਬਰਸਦੇ ਅੰਮ੍ਰਿਤ ਨੂੰ ਸੰਭਾਲਣ ਦੀ ਰੁੱਤ ਹੈ। ਬਿਸ਼ਨੇ ਨਾਉਂਕਟੇ ਦੇ ਖਾਨੇ ਵਿਚ ਅਜਿਹੀ ਚੱਜ ਦੀ ਗੱਲ ਕਿਵੇਂ ਪਾਵੇ?

ਉਸਨੂੰ ਇੰਝ ਖੜ੍ਹੇ ਖੜੋਤੇ ਨੂੰ ਹੀ ਸਾਧੂ ਦੀ ਮਾਂ ਚਿੰਤੋ ਦੀ ਹਾਕ ਸੁਣਾਈ ਦਿੱਤੀ ਜਿਹੜੀ ਦੋਵੇਂ ਹੱਥ ਖੜ੍ਹੇ ਕਰਕੇ ਦੋਹਾਈ ਦੇ ਰਹੀ ਸੀ –

'ਵੇ ਮੁੜ ਤਕੀਏ ਨਾ ਜਾਈਂ ਵੀਰਨਾ।'

ਅਜੀਬ ਹਾਲਤ ਸੀ। ਮਾੜਾ ਮਿਸਤਰੀ ਭਾਲਾ ਪੇਸ਼ ਕਰ ਰਿਹਾ ਸੀ। ਫ਼ਕੀਰ ਦੇ ਬਰਾਬਰ ਆ ਖੜ੍ਹਾ ਬਲੌਰ ਗੁੱਜਰ ਵੀ ਕੌੜੀਆਂ ਅੱਖਾਂ ਨਾਲ ਉਸਨੂੰ ਇਹੋ ਜਿਹਾ ਹੀ ਕੁਝ ਕਹਿੰਦਾ ਪ੍ਰਤੀਤ ਹੁੰਦਾ ਸੀ। ਕੁਤਬਾ ਇਕਦਮ ਪਿੱਛੇ ਭੱਜਿਆ।

"ਜਦੋਂ ਯਾਦ ਕਰਾਂਗੇ, ਸਮੇਂ ਸਿਰ ਆ ਜੀਂ ਖਸਮਾ।" ਬਲੌਰ ਗੁੱਜਰ ਦੀਆਂ ਕਹਿਰ ਵਰਤਾਉਂਦੀਆਂ ਨਜ਼ਰਾਂ ਆਖਰ ਚੀਕ ਪਈਆਂ ਸਨ।

"ਵੇਲ੍ਹਾ ਨਾ ਖੁੰਝਾਈਂ। ਆਪਾਂ ਨਿਕਲ ਜਾਣੈ ਜਦੋਂ ਵੀ ਮੌਕਾ ਮਿਲਿਆ।"

ਅੱਲ੍ਹਾਦਿੱਤੇ ਨੇ ਉਸਦੀ ਬਾਂਹ ਫੜ ਕੇ ਝੰਜੋੜਦਿਆਂ ਆਖਿਆ।

"ਕਿੱਧਰ ਨਿਕਲ ਜਾਣੈ, ਅੱਲ੍ਹਾ ਦਿੱਤਿਆ? ਤੇਰੀ ਸੁਰਤ ਤਾਂ ਠਿਕਾਣੇ ਹੈਗੀ।" ਕੁਤਬਾ ਕੜਕਿਆ।

ਸਾਰਾ ਕੁਝ ਉਸਦੀ ਸਮਝ ਤੋਂ ਬਾਹਰ ਸੀ। ਚੜ੍ਹਦੇ ਪੰਜਾਬ ਵੱਲ ਮੁਸਲਮਾਨਾਂ ਦੀ ਹਿਜਰਤ ਸ਼ੁਰੂ ਹੋ ਚੁੱਕੀ ਸੀ।

"ਆਪਣੇ ਦੇਸ਼? ਹੋਰ ਕਿੱਧਰ? ਸ਼ਬਰਾਤੀ ਨੇ ਉਸਨੂੰ ਸਮਝਾਉਣ ਦੀ ਨੀਤ ਨਾਲ ਕਾਫ਼ੀ ਠਰ੍ਹੰਮੇ ਨਾਲ ਦੱਸਿਆ।

"ਓਏ ਐਵੇਂ ਬੌਂਗੀਆਂ ਨਾ ਮਾਰੀ ਜਾਓ। ਹੋਰ ਕਿਹੜੀ ਮਾਂ ਕੋਲ ਜਾਓਗੇ? ਇਹੀ ਐ ਅਸਲੀ ਦੇਸ਼ ਆਪਣਾ।" ਫਜ਼ਲੇ ਮੌਲਾ ਘਬਰਾ ਗਿਆ।

"ਆਪਾਂ ਸਾਰਿਆਂ ਨੇ ਪਾਕਿਸਤਾਨ ਚਲੇ ਜਾਣੈ, ਬੇਅਕਲਾ। ਹੋਸ਼ ਸਿਰ ਰਹੀ। ਇਕ ਦੋ ਦਿਨ ਭੰਗ ਵੀ ਨਾ ਭੁਲਸੀਂ, ਅੱਛਿਆ।"

ਆਇਸ਼ਾ ਗੁੱਜਰੀ ਨੇ ਦਾਦੀ ਮਾਂ ਵਾਂਗ ਫ਼ਕੀਰ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਉਸਦੇ ਬੋਲ ਵਿਚੋਂ ਵੀ ਤਲਖੀ ਝਲਕਦੀ ਸੀ।

ਅਜੀਬ ਅਲੋਕਾਰੀ ਵਾਪਰੀ ਸੀ। ਰਾਹ ਗਲੀ ਵਿਚ ਮਿਲੇ ਕਿਸੇ ਹੋਰ ਬੰਦੇ ਨੇ ਕੁਤਬੇ ਨੂੰ ਨਹੀਂ ਬੁਲਾਇਆ ਜਿਵੇਂ ਸਾਰੇ ਹੀ ਉਸ ਨਾਲ ਰੁੱਸੇ ਹੋਏ ਹੋਣ। ਜਾਂ ਲੋਕਾਂ ਕੋਲ ਉਹਦੇ ਬਾਰੇ ਸੋਚਣ ਦੀ ਵਿਹਲ ਹੀ ਨਾ ਹੋਵੇ।

"ਤਕੜੈ ਪਖੀਰਾ?" ਗੁਲਾਬ ਕੌਰ ਅਕਾਲਣ ਨੇ ਘੁੱਟੇ ਜਿਹੇ ਬੁੱਲ੍ਹਾਂ ਨਾਲ ਉਸਦੀ ਸੁੱਖ ਸਾਂਦ ਪੁੱਛੀ ਸੀ। ਪਹਿਲਾਂ ਵਾਲੀ ਅੱਪਣਤ ਕਿਧਰ ਅਲੋਪ ਹੋ ਗਈ ਸੀ? ਪਹਿਲਾਂ ਵਾਲੇ ਤੋਤਕੜੇ ਹੁਣ ਅਕਾਲਣ ਨੂੰ ਕਿਉਂ ਨਹੀਂ ਸੀ ਅਹੁੜ ਰਹੇ? ਕੀ ਕੁਤਬਾ ਇਸ ਨਗਰੀ ਦਾ ਵਾਸੀ ਨਹੀਂ ਸੀ?

ਹੰਭਿਆ ਥੱਕਿਆ ਆਪਣੇ ਆਪ ਤੋਂ ਇਹੋ ਜਿਹੇ ਸੁਆਲ ਪੁੱਛਦਾ ਜਦੋਂ ਉਹ ਤਾਲੂਏ ਲੱਗੀ ਜੀਭ ਲਈ ਚਿੰਤੋ ਦੇ ਘਰ ਪਹੁੰਚਿਆ ਤਾਂ ਚਿੰਤੋ ਆਪਣੀ ਡਿਊਢੀ ਵਿਚ ਸਾਧੂ ਦੀ ਧੀ ਰੇਸ਼ਮਾ ਨਾਲ ਪਰਚੀ ਹੋਈ ਸੀ। ਇੰਦਰ ਸਿੰਘ ਅਫਰੀਕੀਆ ਆਪਣੇ ਪੋਤੇ ਜੱਗੇ ਨੂੰ ਪੀੜ੍ਹੀ ਉੱਪਰ ਬਿਠਾਈ ਚੂਰੀ ਖਵਾ ਰਹੀ ਸੀ।

"ਔਹ ਕੋਠੜੀ 'ਚ ਵੜ ਕੇ ਦੜ ਵੱਟ ਲੈ ਸਾਈਂ ਲੋਕਾ। ਨੇਰ੍ਹੀ ਬੁੱਲਿਆਂ ਨੂੰ ਲੰਘ ਜਾਣ ਦੇ।" ਕੁਤਬੇ ਨੂੰ ਚਿੰਤੋ ਦੀ ਹੁਣ ਥੋੜ੍ਹੀ ਬਹੁਤ ਸਮਝ ਲੱਗ ਰਹੀ ਸੀ। ਚਿੰਤੋ ਦੀ ਆਵਾਜ਼ ਵਿਚ



ਕੋਈ ਅੰਤਰ ਨਹੀਂ ਸੀ। ਉਸਦੇ ਧੁਰ ਅੰਦਰ ਜਿਵੇਂ ਪਹਿਲਾਂ ਵਾਂਗ ਹੀ ਅੱਪਣਤ ਦਾ ਵਾਸ ਹੋਵੇ। ਹੋਰ ਸਾਰੇ ਤਾਂ ਉਸਨੂੰ ਬੁਝਾਰਤਾਂ ਪਾਉਂਦੇ ਜਾਂ ਨਿਹੋਰੇ ਝਾੜਦੇ ਲੱਗੇ ਸਨ।

"ਰੋਟੀ ਪਾਣੀ ਤੈਨੂੰ ਹੈਥੀ ਮਿਲੂਗਾ ਪਖੀਰ ਜੀ।" ਇੰਦਰ ਸਿੰਘ ਨੇ ਵੀ ਚਿੰਤੋ ਦੀ ਹਾਂ ਵਿਚ ਹਾਂ ਮਿਲਾਈ। ਬਹੁਤੇ ਮਸਲਿਆਂ ਵਿਚ ਉਹ ਆਪ ਚੁੱਪ ਵੱਟਣ ਨੂੰ ਹੀ ਤਰਜੀਹ ਦਿੰਦਾ।

'ਰੋਟੀ ਟੁੱਕ ਦੀ ਤਾਂ ਮੈਨੂੰ ਥੋਡੇ ਸਿਰ ਤੇ ਕੋਈ ਚਿੰਤਾ ਨਹੀਂ ਇੰਦਰ ਸਿਆਂ। ਐਪਰ ਵਿਹਲੇ ਬੈਠੇ ਦੀ ਝੱਟ ਕਿਵੇਂ ਲੰਘੂ?" ਫਜ਼ਲੇ ਮੌਲਾ ਨੇ ਸੰਸਾ ਜ਼ਾਹਿਰ ਕੀਤਾ।

ਕੋਠੜੀ ਵਿਚ ਛਹਿ ਕੇ ਬੈਠਣਾ ਵੀ ਫ਼ਕੀਰਾਂ ਨੂੰ ਸ਼ੋਭਦਾ ਨਹੀਂ ਸੀ। ਪੰਛੀ ਅਤੇ ਦਰਵੇਸ਼ ਪਿੰਜਰੇ ਪਏ ਵੀ ਬਚਦੇ ਨਹੀਂ। ਜਿਵੇਂ ਜਵਾਕ ਨਿਚਲੇ ਨਹੀਂ ਬੈਠ ਸਕਦੇ, ਫ਼ਕੀਰ ਨੂੰ ਵੀ ਨੱਚੇ ਟੱਪੇ ਬਗੈਰ ਟੇਕ ਨਹੀਂ ਆਉਣੀ। ਇਥੇ ਭੰਗ ਕੌਣ ਘੋਟੇਗਾ? ਆਪਣੇ ਚੇਲਿਆਂ ਬਾਲਕਿਆਂ ਦੁਆਰਾ ਰਗੜ ਕੇ ਪੁਣੀ ਸੁਆਰੀ ਠੰਢਿਆਈ ਦੇ ਦੋ ਗਿਲਾਸ ਪੀਤੇ ਬਗ਼ੈਰ ਉਸਨੂੰ ਚੈਨ ਕਿਵੇਂ ਆਵੇਗੀ? ਉਹ ਸੋਚਦਾ ਰਿਹਾ।

ਚੰਨਣ ਬਟੇਰਾ, ਰਚਨੂੰ ਅਮਲੀ, ਬੀਂਬੜ ਸੈਂਸੀ ਵਰਗਿਆਂ ਨੇ ਵੀ ਕੱਲ੍ਹ ਹਾਜ਼ਰੀ ਵਕਤ ਉਸ ਨੂੰ ਇਹੋ ਰਾਇ ਦਿੱਤੀ ਸੀ। ਸਾਰਿਆਂ ਨੇ ਉਸਨੂੰ ਵੰਡਵੀਆਂ ਰਾਤਾਂ ਕਟਾਉਣ ਦੀ ਪੇਸ਼ਕਸ਼ ਕੀਤੀ ਸੀ। ਪਰ ਕੁਤਬੇ ਦਾ ਮੰਨਣਾ ਤਾਂ ਇਕ ਪਾਸੇ ਰਿਹਾ, ਉਸਨੇ ਸਾਰਿਆਂ ਨੂੰ ਉਸ ਕੋਲ ਆਉਣ ਤੋਂ ਵੀ ਸਖ਼ਤੀ ਨਾਲ ਵਰਜ ਦਿੱਤਾ ਸੀ।

"ਮੈਂ ਗਾਜ਼ੀ ਬਣੂੰਗਾ। ਨੌਗਜ਼ੀਏ ਪੀਰ ਵਾਂਗੂ ਵੀਰਨੋਂ? ਪਰ ਥੋਡੇ 'ਚੋਂ ਜਿਹੜਾ ਮੇਰੇ ਕੋਲ ਰਾਤ ਨੂੰ ਸੌਣ ਆ ਗਿਆ ਉਹ ਮੈਥੋਂ ਬੁਰਾ ਅਰ ਦਰਗਾਹ 'ਚ ਢੋਈ ਨਹੀਂ ਮਿਲਣੀ ਓਸਨੂੰ। ਕੱਲ੍ਹ ਰਾਤ ਉਸਨੇ ਸਾਰੇ ਚੇਲਿਆਂ ਨੂੰ ਸੌਂਹ ਪਾ ਦਿੱਤੀ ਸੀ।

ਪਰ ਸਾਰੀ ਰਾਤ ਉਸਨੇ ਇਕੱਲੇ ਨੇ ਜਿਵੇਂ ਕੱਟੀ ਸੀ, ਇਹ ਵੀ ਉਹੀ ਜਾਣਦਾ ਸੀ। ਸੋਚਦਾ ਹੋਇਆ ਉਹ ਡਿਊਢੀ ਲਾਗਲੀ ਬੈਠਕ ਵਿਚ ਬੈਠ ਗਿਆ। ਚਿੰਤੋ ਅਤੇ ਇੰਦਰ ਸਿੰਘ ਵੀ ਉੱਠ ਕੇ ਉਸਦੇ ਕੋਲ ਆ ਗਏ।

"ਤੈਂ ਬਾਹਰ ਕਰਨਾ ਵੀ ਕੀ ਐ? ਚੁੱਪ ਕਰਕੇ ਹੈਥੇ ਬੈਠਾ ਰੱਬ-ਰੱਬ ਜਪੀ ਜਾਹ। ਦੜ੍ਹੱਕਣਾ ਛੱਡ ਦੇ ਹਾਲੇ।" ਚਿੰਤੋ ਨੇ ਫੈਸਲਾ ਸੁਣਾਇਆ। ਹੋਰ ਕਿਸੇ ਬੁੱਢੀ ਦੇ ਬੋਲਾਂ ਵਿਚ ਏਨੀ ਹਮਦਰਦੀ ਨਹੀਂ ਸੀ। ਆਪਣੇ ਸ਼ਾਗਿਰਦਾਂ ਉਪਰ ਉਹ ਵਾਧੂ ਭਾਰ ਨਹੀਂ ਸੀ ਬਣਨਾ ਚਾਹੁੰਦਾ। ਮੁਸਲਮਾਨ ਭਾਈਵੰਦਾਂ ਨਾਲ ਉਸਦਾ ਮਨ ਨਹੀਂ ਸੀ ਮਿਲਦਾ। ਉਹ ਉਸਨੂੰ ਕੁਤਬਾ ਨਹੀਂ, ਆਪਣਾ ਜਾਤ ਭਾਈ ਸਮਝਦੇ ਸਨ। ਉਹਦੇ ਉਪਰ ਕਬਜ਼ਾ ਜਿਤਾਉਂਦੇ ਸਨ। ਸ਼ਾਇਦ ਇਸ ਕਾਰਨ ਹੀ ਨਿਹੋਰੇ ਝਾੜਦੇ ਸਨ।

ਮਾੜਾ ਸਿੰਘ ਮਿਸਤਰੀ ਅਤੇ ਬਿਸ਼ਨਾ ਨਾਉਂਕਟਾ ਪੇਤਲਾ ਜਿਹਾ ਹਾਸਾ ਹੱਸੇ ਸਨ।

ਕੁਤਬੇ ਦੀ ਅੰਦਰ ਆਤਮਾ ਨੇ ਚਿੰਤੋ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟ ਕੀਤੀ। ਇਸ ਲਈ ਹੀ ਫ਼ਕੀਰ ਨੇ ਆਪਣੇ ਖੀਸੇ ਨੂੰ ਟੋਹ ਕੇ ਦੇਖਿਆ। ਕਈ ਦਿਨਾਂ ਜੋਗੀ ਭੰਗ ਦੀ ਪੰਜੀਰੀ ਅਜੇ ਪੋਟਲੀ ਵਿਚ ਬਾਕੀ ਸੀ।

ਪਿੰਡ ਤੇ ਡਾਕ. ਸੇਹ, ਲੁਧਿਆਣਾ

# ਦੀਨ ਦੇ ਰਾਖ਼ੇ

- ਡਾ. ਕਰਮਜੀਤ ਸਿੰਘ ਨਡਾਲਾ

47 ਵੇਲੇ ਘੁੱਗ ਵੱਸਦਾ ਸੀ ਮਕਸੂਦਪੁਰ। ਪਿੰਡ 'ਚ ਬਹੁਤੀਆਂ ਮਸੀਤਾਂ ਹੋਣ ਕਰਕੇ ਲੋਕ ਇਸਨੂੰ ਮਸੀਤਵਾਲਾ ਕਹਿੰਦੇ। ਮੁਸਲਮਾਨ ਆਬਾਦੀ ਜ਼ਿਆਦਾ ਸੀ। ਕੁਝ ਕੁ ਘਰ ਲੁਬਾਣੇ ਸਿੱਖਾਂ ਦੇ ਤੇ ਦੋ-ਤਿੰਨ ਘਰ ਦੁਕਾਨਦਾਰ ਹਿੰਦੂਆਂ ਦੇ।

ਸੰਤਾਲੀ ਦੀਆਂ ਅਫਵਾਹਾਂ ਨੇ ਰਿਸ਼ਤਿਆਂ ਵਿਚ ਤਰੇੜਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਹਰ ਛੋਟੇ-ਵੱਡੇ ਦਿਲ 'ਚ ਚੰਗਿਆਰੀਆਂ ਭਖਣ ਲੱਗ ਪਈਆਂ। ਗਿਣਤੀ ਪੱਖੋਂ ਤੇ ਖੜਕੇ-ਦੜਕੇ ਵਾਲੇ ਹੁੰਦੇ ਹੋਏ ਵੀ ਮੁਸਲਮਾਨ ਡਰਨ ਲੱਗ ਪਏ। ਸੱਥਾਂ 'ਚ ਜਦੋਂ ਘਰ-ਬਾਰ ਛੱਡਕੇ ਤੁਰ ਜਾਣ ਦੀਆਂ ਗੱਲਾਂ ਹੁੰਦੀਆਂ ਤਾਂ ਲੂੰ-ਕੰਡੇ ਹੋ ਜਾਂਦੇ। ਕਿਹੋ ਜਿਹੇ ਭਿਆਨਕ ਦਿਨ ਆ ਗਏ ਸਨ। ਸਿਆਣੇ ਲੋਕ ਦੰਦਾਂ ਹੇਠ ਉਂਗਲਾਂ ਦੇ ਕੇ ਸੋਚਦੇ।

ਦਿਨ ਔਖਾ-ਸੌਖਾ ਲੰਘਦਾ ਤਾਂ ਰਾਤ ਲੰਘਾਉਣ ਦਾ ਡਰ, ਰਾਤ ਲੰਘਦੀ ਤਾਂ ਦਿਨ ਦਾ ਤੌਖਲਾ। ਹਰ ਜਾਨ ਮੁੱਠੀ 'ਚ ਆਈ ਪਈ ਸੀ। ਲਾਗੇ-ਲਾਗੇ ਦੇ ਪਿੰਡਾਂ 'ਚ ਸਿੱਖ ਧਾੜਵੀਆਂ ਵਲੋਂ ਜਾਨੋਂ ਮਾਰਨ ਤੇ ਲੁੱਟਣ ਦੀਆਂ ਘਟਨਾਵਾਂ ਜ਼ੋਰ ਫੜਦੀਆਂ ਜਾ ਰਹੀਆਂ ਸਨ। ਹੁਣ ਤਾਂ ਕਿਸੇ ਦਾ ਚੁੱਲੇ 'ਚ ਅੱਗ ਬਾਲਣ ਨੂੰ ਵੀ ਜੀਅ ਨਾ ਕਰਦਾ।

ਪਿੰਡ ਤੋਂ ਬਾਹਰ ਕੁਝ ਕਿੱਲਿਆਂ ਦੀ ਵਾਟ 'ਤੇ ਗੁਲਾਮ ਮੁਹੰਮਦ ਦੀ ਖੇਤਾਂ 'ਚ ਖੁੱਲੀ-ਡੁੱਲ੍ਹੀ ਹਵੇਲੀ ਸੀ। ਕਿੰਨੇ ਸਾਰੇ ਕਮਰੇ। ਵਿਚ ਕੀਮਤੀ ਸਾਜ਼ੋ-ਸਮਾਨ। ਖੁੱਲ੍ਹਾ ਵਿਹੜਾ, ਉੱਪਰ ਚੁਬਾਰਾ। ਉਸਦੀ ਬੀਵੀ, ਪੁੱਤਰ, ਨੂੰਹ, ਧੀਆਂ ਤੇ ਪੋਤੇ-ਪੋਤੀਆਂ ਦਾ ਹੱਸਦਾ-ਵੱਸਦਾ ਪਰਿਵਾਰ। ਆਲੇ-ਦੁਆਲੇ ਵੀ ਕੋਈ ਢਾਈ ਸੌ ਕਿੱਲਾ ਜ਼ਮੀਨ ਦਾ ਮਾਲਕ ਸੀ ਉਹ। ਹਵੇਲੀ ਦੇ ਨਾਲ ਉਸਨੇ ਇੱਕ ਮਸੀਤ ਵੀ ਬਣਾ ਰੱਖੀ ਸੀ। ਇੰਝ ਹਰੇਕ ਤਰ੍ਹਾਂ ਦੀ ਸਹੂਲਤ ਨਾਲ ਲੈਸ ਗੁਲਾਮ ਮੁਹੰਮਦ ਪਿੰਡ ਦਾ ਰਾਜਾ ਹੀ ਸੀ। ਕੱਦ-ਕਾਠ ਦਾ ਉੱਚਾ-ਲੰਬਾ ਤੇ ਦਲੇਰ ਤਬੀਅਤ ਦਾ ਮਾਲਕ। ਗਰੀਬੜੇ ਦਿਹਾੜੀਦਾਰ ਮੁਸਲਮਾਨ ਤੇ ਲੁਬਾਣੇ ਸਿੱਖ ਉਸਦੇ ਖੇਤਾਂ 'ਚ ਕੰਮ ਧੰਦਾ ਕਰਕੇ ਗੁਜ਼ਾਰਾ ਕਰਦੇ।

ਗੁਲਾਮ ਮੁਹੰਮਦ ਬਿਨਾਂ ਕਿਸੇ ਵਿਤਕਰੇ ਤੋਂ ਲੋਕਾਂ ਦੀ ਹਰ ਵੇਲੇ ਮਦਦ ਲਈ ਤਿਆਰ ਰਹਿੰਦਾ। ਗਰੀਬਾਂ ਦੀਆਂ ਛੋਟੀਆਂ-ਮੋਟੀਆਂ ਲੋੜਾਂ ਪੂਰੀਆਂ ਕਰਦਾ। ਕਿਸੇ ਦੀ ਧੀ-ਪੁੱਤ ਦਾ ਵਿਆਹ ਹੋਵੇ। ਦੁੱਖ ਤਕਲੀਫ਼ ਵੇਲੇ ਆਪ ਹਾਜ਼ਰ ਹੋ ਕੇ ਕੋਲੋਂ ਪੈਸੇ ਵੀ ਦਿੰਦਾ ਹੈ ਤੇ ਧਰਵਾਸ ਵੀ।

ਪਰ ਹੁਣ ਇਹਨਾਂ ਹੱਲਿਆਂ-ਗੁੱਲਿਆਂ ਨੇ ਰੱਜੇ-ਪੁੱਜੇ ਤੇ ਸਿਦਕਦਿਲੀ ਵਾਲੇ ਗੁਲਾਮ ਮੁਹੰਮਦ ਨੂੰ ਵੀ ਝੰਜੋੜ ਕੇ ਰੱਖ ਦਿੱਤਾ। ਇਸੇ ਫ਼ਿਕਰ 'ਚ ਸਲਾਹ ਕੀਤੀ ਗਈ। ਸਾਰੇ ਲਾਹੌਰ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਜਾਈਏ। ਠੰਡ-ਠੰਡੀਰ ਤੋਂ ਬਾਅਦ ਪਰਤ ਆਵਾਂਗੇ।



ਗੁਲਾਮ ਮੁਹੰਮਦ ਨੇ ਆਪਣੀ ਬੱਘੀ 'ਚ ਸਾਰੇ ਜੀਆਂ ਨੂੰ ਬਿਠਾ ਲਿਆ। ਚਾਰ ਕੁ ਮੀਲਾਂ 'ਤੇ ਪਿੰਡ ਬਾਕਰਪੁਰ, ਆਪਣੇ ਰਿਸ਼ਤੇਦਾਰਾਂ ਦੇ ਘਰ ਚਲਾ ਗਿਆ। ਰਿਸ਼ਤੇਦਾਰ ਪਹਿਲਾਂ ਹੀ ਲਾਹੌਰ ਜਾਣ ਲਈ ਤਿਆਰ ਬੈਠੇ ਸਨ। ਉਹਨਾਂ ਨਾਲ ਹੀ ਆਪਣੇ ਜੀਆਂ ਦਾ ਸਾਥ ਬਣਾ ਦਿੱਤਾ। ਪਰ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਘਰ ਦੇ ਮੈਂਬਰਾਂ ਤੇ ਰਿਸ਼ਤੇਦਾਰਾਂ ਬਥੇਰਾ ਕਿਹਾ। ਸਮਝਾਇਆ, ਪਰ ਉਸਨੇ ਤਾਂ ਇੱਕੋ ਹੀ ਜ਼ਿੱਦ ਫੜ ਲਈ। 'ਹਵੇਲੀ ਤੇ ਜ਼ਮੀਨ-ਜਾਇਦਾਦ ਦਾ ਨੁਕਸਾਨ ਹੋਊ। ਇੱਥੇ ਸਭ ਕੁਝ ਸੁੰਨਾ ਹੋ ਜਾਊ। ਮੇਰਾ ਸਾਰਾ ਧਿਆਨ ਤਾਂ ਇਧਰ ਹੀ ਰਹਿਣੈ। ਫ਼ਸਲਾਂ ਕੁਝ ਪੱਕੀਆਂ, ਕੁਝ ਹਰੀਆਂ ਖੜੀਆਂ ਪਈਆਂ ਨੇ, ਖਰਾਬ ਹੋਣਗੀਆਂ। ਪਸ਼ੂਆਂ ਦੀ ਦੇਖਭਾਲ ਨੌਕਰਾਂ ਦੇ ਸਿਰ 'ਤੇ ਕਿੰਨਾ ਕੁ ਚਿਰ ਛੱਡਿਆ ਜਾ ਸਕਦੈ। ਘੱਟੋ-ਘੱਟ ਇੱਕ ਜਣਾ ਤਾਂ ਰਾਖੀ ਲਈ ਇੱਥੇ ਰਹਿਣਾ ਹੀ ਚਾਹੀਦੈ। ਮੈਂ ਮਕਸੂਦਪੁਰ ਹੀ ਰਹਿਣੈ। ਤੁਸੀਂ ਜਾਵੋ ਮੇਰਾ ਫ਼ਿਕਰ ਨਾ ਕਰੋ। ਧਿਆਨ ਰੱਖਿਓ, ਜਦੋਂ ਵੀ ਮਾਹੌਲ ਠੀਕ ਹੋਇਆ, ਸਾਰੇ ਵਾਪਸ ਆ ਜਾਇਓ।'

ਸਭ ਜਣੇ ਲਾਹੌਰ ਲਈ ਰਵਾਨਾ ਹੋ ਗਏ ਤੇ ਉਹ ਕਿਸੇ ਦੀ ਨਾ ਮੰਨਦਾ ਹੋਇਆ ਵਾਪਸ ਮਸੀਤਵਾਲਾ ਆ ਗਿਆ।

ਹਾਲਾਤ ਹੁਣ ਦਿਨੋ-ਦਿਨ ਖ਼ਰਾਬ ਹੋ ਰਹੇ ਸਨ। ਲੁਟੇਰਿਆਂ ਦੇ ਟੋਲੇ ਹਰਲ-ਹਰਲ ਕਰ ਰਹੇ ਸਨ। ਸਾੜ-ਫੂਕ ਤੇ ਕਤਲੋ-ਗਾਰਤ ਦੀਆਂ ਘਟਨਾਵਾਂ ਨੇ ਦਿਨ-ਰਾਤ ਦੀ ਚੈਨ ਗੁਆ ਦਿੱਤੀ ਸੀ। ਮੁਸਲਮਾਨ ਘਰ-ਬਾਰ ਛੱਡ ਕੇ ਨਵੇਂ ਬਣੇ ਪਾਕਿਸਤਾਨ ਨੂੰ ਤੁਰੇ ਜਾ ਰਹੇ ਸਨ। ਕੁਝ ਕੈਂਪਾਂ 'ਚ ਇਕੱਠੇ ਹੋ ਰਹੇ ਸਨ।

ਪਾਕਿਸਤਾਨ 'ਚ ਹੋ ਰਹੀ ਵੱਡ-ਟੁੱਕ ਤੋਂ ਬਚੇ ਸਿੱਖ-ਹਿੰਦੂ ਹਿੰਦੋਸਤਾਨ ਨੂੰ ਤੁਰੇ ਆ ਰਹੇ ਸਨ। ਉਹਨਾਂ ਦੀ ਹਾਲਤ ਦੇਖਕੇ, ਨਫ਼ਰਤ ਤੇ ਗੁੱਸੇ ਦਾ ਮਾਹੌਲ ਇਧਰ ਹੋਰ ਗਰਮ ਹੋ ਰਿਹਾ ਸੀ। ਬਲਦੀ 'ਤੇ ਤੇਲ ਪੈਣ ਲੱਗਾ।

ਮਸੀਤਵਾਲਾ ਛੱਡਕੇ ਜਾਣ ਦੀ ਤਿਆਰੀ 'ਚ ਮੁਸਲਮਾਨਾਂ ਨੇ ਗੁਲਾਮ ਮੁਹੰਮਦ ਕੋਲ ਜਾ ਕੇ ਫਰਿਆਦ ਕੀਤੀ, "ਗੁਲਾਮ ਸਾਹਿਬ ...... ਮੌਤ ਸਿਰਾਂ 'ਤੇ ਮੰਡਰਾ ਰਹੀ ਏ ...... ਸਾਡੇ ਹੋਸ਼ ਤੇ ਜੋਸ਼ ਜੁਆਬ ਦੇ ਰਹੇ ਨੇ ...... ਕੋਈ ਉਪਾਅ ਦੱਸੋ ...... ਕੀ ਕਰੀਏ ......।"

"ਭਰਾਵੋ, ਉਹ ਤਾਂ ਮੈਂ ਵੀ ਦੇਖ ਰਿਹਾਂ ...... ਪਰ ਤੁਸੀਂ ਚੁੱਪ ਕਰਕੇ ਬੈਠੇ ਰਹੋ ...... ਕੁਝ ਨਹੀਂ ਹੁੰਦਾ ...... ਦੁਨੀਆਂ ਦੇ ਇਤਿਹਾਸ 'ਚ ਇੰਝ ਕਦੇ ਨਹੀਂ ਹੋਇਆ, ਕਿ ਪਰਜਾ ਆਪਣੇ ਟਿਕਾਣੇ ਬਦਲ ਲਏ ...... ਤੁਸੀਂ ਸਬਰ ਤੋਂ ਕੰਮ ਲਵੋ ......।"

"ਗੁਲਾਮ ਮੁਹੰਮਦ ਜੀ ਹੁਣ ਸਬਰ ਹੀ ਨਹੀਂ ਰਿਹਾ ...... ਨਾ ਹੀ ਇੱਥੇ ਬੈਠੇ ਰਹਿਣ 'ਚ ਫੈਦੇ ...... ਚਲੋ-ਚਲੇ ਚੱਲੀਏ ...... ਦਿਨ ਮਾੜੇ ਆ ਗਏ ਨੇ।" ਇੱਕ ਮੁਸਲਮਾਨ ਬਜ਼ੁਰਗ ਕਾਸਿਮ ਅੱਖਾਂ 'ਚੋਂ ਗਲੇਡੂ ਸੁੱਟਦਾ ਬੋਲਿਆ।

"ਬਈ ਭਰਾਵੋ...... ਪਰਿਵਾਰ ਤਾਂ ਮੇਰਾ ਉਧਰ ਪਹੁੰਚ ਗਿਐ...... ਪਰ ਆਪ ਘਰ-ਬਾਰ ਛੱਡ ਕੇ ਕਿਵੇਂ ਜਾਵਾਂ...... ਇਹ ਏਡਾ ਵੱਡਾ ਮੇਰਾ ਖਿਲਾਰਾ...... ਇਹਨੂੰ ਪਿੱਛੋਂ ਕੌਣ ਸੰਭਾਲੂ...... ਮੇਰੀ ਜ਼ਿੰਦਗੀ ਭਰ ਦੀ ਮਿਹਨਤ......।"

"ਮੁਹੰਮਦ ਸਾਹਿਬ, ਜੇ ਜੀਂਦੇ ਰਹੇ ਤਾਂ ਸਭ ਕੁਝ ਫਿਰ ਮਿਲ ਜਾਊ......।" ਇੱਕ ਨੌਜਵਾਨ ਕਾਹਲੀ ਨਾਲ ਬੋਲਿਆ।

"ਜੀ ਹੁਣ ਮਨ ਨਹੀਂ ਮੰਨਦਾ ...... ਜੇ ਕਰਮਾਂ 'ਚ ਹੋਇਆ ਤਾਂ ਫਿਰ ਆ ਜਾਵਾਂਗੇ...... ਆਪਣੀ ਮਿੱਟੀ ਦਾ ਮੋਹ ਵੀ ਕਿਤੇ ਛੱਡਿਆ ਜਾਂਦੈ ...... ਪਰ ਹੁਣ ਜੋ ਹਾਲਾਤ ਬਣ ਗਏ ਨੇ, ਇਹ ਗੱਲ ਵਿਚਾਰਨ ਵਾਲੀ ਏ। ਨਾਲੇ ਜੀ ਸਮੇਂ ਦੀ ਨਜ਼ਾਕਤ ਨੂੰ ਸਮਝਣਾ ਚਾਹੀਦੈ......।" ਹੰਢਿਆ ਵਰਤਿਆ ਬਜ਼ੁਰਗ ਨਸੀਬ ਅਲੀ ਬੋਲਿਆ।

ਲੋਕਾਂ ਉੱਤੇ ਗੁਲਾਮ ਮੁਹੰਮਦ ਦੀਆਂ ਗੱਲਾਂ ਦਾ ਬਹੁਤਾ ਅਸਰ ਨਹੀਂ ਸੀ ਹੋ ਰਿਹਾ। ਭੈਅ ਨਾਲ ਉਹਨਾਂ ਦੇ ਦਿਲ ਹਿੱਲੇ ਹੋਏ ਸਨ। ਇੱਕ ਕਾਰਨ ਇਹ ਵੀ ਸੀ ਕਿ ਗੁਲਾਮ ਮੁਹੰਮਦ ਨੇ ਆਪਣਾ ਪਰਿਵਾਰ ਤਾਂ ਉਧਰ ਭੇਜ ਦਿੱਤਾ ਸੀ। ਇਸੇ ਕਰਕੇ ਉਸਦੀ ਕੋਈ ਵੀ ਗੱਲ ਉਹਨਾਂ ਨੂੰ ਧਰਵਾਸਾ ਨਹੀਂ ਸੀ ਦੇ ਰਹੀ। ਉਹ ਆਪਣੇ-ਆਪ ਨੂੰ ਇਸ ਧਰਤੀ ਤੋਂ ਉੱਖੜ ਗਏ ਮਹਿਸੂਸ ਕਰ ਰਹੇ ਸਨ।

"ਠੀਕ ਐ ਜੀ...... ਤੁਸੀਂ ਰਹਿਣਾ ਏ ਤਾਂ ਜੀਅ ਸਦਕੇ ਰਹੋ, ਤੁਹਾਡੀ ਮਰਜ਼ੀ ...... ਪਰ ਤੁਹਾਡਾ ਇਥੇ ਰਹਿਣ ਦਾ ਫੈਸਲਾ ਠੀਕ ਨਹੀਂ...... ਅਸੀਂ ਤਾਂ ਚੱਲੇ ਆਂ...... ਨਡਾਲੇ ਕੈਂਪ ਲੱਗੈ, ਉਥੇ ਜਾਵਾਂਗੇ। ਉਥੋਂ ਫਿਰ ਅੱਗੇ ਚਾਲੇ ਪਾਵਾਂਗੇ......।

ਇਬਰਾਹੀਮਵਾਲ, ਨਡਾਲਾ, ਸ਼ੇਹਪੁਰ, ਬਾਕਰਪੁਰ, ਪਸੀਏਵਾਲ, ਰਾਏਪੁਰ, ਪੀਰਬਖਸ਼ ਰਾਏਪੁਰ ਅਰਾਈਆਂ, ਹਬੀਬਵਾਲ ਤੇ ਹੋਰ ਬਹੁਤ ਸਾਰੇ ਪਿੰਡਾਂ ਦੇ ਲੋਕ ਕਾਫ਼ਲੇ ਬਣਕੇ ਨਿਕਲਣ ਲੱਗ ਪਏ।

ਉਦਾਸ ਤੇ ਹੰਝੂਆਂ ਭਰੀਆਂ ਅੱਖਾਂ ਨਾਲ ਗੁਲਾਮ ਮੁਹੰਮਦ ਕੋਠੇ 'ਤੇ ਚੜ੍ਹਕੇ, ਗੱਡਿਆਂ ਉੱਪਰ ਜਾ ਰਹੇ ਲੋਕਾਂ ਨੂੰ ਦੇਖ ਰਿਹਾ ਸੀ। ਮੁਟਿਆਰਾਂ, ਜ਼ਨਾਨੀਆਂ, ਬੱਚੇ ਤੇ ਬਜ਼ੁਰਗ ਗੱਡਿਆਂ ਉੱਪਰ ਬੈਠੇ ਹੋਏ।

ਏਡੇ ਵੱਡੇ ਘਰ 'ਚ ਇਕੱਲਾ। ਨੌਕਰ ਤਾਂ ਕਾਫ਼ਲੇ ਦੇ ਨਾਲ ਹੀ ਚਲੇ ਗਏ ਸਨ। ਉਸਨੇ ਭੁੱਖਣ-ਭਾਣੇ ਡੰਗਰਾਂ ਦੇ ਰੱਸੇ ਖੋਲ੍ਹ ਦਿੱਤੇ। ਹਵੇਲੀ ਦਾ ਬਾਹਰਲਾ ਫਾਟਕ ਬੰਦ ਕਰ ਦਿੱਤਾ। ਅੰਦਰੋਂ ਸਾਰੀ ਹਵੇਲੀ ਦੇ ਕੁੰਡੇ-ਜਿੰਦਰੇ ਲਾ ਦਿੱਤੇ। ਬੰਦੂਕ ਤੇ ਗੋਲੀਆਂ ਦਾ ਪਟਾ ਲੈ ਕੇ ਉੱਪਰ ਚੁਬਾਰੇ 'ਤੇ ਚੜ੍ਹ ਗਿਆ।

ਦਿਨ ਰਾਤ ਪਹਿਰਾ ਦੇਣ ਲੱਗਾ। ਤਾੜਵੀਆਂ ਅੱਖਾਂ ਨਾਲ ਹਵੇਲੀ ਦੇ ਆਸੇ-ਪਾਸੇ, ਦੂਰ-ਦੂਰ ਤੱਕ ਨਜ਼ਰ ਟਿਕਾਈ ਰੱਖਦਾ, ਇੰਝ ਹੀ ਫਿਰ ਅਗਲੇ ਦਿਨ .... ਫਿਰ ਅਗਲੇ



ਦਿਨ।

ਮੁਸਲਮਾਨਾਂ ਦੇ ਜਾਣ ਦੀ ਦੇਰੀ ਸੀ, ਪਿੰਡ ਦੇ ਲੋਕਾਂ ਨੂੰ ਮੁਸਲਮਾਨਾਂ ਦੇ ਖਾਲੀ ਘਰਾਂ 'ਚੋਂ ਜੋ ਚੀਜ਼ ਲੱਭੀ, ਲੁੱਟ-ਪੁੱਟ ਕੇ ਆਪੋ-ਆਪਣੇ ਘਰ ਭਰ ਰਹੇ ਸਨ। ਘਰੇਲੂ ਸਮਾਨ, ਦਾਣਾ-ਫੱਕਾ, ਤੂੜੀ ਦੇ ਨਾਲ-ਨਾਲ ਚੁਗਾਠਾਂ, ਦਰਵਾਜ਼ੇ, ਛਤੀਰ, ਬਾਲੇ ਤੱਕ ਪੁੱਟ ਕੇ ਲਿਜਾ ਰਹੇ ਸਨ।

ਦੇਖਦੇ-ਦੇਖਦੇ ਇਹ ਘਰ ਖੰਡਰ ਬਣ ਗਏ। ਜੰਗਲ ਦਾ ਰਾਜ ਹੋ ਗਿਆ ਸੀ। ਕੋਈ ਰੋਕ-ਟੋਕ ਨਹੀਂ।

ਉਹ ਇਸੇ ਸੋਚ 'ਚ ਗੁੰਮ-ਸੁੰਮ ਹੋਇਆ ਬੈਠਾ ਸੋਚੀ ਜਾ ਰਿਹਾ ਸੀ ਕਿ ਇੰਨੇ ਨੂੰ ਤਿੰਨ ਕੁ ਜਣੇ ਅਮਰੂਦਾਂ ਦੇ ਬਾਗ ਵਾਲੇ ਪਾਸਿਉਂ ਕੱਚੇ ਪਹੇ ਥਾਣੀ ਹਵੇਲੀ ਵੱਲ ਆਉਂਦੇ ਦੂਰੋਂ ਦਿਖਾਈ ਦਿੱਤੇ। ਉਸਦੇ ਦਿਲ ਦੀ ਧੜਕਣ ਤੇਜ਼ ਹੋ ਗਈ। ਚੌਕੰਨਾ ਹੋ ਗਿਆ। ਜੇ ਇਹਨਾਂ ਕੋਈ ਹਬੀ-ਨਬੀ ਕੀਤੀ ਤਾਂ ਇਨ੍ਹਾਂ ਦੀ ਅੱਜ ਖ਼ੈਰ ਨਹੀਂ...... ਢੇਰੀ ਕਰਕੇ ਰੱਖ ਦਿਆਂਗਾ।"

ਇੱਕ ਉਹਲੇ ਥਾਣੀਂ ਬੰਦੂਕ ਦੀ ਨਾਲ ਉਹਨਾਂ ਵੱਲ ਸੇਧ ਲਈ ਤੇ ਘੋੜੇ 'ਤੇ ਉਂਗਲ ਰੱਖ ਦਿੱਤੀ।

ਤਿੰਨ ਸਿੱਖ ਪਗੜੀਆਂ ਵਾਲੇ, ਹਵੇਲੀ ਦੇ ਬਾਹਰਲੇ ਫਾਟਕ ਕੋਲ ਆ ਕੇ ਰੁਕ ਗਏ। ਇੱਕ ਨੇ ਹੱਥ 'ਚ ਬਾਲਟੀ ਉਪਰੋਂ ਕੱਪੜੇ ਨਾਲ ਢੱਕੀ ਹੋਈ ਸੀ। ਦੂਜੇ ਦੋਵੇਂ ਖਾਲੀ ਹੱਥ। ਇਧਰ-ਉਧਰ ਦੇਖਕੇ, ਉਹਨਾਂ 'ਚੋਂ ਇੱਕ ਬੋਲਿਆ, "ਗੁਲਾਮ ਮੁਹੰਮਦ ਸਾਹਿਬ"

ਗੁਲਾਮ ਮੁਹੰਮਦ ਨੇ ਉਹਨਾਂ 'ਚੋਂ ਪਿੰਡ ਦੇ ਦੋ ਸਿੱਖਾਂ ਨੂੰ ਪਛਾਣ ਲਿਆ ਸੀ। ਪਰ ਸੋਚਣ ਲੱਗਾ, ਇਹ ਤਿੰਨੇ ਜਣੇ ਕਿੱਧਰ ਆਏ ਨੇ। ਕਿਤੇ ਮਾੜੀ ਨੀਅਤ ਨਾਲ ਤੇ ਨਹੀਂ ਆਏ। ਉਹ ਸੋਚ ਹੀ ਰਿਹਾ ਸੀ, ਐਨੇ ਨੂੰ ਉਹਨਾਂ ਫਿਰ ਇੱਕ ਹੋਰ ਉੱਚੀ ਅਵਾਜ਼ ਦਿੱਤੀ, "ਗੁਲਾਮ ਸਾਹਿਬ ...... ਕਿੱਥੇ ਓ...... ਮੁਹੰਮਦ ਸਾਹਿਬ ...... ਮੁਹੰਮਦ ਸਾਹਿਬ......।"

ਗੁਲਾਮ ਮੁਹੰਮਦ ਬਨੇਰੇ ਲਾਗੇ ਆ ਗਿਆ।

"ਸਰਦਾਰੋ ...... ਮੈਂ ਇੱਥੇ ਉੱਪਰ ਆਂ ...... ਦੱਸੋ ਕੀ ਗੱਲ ਐ...... ਪਿੰਡ ਵਾਲਿਓ।"

"ਜਨਾਬ, ਤੁਸੀਂ ਕਿੰਨੇ ਦਿਨਾਂ ਤੋਂ ਇਥੇ ਬੈਠੇ ਹੋ, ਇੱਕਲੇਕਾਰੇ ...... ਅਸੀਂ ਤੁਹਾਡੇ ਲਈ ਖਾਣ ਨੂੰ ਰੋਟੀ-ਪਾਣੀ ਲਿਆਏ ਆਂ...... ਆ ਜਾਓ ਥੱਲੇ......।" ਹੌਲਦਾਰ ਕਰਮ ਸਿੰਘ ਬਾਲਟੀ ਉਤਾਂਹ ਨੂੰ ਚੁੱਕਦਾ ਬੜੀ ਨਿਮਰਤਾ ਨਾਲ ਬੋਲਿਆ।

"ਮੈਨੂੰ ਨਹੀਂ ਕੁਝ ਚਾਹੀਦਾ ...... ਰੱਬ ਦਾ ਦਿੱਤਾ, ਬੜਾ ਕੁਝ ਹੈ ...... ਜਾਓ, ਤੁਸੀਂ ਆਪਣਾ ਕੰਮ ਕਰੋ।"

"ਜੀ ਇੰਝ ਨਾ ਬੇ-ਮੁੱਖ ਹੋਵੋ .....ਸਾਡਾ ਆਇਆਂ ਦਾ ਤਾਂ ਮਾਨ ਰੱਖ ਲਓ।" ਕਰਨੈਲ ਸਿੰਘ ਹੱਥ ਜੋੜਦਾ ਬੋਲਿਆ।

"ਬਈ ਮੈਂ ਤੁਹਾਨੂੰ ਕਹਿ ਦਿੱਤਾ ਨਾ...... ਮੈਂ ਤਾਂ ਉਦੋਂ ਥੱਲੇ ਉੱਤਰਾਂਗਾ, ਜਦੋਂ ਮਾਹੌਲ

ਸ਼ਾਂਤ ਹੋ ਜੂ ਤੇ ਮੁਸਲਮਾਨ ਭਰਾ ਵਾਪਸ ਆ ਜਾਣਗੇ।"

"ਮੁਹੰਮਦ ਸਾਹਿਬ, ਅਸੀਂ ਵੀ ਤੁਹਾਡੇ ਸਿੱਖ ਭਰਾ ਹਾਂ। ਇਹ ਕੰਜਰਖਾਨਾ ਪਤਾ ਨਹੀਂ ਕਿੰਨੇ ਦਿਨ ਹੋਰ ਚੱਲਣੈ...... ਤੁਸੀਂ ਇਸ ਹਾਲਾਤ 'ਚ ਬੈਠੇ ਓ। ਜੀਅ ਭਿਆਣੇ...... ਇਹ ਸਾਥੋਂ ਬਰਦਾਸ਼ਤ ਨਹੀਂ ਹੁੰਦਾ ...... ਤੁਸੀਂ ਹੀ ਤਾਂ ਇਕੱਲੇ ਮੁਸਲਮਾਨ ਭਰਾ, ਸਾਡੇ ਕੋਲ ਰਹਿ ਗਏ ਓ...... ਜੇ ਅਸੀਂ ਇਸ ਬੁਰੇ ਵਕਤ 'ਚ ਤੁਹਾਡੀ ਵੀ ਮਦਦ ਨਾ ਕੀਤੀ ਤਾਂ ਲੱਖ ਲਾਹਨਤ ਐ ਸਾਡੇ ਸਿੱਖ ਹੋਣ 'ਤੇ ...... ਤੁਸੀਂ ਥੱਲੇ ਆਓ ...... ਬੇਖੌਫ਼ ਹੋ ਕੇ।"

ਗੁਲਾਮ ਮੁਹੰਮਦ ਚੁੱਪ ਸੀ। ਉਹਨਾਂ ਦੇ ਮੂੰਹਾਂ ਵੱਲ ਦੇਖੀ ਗਿਆ। ਉਹ ਤਿੰਨੇ ਹੱਥ ਜੋੜ-ਜੋੜ ਉੱਪਰ ਖੜ੍ਹੇ ਗੁਲਾਮ ਮੁਹੰਮਦ ਨੂੰ ਥੱਲੇ ਆਉਣ ਲਈ ਵਾਸਤੇ ਪਾ ਰਹੇ ਸਨ। ਗੁਲਾਮ ਮੁਹੰਮਦ ਦੁਚਿੱਤੀ 'ਚ ਸੀ। ਕੋਈ ਸਮਝ ਨਹੀਂ ਸੀ ਆ ਰਹੀ ਕੀ ਕਰੇ? ਇਹਨਾਂ 'ਤੇ ਇਤਬਾਰ ਕਰੇ ਜਾਂ ਨਾ? ਪਰ ਆਖ਼ਰ ਉਸਦਾ ਦਿਲ ਪਿਘਲ ਗਿਆ। ਇਹ ਸਿੱਖ ਹੋ ਕੇ ਮੇਰੇ ਇਕੱਲੇ ਅੱਗੇ ਤਰਲੇ ਕਰਨ ਡਹੇ ਨੇ। ਮੈਂ ਕਿਉਂ ਇੰਨਾ ਬੇਇਤਬਾਰਾ ਹੋ ਗਿਆ। ਮਨ 'ਚ ਸੋਚਣ ਲੱਗਾ, ਇਹਨਾਂ ਲੋਕਾਂ ਨਾਲ ਹੀ ਤਾਂ ਜੰਮੇ ਪਲੇ ਹਾਂ। ਇਸੇ ਮਿੱਟੀ 'ਚ ਘੁਲ-ਮਿਲਕੇ ਵੱਡੇ ਹੋਏ ਆਂ। ਇਹਨਾਂ ਉੱਤੇ ਮੈਨੂੰ ਭਰੋਸਾ ਕਰ ਲੈਣਾ ਚਾਹੀਦੈ। ਨਾਲੇ ਏਡਾ ਵੀ ਕੋਈ ਬੰਦਾ ਗਿਆ ਗੁਜ਼ਰਿਆ ਨਹੀਂ ਹੁੰਦਾ। ਸਾਰੇ ਲੋਕ ਭੈੜੇ ਨਹੀਂ ਹੁੰਦੇ। ਆਖ਼ਰ ਬੰਦਾ ਹੀ ਬੰਦੇ ਦਾ ਦਾਰੂ ਹੁੰਦੈ।

"ਬਈ ਮੈਨੂੰ ਪਹਿਲਾਂ ਇਹ ਦੱਸੋ ...... ਇਹ ਤੁਹਾਡੇ ਨਾਲ ਤੀਜਾ ਓਪਰਾ ਬੰਦਾ ਕੌਣ ਏ? ਮੈਂ ਇਹਨੂੰ ਪਹਿਲਾਂ ਨਹੀਂ ਕਦੀਂ ਦੇਖਿਆ।"

"ਜੀ ਇਹ ਆਪਣਾ ਹੀ ਬੰਦੈ ...... ਇਬਰਾਹੀਮਵਾਲ ਦਾ ਤਰਖਾਣ ਬਚਨ ਸਿੰਘ ਐ ਜੀ...... ਆਉਂਦਿਆਂ ਰਸਤੇ 'ਚ ਮਿਲ ਪਿਆ, ਅਸੀਂ ਨਾਲ ਲੈ ਆਏ ਆਂ ...... ਇਹ ਤਾਂ ਜੀ ਗਊ ਬੰਦੈ। ਰੱਬ ਦੇ ਨਾਂ ਵਾਲਾ......।" ਕਰਮ ਸਿੰਘ ਨੇ ਹੱਥ ਜੋੜਦਿਆਂ ਬਚਨ ਸਿੰਘ ਵੱਲ ਇਸ਼ਾਰਾ ਕਰਦਿਆਂ ਕਿਹਾ।

"ਚਲੋ ਠੀਕ ਐ ...... ਲਓ ਭਰਾਵੋ ...... ਜੇ ਤੁਸੀਂ ਜ਼ਿਮੇਵਾਰੀ ਲੈਂਦੇ ਹੋ ਤਾਂ ਮੈਂ ਥੱਲੇ ਉੱਤਰ ਆਉਂਦਾ ......।"

"ਸ਼ੁਕਰ ਐ...... ਧੰਨਭਾਗ ਸਾਡੇ ......।" ਉਹਨਾਂ ਤਿੰਨਾਂ ਹੱਥ ਜੋੜੇ ਤੇ ਇਕੱਠੇ ਬੋਲ ਪਏ। ਉਹ ਤਿੰਨੇ ਅੰਦਰ ਆ ਗਏ। ਗੁਲਾਮ ਮੁਹੰਮਦ ਨਾਲ ਮਾੜੇ ਹਾਲਾਤ ਬਾਰੇ ਗੱਲਾਂ ਕਰਨ ਲੱਗ ਪਏ। ਗੱਲਾਂ-ਬਾਤਾਂ ਕਰਦਿਆਂ-ਕਰਦਿਆਂ ਕਰਨੈਲ ਸਿੰਘ, ਗੁਲਾਮ ਮੁਹੰਮਦ ਦੇ ਪਿੱਛੇ ਹੋ ਗਿਆ ਤੇ ਅੱਖ ਪਲਕਾਰੇ 'ਚ ਹੀ ਬਾਹਵਾਂ ਦੇ ਜੱਫੇ ਨਾਲ ਗੁਲਾਮ ਮੁਹੰਮਦ ਨੂੰ ਫੜ ਲਿਆ। ਬਚਨ ਸਿੰਘ ਨੇ ਉਸੇ ਪਲ ਝਪੱਟਾ ਮਾਰ ਕੇ ਉਸਦੀ ਬੰਦੂਕ ਖੋਹ ਲਈ।

ਹੈਰਾਨ, ਪ੍ਰੇਸ਼ਾਨ ਤੇ ਬੌਂਦਲੇ ਹੋਏ ਗੁਲਾਮ ਮੁਹੰਮਦ ਨੇ ਬਚਨ ਸਿੰਘ ਵੱਲ ਦੇਖਿਆ। ਜਿਸਨੂੰ ਹੁਣੇ ਹੀ ਕਰਮ ਸਿੰਘ ਨੇ ਗਊ ਬੰਦਾ ਕਿਹਾ ਸੀ। ਹੁਣ ਉਸਨੂੰ ਚਲਾਕੀ ਨਾਲ ਫਸਾ ਕੇ



ਤੇ ਇਕੱਲਾ ਦੇਖਕੇ ਸ਼ੇਰ ਬਣ ਗਿਆ ਸੀ।

ਨਿਹੱਥਾ ਹੋਇਆ ਗੁਲਾਮ ਮੁਹੰਮਦ ਬੋਲਿਆ, "ਛੱਡ ਦਿਓ ਭਰਾਵੋ, ਮੈਨੂੰ ...... ਇੰਝ ਨਾ ਕਰੋ ...... ਮੈਂ ਤੁਹਾਡੇ 'ਤੇ ਰੱਬ ਵਰਗਾ ਇਤਬਾਰ ਕੀਤੈ ...... ਹੁਣ ਤੁਸੀਂ ਆਪਣੇ ਬੋਲ ਤਾਂ ਪੁਗਾਓ......।"

"ਭਰਾਵੋ...... ਮੈਂ ਤੁਹਾਡਾ ਕੀ ਵਿਗਾੜਿਐ...... ਮੈਥੋਂ ਜੋ ਮਰਜ਼ੀ ਲੈ ਲਵੋ...... ਅੱਲਾ ਦੇ ਵਾਸਤੇ ਮੈਨੂੰ ਬਖਸ਼ ਦਿਉ......।" ਗੁਲਾਮ ਮੁਹੰਮਦ ਉਹਨਾਂ ਅੱਗੇ ਹੱਥ ਜੋੜਦਾ, ਲੇਲੜੀਆਂ ਕੱਢਣ ਲੱਗ ਪਿਆ।

ਘਬਰਾਇਆ ਤੇ ਡੌਰ-ਭੌਰਿਆ ਗੁਲਾਮ ਮੁਹੰਮਦ ਅੱਬੜਵਾਹੇ ਦੌੜ ਪਿਆ। ਕਰਨੈਲ ਸਿੰਘ ਨੇ ਧੋਤੀ ਹੇਠ ਲੁਕੋਈ ਕਿਰਪਾਨ ਵੀ ਕੱਢ ਲਈ। ਉਹ ਤਿੰਨੇ ਜਣੇ ਉਸ ਮਗਰ ਦੌੜ ਪਏ।

ਗੁਲਾਮ ਮੁਹੰਮਦ ਹਫਿਆ ਪਿਆ ਸੀ। ਸਾਹੋ-ਸਾਹ ਹੋਇਆ ਹਵੇਲੀ ਵਿਚ ਪਾਗਲਾਂ ਵਾਂਗ ਦੌੜ ਰਿਹਾ ਸੀ। ਥੱਕਿਆ ਉਹ ਕਿੰਨੇ ਦਿਨਾਂ ਤੋਂ ਸੀ। ਹੁਣ ਤਾਂ ਲੱਤਾਂ ਵੀ ਜੁਆਬ ਦੇ ਰਹੀਆਂ ਸਨ। ਉਸਨੂੰ ਲੁਕਣ ਨੂੰ ਕੋਈ ਟਿਕਾਣਾ ਨਹੀਂ ਸੀ ਮਿਲ ਰਿਹਾ। ਦੌੜਦਿਆਂ-ਦੌੜਦਿਆਂ ਉਸਨੂੰ ਆਪਣੀ ਬੀਵੀ, ਬੱਚੇ ਯਾਦ ਆ ਰਹੇ ਸਨ। ਉਹ ਮੁਸਲਮਾਨ ਭਰਾ ਵੀ ਚੇਤੇ ਆ ਰਹੇ ਸਨ, ਜਿਹਨਾਂ ਨੇ ਜਿੰਦ ਜਾਨ ਨੂੰ ਅਹਿਮ ਮੰਨਦਿਆਂ ਇੱਥੋਂ ਚਲੇ ਜਾਣ ਲਈ ਤਰਲੇ ਕੀਤੇ।

ਦੌੜਦਿਆਂ ਤੇ ਸੋਚਦਿਆਂ ਮਨ 'ਚ ਖੌਰੇ ਕੀ ਆਇਆ। ਉਸਨੇ ਵਿਹੜੇ 'ਚ ਨੁਕਰੇ ਬਣੀ ਖੂਹੀ 'ਚ ਛਾਲ ਮਾਰ ਦਿੱਤੀ। ਉਸ ਵਿਚ ਪਾਣੀ ਤਾਂ ਥੋੜ੍ਹਾ ਹੀ ਸੀ। ਸੱਟ-ਫੇਟ ਤਾਂ ਕੋਈ ਖ਼ਾਸ ਨਾ ਲੱਗੀ। ਲੱਕ-ਲੱਕ ਪਾਣੀ 'ਚ ਖੜ੍ਹਾ ਗੁਲਾਮ ਮੁਹੰਮਦ ਉਤਾਂਹ ਨੂੰ ਮੂੰਹ ਚੱਕੀ ਹੱਥ ਜੋੜ-ਜੋੜ ਉਹਨਾਂ ਨੂੰ ਜਾਨ ਬਖਸ਼ੀ ਲਈ ਫਿਰ ਅਰਜ਼ੋਈਆਂ ਕਰਨ ਲੱਗ ਪਿਆ।

ਉਹ ਤਿੰਨੇ ਜਣੇ ਉੱਪਰ ਖੜ੍ਹੇ ਉਸਨੂੰ ਟਿੱਚਰਾਂ ਕਰਨ ਲੱਗ ਪਏ। ਬੰਦੂਕ ਬਚਨ ਸਿੰਘ ਨੇ ਕਰਨੈਲ ਸਿੰਘ ਨੂੰ ਫੜਾ ਦਿੱਤੀ। ਆਪ ਇਕੱਲਾ ਖੂਹੀ ਅੰਦਰ, ਰੱਸੇ ਨਾਲ ਉੱਤਰ ਗਿਆ। ਉੱਤਰਦਿਆਂ ਹੀ ਅੱਖ ਪਲਕਾਰੇ 'ਚ ਹੱਥ 'ਚ ਫੜੀ ਨੰਗੀ ਕਿਰਪਾਨ, ਗੁਲਾਮ ਮੁਹੰਮਦ ਦੇ ਢਿੱਡ 'ਚ ਖੋਭ ਦਿੱਤੀ। ਗੁਲਾਮ ਮੁਹੰਮਦ ਦੇ ਮੂੰਹੋਂ ਆਖ਼ਰੀ ਚੀਕ ਨਿਕਲੀ।

ਬਚਨ ਸਿੰਘ ਖੂਹ 'ਚੋਂ ਬਾਹਰ ਆ ਗਿਆ। ਆਪਣੀਆਂ ਬਾਹਾਂ ਦੇ ਡੌਲਿਆਂ ਨਾਲ ਮੂੰਹ ਤੋਂ ਖੂਨ ਦੇ ਛਿੱਟੇ ਪੂੰਝਣ ਲੱਗ ਪਿਆ। ਸਾਥੀਆਂ ਨਾਲ ਬਗਲਸੀਰ ਹੁੰਦਾ, ਖੁਸ਼ ਹੋ ਰਿਹਾ ਸੀ। ਹੁਣ ਤਿੰਨੇ ਜਣੇ ਹਵੇਲੀ ਦੀ ਉੱਪਰਲੀ ਮੰਜ਼ਿਲ ਉੱਤੇ ਚੜ੍ਹ ਗਏ। ਜਿੱਤ ਦੀ ਖੁਸ਼ੀ 'ਚ ਲਲਕਾਰੇ ਮਾਰਦੇ ਤੇ ਜੈਕਾਰੇ ਛੱਡਦੇ।

(ਵਾਲੀਆ ਹਸਪਤਾਲ, ਅੱਡਾ ਨਡਾਲਾ (ਕਪੂਰਥਲਾ)

# ਝੂਠੇ ਖ਼ਤਾਂ ਦੀ ਦਾਸਤਾਂ

- ਡਾ. ਤੇਜਿੰਦਰ ਵਿਰਲੀ

ਕਾਵਾਂ ਚਿੜੀਆਂ ਦੀਆਂ ਕਹਾਣੀਆਂ ਸੁਣਨ ਤੋਂ ਉਮਰ ਕੁਝ ਵੱਡੀ ਹੋਈ ਤਾਂ ਬਾਬੇ ਨੇ ਦੈਤਾਂ ਅਤੇ ਰਾਕਸ਼ਸਾਂ ਦੀਆਂ ਕਹਾਣੀਆਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ। ਜਿਨ੍ਹਾਂ ਨੂੰ ਸੁਣ ਕੇ ਮੈਂ ਬਾਬੇ ਦੀ ਗੋਦੀ ਵਿਚ ਸਿਮਟ ਕੇ ਹੀ ਸੌਂ ਜਾਂਦਾ। ਮੈਨੂੰ ਜਾਪਦਾ ਇਹ ਰਾਕਸ਼ਸ, ਇਹ ਦੈਂਤ ਹੁਣੇ ਮੈਨੂੰ ਖਾ ਜਾਣਗੇ, ਮੈਂ ਡਰਦਾ ਹੁੰਗਾਰਾ ਭਰਨੋਂ ਵੀ ਹੱਟ ਜਾਂਦਾ। ਹਰ ਰਾਤ ਮੈਂ ਆਪਣੇ ਬਾਬੇ ਦੀ ਗੋਦੀ ਵਿਚ ਨਵੀਂ ਕਹਾਣੀ ਸੁਣਨ ਲਈ ਬੈਠ ਜਾਂਦਾ ਅਤੇ ਬਾਬਾ ਹਰ ਰੋਜ਼ ਕੋਈ ਨਾ ਕੋਈ ਨਵੀਂ ਕਹਾਣੀ ਸ਼ੁਰੂ ਕਰ ਲੈਂਦਾ ਤੇ ਹਰ ਰਾਤ ਮੈਂ ਦਹਿਲ ਕੇ ਡਰਦਾ ਮਾਰਾ ਸੌਂ ਜਾਂਦਾ।

ਅਸਲ ਵਿਚ ਇਹ ਕਹਾਣੀਆਂ ਕਿਸੇ ਆਲੌਕਿਕ ਜਗਤ ਦੇ ਦੈਤਾਂ, ਦਾਨਵਾਂ ਜਾਂ ਰਾਕਸ਼ਸਾਂ ਦੀਆਂ ਨਹੀਂ ਸਨ। ਇਹ ਸਾਡੀ ਆਪਣੀ ਧਰਤੀ, ਆਪਣੇ ਪਿੰਡ ਅਤੇ ਆਪਣੇ ਲੋਕਾਂ ਦੀਆਂ ਹੀ ਸਨ। ਇਸਦਾ ਪਤਾ ਤਾਂ ਮੈਨੂੰ ਬਹੁਤ ਬਾਅਦ ਵਿਚ ਜਾ ਕੇ ਲੱਗਾ, ਜਦੋਂ ਮੇਰੇ ਪਿਤਾ ਜੀ ਨੇ ਬਾਬੇ ਦੀਆਂ ਕਹਾਣੀਆਂ ਪਿੱਛੇ ਕੰਮ ਕਰਦੀ ਮਾਨਸਿਕਤਾ ਬਾਰੇ ਦੱਸਿਆ। ਫਿਰ ਮੈਨੂੰ ਪਤਾ ਲੱਗਿਆ ਕਿ ਬਾਬੇ ਦੀਆਂ ਕਹਾਣੀਆਂ ਅਸਲ ਵਿਚ ਕਹਾਣੀਆਂ ਨਹੀਂ ਇਹ ਤਾਂ ਭਾਰਤ-ਪਾਕ ਵੰਡ ਦੀਆਂ ਹੱਡ ਬੀਤੀਆਂ ਹਨ, ਜੋ ਐਨੀਆਂ ਡਰਾਉਣੀਆਂ ਕਹਾਣੀਆਂ ਬਣ ਗਈਆਂ ਸਨ। ਇਸਦਾ ਅਹਿਸਾਸ ਮੈਨੂੰ ਹੁਣ ਹੋਇਆ ਹੈ। ਲੋਕ ਵੱਢੇ ਗਏ ਸਨ। ਪਰਿਵਾਰਾਂ ਦੇ ਪਰਿਵਾਰ ਫਿਰਕੂ ਦੰਗਿਆਂ ਨੇ ਮਾਰ ਮੁਕਾਏ ਸਨ। ਧਨ ਮਾਲ ਇੱਜ਼ਤ ਸਭ ਕੁਝ ਲੁੱਟ ਲੁਟਾ ਕੇ ਲੋਕ ਇਧਰੋਂ ਉਧਰ ਤੇ ਉਧਰੋਂ ਇੱਧਰ ਆਏ ਸਨ।

ਅਸਲ ਵਿਚ ਸਾਡੇ ਬਾਬੇ ਦੀ ਮਾਂ ਬਚਪਨ ਵਿਚ ਹੀ ਗੁਜ਼ਰ ਗਈ ਸੀ। ਬਾਬੇ ਦਾ ਬਚਪਨ ਬਸ ਏਦਾਂ ਹੀ ਰੁਲਦੇ ਖੁਲਦੇ ਬੀਤਿਆ ਸੀ। ਬਾਬੇ ਦਾ ਹਮ-ਉਮਰ ਇੱਕ ਯਾਰ ਸੀ ਫੱਤਾ। ਜਿਸਨੂੰ ਸਾਰਾ ਪਿੰਡ ਫੱਤਾ ਹੀ ਆਖਦਾ ਸੀ। ਸਾਡੇ ਬਾਬੇ ਨੇ ਉਸਨੂੰ ਕਦੀ ਵੀ ਫੱਤਾ ਨਹੀਂ ਸੀ ਆਖਿਆ। ਉਹ ਸਦਾ ਮੁਹੰਮਦ ਫਤਹਿ ਦੀਨ ਆਖਦਾ ਸੀ। ਫਤਹਿ ਦੀਨ ਅਤੇ ਮੇਰੇ ਬਾਬੇ ਦਾ ਆਪਸ ਵਿਚ ਬੜਾ ਮੋਹ ਸੀ। ਫਤਹਿ ਦੀਨ ਦੀ ਮਾਂ ਮੇਰੇ ਬਾਬੇ ਨਾਲ ਆਪਣੇ ਪੁੱਤਰ ਨਾਲੋਂ ਵੱਧ ਮੋਹ ਕਰਦੀ, ਸ਼ਾਇਦ ਇਹੋ ਹੀ ਕਾਰਨ ਹੈ ਕਿ ਸਾਡਾ ਪਰਿਵਾਰ ਫਤਹਿ ਦੀਨ ਤੇ ਉਸਦੇ ਪਰਿਵਾਰ ਨੂੰ ਅਜੇ ਤੱਕ ਨਹੀਂ ਭੁੱਲਾ। ਘਰ ਦੇ ਮੈਂਬਰਾਂ ਵਾਂਗ ਅੱਜ ਵੀ ਉਨ੍ਹਾਂ ਦਾ ਜ਼ਿਕਰ ਹੁੰਦਾ ਹੈ।

ਫਿਰ ਦੇਸ਼ ਦੀ ਆਜ਼ਾਦੀ ਵੇਲੇ ਭਾਰਤ ਅਤੇ ਪਾਕਿਸਤਾਨ ਦੀ ਵੰਡ ਹੋ ਗਈ। ਫਤਹਿ ਦੀਨ ਪਾਕਿਸਤਾਨ ਜਾਣਾ ਨਹੀਂ ਚਾਹੁੰਦਾ ਸੀ। ਇਕ ਦਿਨ ਫਿਰਕੂ ਜਨੂੰਨੀਆਂ ਨੇ ਫਤਹਿ ਦੀਨ ਦੀ ਭੈਣ ਸਲਮਾ ਦੀ ਬੇਪਤੀ ਕਰਨੀ ਚਾਹੀ ਤੇ ਉਹ ਖੂਹ ਵਿਚ ਛਾਲ ਮਾਰਕੇ ਮਰ ਗਈ। ਬਾਬਾ ਦੱਸਦਾ ਹੁੰਦਾ ਸੀ ਕਿ ਉਹ ਰਾਤ ਕਿੰਨੀ ਖੌਫ਼ਨਾਕ ਸੀ ਤੇ ਕਿਵੇਂ ਸਾਡੇ ਬਾਬੇ ਨੇ ਉਸਨੂੰ ਆਪਣੀ ਹੱਥੀਂ ਦਫਨ ਕੀਤਾ ਸੀ। ਉਦੋਂ ਫਤਹਿ ਦੀਨ ਦਾ ਇਥੇ ਭਾਰਤ ਵਿਚ ਰਹਿਣਾ ਮੁਸ਼ਕਿਲ ਹੋ ਗਿਆ ਸੀ। ਉਹ ਆਪਣੇ ਪਰਿਵਾਰ ਨੂੰ ਲੈ ਕੇ ਪਾਕਿਸਤਾਨ ਚਲਾ ਗਿਆ।



ਪਾਕਿਸਤਾਨ ਵਿਚੋਂ ਸਾਲ ਛਿਮਾਹੀ ਫਤਹਿ ਦੀਨ ਦਾ ਚਿੱਠੀ ਪੱਤਰ ਆਉਂਦਾ ਰਹਿੰਦਾ ਤੇ ਮੇਰਾ ਬਾਬਾ ਵੀ ਕਿਸੇ ਕੋਲੋਂ ਲਿਖਵਾ ਕੇ ਜਵਾਬੀ ਉੱਤਰ ਪਾਉਂਦਾ ਰਹਿੰਦਾ ਸੀ।

ਸਾਲ-ਛਿਮਾਹੀ ਜਦੋਂ ਕਦੇ ਫਤਹਿ ਦੀਨ ਦਾ ਪੱਤਰ ਆਉਂਦਾ ਤਾਂ ਉਸ ਵਿਚ ਇੱਕ ਲਿਲਕ ਹੁੰਦੀ, ਇਕ ਤਰਲਾ ਹੁੰਦਾ ਕਿ ਸਰਹੱਦ ਉੱਤੇ ਪਹਿਰਾ ਨਾ ਹੁੰਦਾ ਤਾਂ ਉਹ ਕਦੋਂ ਦਾ ਆਕੇ ਮਿਲ ਜਾਂਦਾ। ਏਦਾਂ ਹੀ ਤੜਪ ਭਰੀ ਚਿੱਠੀ ਮੇਰਾ ਬਾਬਾ ਮੈਥੋਂ ਵੀ ਲਿਖਵਾ ਦਿੰਦਾ। ਇਹ ਸਿਲਸਿਲਾ ਉਦੋਂ ਤੋਂ ਹੀ ਚੱਲ ਰਿਹਾ ਸੀ ਜਦੋਂ ਤੋਂ ਭਾਰਤ ਪਾਕਿ ਦੀਆਂ ਸਰਕਾਰਾਂ ਨੇ ਡਾਕ ਤਾਰ ਦਾ ਆਦਾਨ ਪ੍ਰਦਾਨ ਸ਼ੁਰੂ ਕੀਤਾ ਸੀ। ਮੈਂ ਜਦੋਂ ਵੀ ਪੱਤਰ ਲਿਖਦਾ ਤਾਂ ਬਾਬਾ ਰੋ ਰਿਹਾ ਹੁੰਦਾ। ਉਹ ਦੋ ਚਾਰ ਸਤਰਾਂ ਲਿਖਵਾ ਕੇ ਫਿਰ ਸੁਣਦਾ ਅਤੇ ਪਲਕਾਂ ਵਿਚ ਅਟਕੇ ਹੋਏ ਅੱਥਰੂ ਮੈਥੋਂ ਚੋਰੀ ਪੂੰਝਣ ਦੀ ਕੋਸ਼ਿਸ਼ ਕਰਦਿਆਂ ਆਖਦਾ- "ਲਿਖ, ਫਤਹਿ ਦੀਨ ਜਦੋਂ ਸਰਹੱਦਾਂ ਟੁੱਟੀਆਂ ਮੈ ਤੈਨੂੰ ਜ਼ਰੂਰ ਮਿਲਣ ਆਵਾਂਗਾ।" ਮੈਂ ਬਾਬੇ ਦੇ ਉਦਾਸ ਮੂੰਹ ਵੱਲ ਦੇਖਕੇ ਸੋਚਦਾ, ਇਹ ਲਕੀਰ ਧਰਤੀ ਤੇ ਨਹੀਂ ਸਗੋਂ ਮੇਰੇ ਭਾਰਤੀ ਤੇ ਪਾਕਿਸਤਾਨੀ ਬਾਬਿਆਂ ਦੀ ਹਿੱਕ ਉੱਤੇ ਖਿੱਚੀ ਗਈ ਹੈ, ਤੇ ਫਿਰ ਸੰਤਾਲੀ ਵਰਗਾ ਵਰ੍ਹਾ ਚੌਰਾਸੀ ਵਿਚ ਮੁੜ ਚੜ੍ਹਿਆ। ਪਾਕਿਸਤਾਨ ਵਿਚੋਂ ਮਣਾ-ਮੂੰਹੀਂ ਅਸਲਾ ਪੰਜਾਬ ਆਉਣ ਲੱਗਾ। ਫਿਰਕੂ ਹਵਾਵਾਂ ਫਿਰ ਵਗਣ ਲੱਗੀਆਂ। ਭਾਰਤ-ਪਾਕ ਸਰਹੱਦ ਜਿਸ ਦੀ ਬਾਬੇ ਨੂੰ ਟੁੱਟ ਜਾਣ ਦੀ ਉਡੀਕ ਸੀ ਹੋਰ ਸੀਲ ਹੋ ਗਈ। ਕੰਡਿਆਲੀ ਤਾਰ ਹੋਰ ਸੰਘਣੀ ਹੋ ਗਈ। ਪਰ ਬਾਬੇ ਨੇ ਹੌਸਲਾ ਨਾ ਛੱਡਿਆ। ਉਹ ਹਰ ਪੱਤਰ ਵਿਚ ਲਿਖਵਾਉਂਦਾ "ਜਦੋਂ ਸਰਹੱਦਾਂ ਟੁੱਟੀਆਂ, ਮੈਂ ਜ਼ਰੂਰ ਮਿਲਣ ਆਵਾਂਗਾ" ਤੇ ਉਧਰੋਂ ਆਏ ਪੱਤਰ ਵਿਚ ਵੀ ਇਹੋ ਜਿਹੀ ਹੀ ਤੜਪ ਹੁੰਦੀ।

ਪੰਜ ਕੁ ਸਾਲ ਹੋਏ ਮੇਰੇ ਇਧਰਲੇ ਬਾਬੇ ਦੀ ਮੌਤ ਹੋ ਚੁੱਕੀ ਹੈ ਪਰ ਮੈਂ ਉਧਰਲੇ ਬਾਬੇ ਨੂੰ ਇਧਰਲੇ ਬਾਬੇ ਦੀ ਮੌਤ ਦੀ ਖਬਰ ਤੱਕ ਨਹੀਂ ਦਿੱਤੀ। ਕਦੀਂ-ਕਦੀਂ ਸੋਚਦਾ ਹਾਂ ਕਿ ਸੱਚ-ਸੱਚ ਲਿਖਾਂ ਦਿਆਂ, ਪਰ ਮਨ ਡਰਦਾ ਹੈ ਕਿ ਖੌਰੇ ਫਤਹਿ ਦੀਨ ਇਹ ਸਦਮਾ ਬਰਦਾਸ਼ਤ ਹੀ ਨਾ ਕਰ ਸਕੇ, ਖਤਾਂ ਦਾ ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਫਤਹਿ ਦੀਨ ਦਾ ਖ਼ਤ ਅਜੇ ਵੀ ਆ ਜਾਂਦਾ ਹੈ ਤੇ ਇਧਰੋਂ ਮੈਂ ਉੱਤਰ ਲਿਖ ਦਿੰਦਾ ਹਾਂ। ਦੋਹਾਂ ਪਾਸਿਆਂ ਤੋਂ ਆਉਣ ਜਾਣ ਵਾਲੇ ਖ਼ਤਾਂ ਵਿਚ ਇੱਕੋ ਜਿਹੀ ਲਿਲਕ ਹੁੰਦੀ ਹੈ, ਇੱਕੋ ਜਿਹੀ ਹੀ ਤੜਪ ਹੁੰਦੀ ਹੈ।

ਮੈਨੂੰ ਹਰ ਪੱਤਰ ਤੋਂ ਬਾਅਦ ਅਗਲੇ ਪੱਤਰ ਦੀ ਉਡੀਕ ਬੜੀ ਬੇਸਬਰੀ ਨਾਲ ਰਹਿੰਦੀ ਹੈ। ਕਿਤੇ ਇਹ ਖਤਾਂ ਦਾ ਸਿਲਸਿਲਾ ਬੰਦ ਨਾ ਹੋ ਜਾਵੇ, ਇਹ ਡਰ ਹਰ ਵਕਤ ਮੇਰੇ ਮਨ 'ਤੇ ਛਾਇਆ ਰਹਿੰਦਾ ਹੈ। ਤੇ ਸ਼ਾਇਦ ਇਸੇ ਲਈ ਉਧਰਲੇ ਬਾਬੇ ਨਾਲ ਕੋਰਾ ਝੂਠ ਬੋਲੀ ਜਾ ਰਿਹਾ ਹਾਂ ਤੇ ਹਰ ਪੱਤਰ ਵਿਚ ਲਿਖੀ ਜਾ ਰਿਹਾ ਹਾਂ, "ਫਤਹਿ ਦੀਨਾ ਜਦ ਵੀ ਸਰਹੱਦਾਂ ਟੁੱਟੀਆਂ, ਮੈਂ ਤੈਨੂੰ ਮਿਲਣ ਜ਼ਰੂਰ ਆਵਾਂਗਾ।" ਤੇ ਹੇਠਾਂ ਬਾਬੇ ਦਾ ਨਾਮ ਲਿਖ ਦਿੰਦਾ ਹਾਂ।

ਕਦੇ-ਕਦੇ ਸੋਚਦਾ ਹਾਂ ਕਿ ਸ਼ਾਇਦ ਉਧਰਲੇ ਬਾਬੇ ਦਾ ਪੋਤਾ ਸਲੀਮ ਵੀ ਮੇਰੇ ਵਾਲੀ ਮਾਨਸਿਕ ਉਲਝਣ ਵਿਚ ਫਸਿਆ ਝੂਠੇ ਖ਼ਤ ਹੀ ਨਾ ਲਿਖ ਰਿਹਾ ਹੋਵੇ ..... ਤੇ ਫਿਰ ਸੋਚਦਾ ਕਿੰਨਾ ਚੰਗਾ ਹੋਵੇ ਜੇ ਇੰਝ ਹੀ ਹੋਵੇ ਕਿਉਂਕਿ ਮੇਰੇ ਤੋਂ ਸ਼ਾਇਦ ਉਧਰਲੇ ਬਾਬੇ ਦੀ ਮਾਤਮੀ ਖਬਰ ਸੁਣ ਨਹੀਂ ਹੋਣੀ। ...... ਕਾਸ਼ ਸਲੀਮ ਵੀ ਮੇਰੇ ਵਾਂਗ ਹੀ ਸੋਚਦਾ ਹੋਵੇ। ਤੇ ਸਾਡੇ ਇਨ੍ਹਾਂ ਝੂਠੇ ਖਤਾਂ ਦਾ ਸਿਲਸਿਲਾ ਉਦੋਂ ਤੱਕ ਜਾਰੀ ਰਹੇ ਜਦ ਤੱਕ ਸਰਹੱਦਾਂ ਟੁੱਟ ਨਹੀਂ ਜਾਂਦੀਆਂ।

# ਅਸੀਸਾਂ ਦਾ ਕੋਸ਼, ਭੂਆ ਮਰਾਸਣ

- ਦਿਲਜੀਤ ਕੌਰ ਦਾਊਂ

ਸਮਰਾਲੇ ਦੇ ਲਾਗੇ ਲੱਗਦੇ ਪਿੰਡ ਉਟਾਲਾਂ ਦੀ ਜੰਮਪਲ ਜਿਸਦੇ ਨਾਂ ਬਾਰੇ ਤਾਂ ਸਾਨੂੰ ਪਤਾ ਨਹੀਂ ਸੀ ਕਿਉਂਕਿ ਸਾਰੇ ਬੱਚੇ ਉਸਨੂੰ ਭੂਆ ਹੀ ਆਖਦੇ ਸਨ। ਵੱਡੀ ਬੀਬੀ ਕਹਿੰਦੇ ਸਨ। ਉਹ ਮਲੇਰਕੋਟਲੇ ਵੱਲ ਵਿਆਹੀ ਹੋਈ ਸੀ। ਹੱਲਿਆਂ ਵਿਚ ਉਸਦੇ ਘਰ ਦੇ (ਪੇਕੇ-ਸਹੁਰੇ ਸਮੇਤ) ਕੋਈ ਬਾਰਾਂ ਤੇਰਾਂ ਬੰਦੇ (ਜੀਅ) ਬੁਰੀ ਤਰ੍ਹਾਂ ਬੇਰਹਿਮੀ ਨਾਲ ਮਾਰੇ ਗਏ ਸਨ। ਕਿਵੇਂ ਨਾ ਕਿਵੇਂ ਉਹ ਬਚ ਗਈ ਸੀ। ਹੱਲਿਆਂ ਦਾ ਇਕ ਟਿਕਾਅ ਹੋਣ ਤੋਂ ਬਾਅਦ, ਉਹ ਆਪਣੇ ਪੇਕੇ ਘਰ ਉਟਾਲਾ ਹੀ ਆ ਕੇ ਟਿਕ ਗਈ। ਉਸਨੇ ਆਪਣੇ ਮਾਪਿਆਂ ਦੀ ਜਜਮਾਨਗਿਰੀ ਸਾਂਭ ਲਈ। ਉਹ ਉਟਾਲਾ ਦੇ ਆਲੇ-ਦੁਆਲੇ ਦਸ-ਬਾਰਾਂ ਪਿੰਡਾਂ ਵਿਚ ਜਾਂਦੀ ਸੀ। ਉਹ ਜਜਮਾਨਾਂ ਤੋਂ ਦਾਣਾ-ਫੱਕਾ ਲਿਆ ਕੇ ਆਪਣਾ ਢਿੱਡ ਪਾਲਦੀ ਸੀ। ਉਹ ਮਰਾਸੀਆਂ ਦੀ ਕੁੜੀ ਸੀ। ਆਪਣੇ ਮੋਇਆਂ-ਮੁੱਕਿਆਂ ਨੂੰ ਯਾਦ ਕਰ ਕੇ ਤਾਂ ਘੱਟ ਰੋਂਦੀ ਜਦੋਂ ਕੋਈ ਜਜਮਾਨ ਦੇ ਘਰ ਘਟਨਾ ਵਾਪਰ ਜਾਂਦੀ ਤਾਂ ਇੰਨੇ ਵੈਣ ਪਾ ਕੇ ਰੋਂਦੀ ਕਿ ਸਾਰਿਆਂ ਦੀਆਂ ਭੁੱਬਾਂ ਨਿਕਲਣ ਵਾਲੀਆਂ ਹੋ ਜਾਂਦੀਆਂ।

ਜਦੋਂ ਕਦੀ ਖੁਸ਼ੀ ਦਾ ਸਮਾਗਮ ਹੁੰਦਾ, ਵਿਆਹ—ਸ਼ਾਦੀ ਜਾਂ ਮੁੰਡਾ ਜੰਮਣ 'ਤੇ ਤਾਂ ਕਈ-ਕਈ ਦਿਨ ਢੋਲ ਧਰਕੇ ਖੁਸ਼ੀ ਦੇ ਗੀਤ ਗਾਉਂਦੀ ਰਹਿੰਦੀ, ਹਮੇਸ਼ਾ ਵੇਲ ਵਧਾਉਂਦੀ ਰਹਿੰਦੀ।

ਉਸ ਦੀਆਂ ਅੱਖਾਂ ਦੇ ਕੋਏ ਹਮੇਸ਼ਾਂ ਨਮ ਹੋ ਜਾਂਦੇ। ਕਦੀ ਜਜਮਾਨ ਦੇ ਘਰ ਖੁਸ਼ੀ 'ਚ, ਕਦੇ ਅੱਲਾ ਦਾਤਾ ਦੇ ਸ਼ੁਕਰਾਨੇ 'ਚ, ਪਰ ਗੁਰੂ ਨਾਨਕ ਦੇਵ ਜੀ ਦਾ ਨਾਂ ਲੈ ਕੇ ਜ਼ਰੂਰ ਅਸੀਸ ਦਿੰਦੀ ਹੈ। ਬਾਬੇ ਨਾਨਕ, ਤੂੰ ਮੇਰੇ ਵੀਰ ਨੂੰ ਲੱਖੀਂ ਟਾਲ੍ਹੀਂ ਕਰੀਂ, ਸੱਤਾਂ ਪੁਸ਼ਤਾਂ ਤੱਕ ਇਸ ਦਾ ਰਾਜ ਤੇਜ਼ ਰਹੇ।

ਸਾਨੂੰ ਦੇਖ ਕੇ ਉਸਨੇ ਖੁਸ਼ ਹੋਣਾ। ਕਹਿਣਾ ਧੀਓ-ਧਿਆਣੀਓ, ਮੈਂ ਤਾਂ ਥੋਡੇ ਸਹੁਰੀਂ ਵੀ ਆ ਜਾਇਆ ਕਰਨਾ। ਤੇਰੇ ਵੀਰ ਦੇ ਵਿਆਹ ਦੀ ਗੱਠ ਲੈ ਕੇ ਮੈਂ ਹੀ ਜਾਊਂ। ਤੇਰੇ ਭਤੀਜਾ ਹੋਏ ਤੇ ਭੇਲੀ ਲੈ ਕੇ ਜਾਊਂ। ਤੇਰੀ ਸੱਸ ਤੋਂ ਸੂਟ ਲਿਆਊਂਗੀ, ਕੜਮੇਟੇ ਦੀ ਬੇਲ ਵਧਣ ਤੋਂ॥

ਉਸਨੇ ਜਦੋਂ ਦਰਵਾਜ਼ੇ ਵੜਨਾ ਤਾਂ ਸਾਰੇ ਖਾਨਦਾਨ ਦਾ ਕੁਰਸੀਨਾਵਾਂ ਨਾਮ ਲੈ-ਲੈ ਕੇ ਵਧਾਵਾ ਗਾਉਂਦੇ ਆਉਣਾ ਅਤੇ ਜਾਂਦੀ ਹੋਈ ਨੇ ਜੋ ਕੁਝ ਦੇਣਾ, ਸਿਰ ਉੱਤੇ ਰੱਖ ਲੋਕਾਂ ਨੂੰ ਹਾਕਾਂ ਮਾਰ-ਮਾਰ ਦਿਖਾਉਂਦੇ ਜਾਣਾ। "ਮੇਰੇ ਫਲਾਣੇ ਵੀਰ ਨੇ, ਫਲਾਣੀ ਭਾਬੀ ਨੇ, ਮੈਨੂੰ ਲੱਦ-ਪੱਥ ਕੇ ਤੋਰਿਆ, ਬਾਬਾ ਨਾਨਕ ਉਨ੍ਹਾਂ ਦੀ ਬੇਲ ਵਧਾਵੇ।"

ਜਦੋਂ ਸਾਡੇ ਘਰ 'ਚ ਇਕ-ਦੋ ਮੌਤਾਂ ਹੋਈਆਂ ਤਾਂ ਉਸਨੇ ਰੋ-ਰੋ ਕੇ ਸਾਰੀਆਂ ਜਨਾਨੀਆਂ



ਨੂੰ ਬਹੁਤ ਰੁਆਇਆ। ਅਲਾਉਣੀਆਂ ਦੇ ਕੀਰਨੇ ਪਾ-ਪਾ ਸਿਆਪਾ ਵੀ ਬਹੁਤ ਕਰਵਾਉਂਦੀ ਸੀ। ਸਾਰਾ ਮਾਹੌਲ ਕਰੁਣਾਮਈ ਹੋ ਜਾਂਦਾ। ਕੰਧਾਂ ਨੂੰ ਵੀ ਕਾਂਬਾ ਛਿੜ ਜਾਂਦਾ ਅਤੇ ਰੋਣਾ ਆ ਜਾਂਦਾ। ਸੱਚੀ-ਮੁੱਚੀ ਏਦਾਂ ਲੱਗਦਾ ਬਈ ਇਸ ਪਰਿਵਾਰ ਨੂੰ ਇਸ ਘਰ ਨੂੰ ਬਹੁਤ ਬੜਾ ਘਾਟਾ ਪੈ ਗਿਆ। ਕਦੀ ਬੱਚਿਆਂ ਨੂੰ ਸੰਬੋਧਨ ਹੋ ਕੇ, ਕਦੀ ਘਰ ਵਾਲੀ ਨੂੰ, ਭੈਣਾਂ ਨੂੰ, ਭਰਾਵਾਂ ਨੂੰ, ਸਹੁਰੇ ਘਰ ਵਾਲਿਆਂ ਨੂੰ, ਜਿਨ੍ਹਾਂ ਨੇ ਆਪਣੀ ਧੀ ਉਸ ਘਰ ਵਿਆਹੀ ਹੁੰਦੀ। ਕੁਝ ਸਾਲ ਹੋ ਗਏ, ਉਹ ਵੀ ਇਸ ਫਾਨੀ ਸੰਸਾਰ ਤੋਂ ਚਲੀ ਗਈ। ਪਰ ਮੈਨੂੰ ਬਹੁਤ ਵਾਰੀ ਉਹ ਯਾਦ ਆ ਜਾਂਦੀ ਹੈ। ਕਿਵੇਂ ਉਸਨੇ ਹੱਲਿਆਂ ਦੀ ਹਨੇਰੀ ਵਿਚ ਆਪਣਾ ਸਭ ਕੁਝ ਗੁਆ ਕੇ, ਇੱਧਰ ਦੇ ਜੰਮਣ-ਭੋਇੰ ਦੇ ਭਰਾ-ਭਤੀਜੇ, ਗੈਰ ਜਾਤ ਦੇ ਜਜ਼ਮਾਨਾਂ ਤੋਂ ਇੰਨਾ ਪਿਆਰ ਸਤਿਕਾਰ ਲਿਆ ਅਤੇ ਉਨ੍ਹਾਂ ਨੂੰ ਆਪਣੇ ਮੋਹ ਭਿੱਜੇ ਬੋਲਾਂ ਨਾਲ ਨਿਵਾ ਲਿਆ। ਉਸ ਦੀ ਜ਼ਿੰਦਗੀ ਦੀ ਬਾਤ ਕਿਹੜੇ ਇਤਿਹਾਸ ਦੇ ਪੰਨਿਆਂ 'ਤੇ ਲਿਖਾਂ।

ਮੈਨੂੰ ਪਿੱਛੇ ਜਿਹੇ ਕਿਸੇ ਨੇ ਕਿਹਾ, ਅਸੀਸਾਂ ਇਕੱਠੀਆਂ ਕਰੋ, ਜਿੰਨੀਆਂ ਵੀ ਹੋ ਸਕਣ ਤਾਂ ਮੈਂ ਭੂਆ ਨੂੰ ਕਈ ਵਾਰੀ ਯਾਦ ਕਰਦੀ ਰਹੀ। ਉਸ ਵਕਤ ਤਾਂ ਸਮਝ ਹੀ ਨਹੀਂ ਸੀ ਕਿ ਜਿੰਨਾ ਜ਼ੁਬਾਨੀ ਲੋਕ-ਸਾਹਿਤ ਉਸਨੂੰ ਯਾਦ ਸੀ ਕਿ ਕਲਮ ਚੁੱਕ ਕੇ ਲਿਖ ਹੀ ਲੈਂਦੀ ਪਰ ਸਮੇਂ ਦੀ ਵਾਗ ਕੌਣ ਫੜੇ। ਨਿਆਣੀ ਮੱਤ ਨੂੰ ਮੱਤ ਕੌਣ ਦੇਵੇ? ਕੁਰੇਦੇ ਨਹੀਂ ਜਾਂਦੇ। ਹੁਣ ਯਾਦਾਂ 'ਚੋਂ ਵੀ ਉਹ ਸ਼ਬਦ ਉੱਭਰ ਕੇ ਉਪਰ ਨਹੀਂ ਆਉਂਦੇ, ਬੇਬੱਸ ਹਾਂ।

280, ਫੇਜ਼ 6, ਮੋਹਾਲੀ (ਰੋਪੜ) 160055

ਫ਼ਾਰਮ 4 ਨਿਯਮ 8

ਤਿਮਾਹੀ **ਚਿਰਾਗ** ਬਾਰੇ ਜਾਣਕਾਰੀ

1. ਪ੍ਰਕਾਸ਼ਨ ਸਥਾਨ : ਜਲੰਧਰ
2. ਪ੍ਰਕਾਸ਼ਨ ਕਾਲ : ਤ੍ਰੈਮਾਸਿਕ
3. ਪ੍ਰਕਾਸ਼ਕ ਤੇ ਮਾਲਕ : ਡਾ. ਅਨੂਪ ਸਿੰਘ
   ਸ਼ਹੀਦ ਸਰਵਣ ਸਿੰਘ ਚੀਮਾ ਭਵਨ,
   ਗੜ੍ਹਾ, ਜਲੰਧਰ (0181-2483033)
4. ਸੰਪਾਦਕ : ਹਰਭਜਨ ਸਿੰਘ ਹੁੰਦਲ
   ਪਿੰਡ ਫੱਤੂ ਚੱਕ, ਡਾਕ: ਢਿਲਵਾਂ
   ਜ਼ਿਲ੍ਹਾ ਕਪੂਰਥਲਾ (01822-273188)
5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਸਹੀ /-

(ਡਾ. ਅਨੂਪ ਸਿੰਘ)

ਗ਼ਜ਼ਲ ਦੇ ਸ਼ਹਿਨਸ਼ਾਹ

ਤੇ

ਉਸਤਾਦ ਕਵੀ

**ਸੁਲੱਖਣ ਸਰਹੱਦੀ**

ਦੀਆਂ

ਨਵੀਆਂ ਰਚਨਾਵਾਂ

**ਸੂਰਜ ਦਾ ਆਲ੍ਹਣਾ**

(ਗ਼ਜ਼ਲ ਸੰਗ੍ਰਹਿ)

ਪੰਨੇ 116

**ਜਮਰੌਦ ਤੱਕ**

(ਪਾਕਿਸਤਾਨ ਦਾ ਸਫ਼ਰਨਾਮਾ)

ਪੰਨੇ 240 ਮੁੱਲ 200/-

**ਯੂਨੀਸਟਾਰ ਬੁੱਕਸ, ਚੰਡੀਗੜ੍ਹ**




# 1947 ਦੇ ਉਜਾੜੇ ਦੇ ਦ੍ਰਿਸ਼





Chirag Quarterly Jan.-June 2010
Registered with the Registrar of News-Papers of India No. PUN-PUN 0 2276/AL/TC94

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿਨਾਂ ਹਿਮਤ ਯਾਰ ਬਣਾਈ ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ

# ਅਮਰ ਪ੍ਰੀਤ ®

ਅਤੇ

AMAR PREET

*Growth is Life*

# ਸੰਗਰਾਮ (ਗੋਲੀ ਅਤੇ ਮੈਸ਼)

ਸੰਤੁਲਿਤ ਪਸ਼ੂ ਖੁਰਾਕ

**ਡੀਲਰਸ਼ਿਪ ਲਈ ਸੰਪਰਕ ਕਰੋ-**

ਪ੍ਰੀਤ ਫੀਡ ਸੇਲਜ਼ ਤਰਨ ਤਾਰਨ

ਫੋਨ :-

**01852-222927 (M) 98760-72265**

**Fax:- 01852-225327**